ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ
# Nawi Dunia

Free




28 ਜੁਲਾਈ : ਕਾਮਾਗਾਟਾਮਾਰੂ ਜਹਾਜ਼ ਨੂੰ ਜ਼ਬਰਦਸਤੀ ਵੈਨਕੂਵਰ ਤੋਂ ਭਾਰਤ ਵੱਲ ਤੋਰਿਆ ਗਿਆ (1914)

ਸਾਲ : 4 ਅੰਕ : 07 Phone : 780 465 9118, 403 830 7007, 204 510 6284 : Fax: 780 465 0661, e-mail: info@nawidunia.com ਜੁਲਾਈ 2013



ਕਨੇਡਾ ਡੇਅ ਤੋਂ ਸ਼ੁਰੂ ਹੋਏ ਨਵੇਂ ਪਾਸਪੋਰਟ
ਪੰਨਾ-3



ਭ੍ਰਿਸ਼ਟ ਨੇਤਾਵਾਂ ਤੇ ਅਫ਼ਸਰਾਂ ਦਾ ਕਿਹੜਾ ਟੈਸਟ ਹੋਵੇ ?
ਪੰਨਾ-9



ਕਲਾਕਾਰ ਮੰਡੀ ਦੇ ਪ੍ਰਭਾਵ ਹੇਠ ਸਿਰਜਣਾ ਤੋਂ ਅਵੇਸਲਾ ਹੋ ਰਿਹੈ : ਦਵਿੰਦਰ ਦਮਨ
ਪੰਨਾ-28



'ਸਰਸਾ' ਤੋਂ 'ਸਿਕੰਦਰ' ਤੱਕ ਇਨਕਾਰ ਦੇ ਮਾਅਨੇ
ਪੰਨਾ-46

# ਕਨੇਡੀਅਨ ਦੂਤਾਘਰਾਂ ਦੇ ਕਰਮਚਾਰੀ ਹੜਤਾਲ 'ਤੇ

ਐਡਮਿੰਟਨ (ਨਦਬ) : 12 ਕਨੇਡੀਅਨ ਦੂਤਾਘਰਾਂ 'ਚ ਕੰਮ ਕਰਦੇ ਕਨੇਡੀਅਨ ਸਫ਼ੀਰ ਹੜਤਾਲ 'ਤੇ ਚਲੇ ਗਏ ਹਨ, ਜਿਨ੍ਹਾਂ ਦਾ ਦੋਸ਼ ਹੈ ਕਿ ਉਨ੍ਹਾਂ ਨੂੰ ਕਨੇਡਾ ਵਿਚ ਹੀ ਕੰਮ ਕਰਦੇ ਸਰਕਾਰੀ ਅਧਿਕਾਰੀਆਂ ਨਾਲੋਂ ਘੱਟ ਤਨਖਾਹ ਦਿੱਤੀ ਜਾਂਦੀ ਹੈ ਹਾਲਾਂਕਿ ਉਹ ਘਰ-ਬਾਰ ਛੱਡ ਕੇ ਦੂਸਰੇ ਮੁਲਕਾਂ 'ਚ ਰਹਿ ਕੇ ਕਨੇਡਾ ਲਈ ਕੰਮ ਕਰ ਰਹੇ ਹਨ। ਇਸ ਮੰਗ ਨੂੰ ਲੈ ਕੇ ਹੜਤਾਲ 'ਤੇ ਜਾਣ ਵਾਲੇ ਦੂਤਾਘਰ ਕਰਮਚਾਰੀਆਂ 'ਚ ਲੰਡਨ, ਟੋਕੀਓ, ਪੈਰਿਸ, ਵਾਸ਼ਿੰਗਟਨ ਤੇ ਹਾਂਗਕਾਂਗ ਦੀਆਂ ਕਨੇਡੀਅਨ ਅੰਬੈਸੀਆਂ 'ਚ ਕੰਮ ਕਰਨ ਵਾਲੇ ਅਧਿਕਾਰੀ ਸ਼ਾਮਲ ਹਨ। ਭਾਰਤ, ਅਫਰੀਕਾ ਤੇ ਚੀਨ ਦੇ ਦੂਤਾਘਰਾਂ 'ਚ ਵੀ ਅਧਿਕਾਰੀਆਂ




ਨੇ ਕੰਮ ਛੱਡ ਕੇ ਰੋਸ ਪ੍ਰਗਟਾਇਆ। ਇਨ੍ਹਾਂ ਕਰਮਚਾਰੀਆਂ ਵਲੋਂ ਬਣਾਈ ਯੂਨੀਅਨ 'ਪ੍ਰੋਫੈਸ਼ਨਲ ਐਸੋਸੀਏਸ਼ਨ ਆਫ ਫੌਰਨ ਸਰਵਿਸਿਜ਼ ਆਫੀਸਰਜ਼' ਦੇ ਪ੍ਰਧਾਨ ਟਿਮ ਐਡਵਰਡਜ਼ ਦਾ ਕਹਿਣਾ ਹੈ ਕਿ ਤਨਖਾਹਾਂ 'ਚ ਵਾਧੇ ਨੂੰ ਲੈ ਕੇ ਬੀਤੇ ਦੋ ਹਫ਼ਤਿਆਂ ਦੌਰਾਨ ਉਹ ਗੱਲਬਾਤ ਲਈ ਸਬੰਧਤ ਮੰਤਰਾਲੇ ਨਾਲ ਬੈਠੇ ਹਨ ਪਰ ਮਸਲਾ ਕਿਸੇ ਸਿਰੇ ਨਹੀਂ ਲੱਗਿਆ। ਉਨ੍ਹਾਂ ਕਿਹਾ ਕਿ ਦੂਤਾਘਰਾਂ 'ਚ ਕੰਮ ਕਰਦੇ ਅਧਿਕਾਰੀਆਂ ਨੂੰ 3000 ਡਾਲਰ ਤੋਂ ਲੈ ਕੇ 14,000 ਡਾਲਰ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਂਦੀ ਹੈ ਜਦਕਿ ਕਨੇਡਾ 'ਚ ਰਹਿ ਰਹੇ ਸਰਕਾਰੀ ਅਧਿਕਾਰੀ ਆਪਣੇ ਘਰ ਵੀ ਰਹਿ ਰਹੇ ਹਨ ਤੇ ਉਨ੍ਹਾਂ ਨੂੰ ਤਨਖ਼ਾਹ ਵੀ ਇਸ ਤੋਂ ਵੱਧ ਮਿਲ ਰਹੀ ਹੈ। ਜ਼ਿਕਰਯੋਗ ਹੈ ਕਿ ਕਨੇਡੀਅਨ ਦੂਤਾਘਰਾਂ 'ਚ ਕੰਮ ਕਰਨ ਵਾਲੇ 'ਲੈਵਲ-2' ਅਧਿਕਾਰੀਆਂ ਨੂੰ ਹਾਲ ਦੀ ਘੜੀ 83,000 ਡਾਲਰ ਸਾਲਾਨਾ ਤਨਖਾਹ ਵਜੋਂ ਮਿਲਦੇ ਹਨ ਤੇ ਸਰਕਾਰ ਇਹ ਤਨਖਾਹ ਵਧਾ ਕੇ 87,000 ਡਾਲਰ ਤਕ ਲਿਜਾਣ ਲਈ ਰਾਜ਼ੀ ਹੈ। ਜਦਕਿ ਇਸ ਹੀ ਪੱਧਰ ਦੇ ਕਨੇਡਾ 'ਚ ਰਹਿ ਕੇ ਕੰਮ ਕਰਦੇ ਸਰਕਾਰੀ ਅਧਿਕਾਰੀਆਂ ਨੂੰ 98,000 ਡਾਲਰ ਸਾਲਾਨਾ ਮਿਲ ਰਹੇ ਹਨ।

☛ ਬਾਕੀ ਸਫ਼ਾ 14 'ਤੇ

## ਪੰਜਾਬ 'ਚ ਨਸ਼ਈ ਮਾਹੌਲ 'ਚ ਪਈਆਂ 86 ਫ਼ੀਸਦੀ ਪੰਚਾਇਤੀ ਵੋਟਾਂ

### ਬੂਥਾਂ 'ਤੇ ਕਬਜ਼ੇ ਵੀ ਹੋਏ

ਚੰਡੀਗੜ੍ਹ (ਨਦਬ) : ਪੰਜਾਬ ਵਿੱਚ ਪੰਚਾਇਤੀ ਚੋਣਾਂ ਦੌਰਾਨ ਸਰਹੱਦੀ ਜ਼ਿਲ੍ਹਿਆਂ ਵਿਚ ਹਿੰਸਾ ਦੀਆਂ ਘਟਨਾਵਾਂ ਵਾਪਰੀਆਂ ਹਨ। ਹਿੰਸਕ ਘਟਨਾਵਾਂ ਕਾਰਨ ਤਿੰਨ ਦਰਜਨ ਤੋਂ ਵੱਧ ਵਿਅਕਤੀਆਂ ਜ਼ਖ਼ਮੀ ਹੋ ਗਏ। ਇਸ ਤਰ੍ਹਾਂ ਦੀ ਹਿੰਸਾ ਅਤੇ ਨਸ਼ੇ ਪੱਤੇ ਦੀਆਂ ਜ਼ਬਰਦਸਤ ਲਹਿਰਾਂ ਦੌਰਾਨ 86 ਫੀਸਦੀ ਦੇ ਕਰੀਬ ਵੋਟਾਂ ਪਈਆਂ ਹਨ। ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਉਬੋਕੇ ਵਿੱਚ ਅਕਾਲੀ ਧੜਿਆਂ ਵਿਚਾਲੇ ਗੋਲੀ ਚੱਲੀ। ਇਸੇ ਤਰ੍ਹਾਂ ਸਰਹਾਲੀ ਖ਼ੁਰਦ ਵਿੱਚ ਜੰਮ ਕੇ ਲੜਾਈ ਹੋਈ ਤੇ ਚੋਣ ਮੁਲਤਵੀ ਕਰਨੀ ਪਈ। ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਛੋਟੇਪੁਰ ਤੇ ਤਿੰਨ ਹੋਰ ਪਿੰਡਾਂ ਵਿੱਚ ਅਕਾਲੀਆਂ ਨੇ ਇੱਕ ਦੂਜੇ ਨੂੰ ਕੁਟਾਪਾ ਚਾੜ੍ਹਿਆ। ਮੁਕਤਸਰ, ਫਰੀਦਕੋਟ ਤੇ ਫਾਜ਼ਿਲਕਾ ਵਿੱਚ ਵੀ ਹਿੰਸਾ ਦੀਆਂ ਛੋਟੀਆਂ ਮੋਟੀਆਂ ਘਟਨਾਵਾਂ ਵਾਪਰੀਆਂ।

☛ ਬਾਕੀ ਸਫ਼ਾ 14 'ਤੇ

## ਪੰਨੂ 'ਤੇ ਹਮਲਾ ਕਰਨ ਵਾਲੇ ਵਿਰੁੱਧ ਕੇਸ ਦਰਜ

ਚੰਡੀਗੜ੍ਹ (ਨਦਬ) ਪੰਜਾਬ ਦੇ ਆਈ. ਏ.ਐਸ. ਅਧਿਕਾਰੀ ਕਾਹਨ ਸਿੰਘ ਪੰਨੂ ਉਪਰ ਉੱਤਰਾਖੰਡ ਵਿਚ ਗੋਬਿੰਦ ਘਾਟ ਵਿਖੇ ਹਮਲਾ ਕਰਨ ਵਾਲੇ ਵਿਅਕਤੀਆਂ ਵਿਰੁੱਧ ਕੇਸ ਦਰਜ ਕਰ ਲਿਆ ਹੈ। ਪੁਲੀਸ ਅਧਿਕਾਰੀ ਸੰਜੀਵ ਕਾਲੜਾ ਦੀ ਅਗਵਾਈ ਹੇਠ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਹੈ। ਇਸੇ ਦੌਰਾਨ ਪੰਨੂ ਨੇ ਕਿਹਾ ਕਿਸੇ ਸਾਜ਼ਿਸ਼ ਅਧੀਨ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੋਵੇ। ਉਥੇ ਪਹੁੰਚਦੇ ਸਾਰ ਹੀ ਵੀਡੀਓ ਬਣਨੀ ਸ਼ੁਰੂ ਹੋ ਗਈ ਸੀ। ਉਥੇ ਫਸੇ ਲੋਕਾਂ ਨੇ ਆਪਣੇ ਮੋਬਾਈਲ ਕਿਥੋਂ ਚਾਰਜ ਕੀਤੇ ? ਵੀਡੀਓ ਤੁਰੰਤ ਯੂ ਟਿਊਬ 'ਤੇ ਕਿਵੇਂ ਪੈ ਗਈ ? ਜਾਂਚ ਅਨੁਸਾਰ ਹਮਲਾ ਕਰਨ ਵਾਲੇ ਪੰਨੂ ਨੂੰ ਕਈ ਦਿਨਾਂ ਤੋਂ ਲੱਭ ਰਹੇ ਸਨ।

☛ ਬਾਕੀ ਸਫ਼ਾ 14 'ਤੇ

LUTHRA LAW GROUP
FREE CASE EVALUTION
Personal Injuries Representation
Real Estate Transactions
Immigration Law
Residential Real Estate Transactions
Criminal Case
Family Law Dispute & Mediation Service
Commercial Litigation
Sarjan Luthra
B.Sc, L.LB
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660
Fax: 780 463 4205

REALTY EXECUTIVES
780-994-1600 (Cell)
780-450-6300 (24 Hrs)
Fax: 780-450-6670
NUSRAT ALI AKHTAR
ASSOCIATE
aakhtar@realtyexecutives.com
www.aliakhtar.com
4107-99 St NW, Edmonton

ALL INDIA
RESTAURANT & SWEETS
Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

'ਨਵੀਂ ਦੁਨੀਆ' ਦੀ ਪੰਜਾਬੀ ਅਦਬ ਵਿਚ ਨਵੀਂ ਪਹਿਲ
ਨਵੀਂ ਦੁਨੀਆ ਪ੍ਰਕਾਸ਼ਨ
ਲੇਖਕ ਮਿਆਰੀ ਕਿਤਾਬਾਂ ਰਿਆਇਤੀ ਦਰਾਂ 'ਤੇ ਛਪਵਾਉਣ ਲਈ ਸੰਪਰਕ ਕਰਨ
ਫ਼ੋਨ : 780 465 9118
ਫ਼ੈਕਸ : 780 465 0661
Email : info@nawidunia.com

Super Visa
Medical Insurance
- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇੰਸ਼ੋਰੈਂਸ ਲੈ ਕੇ ਦਿੰਦੇ ਹਾਂ।
For more information please call
780-465-6900 Jasvir Deol
403-830-7007 Jessie Singh



Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
101 9807 -34 Ave Edmonton AB T6E 5X9
(780)414-1000 (780)850- 4080

Roof Trusses
Floor Systems
Lumber - Stairs
ZyTech
BUILDING SYSTEMS INC.
High Quality Materials, Best Prices, On Time Delivery, Complete Framing Package, Full Range Of I Joists, Fully Automated - Roof Truss Manufacturing Facility One Call - Award Winning Service, Effective On Site, Engineering & Design Friendly, Multi-Cultural, Solution Oriented Staff, Community Supporter
ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136

LUTHRA LAW GROUP
FREE CASE EVALUTION
Personal Injuries Representation
Real Estate Transactions
Immigration Law
Residential Real Estate Transactions
Criminal Case
Family Law Dispute & Mediation Service
Commercial Litigation
Sarjan Luthra
B.Sc, L.LB
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660
Fax: 780 463 4205



Leader, Wildrose Official Opposition
Do you think the Alberta government should go back into debt to pay for programs?
Do you think Alberta should live within its means so our children aren't paying off our debt?
We want to hear your voice, Alberta!
Visit www.albertasvoice.ca and tell us what you think.
ALBERTA'S voice
WILDROSE
OFFICIAL OPPOSITION



# Supreme Pizza
## ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

Try Us Tonight For Best Deal
In Town
**3 For 1**
Any 3 Toppings
12" Medium - 14" Large

ਅਦਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

✪Paneer Pizza ✪Vegetarian ✪Supreme Special ✪Chicken Special ✪The Pasta Niche



Kuldip S. Powar

# POWAR
## HOMES LTD.
Quality Custom Home Builder

ਪਾਵਰ ਹੋਮਜ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਕਮਿਊਨਿਟੀ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ, ਵਾਜਬ ਕੀਮਤਾਂ,
ਤਸੱਲੀ ਬਖਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Fax: 780-406-6797
Email: ranjit_pawar@hotmail.com



Ranjit S. Powar

Contact At:
Ph: 780-695-6595

# A & K INSULATION & DRYWALL LTD.

Best Quailty at Reasonable Rates





ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ
ਤਰ੍ਹਾਂ ਦੀ ਬਿਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ,
ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

**Rana : 780-245-5191 Joga : 780-245-5192**

# EXCEL TAX & BUSINESS SOLUTIONS

Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting



- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

**Call: Pritpal Kooner**

PLEASE NOTE NEW ADDRESS
Unit# 218-4218A 97 St, Edmonton AB T6E 5Y6

Ph: 780-469-4985 Fax: 780-469-4926 Cell: 780-952-2860
exceltax@yahoo.ca
Evening & Weekend with Appointments only

# EAGLEROCK GOLF COURSE
## 50549, RANGE ROAD 234 EDMONTON, AB

eaglerock GOLF COURSE

ਜਨਮ ਦਿਨ , ਲੇਡੀਜ਼ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet





ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.

www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

**780 660 4090**



# ALPHA
## Tent Rentals
All Events Big or Small

We are in this
Business Since 2001



Ladies Sangeet Jago Equipment

**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
www.alphatentrentals.com
**Office: 780 490 5354**





# ਅਮਰੀਕਾ ਭਾਰਤੀ ਦੂਤਘਰ ਦੀ ਵੀ ਜਾਸੂਸੀ ਕਰਾ ਰਿਹੈ

ਵਾਸ਼ਿੰਗਟਨ (ਨਦਬ)- ਅਮਰੀਕੀ ਖੁਫੀਆ ਏਜੰਸੀ 38 ਡਿਪਲੋਮੈਟ ਮਿਸ਼ਨਾਂ ਦੀ ਜਾਸੂਸੀ ਕਰ ਰਹੀ ਸੀ ਉਨ੍ਹਾਂ ਵਿੱਚ ਭਾਰਤੀ ਦੂਤਘਰ ਵੀ ਸ਼ਾਮਲ ਸੀ। ਇਹ ਜਾਣਕਾਰੀ ਅਮਰੀਕੀ ਨੈਸ਼ਨਲ ਸਕਿਓਰਿਟੀ ਏਜੰਸੀ (ਐਨ ਐਸ ਏ) ਦੇ ਗੁਪਤ ਦਸਤਾਵੇਜ਼ਾਂ ਤੋਂ ਹੋਇਆ ਹੈ ਜਿਸ ਨੂੰ ਐਡਵਰਡ ਸਨੋਡੇਨ ਨੇ ਹਾਲ ਹੀ ਵਿੱਚ ਜਾਰੀ ਕੀਤਾ ਗਿਆ ਹੈ। ਸਨੋਡੇਨ ਐਨ ਆਈ ਏ ਦੇ ਗੁਪਤ ਨਿਗਰਾਨੀ ਪ੍ਰੋਗਰਾਮ ਪ੍ਰਿਜਮ ਦੀ ਜਾਣਕਾਰੀ ਲੀਕ ਕਰਨ ਵਾਲੇ ਸੀ ਆਈ ਏ ਦੇ ਸਾਬਕਾ ਮੁਲਾਜ਼ਮ ਹਨ। ਲੰਡਨ ਤੋਂ ਛਪਦੇ ਅਖਬਾਰ 'ਦ ਗਾਰਜੀਅਨ' ਨੇ ਲੀਕ ਹੋਈ ਰਿਪੋਰਟ ਦੇ ਹਵਾਲੇ ਨਾਲ ਕਿਹਾ ਹੈ ਕਿ ਅਮਰੀਕਾ ਜਾਸੂਸੀ ਲਈ ਕਈ ਤਰ੍ਹਾਂ ਦੇ ਤਰੀਕੇ ਇਸਤੇਮਾਲ ਕਰਦਾ ਹੈ ਜਿਨ੍ਹਾਂ ਵਿੱਚ ਗੁਪਤ ਰੂਪ ਤੋਂ ਮਾਈਕ੍ਰੋਫੋਨ ਲਗਾਉਣਾ (ਬਗਿੰਗ) ਵੀ ਸ਼ਾਮਲ ਹਨ। ਇੱਕ ਦਸਤਾਵੇਜ਼ ਵਿੱਚ 38 ਦੂਤਘਰਾਂ ਅਤੇ ਮਿਸ਼ਨਾਂ ਦੀ ਸੂਚੀ ਨੂੰ ਟਾਰਗੈਟਸ ਯਾਨੀ ਟੀਚਾ ਦੱਸਿਆ ਗਿਆ ਹੈ। ਅਖਬਾਰ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਹਰ ਟਾਰਗੈਟ ਖਿਲਾਫ ਜਾਸੂਸੀ ਲਈ ਅਨੋਖੇ ਤਰੀਕਿਆਂ ਦਾ ਵਰਣਨ ਕੀਤਾ ਗਿਆ ਹੈ। ਇਨ੍ਹਾਂ ਵਿੱਚ ਇਲੈਕਟ੍ਰੋਨਿਕ ਸੰਚਾਰ ਮਾਧਿਅਮਾਂ ਵਿੱਚ ਨਜ਼ਰ ਨਾ ਆਉਣ ਵਾਲਾ ਮਾਈਕਰੋਫੋਨ ਲਗਾ ਕੇ ਗੱਲਬਾਤ ਨੂੰ ਵਿਸ਼ੇਸ਼ ਐਂਟੀਨੇ ਨਾਲ ਫੜਨ ਦਾ ਤਰੀਕਾ ਵੀ ਸ਼ਾਮਲ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਪ੍ਰੰਪਾਰਗਤ ਰੂਪ ਨਾਲ ਵਿਚਾਰਕ ਮਤਭੇਦ ਵਾਲੇ ਅਤੇ ਸੰਵੇਦਨਸ਼ੀਲ ਮੱਧ ਪੂਰਬੀ ਦੇਸ਼ਾਂ ਦੇ ਦੂਤਘਰ ਟਾਰਗੈਟ ਵਿੱਚ ਸ਼ਾਮਲ ਸਨ। ਇਨ੍ਹਾਂ ਵਿੱਚ ਯੂਰਪੀ ਸੰਘ ਦੇ ਦੂਤਾਘਰਾਂ ਦੇ ਇਲਾਵਾ ਫਰਾਂਸ, ਇਟਲੀ ਅਤੇ ਯੂਨਾਨ ਦੇ ਦੂਤਘਰਾਂ ਦੇ ਨਾਲ ਜਾਪਾਨ, ਮੈਕਸੀਕੋ, ਦੱਖਣੀ ਕੋਰੀਆ, ਭਾਰਤ ਅਤੇ ਤੁਰਕੀ ਵਰਗੇ ਕਈ ਅਮਰੀਕੀ ਸਹਿਯੋਗੀ ਦੇਸ਼ਾਂ ਦੇ ਦੂਤਘਰ ਵੀ ਇਸ ਸੂਚੀ ਵਿੱਚ ਹਨ। ਸਾਲ 2010 ਦੇ ਸਤੰਬਰ ਦੇ ਇਸ ਦਸਤਾਵੇਜ਼ ਵਿੱਚ ਬ੍ਰਿਟੇਨ, ਜਰਮਨੀ ਅਤੇ ਹੋਰ ਪੱਛਮੀ ਯੂਰਪੀ ਦੇਸ਼ਾਂ ਦੇ ਨਾਮ ਨਹੀਂ ਹਨ। ਦੱਸਿਆ ਗਿਆ ਹੈ ਕਿ ਬਗਿੰਗ ਦਾ ਇੱਕ ਤਰੀਕੇ ਨੂੰ ਕੂਟ ਨਾਮ 'ਡ੍ਰੋਪਮਾਇਰ' ਨਾਲ ਵਰਣਨ ਕੀਤਾ ਗਿਆ ਹੈ। ਸਾਲ 2007 ਦੇ ਇੱਕ ਦਸਤਾਵੇਜ਼ ਅਨੁਸਾਰ ਇਹ ਉਸ ਨੂੰ ਵਾਸ਼ਿੰਗਟਨ ਡੀ ਸੀ ਸਥਿਤ ਯੂਰਪੀ ਸੰਘ ਦੇ ਦੂਤਾਵਾਸ ਦੇ ਫੈਕਸ ਮਸ਼ੀਨ ਵਿੱਚ ਲਗਾਇਆ ਗਿਆ ਸੀ। ਐਨ ਐਸ ਏ ਦੇ ਦਸਤਾਵੇਜ਼ਾਂ ਅਨੁਸਾਰ, ਇਸ ਮਸ਼ੀਨ ਦਾ ਇਸਤੇਮਾਲ ਯੂਰਪੀ ਦੇਸ਼ਾਂ ਦੀਆਂ ਰਾਜਧਾਨੀਆਂ ਨੂੰ ਵਿਦੇਸ਼ ਮੰਤਰਾਲੇ ਦਾ ਸੰਦੇਸ਼ ਭੇਜਣ ਲਈ ਕੀਤਾ ਜਾਂਦਾ ਹੈ।

# ਕਨੇਡਾ ਡੇਅ ਤੋਂ ਸ਼ੁਰੂ ਹੋਏ ਨਵੇਂ ਪਾਸਪੋਰਟ

ਟੋਰਾਂਟੋ (ਨਦਬ) : ਕਨੇਡੀਅਨ ਮੁਸਾਫਿਰਾਂ ਨੂੰ ਹਾਈ ਟੈਕ ਤੇ ਉੱਚੀ ਕੀਮਤ ਵਾਲੇ ਪਾਸਪੋਰਟ ਦਿੱਤੇ ਜਾਣਗੇ। ਪਹਿਲੀ ਜੁਲਾਈ ਤੋਂ ਸ਼ੁਰੂ ਹੋ ਕੇ ਕੈਨੇਡੀਅਨਾਂ ਨੂੰ ਨਵੇਂ ਸਿਰੇ ਤੋਂ ਤਿਆਰ ਈ-ਪਾਸਪੋਰਟ ਮਿਲਣਗੇ। ਇਨ੍ਹਾਂ ਵਿੱਚ ਕਈ ਨਵੇਂ ਸਕਿਊਰਿਟੀ ਤੇ ਜਾਅਲੀ ਪਾਸਪੋਰਟ ਬਣਨ ਤੋਂ ਰੋਕਣ ਵਾਲੇ ਮਾਪਦੰਡ ਲੱਗੇ ਹੋਣਗੇ, ਇਨ੍ਹਾਂ ਵਿੱਚ ਇੱਕ ਇਲੈਕਟ੍ਰੌਨਿਕ ਚਿੱਪ ਵੀ ਹੋਵੇਗੀ ਜਿਸ ਵਿੱਚ ਸਬੰਧਤ ਵਿਅਕਤੀ ਦੀ ਨਿਜੀ ਜਾਣਕਾਰੀ ਹੋਵੇਗੀ। ਇਸ ਤੋਂ ਇਲਾਵਾ ਆਰ ਸੀ ਐਮ ਪੀ, ਟੈਰੀ ਫੌਕਸ ਵਿਮੀ ਰਿੱਜ ਮੈਮੋਰੀਅਲ ਦੀਆਂ ਤਸਵੀਰਾਂ ਵੀ ਪਾਸਪੋਰਟ ਵਿੱਚ ਸ਼ਾਮਲ ਕੀਤੀਆਂ ਜਾਣਗੀਆਂ। ਵਾਟਰਮਾਰਕ ਵਾਲੀਆਂ ਤਸਵੀਰਾਂ ਦੀ ਨਕਲ ਕਰਕੇ ਜਾਅਲੀ ਪਾਸਪੋਰਟ ਬਣਾਉਣਾ ਵੀ ਹੁਣ ਮੁਸ਼ਕਲ ਹੋ ਜਾਵੇਗਾ। ਪੰਜ ਸਾਲਾਂ ਲਈ ਜਾਰੀ ਕੀਤੇ ਜਾਣ ਵਾਲੇ ਪਾਸਪੋਰਟ ਦੀ ਕੀਮਤ 87 ਡਾਲਰ ਤੋਂ ਵਧਾ ਕੇ 120 ਡਾਲਰ ਕਰ ਦਿੱਤੀ ਗਈ ਹੈ। ਪਰ ਦਸ ਸਾਲਾਂ ਵਾਲੇ ਪਾਸਪੋਰਟ 160 ਡਾਲਰ ਦੇ ਮਿਲਿਆ ਕਰਨਗੇ। ਹਵਾਈ ਸਫਰ ਕਰਨ ਵਾਲੇ ਮੁਸਾਫਿਰਾਂ ਨੂੰ ਆਪਣੇ ਮੌਜੂਦਾ ਪਾਸਪੋਰਟ ਬਦਲਣ ਦੀ ਕੋਈ ਜ਼ਰੂਰਤ ਨਹੀਂ ਹੈ। ਪਾਸਪੋਰਟ ਕਨੇਡਾ ਨੇ ਦੱਸਿਆ ਕਿ ਪੁਰਾਣੇ ਪਾਸਪੋਰਟ ਆਪਣੀ ਮਿਆਦ ਪੁੱਗਣ ਤੱਕ ਜਾਰੀ ਰਹਿ ਸਕਣਗੇ। ਪ੍ਰਾਈਵੇਸੀ ਸਬੰਧੀ ਤੌਖਲਿਆਂ ਦੀ ਗੱਲ ਕਰਦਿਆਂ ਏਜੰਸੀ ਨੇ ਆਖਿਆ ਕਿ ਪਾਸਪੋਰਟ ਚਿੱਪਸ ਦਸ ਸੈਂਟੀਮੀਟਰ ਦੇ ਵਕਫੇ ਤੋਂ ਹੀ ਰੀਡ ਕੀਤੇ ਜਾ ਸਕਣਗੇ। ਕਨੇਡਾ ਜੀ-7 ਮੁਲਕਾਂ ਵਿੱਚੋਂ ਅਜਿਹਾ ਆਖਰੀ ਦੇਸ਼ ਹੈ ਜਿਸ ਨੇ ਚਿੱਪ ਵਾਲੇ ਇਹ ਪਾਸਪੋਰਟ ਅਪਣਾਏ ਹਨ। ਅਮਰੀਕਾ, ਫਰਾਂਸ, ਜਰਮਨੀ ਤੇ ਯੂਕੇ ਤੋਂ ਇਲਾਵਾ ਸੌ ਮੁਲਕਾਂ ਤੋਂ ਵੀ ਵੱਧ ਦੇਸ਼ਾਂ ਵਿੱਚ ਈ-ਪਾਸਪੋਰਟ ਪਹਿਲਾਂ ਤੋਂ ਹੀ ਦਿੱਤੇ ਜਾਂਦੇ ਹਨ।




# ਅਲਬਰਟਾ 'ਚ ਵਿਦੇਸ਼ੀ ਕਾਮਿਆਂ ਲਈ ਇਮੀਗ੍ਰੇਸ਼ਨ ਦੇ ਨਵੇਂ ਮੌਕੇ

ਕੈਲਗਰੀ (ਨਦਬ) : ਅਲਬਰਟਾ ਸਰਕਾਰ ਵੱਲੋਂ ਜਾਰੀ ਵਿਦੇਸ਼ੀ ਕਾਮਿਆਂ ਸਬੰਧੀ ਨਵੀਂ ਨੀਤੀ ਅਲਬਰਟਾ ਇਮੀਗ੍ਰੇਸ਼ਨ ਨੌਮਨੀ ਪ੍ਰੋਗਰਾਮ ਤਹਿਤ ਕੱਚੇ ਕਾਮਿਆਂ ਨੂੰ ਤਜਰਬੇ ਦੇ ਆਧਾਰ 'ਤੇ ਪੱਕੇ ਹੋਣ ਦਾ ਮੌਕਾ ਮਿਲੇਗਾ। ਇਸ ਲਈ ਉਨ੍ਹਾਂ ਨੂੰ ਕੁੱਝ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ। ਇਸ ਤਹਿਤ ਉਨ੍ਹਾਂ ਨੂੰ ਆਪਣੇ ਪੇਸ਼ੇ ਵਿਚ ਦੋ ਸਾਲ ਜਾਂ ਇਸ ਤੋਂ ਵੱਧ ਸਮੇਂ ਦਾ ਤਜਰਬਾ ਹੋਣਾ ਜ਼ਰੂਰੀ ਹੈ। ਕੁੱਝ ਸ਼ਰਤਾਂ ਫੈਡਰਲ ਸਰਕਾਰ ਦੀਆਂ ਵੀ ਹਨ। ਇਸ ਸਬੰਧੀ ਅਰਜ਼ੀ 28 ਨਵੰਬਰ 2013 ਤਕ ਦਿੱਤੀ ਜਾ ਸਕਦੀ ਹੈ।

ਡਿਪਟੀ ਪ੍ਰੀਮੀਅਰ ਲੂਕਾਸਜ਼ੂਕ ਨੇ ਦੱਸਿਆ ਕਿ ਮਾਹਰ ਵਿਦੇਸ਼ੀ ਕਾਮਿਆਂ ਦਾ ਅਲਬਰਟਾ ਸਰਕਾਰ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਹੀ ਕੱਚੇ ਕਾਮਿਆਂ ਨੂੰ ਪੱਕੇ ਕਰਨ ਦੀ ਯੋਜਨਾ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਯੋਜਨਾ ਹੈ ਕਿ 20-21 ਤਕ 114000 ਵਰਕਰਾਂ ਨੂੰ ਇਸ ਯੋਜਨਾ ਤਹਿਤ ਸਥਾਈ ਨਾਗਰਿਕਤਾ ਦਿੱਤੀ ਜਾਵੇਗੀ। ਸੂਬੇ ਦੇ ਵਿਕਾਸ ਲਈ ਅਜਿਹਾ ਕਰਨਾ ਜ਼ਰੂਰੀ ਹੈ।

# ਗ਼ਦਰ ਸ਼ਤਾਬਦੀ ਨੂੰ ਸਮਰਪਤ ਤਿੰਨ ਰੋਜ਼ਾ ਗ਼ਦਰੀ ਮੇਲਾ ਯਾਦਗਾਰੀ ਹੋ ਨਿਬੜਿਆ

ਬਰੈਂਪਟਨ (ਡਾ. ਸੁਖਦੇਵ ਸਿੰਘ ਝੰਡ) : ਗ਼ਦਰ ਲਹਿਰ ਦੇ ਸ਼ਹੀਦਾਂ ਦੀ ਯਾਦ ਨੂੰ ਸਰਮਪਤ ਗ਼ਦਰ ਸ਼ਤਾਬਦੀ ਕਮੇਟੀ ਟੋਰਾਂਟੋ ਵਲੋਂ 29, 30 ਅਤੇ ਪਹਿਲੀ ਜੁਲਾਈ ਨੂੰ ਵੱਖ-ਵੱਖ ਪ੍ਰੋਗਰਾਮ ਪੇਸ਼ ਕੀਤੇ ਗਏ, ਜਿਨ੍ਹਾਂ ਵਿਚ ਪਹਿਲੇ ਦਿਨ ਮਾਰਨਿੰਗ ਸਟਾਰ ਸੈਕੰਡਰੀ ਸਕੂਲ ਮਾਲਟਨ ਦੀ ਪਾਰਕਿੰਗ ਲਾਟ ਤੋਂ ਇਕ ਗ਼ਦਰ ਮਾਰਚ ਦਾ ਆਯੋਜਨ ਕੀਤਾ ਗਿਆ। ਜਿਹੜਾ ਕਿ ਦੁਪਹਿਰ 12 ਜਵੇ ਸ਼ੁਰੂ ਹੋ ਕੇ ਮਾਲਟਨ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਖ਼ਤਮ ਹੋਇਆ। ਇਥੇ ਲੰਗਰ ਉਪਰੰਤ ਗਰੇਟਰ ਪੰਜਾਬ ਪਲਾਜ਼ਾ ਵਿਚ ਚੱਲੇ ਸਟੇਜੀ ਪ੍ਰੋਗਰਾਮ ਦੌਰਾਨ ਪ੍ਰਸਿੱਧ ਢਾਡੀ ਤਰਲੋਚਨ ਸਿੰਘ ਭਮੱਦੀ ਤੇ ਉਨ੍ਹਾਂ ਦੇ ਸਾਥੀਆਂ ਰਾਮ ਕੁਮਾਰ ਭਦੌੜ ਤੇ ਜੱਸੀ ਧੰਜਲ ਨੇ ਗ਼ਦਰੀ ਦੇਸ਼ ਭਗਤਾਂ ਨਾਲ ਸਬੰਧਤ ਵਾਰਾਂ ਤੇ ਗੀਤ ਗਾ ਕੇ ਹਾਜ਼ਰੀਨ ਦਾ ਖ਼ੂਬ ਮਨੋਰੰਜਨ ਕੀਤਾ। ਪ੍ਰੋਗਰਾਮ ਦੌਰਾਨ ਡਾ. ਵਰਿਆਮ ਸਿੰਘ ਸੰਧੂ, ਸ਼ਹੀਦ ਭਗਤ ਸਿੰਘ ਦੇ ਭਤੀਜੇ ਸਰਬਜੀਤ ਸਿੰਘ, ਵੈਨਕੂਵਰ ਤੋਂ ਉਚੇਚੇ ਤੌਰ 'ਤੇ ਆਏ ਸੁਰਿੰਦਰ ਧੰਜਲ ਤੇ ਕਈ ਹੋਰ ਬੁਲਾਰਿਆਂ ਨੇ ਵੱਖ-ਵੱਖ ਪਹਿਲੂਆਂ 'ਤੇ ਰੌਸ਼ਨੀ ਪਾਉਂਦਿਆਂ ਗ਼ਦਰੀ ਬਾਬਿਆਂ ਵਲੋਂ ਘਾਲੀਆਂ ਗਈਆਂ ਮਹਾਨ ਘਾਲਣਾਵਾਂ ਦਾ ਬਾਖ਼ੂਬੀ ਜ਼ਿਕਰ ਕੀਤਾ। ਅਖ਼ੀਰ ਵਿਚ ਇਕਬਾਲ ਰਾਮੂਵਾਲੀਏ ਦੀ ਸੁਰੀਲੀ ਆਵਾਜ਼ ਵਿਚ ਸ਼ਹੀਦ ਕਰਤਾਰ ਸਿੰਘ ਸਰਾਭੇ ਦੀਆਂ ਸਤਰਾਂ 'ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਮਨਾਂ 'ਚੋਂ ਭੁਲਾ ਦੇਣਾ' ਹਾਜ਼ਰੀਨ ਵੱਲੋਂ ਕਾਫ਼ੀ ਸਲਾਹੀਆਂ ਗਈਆਂ। ਇਸ ਦੇ ਨਾਲ ਹੀ ਗ਼ਦਰੀ ਸਾਹਿਤ ਅਤੇ ਗ਼ਦਰੀ ਬਾਬਿਆਂ ਦੇ ਚਿੱਤਰਾਂ ਦੀ ਸ਼ਾਨਦਾਰ ਪਰਦਸ਼ਨੀ ਵੀ ਲਾਈ ਗਈ, ਜਿਸ ਨੂੰ ਲੋਕਾਂ ਨੇ ਵੱਡੀ ਗਿਣਤੀ ਵਿਚ ਵੇਖਿਆ। ਇਸ ਮੇਲੇ ਦਾ ਦੂਜਾ ਦਿਨ ਭਾਵ 30 ਜੂਨ 'ਰੋਜ਼ ਥੀਏਟਰ' ਵਿਚ ਹੋਏ ਨਾਟਕ ਮੇਲੇ ਦੇ ਨਾਮ ਰਿਹਾ, ਜਿਸ ਵਿਚ ਚਾਰ ਖ਼ੂਬਸੂਰਤ ਨਾਟਕ ਖੇਡੇ ਗਏ। 'ਹੈਟਸ-ਅੱਪ' ਵਲੋਂ ਖੇਡੇ ਗਏ ਨਾਟਕ 'ਬੰਦਾ ਬਹਾਦਰ' ਵਿਚ ਜਿਥੇ ਸਿੱਖ ਇਤਿਹਾਸ ਦੇ ਮਾਣਮੱਤੇ ਅਧਿਆਇ ਦਾ ਸੰਵਾਦਾਂ ਤੇ ਸਲਾਈਡਾਂ ਦੇ ਸੁਮੇਲ ਨਾਲ ਬਾਖ਼ੂਬੀ ਚਿਤਰਨ ਕੀਤਾ ਗਿਆ, ਉਥੇ 'ਨੇਤੀ ਥੀਏਟਰ ਗਰੁੱਪ' ਵਲੋਂ 'ਲਰੈ ਦੀਨ ਕੇ ਹੇਤ' ਤੇ 'ਓਨਟੈਰੀਓ ਪੰਜਾਬੀ ਥੀਏਟਰ' ਵਲੋਂ 'ਆਜ਼ਾਦੀ ਦੇ ਜਹਾਜ਼' ਨਾਟਕਾਂ ਵਿਚ ਗ਼ਦਰੀ ਬਾਬਿਆਂ ਸੋਹਣ ਸਿੰਘ ਭਕਨਾ, ਗੁਰਦਿੱਤ ਸਿੰਘ, ਕਰਤਾਰ ਸਿੰਘ ਸਰਾਭਾ, ਮੇਵਾ ਸਿੰਘ, ਭਾਗ ਸਿੰਘ, ਹਰਨਾਮ ਸਿੰਘ ਟੁੰਡੀਲਾਟ, ਬੀਬੀ ਗੁਲਾਬ ਕੌਰ ਤੇ ਹੋਰਨਾਂ ਵਲੋਂ ਗ਼ਦਰ ਲਹਿਰ ਵਿਚ ਪਾਏ ਵੱਡਮੁਲੇ ਯੋਗਦਾਨ ਨੂੰ ਬੜੇ ਕਲਾਤਮਿਕ ਢੰਗ ਨਾਲ ਪੇਸ਼ ਕੀਤਾ ਗਿਆ।

☛ ਬਾਕੀ ਸਫ਼ਾ 14 'ਤੇ













# ਗ਼ਦਰ ਸ਼ਤਾਬਦੀ ਵਰ੍ਹਾ 2013 ਨੂੰ ਸਮਰਪਤ 6ਵਾਂ ਸ਼ਹੀਦ ਭਗਤ ਸਿੰਘ ਸਪੋਰਟਸ ਟੂਰਨਾਮੈਂਟ ਸਫ਼ਲਤਾ ਪੂਰਵਕ ਸਮਾਪਤ

### ਪ੍ਰਬੰਧਕਾਂ ਦਾ ਸ਼ੋਅ ਮੈਚ ਕਰਵਾਇਆ

### ਗ਼ਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਪ੍ਰਤੀ ਲੋਕਾਂ ਨੇ ਭਾਰੀ ਉਤਸ਼ਾਹ ਵਿਖਾਇਆ

ਐਡਮਿੰਟਨ (ਕਿਰਤਮੀਤ)- ਪ੍ਰੋਗਰੈਸਿਵ ਪੀਪਲਜ਼ ਫ਼ਾਊਡੇਸ਼ਨ ਆਫ਼ ਐਡਮਿੰਟਨ ਅਤੇ ਪੰਜਾਬ ਯੂਨਾਇਟਡ ਸਪੋਟਰਸ ਐਂਡ ਹੈਰੀਟੇਜ਼ ਐਸੋਸ਼ੀਏਸ਼ਨ ਆਫ਼ ਐਡਮਿੰਟਨ ਵੱਲੋਂ ਸਾਝੇ ਤੌਰ 'ਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ ਅਤੇ ਗ਼ਦਰ ਸ਼ਤਾਬਦੀ ਵਰਾ 2013 ਨੂੰ ਸਮਰਪਿਤ ਦੋ ਦਿਨਾਂ 6ਵਾਂ ਸ਼ਹੀਦ ਭਗਤ ਸਿੰਘ ਸਪੋਰਟਸ ਟੂਰਨਾਮੈਂਟ 29 ਅਤੇ 30 ਜੂਨ ਨੂੰ ਸਫ਼ਲਤਾ ਪੂਰਵਕ ਸਮਾਪਤ ਹੋ ਗਿਆ। ਐਡਮਿੰਟਨ ਦੇ ਪੋਲਰਡ ਮੈਡੋਜ਼ ਸਕੂਲ ਦੀਆਂ ਗਰਾਊਂਡਾਂ 'ਚ ਹੋਏ ਇਸ ਟੂਰਨਾਮੈਂਟ 'ਚ 6 ਸਾਲ ਉਮਰ ਵਰਗ ਤੋਂ ਲੈ ਕੇ 16 ਸਾਲ ਤੱਕ ਦੇ 400 ਖਿਡਾਰੀਆਂ/ ਖਿਡਾਰਨਾਂ ਨੇ ਭਾਗ ਲਿਆ। ਖਿਡਾਰੀਆਂ/ਖਿਡਾਰਨਾਂ ਨੂੰ ਬੇਹਤਰੀਨ ਕੋਚਾਂ/ਪ੍ਰਬੰਧਕਾਂ ਵੱਲੋਂ ਕਰੀਬ 2 ਮਹੀਨੇ ਸਿਖਲਾਈ ਦੇਣ ਉਪਰੰਤ ਉਨ੍ਹਾਂ ਦੀਆਂ 20 ਟੀਮਾਂ ਟੀਮਾਂ ਬਣਾਂ ਕੇ ਟੂਰਨਾਮੈਂਟ 'ਚ ਸ਼ਾਮਿਲ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰੋਗਰੈਸਿਵ ਪੀਪਲਜ਼ ਫ਼ਾਊਡੇਸ਼ਨ ਦੇ ਪ੍ਰਧਾਨ ਦਲਬੀਰ ਸਾਂਗਿਆਂਣ, ਸਕੱਤਰ ਕਿਰਤਮੀਤ



ਕੁਹਾੜ, ਖ਼ਜਾਨਚੀ ਨਵਤੇਜ ਬੈਂਸ, ਮੈਡਮ ਬ ਸੰਘਾ, ਡਾ. ਪੀ.ਆਰ.ਕਾਲੀਆ, ਸੋਨੀ ਗਿੱਲ, ਗੁਰਬਚਨ ਬਰਾੜ, ਜੋਗਿੰਦਰ ਰੰਧਾਵਾ, ਸੁਰਿੰਦਰ ਦਿਉਲ, ਹਰਜਿੰਦਰ ਬਦੇਸ਼ਾ, ਜਸਵੀਰ ਦਿਉਲ, ਜਸਵੀਰ ਸੰਘਾ,'ਪੰਜਾਬ ਯੂਨਾਇਟਡ ਸਪੋਟਸ' ਦੇ ਮੋਹਿੰਦਰ ਬੰਗਾ, ਇਕਬਾਲ ਮਾਹਲ, ਕਸ਼ਮੀਰ ਗਿੱਲ, ਕਮਲਜੀਤ ਸਿੱਧੂ,ਰਾਜੂ ਵਿਰਕ ਆਦਿ ਨੇ ਦੱਸਿਆ ਕਿ ਹਰ ਪੱਖੋਂ ਸਫ਼ਲ ਰਹੇ ਇਸ ਟੂਰਨਾਮੈਂਟ 'ਚ ਖਿਡਾਰੀਆਂ ਨੇ ਦਿਲਚਸਪੀ ਤੇ ਉਤਸਾਹ ਨਾਲ ਭਾਗ ਲਿਆ। ਉਨ੍ਹਾਂ ਦੱਸਿਆ ਕਿ ਇਸ ਟੂਰਨਾਮੈਂਟ ਦੇ ਸਫ਼ਲ ਰਹਿਣ ਦਾ ਕਾਰਨ ਆਪਣੇ ਭਾਈਚਾਰੇ ਦੇ ਲੋਕਾਂ ਦਾ ਸਾਕਰ ਪ੍ਰਤੀ ਉਤਸਾਹ, ਇਥੋ ਦੇ ਜੰਮਪਲ਼ ਬੱਚਿਆਂ ਦਾ ਇਸ ਖੇਡ ਨਾਲ ਜੁੜੇ ਹੋਣਾ, ਮਾਪਿਆਂ ਦਾ ਸਹਿਯੋਗ ਅਤੇ ਸਪਾਂਸਰਾਂ ਵੱਲੋਂ ਮਿਲਿਆ ਵਿਸ਼ੇਸ਼ ਸਹਿਯੋਗ ਹੈ। ਬੱਚਿਆਂ ਨੂੰ ਸਿਖਲਾਈ ਦੇਣ ਲਈ ਕੋਚਾਂ ਦੀ ਭੂਮਿਕਾ ਪ੍ਰੀਤ ਧਾਮਨੀ, ਹਰਪ੍ਰੀਤ ਹਰੀ, ਸ਼ਰਨਦੀਪ ਹਰੀ, ਜਸਪ੍ਰੀਤ ਗਿੱਲ, ਕੁਲਮਿੰਦਰ ਅਟਵਾਲ, ਸੁਖਦੀਪ ਗਿੱਲ ਨਵਦੀਪ ਵਿਰਕ, ਰਾਕਾ ਜੋਸਨ, ਦੀਪਾ ਅਟਵਾਲ, ਸ਼ਮਸ਼ੇਰ ਢਾਡਲੀ, ਦੇਵ ਚਾਨਾ, ਜਸਰਾਜ ਸ਼ਾਹੀ, ਸੋਨੀ ਗਿੱਲ, ਮਨਰਾਜ ਖਾਬੜਾ, ਹਰਜੋਤ ਮਾਹਲੀ, ਅਮਰਿੰਦਰ ਮਨਧੀਰ, ਸਿਮਰਨ ਮਾਹਲ, ਜਸਕਰਨ ਮਾਹਲ, ਦਿਲਜੋਤ ਸਧਰਾ, ਸੰਨੀ ਸਰਾ, ਅਨੂਪ ਸਹੋਤਾ, ਇਕਬਾਲ ਸਿੰਘ ਮਾਹਲ, ਮਨਿੰਦਰ ਸਿੰਘ ਬੰਗਾ, ਕਸ਼ਮੀਰ ਗਿੱਲ, ਕਮਲਜੀਤ ਸਿੰਘ ਸਿੱਧੂ, ਕੁਲਵੀਰ ਸਿੰਘ ਬੰਗਾ ਨੇ ਨਿਭਾਈ। ਇਸ ਮੌਕੇ 'ਤੇ ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮਿਨ ਵਲੋਂ ਗ਼ਦਰ ਸ਼ਤਾਬਦੀ ਵਰ੍ਹਾ 2013 ਸਬੰਧੀ ਗ਼ਦਰੀ ਬਾਬਿਆਂ ਦੀ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ, ਜਿਸ ਪ੍ਰਤੀ ਲੋਕਾਂ ਨੇ ਭਾਰੀ ਉਤਸ਼ਾਹ ਦਿਖਾਇਆ। ਆਖ਼ਰੀ ਦਿਨ ਜਿਥੇ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ ਗਏ ਉਥੇ ਹੀ ਪ੍ਰਬੰਧਕਾਂ ਦਾ ਸ਼ੋਅ ਮੈਚ ਵੀ ਕਰਵਾਇਆ ਗਿਆ। ਪੰਜਾਬੀ ਖਾਣੇ ਦੇ ਨਾਲ-ਨਾਲ ਹਾਟ ਡਾਗ ਦੇ ਲੰਗਰ ਵੀ ਵਰਤਾਏ ਗਏ।

## ਹੋਮ ਕੇਅਰ ਦੇ ਖੇਤਰ 'ਚ ਨਿਗਮੀਕਰਨ ਅਣਉਚਿਤ: ਰਾਜ ਸ਼ਰਮਨ

ਐਡਮਿੰਟਨ (ਨਦਬ) ਪਿਛਲੇ ਦਿਨੀਂ ਰੈਡਫੋਰਡ ਸਰਕਾਰ ਵੱਲੋਂ ਹੋਮ ਕੇਅਰ ਦੇ ਖੇਤਰ ਵਿੱਚ ਨਿਗਮੀਕਰਨ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਇਸ ਤਹਿਤ ਅੰਗਹੀਣਾਂ ਅਤੇ ਸੀਨੀਅਰ ਸਿਟੀਜਨਾਂ ਨੂੰ ਕਾਫ਼ੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ, ਕਿਉਂਕਿ ਗੈਰ ਮੁਨਾਫ਼ੇ 'ਤੇ ਅਧਾਰਿਤ ਹੋਮ ਕੇਅਰ ਦੀ ਥਾਂ ਹੁਣ ਇਸਨੂੰ ਮੁਨਾਫ਼ਾਖੋਰ ਹੱਥਾਂ ਵਿੱਚ ਦੇ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਅਲਬਰਟਾ ਵਿੱਚ ਅਜਿਹਾ ਵਰਤਾਰਾ ਪਹਿਲੀ ਵਾਰ ਦੇਖਣ ਵਿੱਚ ਆਇਆ ਹੈ। ਇਸ ਨਾਲ ਹੁਣ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਜਾਣਗੀਆਂ। ਸਭ ਤੋਂ ਜ਼ਿਆਦਾ ਅਸਰ ਕੰਮ ਦੇ ਮਿਆਰ 'ਤੇ ਪਵੇਗਾ। ਇਸ ਕੰਮ ਵਿੱਚ ਹੁਣ ਅਣਗਹਿਲੀਆਂ ਦੀ ਭਰਮਾਰ ਹੋ ਜਾਵੇਗੀ। ਐਬੀ ਰੋਡ 'ਤੇ ਵਸਣ ਵਾਲੇ ਲੋਕਾਂ ਲਈ ਹੁਣ ਜ਼ਿੰਦਗੀ ਹੋਰ ਵੀ ਦੁੱਭਰ ਹੋ ਜਾਣੀ।

ਇਸ ਸਬੰਧੀ ਆਪਣੇ ਵਿਚਾਰ ਪ੍ਰਗਟਾਉਂਦਿਆਂ ਲਿਬਰਲ ਆਗੂ ਰਾਜ ਸ਼ਰਮਨ ਨੇ ਕਿਹਾ ਕਿ ਇਸ ਫੈਸਲੇ ਦਾ ਸੀਨੀਅਰ ਸਿਟੀਜਨ ਅਤੇ ਅੰਗਹੀਣਾਂ ਦੀ ਜ਼ਿੰਦਗੀ 'ਤੇ ਬਹੁਤ ਭੈੜਾ ਅਸਰ ਪਵੇਗਾ। ਇਸ ਨਾਲ ਇਹਨਾਂ ਲੋਕਾਂ ਦੀ ਸਿਹਤ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੀਆਂ। ਉਹਨਾਂ ਕਿਹਾ ਕਿ ਇਸ ਫੈਸਲੇ ਨੂੰ ਸਰਕਾਰ ਵੱਲੋਂ ਬੱਚਤ ਵਾਲਾ ਫੈਸਲਾ ਦਰਸਾਇਆ ਜਾ ਰਿਹਾ ਹੈ ਜਦੋਂ ਕਿ ਸੱਚ ਹੈ ਕਿ ਅਜਿਹੇ ਕਰਨ ਨਾਲ ਹੋਮ ਕੇਅਰ ਸੇਵਾਵਾਂ ਹੋਰ ਮਹਿੰਗੀਆਂ ਹੋ ਜਾਣਗੀਆਂ। ਇਹਨਾਂ ਸੇਵਾਵਾਂ ਦਾ ਠੇਕਾ ਓਨਟਾਰੀਓ ਦੀ ਇੱਕ ਕੰਪਨੀ ਨਾਲ ਕੀਤਾ ਗਿਆ ਹੈ। ਅਜਿਹਾ ਕਰਨ ਨਾਲ ਅਲਬਰਟਾ ਦਾ ਧਨ ਦੂਸਰੇ ਪ੍ਰਾਂਤ ਵਿੱਚ ਜਾਵੇਗਾ। ਲਿਬਰਲ ਆਗੂ ਵੱਲੋਂ ਰੈਫੋਰਡ ਸਰਕਾਰ ਨੂੰ ਹੋਮ ਕੇਅਰ ਦੇ ਖੇਤਰ ਵਿੱਚ ਨਿਗਮੀਕਰਨ ਨੂੰ ਬੰਦ ਕਰਨ ਦਾ ਸੱਦਾ ਦਿੱਤਾ ਗਿਆ ਹੈ।

*ਆਇਲ ਪਾਇਪਲਾਈਨ ਦੀ ਉਸਾਰੀ ਦਾ ਮਾਮਲਾ*

## ਉਸਾਰੀ ਵਾਲੀ ਥਾਂ 'ਤੇ ਲੋਕਾਂ ਨੇ ਲਾਇਆ ਧਰਨਾ

ਐਡਮਿੰਟਨ (ਨਦਬ) : ਸਿਕਸ ਨੇਸ਼ਨਜ਼ ਇਰੋਕਵੋਜ਼ ਕਮਿਊਨਿਟੀ ਦੇ ਲੋਕਾਂ ਵੱਲੋਂ ਪਿਛਲੇ ਦਿਨੀਂ ਹੈਮਿਲਟਨ ਨੇੜਲੇ ਐਨਬਰਿਜ਼ ਦੇ ਪੰਪਿੰਗ ਸਟੇਸ਼ਨ 'ਤੇ ਕਬਜ਼ਾ ਕਰ ਲਿਆ ਗਿਆ, ਕਿਉਂਕਿ ਲਾਈਨ 9 ਦੀ ਆਇਲ ਪਾਈਪਲਾਈਨ ਦੇ ਵਹਾਅ ਨੂੰ ਬਦਲਿਆ ਗਿਆ ਹੈ। ਮੇਲੀਸਾ ਇਲੀਅਟ ਨੇ ਕਿਹਾ, 'ਅਸੀਂ ਨਹੀਂ ਚਾਹੁੰਦੇ ਕਿ ਸਾਡੀ ਧਰਤੀ 'ਤੇ ਤੇਲ ਡੁੱਲ੍ਹੇ, ਜਿਸ ਨਾਲ ਧਰਤੀ ਤੇ ਪਾਣੀ ਨੁਕਸਾਨੇ ਜਾਣ ਤੇ ਇਸ ਦਾ ਅਸਰ ਸਾਡੀ ਆਉਣ ਵਾਲੀਆਂ ਪੀੜ੍ਹੀਆਂ 'ਤੇ ਪਵੇ।' ਜ਼ਿਕਰਯੋਗ ਹੈ ਕਿ ਇਸ ਪਾਈਪਲਾਈਨ ਦੇ ਰਾਹ ਵਿਚ ਸਿਕਸ ਨੇਸ਼ਨ ਦੇ ਬਿਨਾਂ ਹੋਰ ਵੀ ਕਈ ਨੇਸ਼ਨਜ਼ ਹਨ। ਇਹੀ ਕਾਰਨ ਹੈ ਕਿ ਇਸ ਪਾਈਪਲਾਈਨ ਦੇ ਵਿਰੋਧ ਵਿਚ ਮਜ਼ਬੂਤ ਲਹਿਰ ਉੱਸਰੀ ਹੈ। ਇਸ ਵਿਰੋਧ ਨੂੰ ਦੇਖਦਿਆਂ ਉੱਤਰੀ ਪੱਛਮੀ ਟਰਮੀਨਲ 'ਤੇ ਪਹਿਲੇ ਪੜਾਅ ਦੀ ਉਸਾਰੀ ਰੋਕ ਦਿੱਤੀ ਗਈ ਹੈ, ਜਿਹੜੀ ਕਿ ਨੈਸ਼ਨਲ ਐਨਰਜ਼ੀ ਬੋਰਡ ਵੱਲੋਂ ਸ਼ੁਰੂ ਕੀਤੀ ਗਈ ਸੀ।

## ਐਡਮਿੰਟਨ ਪਬਲਿਕ ਸਕੂਲ ਬੋਰਡ ਦੇ ਟਰੱਸਟੀਆਂ ਵੱਲੋਂ 934 ਮਿਲੀਅਨ ਦਾ ਬਜਟ ਮਨਜ਼ੂਰ

ਐਡਮਿੰਟਨ (ਨਦਬ) ਐਡਮਿੰਟਨ ਪਬਲਿਕ ਸਕੂਲ ਬੋਰਡ ਦੇ ਟਰੱਸਟੀਆਂ ਵੱਲੋਂ 934 ਮਿਲੀਅਨ ਦੇ ਬਜਟ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਨਵੇਂ ਬਜਟ ਵਿੱਚ ਕੀਤੀਆਂ ਕਟੌਤੀਆਂ ਕਾਰਣ ਬਹੁਤ ਸਾਰੇ ਅਧਿਆਪਕਾਂ, ਸਿੱਖਿਆ ਸਹਾਇਕ ਤੇ ਸਕੂਲ ਨਾਲ ਸਬੰਧਿਤ ਹੋਰ ਸਟਾਫ਼ ਦੇ ਕਰਮਚਾਰੀਆਂ ਨੂੰ ਆਪਣੀਆਂ ਨੌਕਰੀਆਂ ਤੋਂ ਹੱਥ ਧੋਣੇ ਪੈਣਗੇ।2013-14 ਦਾ ਇਹ ਬਜਟ ਪਿਛਲੇ ਦਿਨੀਂ ਬੋਰਡ ਦੀ ਮੀਟਿੰਗ ਵਿੱਚ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਹੈ। ਜਿਸ ਤਹਿਤ 339 ਨੌਕਰੀਆਂ 'ਤੇ ਕੁਹਾੜਾ ਲੱਗੇਗਾ। ਜ਼ਿਕਰਯੋਗ ਹੈ ਕਿ 339 ਵਿੱਚ 182 ਅਧਿਆਪਕ ਅਤੇ 157 ਗੈਰ ਅਧਿਆਪਨ ਨਾਲ ਸਬੰਧਿਤ ਕਰਮਚਾਰੀ ਹਨ।

### 339 ਨੌਕਰੀਆਂ 'ਤੇ ਕੁਹਾੜਾ

ਸਿੱਖਿਆ ਮਾਹਿਰ ਅਤੇ ਐਨ ਡੀ ਪੀ ਦੇ ਐਮ ਐਲ ਏ ਡੇਰੋਨ ਬੀਲੋਸ ਦਾ ਕਹਿਣਾ ਹੈ ਕਿ ਸਟਾਫ਼ 'ਤੇ ਇੰਨਾ ਵੱਡਾ ਕੱਟ ਲੱਗਣ ਕਾਰਣ ਕਲਾਸਰੂਮਾਂ ਦਾ ਸਾਇਜ ਵਧ ਜਾਵੇਗਾ। ਜਿਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ 'ਤੇ ਅਸਰ ਪੈਣਾ ਤਹਿ ਹੈ।

ਈ ਪੀ ਐਸ ਬੀ ਦੇ ਮੁੱਖ ਇੰਚਾਰਜ ਦਾ ਕਹਿਣਾ ਹੈ ਕਿ ਬਜਟ ਤਿਆਰ ਕਰਨ ਤੋਂ ਪਹਿਲਾਂ ਬਹੁਤ ਸਾਰੇ ਪਹਿਲੂਆਂ 'ਤੇ ਸੋਚ ਵਿਚਾਰ ਕੀਤਾ ਗਿਆ ਹੈ। ਸਾਰੇ ਟਰੱਸਟੀਆਂ ਦੀ ਸਹਿਮਤੀ ਨਾਲ ਹੀ ਨੌਕਰੀਆਂ 'ਤੇ ਕੱਟ ਲਾਏ ਗਏ ਹਨ ਜੋ ਕਿ ਜਰੂਰੀ ਸਨ। ਜਿਨ੍ਹਾਂ ਨੂੰ ਇਸ ਨਵੇਂ ਬਜਟ ਕਾਰਣ ਨੌਕਰੀਆਂ ਤੋਂ ਹੱਥ ਧੋਣੇ ਪੈਣਗੇ, ਉਹਨਾਂ ਨਾਲ ਸਾਡੀ ਹਮਦਰਦੀ ਹੈ।

ਈ ਪੀ ਐਸ ਬੀ ਦੀ ਚੇਅਰ ਸਾਰਾ ਹੌਫ਼ਮੈਨ ਦਾ ਕਹਿਣਾ ਹੈ ਕਿ ਅਜਿਹਾ ਸਰਕਾਰ ਵੱਲੋਂ ਐਲਾਨ ਕੀਤੇ ਗਏ ਫੰਡਾਂ ਵਿੱਚ ਕਮੀ ਕਾਰਣ ਹੋਇਆ ਹੈ ਪਰ ਫੇਰ ਵੀ ਅਸੀਂ ਕੋਸ਼ਿਸ਼ ਕੀਤੀ ਹੈ ਕਿ ਘੱਟ ਤੋਂ ਘੱਟ ਨੌਕਰੀਆਂ 'ਤੇ ਕੱਟ ਲਾਇਆ ਜਾਵੇ। ਉਹਨਾਂ ਕਿਹਾ ਕਿ ਨੌਕਰੀ ਵਿੱਚ ਹੋਈ ਕਟੌਤੀ ਕਾਰਣ ਮੀਡੀਆ ਵੱਲੋਂ ਇਸ ਖ਼ਬਰ ਨੂੰ ਉਛਾਲਿਆ ਜਾ ਰਿਹਾ ਹੈ ਜਦੋਂ ਕਿ ਸਾਡੇ ਵੱਲੋਂ ਕੋਸ਼ਿਸ਼ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੀ ਕੀਤੀ ਗਈ ਹੈ।



ANJALI AGARWAL

With my 15 years of experience in Residential Mortgage Industry,
I would like to, once again, help you with mortgage approvals, construction draw mortgage and line of credits.

Please Contact:
ANJALI AGARWAL AMP, BA
Senior Mortgage Advisor

Now I have access to almost all banks and more than 25 lenders.
ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ

TMG

call @ 780-934-7217 (Cell) or Email anjali.agarwal@mortgagegroup.com

# ਨਾਟਕ "ਗਾਥਾ ਕਾਲੇ ਪਾਣੀਆਂ ਦੀ" ਦੇ ਦੋ ਸਫਲ ਸ਼ੋਅ

ਕੈਲਗਰੀ/ ਵਿਨੀਪੈਗ (ਬਲਜਿੰਦਰ ਸੰਘਾ/ ਸੁਰਿੰਦਰ ਮਾਵੀ) : ਗ਼ਦਰ ਸ਼ਤਾਬਦੀ ਸਮਾਗਮ ਇਥੇ ਔਰਫੀਅਸ ਵਿਖੇ ਦੋ ਸ਼ੋਅ ਕਰ ਕੇ ਮਨਾਇਆ ਗਿਆ। ਸਮਾਗਮ ਨੂੰ ਕਾਮਯਾਬ ਬਣਾਉਣ ਲਈ ਕੈਲਗਰੀ ਦੀਆਂ ਸੱਤ ਜੱਥੇਬੰਦੀਆਂ ਦੀ ਕੋ-ਆਰਡੀਨੇਸ਼ਨ ਕਮੇਟੀ ਨੇ ਸੰਪੂਰਨ ਸਹਿਯੋਗ ਦਿੱਤਾ। ਕੋ-ਆਰਡੀਨੇਟਰ ਕਮੇਟੀ ਦੇ ਕੋ-ਆਰਡੀਨੇਟਰ ਮਾਸਟਰ ਭਜਨ ਸਿੰਘ ਗਿੱਲ ਅਤੇ ਤਰਲੋਚਨ ਦੂਹੜਾ ਦੀ ਦੇਖ-ਰੇਖ ਵਿਚ ਇਹ ਪ੍ਰੋਗਰਾਮ ਚੱਲਿਆ। ਦੇਸ਼ ਦੀ ਆਜ਼ਾਦੀ ਲਈ ਗ਼ਦਰ ਲਹਿਰ ਸਾਂਨਫਰਾਸਿਸਕੋ ਅਮਰੀਕਾ ਤੋਂ ਸੌ ਵਰ੍ਹੇ ਪਹਿਲਾਂ ਉੱਠੀ ਸੀ। ਇਸ ਲਹਿਰ ਦੇ ਪ੍ਰਮੁੱਖ ਆਗੂ ਸਨ ਬਾਬਾ ਸੋਹਨ ਸਿੰਘ ਭਕਨਾ, ਲਾਲਾ ਹਰਦਿਆਲ, ਕਰੀਮ ਬਖ਼ਸ, ਕਰਤਾਰ ਸਿੰਘ ਸਰਾਭਾ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆ ਮਾਸਟਰ ਗਿੱਲ ਨੇ ਆਖਿਆ ਕਿ ਗ਼ਦਰ ਲਹਿਰ ਸਾਂਝੀਵਾਲਤਾ, ਆਜ਼ਾਦੀ, ਜਮਹੂਰੀਅਤ, ਅੰਧ ਵਿਸ਼ਵਾਸ਼ਾਂ ਖ਼ਿਲਾਫ਼ ਉੱਠੀ ਸੀ। ਇਸ ਲਹਿਰ ਦੇ ਉਦੇਸ਼ ਅਜੇ ਵੀ ਅਧੂਰੇ ਹਨ ਅਤੇ ਉਨ੍ਹਾਂ ਦੇਸ਼ ਭਗਤਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਲੋਕਾਂ ਨੂੰ ਅੱਗੇ ਆਉਣ ਦੀ ਲੋੜ ਹੈ। ਤਰਲੋਚਨ ਸੈਂਭੀ, ਬਲਵੀਰ ਗੋਰੇ ਅਤੇ ਲਖਵੀਰ ਦਾਦਰਾਂ ਨੇ ਗ਼ਦਰੀ ਅਤੇ ਇਨਕਲਾਬੀ ਕਵੀਸ਼ਰੀ ਅਤੇ ਗਾਇਕੀ ਨਾਲ ਦੋਹਾਂ ਸ਼ੋਆਂ ਵਿਚ ਰੰਗ ਭਰ ਦਿੱਤਾ ਅਤੇ ਸੁਰਿੰਦਰ ਸ਼ਰਮਾ ਦੀ ਕਵਿਤਾ 'ਪੰਜੋ ਰਿਫਊਜਨ' ਨੇ ਸਭ ਨੂੰ ਸੰਜੀਦਾ ਕਰ ਦਿੱਤਾ। ਲੋਕ ਕਲਾ ਮੰਚ ਮੁੱਲਾਂਪੁਰ ਅਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਟੀਮ ਨੇ ਨਾਟਕ 'ਹੈਲੋ ਕਨੇਡਾ' ਪੇਸ਼ ਕੀਤਾ। ਨਾਟਕ ਨੇ ਜਿੱਥੇ ਲੋਕਾਂ ਨੂੰ ਹਸਾਇਆ, ਉੱਥੇ ਕੁਝ ਗੰਭੀਰ ਨੁਕਤਿਆ 'ਤੇ ਲੋਕਾਂ ਨੂੰ ਸੋਚਣ ਲਈ ਵੀ ਮਜਬੂਰ ਕੀਤਾ। ਨਾਟਕ ਵਿਚ ਸੁਰਿੰਦਰ ਸ਼ਰਮਾ, ਕਮਲਪ੍ਰੀਤ ਪੰਧੇਰ, ਜਸਨਪ੍ਰੀਤ ਗਿੱਲ ਅਤੇ ਨਵਕਿਰਨ ਗਿੱਲ ਦੀ ਭੂਮਿਕਾ ਕਾਬਲੇ ਤਰੀਫ ਸੀ। ਨਾਟਕ ਦਾ ਨਿਰਦੇਸ਼ਨ ਹਰਕੇਸ਼ ਚੌਧਰੀ ਵੱਲੋਂ ਕੀਤਾ ਗਿਆ। ਅਗਲੀ ਪੇਸ਼ਕਾਰੀ ਕੈਲਗਰੀ ਦੇ ਬੱਚਿਆਂ ਦੁਆਰਾ ਤਿਆਰ ਕੀਤੀ ਕੋਰੀਓਗ੍ਰਾਫ਼ੀ 'ਬਾਬਲ ਦਾ ਦਿਲ' ਭਾਵੁਕ ਤੇ ਸੰਜੀਦਾ ਦ੍ਰਿਸ਼ ਪੇਸ਼ ਕਰਦੀ ਹੋਈ ਅਰਥ ਭਰਪੂਰ ਸੁਨੇਹਾ ਦੇ ਗਈ। ਕੋਰੀਓਗ੍ਰਾਫ਼ੀ ਵਿਚ ਸਹਿਜ ਪੰਧੇਰ, ਸਹਿਜ,



ਦਮਨਪ੍ਰੀਤ ਕੌਰ, ਕਮਲਪ੍ਰੀਤ ਕੌਰ, ਪ੍ਰਿਯਾ ਠਾਕੁਰ, ਜੈਸੀ, ਜੈਸੰਨ, ਸਾਹਿਲ, ਯੁਵਰਾਜ, ਹਰਮੀਨ ਕੌਰ, ਸੁਰਿੰਦਰ ਸ਼ਰਮਾ ਨੇ ਅਦਾਕਾਰੀ ਕੀਤੀ। ਕਲਾਕਾਰਾਂ ਨੂੰ ਕਮੇਟੀ ਦੇ ਅਹੁਦੇਦਾਰਾਂ ਸੋਹਨ ਮਾਨ, ਕੇਸਰ ਸਿੰਘ ਨੀਰ, ਬਲਜਿੰਦਰ ਸੰਘਾ, ਜਸਵੀਰ ਸਿਹੋਤਾ, ਪ੍ਰਸ਼ੋਤਮ ਭਾਰਦਵਾਜ ਅਤੇ ਨਾਟਕ 'ਗਾਥਾ ਕਾਲੇ ਪਾਣੀਆਂ ਦੀ' ਦੇ ਕਲਾਕਾਰਾਂ ਨੂੰ ਟੀਮ ਮੈਂਬਰਾ ਤੋਂ ਇਲਾਵਾ ਸਾਂਝੇ ਰੂਪ ਵਿਚ ਤਰਲੋਚਨ ਦੂਹੜੇ, ਮੋਹਰ ਸਿੰਘ ਗਿੱਲ, ਕੁਲਬੀਰ ਸ਼ੇਰਗਿੱਲ, ਇਕਬਾਲ ਖਾਨ, ਪਰਮਿੰਦਰ ਗਰੇਵਾਲ ਸ਼ਤਾਬਦੀ ਟੀਮ ਮੈਂਬਰਾਂ ਵੱਲੋਂ ਸਨਮਾਨਤ ਕੀਤਾ ਗਿਆ। ਸਟੇਜ ਸੰਚਾਲਨ ਗੁਰਬਚਨ ਬਰਾੜ ਵੱਲੋਂ ਬਾਖੂਬੀ ਕੀਤਾ ਗਿਆ। ਇਸ ਮਗਰੋਂ ਪ੍ਰੋਗਰਾਮ ਦਾ ਸਿਖ਼ਰ ਗ਼ਦਰੀ ਬਾਬਿਆਂ ਦੁਆਰਾ ਕਾਲੇ ਪਾਣੀਆਂ ਦੀ ਧਰਤੀ 'ਤੇ ਸੰਘਰਸ਼ ਦੀ ਕਥਾ ਪੇਸ਼ ਕਰਦਾ ਨਾਟਕ "ਗਾਥਾ ਕਾਲੇ ਪਾਣੀਆਂ ਦੀ" ਪੇਸ਼ ਕੀਤਾ ਗਿਆ। ਨਾਟਕ ਦਾ ਸੰਗੀਤ ਜਜ਼ਬਿਆਂ ਨੂੰ ਵੇਗ ਦੇਣ ਵਾਲਾ ਸੀ। ਨਾਟਕ ਦੇ ਲੇਖਕ ਅਤੇ ਨਿਰਦੇਸ਼ਕ ਹਰਕੇਸ਼ ਚੌਧਰੀ ਦੁਆਰਾ ਤਿਆਰ ਕੀਤਾ ਇਹ ਨਾਟਕ ਆਪਣੇ ਟੀਚੇ ਅਤੇ ਉਦੇਸ਼ ਵਿਚ ਸਫਲ ਰਿਹਾ। ਇਸ ਨਾਟਕ ਵਿੱਚ ਬਾਬਾ ਸੋਹਣ ਸਿੰਘ ਭਕਨਾ ਦੇ ਰੋਲ ਵਿਚ ਸੁਰਿੰਦਰ ਸ਼ਰਮਾ ਦੀ ਅਦਾਕਾਰੀ ਅਤਿ ਸੁਭਾਵਕ ਅਤੇ ਦਿਲ ਨੂੰ ਧੂਹ ਪਾਉਣ ਵਾਲੀ ਸੀ।

ਨਾਟਕ ਵਿਚ ਨਵਕਿਰਨ ਢੁੱਡੀਕੇ, ਸਾਹਿਬ ਪੰਧੇਰ, ਜਸ਼ਨਪ੍ਰੀਤ ਗਿੱਲ, ਜਤਿੰਦਰ ਸਵੈਚ, ਬਲਵਿੰਦਰ ਪੁਰੀ, ਪ੍ਰੋ. ਗੁਪਾਲ ਜੱਸਲ, ਰਵੀ ਜਨਾਗਲ, ਹੈਪੀ ਦੀਵਾਲੀ, ਪ੍ਰਸ਼ੋਤਮ ਆਠੌਲੀ ਵਾਲਾ, ਇੰਦਰਜੀਤ ਆਠੌਲੀ, ਸੁਖਵੀਰ ਗਰੇਵਾਲ, ਜਸਵੰਤ ਸਿੰਘ ਸੇਖੋ, ਇੰਜ. ਗੁਰਦਿਆਲ ਖਹਿਰਾ, ਰਾਜ ਮਿੰਲਿਦ, ਗੁਰਪਿਆਰ ਗਿੱਲ ਨੇ ਆਪਣੇ-ਆਪਣੇ ਕਿਰਦਾਰਾਂ ਨਾਲ ਪੂਰਾ-ਪੂਰਾ ਇਨਸਾਫ ਕੀਤਾ। ਨਾਟਕ ਦਾ ਸੰਗੀਤ ਚਲਾਉਣ ਦੀ ਜ਼ਿੰਮੇਵਾਰੀ ਰੁਪਿੰਦਰਪਾਲ ਪੰਧੇਰ ਅਤੇ ਲਾਇਟਿੰਗ ਦੀ ਜ਼ਿੰਮੇਵਾਰੀ ਕਮਲਪ੍ਰੀਤ ਪੰਧੇਰ ਨੇ ਨਿਭਾਈ। ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ ਵਿਨੀਪੈਗ ਵਲੋਂ 173 ਟਾਲਬੋਟ ਐਵਨਿਊ ਵਿਨੀਪੈਗ ਵਿਖੇ ਨਾਟਕ ਕਰਵਾਇਆ ਗਿਆ ਜੋ 'ਦੀ ਟੇਲ ਆਫ਼ ਦੀ ਡੈਡਲੀ ਵਾਟਰਸ' 'ਤੇ ਅਧਾਰਤ ਸੀ। ਇਹ ਨਾਟਕ ਲੋਕ ਕਲਾ ਮੰਚ ਮੁਲਾਂਪੁਰ ਪੰਜਾਬ ਦੀ ਟੀਮ ਵਲੋਂ ਤਿਆਰ ਕੀਤਾ ਗਿਆ। ਇਸ ਮੌਕੇ ਅਮ੍ਰਿਤਪਾਲ ਕੰਗ ਵਲੋਂ ਗ਼ਦਰ ਪਾਰਟੀ ਨਾਲ ਸਬੰਧਤ ਕਵਿਤਾ ਪੇਸ਼ ਕੀਤੀ ਗਈ।

# ਕੁਦਰਤੀ ਗੈਸ ਨੂੰ ਲੱਭਣ ਲਈ ਕੀਤੇ ਜਾਣ ਵਾਲੇ ਧਮਾਕਿਆਂ ਦਾ ਵਿਰੋਧ

ਐਡਮਿੰਟਨ (ਨਦਬ) ਮਿਕਮੈਕ ਫਸਟ ਨੇਸ਼ਨ ਅਤੇ ਇਸਦੇ ਸਮੱਰਥਕਾਂ ਵੱਲੋਂ ਟੈਕਸ ਅਧਾਰਿਤ ਸਾਊਥਵੈਸਟਰਨ ਐਨਰਜ਼ੀ ਕੰਪਨੀ (ਐਸ ਡਬਲਿਯੂ ਐਨ) ਦੁਆਰਾ ਨਿਊ ਬਰੰਸਵਿਕ ਵਿੱਚ ਕੁਦਰਤੀ ਗੈਸ ਨੂੰ ਲੱਭਣ ਲਈ ਕੀਤੇ ਜਾਣ ਵਾਲੇ ਧਮਾਕਿਆਂ ਪ੍ਰਤੀ ਨਾਰਾਜ਼ਗੀ ਪ੍ਰਗਟਾਈ ਗਈ ਹੈ ਅਤੇ ਲੋਕਾਂ ਵੱਲੋਂ ਇਸਦਾ ਵੱਡੇ ਪੱਧਰ 'ਤੇ ਵਿਰੋਧ ਕੀਤਾ ਜਾ ਰਿਹਾ ਹੈ। ਫਸਟ ਨੇਸ਼ਨ ਦੀ ਮਨਜ਼ੂਰੀ ਤੋਂ ਵਗੈਰ ਕਾਨੂੰਨ ਦੀਆਂ ਧੱਜੀਆਂ ਉਡਾਉਂਦਿਆਂ ਕੰਪਨੀ ਨੇ ਤੇਲ ਲੱਭਣ ਦੇ ਮੁਢਲੇ ਪਰੀਖਣ ਲਈ ਪਰਮਿਟ ਹਾਸਲ ਕਰ ਲਿਆ ਹੈ। ਨੇਸ਼ਨ ਨਾਲ ਜੁੜੇ ਅਤੇ ਗੈਰ ਨੇਸ਼ਨ ਵਸਿੰਦਿਆਂ ਦੁਆਰਾ ਚਿੰਤਾ ਪ੍ਰਗਟਾਈ ਜਾ ਰਹੀ ਹੈ ਕਿ ਕੁਦਰਤੀ ਗੈਸ ਨੂੰ ਲੱਭਣ ਲਈ ਕੀਤੇ ਜਾਣ ਵਾਲੇ ਇਹਨਾਂ ਟੈਸਟਾਂ ਨਾਲ ਧਰਤੀ ਵਿੱਚ ਤਰੇੜਾਂ ਪੈ ਜਾਣਗੀਆਂ ਜੋ ਕਿ ਬਹੁਤ ਘਾਤਕ ਸਿੱਧ ਹੋਣਗੀਆਂ।

ਪਿਛਲੇ ਦਿਨੀਂ ਏਲਸੀਪੋਗਟੋਗ ਮਿਕਮੈਕ ਵੈਰੀਅਰ ਚੀਫ਼ ਜੋਹਨ ਲੇਵੀ ਸਮੇਤ 65 ਪ੍ਰਦਰਸ਼ਨਕਾਰੀਆਂ ਵੱਲੋਂ ਧਮਾਕਿਆਂ ਦੇ ਵਿਰੋਧ ਵਿੱਚ ਐਸ ਡਬਲਿਯੂ ਐਨ ਕੰਪਨੀ ਦੇ ਟਰੱਕਾਂ ਨੂੰ ਗੈਸ ਸਟੇਸ਼ਨ ਲਾਗੇ ਘੇਰਿਆ ਗਿਆ। ਜ਼ਿਕਰਯੋਗ ਹੈ ਕਿ ਪ੍ਰਦਰਸ਼ਨ ਕਰਨ ਵਾਲਿਆਂ ਵਿੱਚ ਮਰਦਾਂ ਤੋਂ ਇਲਾਵਾ ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ। ਜੋਹਨ ਲੇਵੀ ਨੇ ਕਿਹਾ ਕਿ ਐਸ ਡਬਲਿਯੂ ਐਨ ਵੱਲੋਂ ਸਾਡੀਆਂ ਪਰੰਪਰਿਕ ਸ਼ਿਕਾਰਗਾਹਾਂ, ਪਾਣੀ ਦੇ ਸੋਮਿਆਂ ਅਤੇ ਜੜੀ-ਬੂਟੀਆਂ ਵਾਲੀ ਜ਼ਮੀਨ 'ਤੇ ਧਮਾਕਿਆਂ ਦੀ ਸ਼ੁਰੂਆਤ ਕਰਕੇ ਕਾਨੂੰਨ ਦੀ ਉਲੰਘਣਾ ਕੀਤੀ ਗਈ ਹੈ। ਉਹਨਾਂ ਕਿਹਾ ਕਿ ਇਕੱਠੇ ਹੋਏ ਪ੍ਰਦਰਸ਼ਨਕਾਰੀਆਂ ਵੱਲੋਂ ਸਾਂਤਮਈ ਢੰਗ ਨਾਲ ਵਿਰੋਧ ਪ੍ਰਗਟਾਇਆ ਗਿਆ ਹੈ ਤੇ ਇਹ ਵਿਰੋਧ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਕੰਪਨੀ ਵੱਲੋਂ ਧਮਾਕੇ ਬੰਦ ਨਹੀਂ ਕਰ ਦਿੱਤੇ ਜਾਂਦੇ। ਇੱਥੇ ਦੱਸਣਯੋਗ ਹੈ ਕਿ ਜਦ ਤੋਂ ਕੰਪਨੀ ਵੱਲੋਂ ਮੁਢਲੇ ਪਰੀਖਣਾਂ ਲਈ ਪਰਮਿਟ ਹਾਸਲ ਕੀਤਾ ਗਿਆ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਲਗਾਤਾਰ ਧਮਾਕੇ ਜਾਰੀ ਹਨ। ਇਸ਼ਾਰੇ ਵਾਲੀ ਗੱਲ ਇਹ ਹੈ ਕਿ ਪੁਲਿਸ ਵੱਲੋਂ ਪ੍ਰਦਰਸ਼ਨਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ, ਜਦੋਂਕਿ ਪ੍ਰਦਰਸ਼ਨਕਾਰੀ ਵਿਰੋਧ ਲਈ ਆਪਣੇ ਸਮੱਰਥਕਾਂ ਨੂੰ ਲਗਾਤਾਰ ਸੱਦਾ ਦੇ ਰਹੇ ਹਨ।

# ਦੁਨੀਆ ਭਰ ਤੋਂ ਕਨੇਡਾ ਡੇਅ ਮਨਾਉਣ ਦੀਆਂ ਖ਼ਬਰਾਂ



ਕੈਲਗਰੀ (ਨਦਬ) : ਕਨੇਡਾ ਡੇਅ ਦੇ ਜਸ਼ਨ ਸਿਰਫ ਕਨੇਡਾ ਵਿੱਚ ਹੀ ਨਹੀਂ ਦੁਨੀਆ ਭਰ ਵਿੱਚ ਮਨਾਏ ਗਏ। ਦੇਸ਼ ਦੇ 146ਵੇਂ ਜਨਮ ਦਿਨ ਮੌਕੇ ਲੋਕਾਂ ਦੇ ਵੱਡੇ ਇੱਕਠ ਨੇ ਪੂਰੇ ਉਤਸ਼ਾਹ ਤੇ ਰੌਲੇ ਰੱਪੇ ਨਾਲ ਪਾਰਲੀਆਮੈਂਟ ਹਿੱਲ ਵੱਲ ਕੂਚ ਕੀਤਾ। ਓਟਵਾ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਪਾਰਲੀਆਮੈਂਟ ਇਮਾਰਤ ਦੇ ਸਾਹਮਣੇ ਇੱਕਠੇ ਹੋਏ ਤੇ ਉਨ੍ਹਾਂ ਕਾਰਲੇ ਰਾਇ ਜੈਪਸਨ, ਇੰਡੀ ਰੌਕ ਬੈਂਡ ਮੈਟਰਿੱਕ ਤੇ ਟੈਰੀ ਕਲਾਰਕ ਤੋਂ ਇਲਾਵਾ ਕਈ ਹੋਰ ਗਾਇਕਾਂ ਦੇ ਸੰਗੀਤ ਦਾ ਆਨੰਦ ਮਾਣਿਆ। ਕਨੇਡੀਅਨ ਐਸਟਰੋਨਾਟ ਕ੍ਰਿਸ ਹੈਡਫੀਲਡ, ਜਿਨ੍ਹਾਂ ਨੇ ਇਸ ਸਾਲ ਪੁਲਾੜ ਵਿੱਚ ਕੌਮਾਂਤਰੀ ਸਪੇਸ ਸਟੇਸ਼ਨ ਦਾ ਗੇੜਾ ਲਾਉਂਦਿਆਂ ਆਪਣੇ ਸੰਗੀਤ ਸਬੰਧੀ ਗਿਆਨ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਸੀ, ਨੇ ਵੀ ਬੇਅਰਨੇਕਡ ਲੇਡੀਜ਼ ਦੇ ਐੱਡ ਰੌਬਰਟਸਨ ਨਾਲ ਵਿਸ਼ੇਸ਼ ਹਾਜ਼ਰੀ ਲਵਾਈ। ਪ੍ਰਧਾਨ ਮੰਤਰੀ ਸਟੀਫਨ ਹਾਰਪਰ ਤੇ ਹੈਰੀਟੇਜ ਮੰਤਰੀ ਜੇਮਜ਼ ਮੂਰ ਨੇ ਵੀ ਦੁਪਹਿਰ ਨੂੰ ਕਨੇਡਾ ਡੇਅ ਦੇ ਜਸ਼ਨਾਂ ਵਿੱਚ ਹਿੱਸਾ ਲਿਆ। ਹਾਰਪਰ ਨੇ ਆਖਿਆ ਕਿ ਹੜ੍ਹਾਂ ਨੇ ਜਿਸ ਤਰ੍ਹਾਂ ਤਬਾਹੀ ਮਚਾਈ ਉਸ ਹਾਲਾਤ ਨਾਲ ਠਰ੍ਹਮੇ ਨਾਲ ਨਜਿੱਠ ਕੇ ਅਲਬਰਟਾ ਵਾਸੀਆਂ ਨੇ ਵੱਖਰੀ ਮਿਸਾਲ ਕਾਇਮ ਕੀਤੀ ਹੈ। ਲੰਡਨ, ਇੰਗਲੈਂਡ ਵਿੱਚ ਜੈਨ ਆਰਡਨ, ਦ ਟਰੈਜੀਕਲ ਹਿਪ, ਹੈਮਿਲਟਨ ਰੌਕ ਬੈਂਡ ਆਰਕੈਲਜ਼ ਤੇ ਦ ਸ਼ੀਪਡੌਗਜ਼ ਨੇ ਕਨੇਡਾ ਡੇਅ ਇੰਟਰਨੈਸ਼ਨਲ ਦੇ ਜਸ਼ਨਾਂ ਨੂੰ ਚਾਰ ਚੰਦ ਲਾਏ। ਬ੍ਰਿਟੇਨ ਦੀ ਰਾਜਧਾਨੀ ਵਿੱਚ ਇਸ ਥਾਂ ਉੱਤੇ 85,000 ਕਨੇਡੀਅਨ ਰਹਿੰਦੇ ਹਨ। ਨਿਊ ਯਾਰਕ ਵਿੱਚ ਵੀ ਕਨੇਡਾ ਡੇਅ ਦੇ ਜਸ਼ਨ ਮਨਾਏ ਗਏ। ਕਨੇਡਾ ਡੇਅ ਦੇ ਜਸ਼ਨ ਐਡਮਿੰਟਨ ਸਮੇਤ ਕਨੇਡਾ ਭਰ ਦੇ ਕਈ ਸ਼ਹਿਰਾਂ ਤੇ ਟਾਊਨਜ਼ ਵਿੱਚ ਵੀ ਮਨਾਏ ਗਏ।

Emergency Service 24x7
Free Estimate with Treatment
GOLDEN ARROW PEST CONTROL INC.



CALL @ 780 462 6669
Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.
PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts
ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।
M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

DOUBLE G HAIR SALON
MEN'S HAIR CUT $10
LADIES HAIR CUT $12
EYEBROW THREADING - FACIALWAX
78 Mandalay Drive, PH 204-633-2525

# ਵਿਦਿਆਰਥੀਆਂ ਵੱਲੋਂ ਹੱਕਾਂ ਨੂੰ ਲੈ ਕੇ ਰੈਲੀ

ਐਡਮਿੰਟਨ (ਨਦਬ) : ਪਿਛਲੇ ਦਿਨੀਂ ਐਡਮਿੰਟਨ ਦੇ 700 ਹਾਈ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਆਪਣੇ ਹੱਕਾਂ ਨੂੰ ਲੈ ਕੇ ਸੂਬੇ ਦੀ ਵਿਧਾਨ ਸਭਾ ਸਾਹਮਣੇ ਰੈਲੀ ਕੀਤੀ ਗਈ। ਜਿਸ ਵਿੱਚ ਸਰਕਾਰ ਤੋਂ ਸਿੱਖਿਆ ਦੇ ਖੇਤਰ ਵਿੱਚ ਨਿਵੇਸ਼ ਵਧਾਉਣ ਦੀ ਮੰਗ ਰੱਖੀ ਗਈ। ਇਸ ਰੈਲੀ ਦੇ ਮੁੱਖ ਪ੍ਰਬੰਧਕਾਂ 'ਚੋਂ ਇੱਕ ਐਮ ਸੀ ਹਾਈਡਨ ਵੀਅਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਸਿੱਖਿਆ ਨੂੰ ਅਣਗੌਲਿਆਂ ਕੀਤਾ ਜਾ ਰਿਹਾ। ਬਹੁਤ ਸਾਰੇ ਸਿੱਖਿਆ ਪ੍ਰੋਗਰਾਮਾਂ ਨੂੰ ਵਿਦਿਆਰਥੀਆਂ ਦੀ ਸਲਾਹ ਲਏ ਬਗੈਰ ਬੰਦ ਕਰ ਦਿੱਤਾ ਗਿਆ ਹੈ। ਸਰਕਾਰ ਦੀਆਂ ਅਜਿਹੀਆਂ ਕਾਰਵਾਈਆਂ ਕਰਕੇ ਹੀ ਵਿਦਿਆਰਥੀਆਂ ਲਈ ਮੌਕੇ ਦਿਨੋਂ-ਦਿਨ ਘੱਟ ਰਹੇ ਹਨ। ਰੈਲੀ ਦਰਮਿਆਨ ਦੋ ਮੁੱਦੇ ਜੋ ਸਭ ਤੋਂ ਵੱਧ ਚਿੰਤਾ ਦਾ ਵਿਸ਼ਾ ਰਹੇ ਉਹ ਹਨ ਸਪੋਰਟਸ ਅਤੇ ਫਾਈਨ ਆਰਟਸ ਦੇ ਪ੍ਰੋਗਰਾਮਾਂ ਵਿੱਚ ਕੱਟ, ਜਿਸ ਤੋਂ ਵਿਦਿਆਰਥੀ ਕਾਫ਼ੀ ਨਿਰਾਸ਼ ਹਨ। ਵਿਦਿਆਰਥੀਆਂ ਵੱਲੋਂ ਫੰਡਾਂ ਦੀ ਘਾਟ 'ਤੇ ਵੀ ਚਿੰਤਾ ਪ੍ਰਗਟਾਈ ਗਈ, ਜਿਸ ਕਾਰਣ ਪੂਰੀ ਤਰ੍ਹਾਂ ਸਿੱਖਿਆ ਖੇਤਰ ਦਾ ਤਾਣਾ-ਬਾਣਾ ਹਿੱਲ ਗਿਆ ਹੈ।

ਰੈਲੀ ਮੌਕੇ ਵਿਦਿਆਰਥੀਆਂ ਨੇ ਹੱਥ ਵਿੱਚ ਤਖ਼ਤੀਆਂ ਫੜੀਆਂ ਹੋਈਆਂ ਸਨ ਜਿਨ੍ਹਾਂ 'ਤੇ 'ਸਾਡੀ ਸਿੱਖਿਆ ਵਾਪਸ ਦਿਓ' ਵਰਗੇ ਨਾਹਰੇ ਲਿਖੇ ਹੋਏ ਸਨ। ਜ਼ਿਕਰਯੋਗ ਹੈ ਕਿ ਰੈਲੀ 'ਚ ਭਾਗ ਲੈਣ ਲਈ ਵਿਦਿਆਰਥੀਆਂ ਵੱਲੋਂ 11 ਵਜੇ ਸਕੂਲ ਛੱਡ ਦਿੱਤਾ ਗਿਆ ਸੀ ਹਾਲਾਂਕਿ ਉਹ ਜਾਣਦੇ ਸਨ ਕਿ ਰੈਲੀ ਕਾਰਣ ਸਕੂਲ ਵਿੱਚ ਉਹਨਾਂ ਦੀ ਗੈਰ ਹਾਜ਼ਰੀ ਪਾਈ ਜਾਵੇਗੀ। ਗੱਲਬਾਤ ਦੌਰਾਨ ਵਿਦਿਆਰਥੀਆਂ ਨੇ ਦੱਸਿਆ ਕਿ ਬਹੁਤ ਸਾਰੇ ਅਧਿਆਪਕਾਂ ਵੱਲੋਂ ਵੀ ਉਹਨਾਂ ਦੀ ਰੈਲੀ ਦਾ ਸਮੱਰਥਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹੋਰ ਕਈ ਜਥੇਬੰਦੀਆਂ ਜਿਵੇਂ ਕਿ ਅਲਬਰਟਾ ਫੈਡਰੇਸ਼ਨ ਆਫ਼ ਲੇਬਰ, ਹੈਲਥ ਸਾਇੰਸ ਐਸੋਸੀਏਸ਼ਨ ਆਫ਼ ਅਲਬਰਟਾ, ਯੂਨਾਈਟਡ ਫੂਡ ਐਂਡ ਕਮਰਸ਼ੀਅਲ ਵਰਕਰਜ਼ ਲੋਕਲ 401 ਆਦਿ ਵੱਲੋਂ ਵਿਦਿਆਰਥੀਆਂ ਨਾਲ ਇਕਜੁੱਟਤਾ ਦਰਸਾਈ ਗਈ ਹੈ। ਰੈਲੀ ਵਿੱਚ ਬਹੁਤ ਸਾਰੇ ਫਸਟ ਨੇਸ਼ਨ ਦੇ ਮੈਂਬਰਾਂ ਵੱਲੋਂ ਵੀ ਭਾਗ ਲਿਆ ਗਿਆ। ਵਿਦਿਆਰਥੀ ਜਥੇਬੰਦੀ ਵੱਲੋਂ ਰੈਲੀ ਨੂੰ ਸੰਬੋਧਨ ਕਰਨ ਲਈ ਕਈ ਬੁਲਾਰਿਆਂ ਨੂੰ ਸੱਦਿਆ ਗਿਆ ਸੀ। ਜਿਨ੍ਹਾਂ ਨੇ ਸਿੱਖਿਆ ਦੇ ਖੇਤਰਾਂ 'ਚ ਆਈਆਂ ਤਰੁਟੀਆਂ 'ਤੇ ਚਾਨਣਾ ਪਾਇਆ ਗਿਆ।



ਵਿਕਟੋਰੀਆ ਸਕੂਲ ਆਫ਼ ਦੀ ਆਰਟ ਦੀ ਵਿਦਿਆਰਥਣ ਨੇ ਸੰਬੋਧਨ ਕਰਦਿਆਂ ਕਿਹਾ ਕਿ ਵਿਕਟੋਰੀਆਂ ਸਕੂਲ ਵਿੱਚ ਫੰਡਾਂ ਦੀ ਘਾਟ ਕਾਰਣ ਲਗਾਤਾਰ ਸਿੱਖਿਆ ਦਾ ਮਿਆਰ ਹੇਠ ਆਉਂਦਾ ਜਾ ਰਿਹਾ ਹੈ। ਅੰਗਹੀਣ ਬੱਚਿਆਂ ਲਈ ਆਉਣ ਵਾਲੇ ਫੰਡਾਂ 'ਤੇ ਰੋਕ ਲਗਾ ਦਿੱਤੀ ਗਈ ਹੈ। ਅਜਿਹੀ ਹਾਲਤ 'ਚ ਇਹ ਵਿਦਿਆਰਥੀ ਕਿੱਥੇ ਜਾਣਗੇ। ਇਹ ਇੱਕ ਬਹੁਤ ਵੱਡਾ ਸਵਾਲ ਹੈ। ਅਧਿਆਪਕਾਂ ਨੂੰ ਸਕੂਲ ਤੋਂ ਬਹਾਰ ਦਾ ਰਸਤਾ ਦਿਖਾਇਆ ਜਾ ਰਿਹਾ ਹੈ, ਜਿਸਦੀ ਲਪੇਟ ਵਿੱਚ ਯੋਗ ਅਧਿਆਪਕ ਆ ਰਹੇ ਹਨ। ਰੋਜ਼ ਸ਼ੈਪਰਡ ਹਾਈ ਸਕੂਲ ਦੇ ਵਿਦਿਆਰਥੀ ਨੇ ਕਿਹਾ ਕਿ ਸਾਨੂੰ ਬੰਦ ਹੋ ਰਹੇ ਕੋਰਸਾਂ ਪ੍ਰਤੀ ਇਕਜੁੱਟ ਹੋ ਕੇ ਆਵਾਜ਼ ਬੁਲੰਦ ਕਰਨੀ ਪਵੇਗੀ। ਬੰਦ ਹੋਣ ਵਾਲੇ ਬਹੁਤ ਸਾਰੇ ਕੋਰਸ ਅਜਿਹੇ ਹਨ ਜੋ ਬਹੁਤ ਮਹੱਤਵਪੂਰਨ ਹਨ। ਡਰਾਮਾ ਅਤੇ ਆਰਟਸ ਨਾਲ ਸਬੰਧਿਤ ਕੋਰਸਾਂ ਵਿੱਚ ਚੰਗੀਆਂ ਸੰਭਾਵਨਾਵਾਂ ਹਨ ਪਰ ਇਹਨਾਂ ਨੂੰ ਲਗਾਤਾਰ ਬੰਦ ਕੀਤਾ ਜਾ ਰਿਹਾ ਹੈ।

ਡਬਲਿਊ ਪੀ ਵੈਗਨਰ ਸਕੂਲ ਆਫ਼ ਸਾਇੰਸ ਐਂਡ ਟੈਕਨੋਲਜ਼ੀ ਦੇ ਵਿਦਿਆਰਥੀ ਨੇ ਕਿਹਾ ਕਿ ਅਸੀਂ ਲਗਾਤਾਰ ਕਟੌਤੀਆਂ ਤੋਂ ਤੰਗ ਹੋ ਕੇ ਇੱਥੇ ਇਕੱਠੇ ਹੋਏ ਹਾਂ। ਆਰਟਸ ਕੋਰਸਾਂ 'ਤੇ ਲੱਗੇ ਕੱਟ ਚਿੰਤਾ ਦਾ ਵਿਸ਼ਾ




ਹਨ। ਇਸ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਹਨ। ਉਹਨਾਂ ਕਿਹਾ ਕਿ ਸਾਡੇ ਸਕੂ ਵਿੱਚ ਕਿਤਾਬਾਂ ਦੀ ਘਾਟ ਹੈ। ਬਹੁਤ ਸਾਰੀਆਂ ਕਿਤਾਬਾਂ 40 ਸਾਲ ਪੁਰਾਣੀਆਂ ਹਨ। ਫੰਡਾਂ ਦੀ ਘਾਟ ਕਾਰਣ ਸਕੂਲ ਵੱਲੋਂ ਨਵੀਂਆਂ ਕਿਤਾਬਾਂ ਨਹੀਂ ਖਰੀਦੀਆਂ ਜਾ ਰਹੀਆਂ ਹਨ। ਇਸ ਤਰ੍ਹਾਂ ਹੀ ਦੂਜੀਆਂ ਸੁਵਿਧਵਾਂ ਵੀ ਕਿਨਾਰੇ ਲੱਗੀਆਂ ਪਈਆਂ ਹਨ। ਇਹ ਸਭ ਕੁੱਝ ਸਰਕਾਰ ਦਾ ਸਿੱਖਿਆ ਦੇ ਖੇਤਰ ਵਿੱਚ ਧਿਆਨ ਨਾ ਹੋਣ ਕਾਰਣ ਹੋ ਰਿਹਾ ਹੈ।

# ਫਸਟ ਨੇਸ਼ਨਜ਼ ਨੂੰ ਵਿਸ਼ੇਸ਼ ਸੰਵਿਧਾਨਕ ਅਧਿਕਾਰ ਦੇਣ ਦੀ ਮੰਗ

ਐਡਮਿੰਟਨ (ਨਦਬ) 21 ਜੂਨ ਨੂੰ ਰਾਸ਼ਟਰੀ ਪੱਧਰ 'ਤੇ ਐਬਓਰੀਜ਼ਨਲ ਡੇਅ ਮਨਾਇਆ ਗਿਆ। ਇਹ ਇਸ ਗੱਲ ਨੂੰ ਤਸਦੀਕ ਕਰਦਾ ਹੈ ਕਿ ਕਨੇਡਾ ਦੀਆਂ ਸਰਹੱਦਾਂ ਅੰਦਰ ਵਸਦੇ ਮੂਲਵਾਸੀਆਂ ਨਾਲ ਸਬੰਧਿਤ ਜਾਤੀਆਂ ਮੈਟੀ ਅਤੇ ਇਨਜਿਊਟ ਲੋਕਾਂ ਨਾਲ ਵਿਤਕਰਾ ਹੋ ਰਿਹਾ ਹੈ। ਇਹੀ ਕਾਰਣ ਹੈ ਕਿ ਉਨ੍ਹਾਂ ਵੱਲੋਂ ਆਪਣੀ ਹੋਂਦ ਨੂੰ ਬਚਾਉਣ ਦੀ ਲੜਾਈ ਲੜੀ ਜਾ ਰਹੀ ਹੈ। ਅਧੁਨਿਕ ਸਮਿਆਂ ਵਿੱਚ ਇਸ ਦਿਨ ਦੀ ਮਹੱਤਤਾ ਹੋਰ ਵਧ ਗਈ ਹੈ, ਕਿਉਂਕਿ ਹੁਣ ਚੇਤਨਤਾ ਨੇ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜ ਕੇ ਰੱਖ ਦਿੱਤਾ ਹੈ। ਮੂਲਵਾਸੀ ਇਸ ਦਿਨ ਨੂੰ ਆਪਣੇ ਅਧਿਕਾਰਾਂ ਨਾਲ ਜੋੜ ਕੇ ਇੱਕ ਤਿਉਹਾਰ ਵਾਂਗ ਮਨਾਉਂਦੇ ਹਨ। ਇਸ ਸਾਲ ਮਨਾਏ ਗਏ ਐਬਓਰੀਜ਼ਨਲ ਡੇਅ ਨੇ ਮੂਲਵਾਸੀਆਂ ਦੀ ਵਿਰਾਸਤ, ਸਰਕਾਰ ਨਾਲ ਹੋਈ ਸੰਧੀ ਅਤੇ ਸੰਵਿਧਾਨਕ ਅਧਿਕਾਰਾਂ ਨੂੰ ਹੋਰ ਦ੍ਰਿੜ ਕੀਤਾ ਹੈ। ਇਸ ਦਿਨ ਦੇ ਸਬੰਧ ਵਿੱਚ ਫੈਡਰਲ ਸਰਕਾਰ ਨੇ ਵੱਖ-ਵੱਖ ਤਰ੍ਹਾਂ ਦੇ ਬਿਆਨ ਦੇ ਕੇ

## ਫੈਡਰਲ ਸਰਕਾਰ ਦਾ ਰਵੱਈਆ ਨਾਂਹਪੱਖੀ

ਫਸਟ ਨੇਸ਼ਨਜ਼ ਦੀ ਵਿਸ਼ੇਸ਼ ਸੰਵਿਧਾਨਕ ਅਧਿਕਾਰਾਂ ਵਾਲੀ ਮੰਗ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਦਿਨ ਦੇ ਸਬੰਧ ਵਿੱਚ ਮੂਲਵਾਸੀਆਂ ਦੇ ਮਾਮਲਿਆਂ ਤੇ ਉੱਤਰੀ ਖਿੱਤੇ ਦੇ ਵਿਕਾਸ ਨਾਲ ਸਬੰਧਤ ਮੰਤਰੀ ਬਰਨਾਰਡ ਵਲਕੋਰਟ ਨੇ ਕਿਹਾ ਹੈ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਜਦ ਤੋਂ ਕਨੇਡਾ ਹੋਂਦ ਵਿੱਚ ਆਇਆ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਕਨੇਡਾ ਦੇ ਵਿਕਾਸ ਵਿੱਚ ਮੂਲਵਾਸੀਆਂ ਦੀ ਵਿਸ਼ੇਸ਼ ਭੂਮਿਕਾ ਰਹੀ ਹੈ ਤੇ ਐਬਓਰੀਜ਼ਨਲ ਡੇਅ ਮੌਕੇ ਹਰ ਕਨੇਡਾ ਵਾਸੀ ਨੂੰ ਉਨ੍ਹਾਂ ਦੀ ਭੂਮਿਕਾ ਬਾਰੇ ਚਾਨਣਾ ਹੁੰਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਮੂਲਵਾਸੀਆਂ ਅਤੇ ਗੈਰ ਮੂਲਵਾਸੀਆਂ ਦੇ ਸਬੰਧਾਂ ਕਾਰਣ ਕਨੇਡਾ ਨੇ ਇੱਕ ਵਿਸ਼ੇਸ਼ ਪਹਿਚਾਣ ਬਣਾਈ ਹੈ। ਉਨ੍ਹਾਂ ਕਿਹਾ ਕਿ ਕਨੇਡਾ ਦੇ ਵਿਕਾਸ ਵਿੱਚ ਮੂਲਵਾਸੀਆਂ ਦੀ ਮਹੱਤਵਪੂਰਨ ਭੂਮਿਕਾ ਕਾਰਣ ਹੀ ਕਨੇਡਾ ਸਰਕਾਰ ਨੇ ਇਹਨਾਂ ਲੋਕਾਂ ਪ੍ਰਤੀ ਵਿਸ਼ੇਸ਼ ਰਵੱਈਆ ਅਪਣਾਇਆ ਹੈ, ਹਾਲਾਂਕਿ ਫਸਟ ਨੇਸ਼ਨਜ਼ ਨੂੰ ਕੋਈ ਵੱਖਰੀ ਤਰ੍ਹਾਂ ਦੇ ਅਧਿਕਾਰ ਨਹੀਂ ਦਿੱਤੇ ਗਏ ਜਿਹੜੇ ਕਿ ਸੰਧੀ ਮੁਤਾਬਿਕ ਦੇਣੇ ਬਣਦੇ ਸਨ।

ਅਜਿਹੀਆਂ ਟਿੱਪਣੀਆਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਰਕਾਰ ਦਾ ਰਵੱਈਆ ਨਸਲੀ ਵਿਤਕਰੇ ਵਾਲਾ ਤੇ ਬਸਤੀਵਾਦੀ ਹੈ। ਇੱਥੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਮੂਲਵਾਸੀਆਂ ਵੱਲੋਂ ਲੜੀ ਜਾ ਰਹੀ ਇਹ ਲੜਾਈ ਕੇਵਲ ਮੂਲਵਾਸੀਆਂ ਨਾਲ ਸਬੰਧ ਨਹੀਂ ਰੱਖਦੀ, ਸਗੋਂ ਹਰ ਉਸ ਵਿਅਕਤੀ ਨਾਲ ਸਬੰਧਿਤ ਹੈ ਜੋ ਆਪਣੇ ਹੱਕਾਂ ਲਈ ਜੂਝ ਰਿਹਾ ਹੈ। ਉਹ ਭਾਵੇਂ ਮਜ਼ਦੂਰ ਹੋਵੇ ਭਾਵੇਂ ਔਰਤ ਹੋਵੇ ਜਾਂ ਫਿਰ ਕਿਸੇ ਹੋਰ ਸ਼੍ਰੇਣੀ ਨਾਲ ਸਬੰਧਿਤ ਹੋਵੇ। ਕਨੇਡਾ ਦੇ ਸੰਦਰਭ ਇਸ ਲੜਾਈ ਦਾ ਵਿਸ਼ੇਸ਼ ਮਹੱਤਵ ਹੈ, ਕਿਉਂਕਿ ਇੱਥੇ ਹੋਰ ਵੀ ਕਈ ਵਰਗ ਅਜਿਹੇ ਹਨ ਜਿਹੜੇ ਆਪਣੇ ਹੱਕਾਂ ਲਈ ਜੂਝ ਰਹੇ ਹਨ। ਜੇਕਰ ਇੱਥੇ ਮੂਲਵਾਸੀਆਂ ਨੇ ਜਿੱਤਣਾ ਹੈ ਤਾਂ ਉਹਨਾਂ ਨੂੰ ਲੜਾਈ ਹਰ ਹਾਲ ਵਿੱਚ ਲੜਨੀ ਹੀ ਪਵੇਗੀ।

ਸਟੇਟ ਦੇ ਤੌਰ 'ਤੇ ਕਨੇਡਾ ਨੇ ਮੂਲਵਾਸੀਆਂ ਨੂੰ ਵਿਸ਼ੇਸ਼ ਸੰਵਿਧਾਨਕ ਅਧਿਕਾਰ ਦੇਣ ਤੋਂ ਨਾਂਹ ਕਰ ਦਿੱਤੀ ਹੈ। ਕਨੇਡਾ ਦੇ ਅਜਿਹੇ ਵਿਵਹਾਰ ਕਾਰਣ ਇਹ ਲੜਾਈ ਹੋਰ ਵਿਕਰਾਲ ਹੋਵੇਗੀ। ਹਾਲਾਤ ਅਜਿਹੇ ਬਣ ਰਹੇ ਹਨ ਕਿ ਐਬਓਰੀਜ਼ਨਲ ਲੋਕਾਂ ਦੇ ਹੱਕਾਂ ਲਈ ਲੜੀ ਜਾ ਰਹੀ ਲੜਾਈ ਵਿੱਚ ਕਨੇਡੀਅਨ ਸਮਾਜ ਦੇ ਮੁੱਖ ਧਾਰਾ ਤੋਂ ਬਾਹਰਲੀਆਂ ਸ਼੍ਰੇਣੀਆਂ ਦੇ ਲੋਕ ਵੀ ਹੰਭਲਾ ਮਾਰਨਗੇ।

# 24 ਲੱਖ ਭਾਰਤੀ ਬਣਨਗੇ ਅਮਰੀਕਨ !

## 1.1 ਕਰੋੜ ਨਾਜਾਇਜ਼ ਪ੍ਰਵਾਸੀਆਂ ਲਈ ਖੁਲ੍ਹੇਗਾ ਨਾਗਰਿਕਤਾ ਦਾ ਰਸਤਾ

ਵਾਸ਼ਿੰਗਟਨ (ਨਦਬ) : ਅਮਰੀਕਾ ਵਿਚ ਨਾਜਾਇਜ਼ ਤੌਰ 'ਤੇ ਰਹਿ ਰਹੇ ਭਾਰਤੀਆਂ ਨੂੰ ਵੱਡੀ ਰਾਹਤ ਦੇਣ ਵਾਲੀ ਖ਼ਬਰ ਹੈ। ਅਮਰੀਕੀ ਸੀਨੇਟ ਨੇ ਇਤਿਹਾਸਕ ਇਮੀਗ੍ਰੇਸ਼ਨ ਸੁਧਾਰ ਬਿਲ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ 24 ਲੱਖ ਭਾਰਤੀਆਂ ਸਮੇਤ ਤਕਰੀਬਨ 1.1 ਕਰੋਡ ਨਾਜਾਇਜ਼ ਪ੍ਰਵਾਸੀਆਂ ਨੂੰ ਵੀ ਅਮਰੀਕੀ ਨਾਗਰਿਕਤਾ ਮਿਲਣ ਦਾ ਰਸਤਾ ਖੁਲ੍ਹ ਗਿਆ ਹੈ। ਓਬਾਮਾ ਪ੍ਰਸ਼ਾਸਨ ਦਾ ਇਹ ਬਿਲ 32 ਦੇ ਮੁਕਾਬਲੇ 88 ਵੋਟਾਂ ਨਾਲ ਪਾਸ ਹੋ ਗਿਆ। ਬਿਲ ਨੂੰ ਕਾਨੂੰਨ ਬਣਾਉਣ ਲਈ ਰਾਸ਼ਟਰਪਤੀ ਬਰਾਕ ਓਬਾਮਾ ਕੋਲ ਭੇਜਣ ਤੋਂ ਪਹਿਲਾਂ ਇਸ 'ਤੇ ਪ੍ਰਤੀਨਿਧੀ ਸਭਾ ਵਿਚ ਵਿਚਾਰ ਹੋਵੇਗੀ। ਹਾਲਾਂਕਿ ਇਯ ਬਿਲ ਵਿਚ ਐਚ.-1ਬੀ ਵੀਜ਼ਾ ਨਾਲ ਜੁੜੇ ਕੁਝ ਸਖ਼ਤ ਪ੍ਰਸਤਾਵ ਵੀ ਹਨ, ਜੋ ਅਮਰੀਕਾ ਵਿਚ ਭਾਰਤੀ ਆਈ.ਟੀ. ਕੰਪਨੀਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਨਗੇ। ਓਬਾਮਾ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਅਮਰੀਕੀ ਸੀਨੇਟ ਵਿਚ ਵੋਟਾਂ ਤੋਂ ਬਆਦ ਖ਼ਾਮੀਆਂ ਨਾਲ ਭਰੀ ਇੰਮੀਗ੍ਰੇਸ਼ਨ ਪ੍ਰਣਾਲੀ ਵਿਚ ਬਦਲਾਅ ਦਾ ਰਸਤਾ ਸਾਫ਼ ਹੋ ਜਾਵੇਗਾ। ਇਹ ਅਮੀਕਾ ਵਿਚ ਨਾਜਾਇਜ਼ ਤੌਰ 'ਤੇ ਰਹਿ ਰਹੇ 1.1 ਕਰੋੜ ਲੋਕਾਂ ਲਈ ਨਾਗਰਿਕਤਾ ਦਾ ਰਸਤਾ ਖੋਲ੍ਹੇਗਾ। ਇਕ ਅਜਿਹਾ ਰਸਤਾ ਜਿਸ ਵਿਚ ਪਿੱਠ ਭੂਮੀ ਦੀ ਜਾਂਚ, ਅੰਗਰੇਜ਼ੀ ਸਿੱਖਣ, ਟੈਕਸ ਭੁਗਤਾਨ, ਜੁਰਮਾਨਾ ਅਤੇ ਕਾਨੂੰਨੀ ਤੌਰ 'ਤੇ ਇਥੇ ਦਾਖ਼ਲ ਹੋਣ ਲਈ ਹੋਰ ਲੋਕਾਂ ਦੀ ਤਰ੍ਹਾਂ ਨਿਯਮਾਂ ਤਹਿਤ ਇੰਤਜ਼ਾਮ ਕਰਨਾ ਸ਼ਾਮਲ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਇਹ ਕਾਨੂੰਨ ਇੰਮੀਗ੍ਰੇਸ਼ਨ ਪ੍ਰਣਾਲੀ ਨੂੰ ਆਧੁਨਿਕ ਬਣਾਏਗਾ। ਨਾਲ ਹੀ ਇਹ ਸਾਡੇ ਘਾਟਿਆਂ ਨੂੰ ਘੱਟ ਠੱਲ੍ਹ ਪਾਵੇਗਾ ਅਤੇ ਅਰਥ ਵਿਵਸਥਾ ਦੇ ਵਾਧੇ ਵਿਚ ਮਦਦ ਮਿਲੇਗੀ। ਹਾਲਾਂਕਿ ਪ੍ਰਤੀਨਿਧੀ ਸਭਾ ਦੇ ਪ੍ਰਧਾਨ ਜਾਨ ਬੋਏਨਰ ਨੇ ਕਿਹਾ ਸੀ ਕਿ ਇੰਮੀਗ੍ਰੇਸ਼ਨ ਨਾਲ ਜੁੜੇ ਕਿਸੇ ਵੀ ਬਿਲ ਨੂੰ ਅੱਗੇ ਵਧਣ ਲਏ ਸਦਨ ਦਾ ਬਹੁਮਤ ਹਾਸਲ ਕਰਨਾ ਜ਼ਰੂਰੀ ਹੈ। ਉਨ੍ਹਾਂ ਦੀ ਇਸ ਟਿੱਪਣੀ ਤੋਂ ਖ਼ਦਸ਼ਾ ਪੈਦਾ ਹੋ ਗਿਆਹੈ ਕਿ ਇਹ ਬਿਲ ਓਬਾਮਾ ਤਕ ਛੇਤੀ ਪਹੁੰਚ ਸਕੇਗਾ ਜਾਂ ਨਹੀਂ।

## ਦੱਖਣੀ ਏਸ਼ਿਆਈ ਸੰਗਠਨ ਚਿੰਤਤ

ਦੱਖਣੀ ਏਸ਼ਿਆਈ ਸਮੂਹਾਂ ਦੇ ਇਕ ਗਠਜੋੜ ਨੇ ਅਮਰੀਕੀ ਸੀਨੇਟ ਵਲੋਂ ਪਾਸ ਇੰਮੀਗ੍ਰੇਸ਼ਨ ਸੁਧਾਰ ਬਿਲ ਦੇ ਕਈ ਪ੍ਰਸਤਾਵਾਂ 'ਤੇ ਚਿੰਤਾ ਪ੍ਰਟਾਈ ਹੈ। ਨੈਸ਼ਨਲ ਕੋਏਲੀਸ਼ਨ ਆਫ਼ ਸਾਊਥ ਏਸ਼ਿਅਨ ਆਰਗੇਨਾਈਜ਼ੇਸ਼ਨ ਦੇ ਬੈਨਰ ਹੇਠ ਤਕਰੀਬਨ ਤਿੰਨ ਦਰਜਨ ਦੱਖਣੀ ਏਸ਼ਿਆਈ ਸੰਗਠਨਾਂ ਨੇ ਬਿਲ ਪਾਸ ਹੋਣ ਦਾ ਬਿਆਨ ਜਾਰੀ ਕਰ ਕੇ ਕਿਹਾ ਕਿ ਇਸ ਵਿਚ ਕਈ ਖ਼ਾਮੀਆਂ ਹਨ। ਇਹ ਬਿਲ ਅਮਰੀਕੀ ਨਾਗਰਿਕਾਂ ਦੇ ਭੈਣ-ਭਰਾਵਾਂ ਅਤੇ 30 ਸਾਲ ਤੋਂ ਜ਼ਿਆਦਾ ਉਮਰ ਦੇ ਵਿਆਹੇ ਬੱਚਿਆਂ ਲਈ ਪਰਿਵਾਰ ਅਧਾਰਤ ਇੰਮੀਗ੍ਰੇਸ਼ਨ ਦੀ ਅਮਰੀਕੀ ਨਾਗਰਿਕਤਾ ਦੀ ਅਰਜ਼ੀ ਦੇ ਬਦਲ ਨੂੰ ਸੀਮਤ ਕਰਾ ਹੈ। ਸੰਗਠਨ ਨੇ ਕਿਹਾ ਕਿ ਬਿਲ ਵਿਚ ਕਿਸੇ ਵੀ ਦੇਸ਼ ਅਤੇ ਧਰਮ ਦੇ ਆਧਾਰ 'ਤੇ ਸੂਚੀਬੱਧ ਕਰਨ 'ਤੇ ਰੋਕ ਨਹੀਂ ਲਈ ਗਈ, ਜੋ ਕਿ ਰਾਸ਼ਟਰੀ ਸੁਰੱਖਿਆ ਵਿਚ ਈ ਖਾਮੀਆਂ ਪੈਦਾ ਕਰਦਾ ਹੈ।

# Eco-system

**Harpreet**
Maple Collegiate, Winnipeg Grade-10

What we buy, eat and wear has a huge impact on our ecosystem. The way we consume is not sustainable, the production and processing of all products require extracting of natural resources. Consumerism is a big part of our culture and in today's day if you don't have the next iPhone you are considered living in the old age. Not only these companies extract natural resources but they have to create more factories that are needed to process and produce the product. Those factories not only pollute the air but also they use toxins which are often burned and released into the air for ex: Cement factories release neurotoxins like mercury.

Consumption in wealthier countries has gotten so worse that well developed countries are extracting natural resources from less developed countries like Iran. The things we want are not only affecting our environment but it's also affecting people in other parts of others parts of the world.

The solution to this problem doesn't have to be consuming less but its what we consume for ex: the next time we buy gas we should buy it from companies like Co-op which have a profit sharing company where the profits of the company go to everyone from the consumers to their employers, let's say you buy gas from Co-op for the whole year and by the end of that year the company will give money back to you from their profits. Before buying something we should consider where it came from by looking for any green logos. We should also think which company we're buying from for ex: Organic companies may have higher prices than non-organic companies but however there product doesn't have a huge impact on the environment and also is way healthier for our body.

How can we be more sustainable without going back to the Stone Age? We need to find alternatives ways for human development. Also how can we keep high quality of life by being sustainable and for the 9 billion people expected in the future how can we have high quality of life by not exceeding our planets resource limits.

# *The People have spoken at Maples Community Centre*

**Tom Barak**
tbarak@mts.net 204-772-7321

The Maples Community Centre Hosts Public Consultations for Building and Expansion. Over 100 people from the area participated in a community design meeting as part of building and expansion that are planned at the Maples Community Centre. The Maples Recreation Association – the non-profit group that manages the Maples Community Centre – has hired Prairie Architects to conduct a cost and feasibility study which is intended to determine the overall design of the new site as well as its cost. The community design meeting allowed area residents to have a say in the design process.

"In spite of Maples being one of the fastest growing areas in the city", noted Tom Barak, the association's marketing and fundraising manager, "the city has neglected updated the site since the buildings were erected back in the early eighties. Demand from area residents has outgrown our ability to properly serve them", added Barak.

The situation is growing desperate for volunteers as the organization is being forced to turn away parents in increasing numbers who come to the club looking for activities to enroll their children in. For example, last year Maples hosted 14 basketball teams. Normally community centers the size of Maples can only accommodate about half that many teams, and usually giant centers such as Gateway and Dakota – with approximately three times the space – have the resources to support that many teams. "In other words, Maples is hosting as many teams as the city's so-called super centers", commented Barak, "in facilities that are woefully outdated and undersized."

Organizers at Maples have been working on their building proposal for over three years and the cost and feasibility study is the last step before actual building. "We've been negotiating with all three levels of government, the Seven Oaks School Division, and a handful of private funders", explained Barak, "and our proposal has met with wonderful support thus far". We are optimistic that we'll have the funding in place before year end and who knows, actual construction may begin as early as 2014."

Public hearings concerning government building projects rarely attract the kind of attendance that Maples had for its community design process, and the enthusiasm displayed by attendees clearly showed there is a great deal of support and interest in the Maples project. A similar finding emerged from a community survey that the association conducted back in 2011, with an overwhelming majority of 98% of area residents supporting the expansion plans at Maples. Further evidence for the need for expansion emerged from a study that the City conducted in 2009, which showed that the Maples Community center had the second lowest amount of heated space per resident across all community centers in the city. The same study characterized the situation at Maples as critical.

"If our governments fail to invest in Maples they may very well see one of the most spirited and vibrant centers in the city eventually close", warned Barak. "Since the center also supports area schools, providing much needed sports and recreation space for the Seven Oaks School Division, Maples closing will have devastating effects in the area." The Seven Oaks School Division is facing a similar space crunch as managers there are struggling to cope with the massive recent influx of new arrivals to the area.

The planned new center at Maples will include the addition of a large double court gymnasium, an indoor multi-purpose field, a new nursery school, and many other additions which will enable Maples to serve the area well into the future.

# ALL HOPES LOST

**Ricku Bassi**
bassi.rajkaren@live.com

When I was growing up in Canada, I was always fascinated by the big shiny semi-trucks that were owned by the parents of my friends, and many I would see driving down the highway during our family vacations. I always wondered what it must be like to drive one of these giant trucks and how much pride one must have in owning such a shiny and chromed out truck. I thought these folks driving the big trucks were in respectable professions just like the folks who fly airplanes, are doctors, or do any other "respectable jobs.". Little did I know what our community thought about us?

Although I graduated from university with a degree in a totally unrelated field, I too chose to become a truck driver. This was against the views of many of my family members, but I chose to do it because I had a thing for nice trucks. I wasn't going into it just because I needed to make ends meet, but because I truly enjoyed the job and most of the things that came with it. I wasn't going to let nobody stop me from doing what I love. The job was great, I travelled all over the U.S and Canada, I loved it up until I encountered the Punjabi truck drivers and businessmen.

Ripped off, taken advantage of, lied to multiple times, and I can go on with a list of negative words for the people that are unfortunately now big players in the trucking industry. I thought to myself "hmm, I thought if you wore a turban you were supposed to be a bit more trustworthy in our community or respected". But it seemed like a turban has nowadays become a mask or license to do bad things to other people, or to benefit yourself. I drove on the highway for a turbaned man who named his companies using religious names. I was lured in by his promise of no nonsense and the fact that he was a "giani." This giani turned out to be one of the biggest crooks in the industry, having ripped in excess of 20 drivers. All the five fingers are not equal, means not every turbaned man is bad like this man, who gave me such experience that I think twice to talk with turbaned man.

My other story involves a "mona" (clean shave) trucking company owner. This man also lied to me over and over, about the smallest little things, just to take my money, delay it, and keep whatever he could. I couldn't believe it. I could not believe that my people were doing things like these to their own people! What has this industry become? Rip everyone off, fill our stomach, and let the others around you starve? Perhaps that should be the motto of many of these East Indian trucking companies.

The industry now has a tarnished image mainly due to our Punjabi community and how they do things. Not only when it comes to money, but the fact that 80% of the Punjabi drivers cannot speak clear English and cannot communicate properly. This also hinders their ability to read and understand the rules of the road, and it is also a safety issue. Most non Punjabi drivers, the Caucasian folks, cannot stand our people. The Caucasian folks say "these east Indians bring their poor driving habits over from India, and drive like its Punjab. They have no consideration for anyone else, lack common sense, and they park their big trucks anywhere they please." If you want to drive a truck here, please be able to at least grasp Basic English language skills. Stop driving like its India. Learn English, as you are in a country where it is the main language. Be courteous, polite, and friendly. The image of the trucking industry may then change. But for now, it seems like all hope is lost.

# ਵਾਘਿਓਂ ਪਾਰ

ਆਸਿਫ਼ ਰਜ਼ਾ

## ਪਰਵੇਜ਼ ਮੁਸ਼ੱਰਫ਼ ਤੇ ਗ਼ੱਦਾਰੀ ਦਾ ਮੁਕੱਦਮਾ ਚਲੇਗਾ

ਪਾਕਿਸਤਾਨ ਦੀ ਸੈਂਟਰਲ ਸਰਕਾਰ ਨੇ ਪਿਛਲੇ ਫ਼ੌਜੀ ਜਨਰਲ ਪ੍ਰਵੇਜ਼ ਮੁਸ਼ੱਰਫ਼ ਦੇ ਖ਼ਿਲਾਫ਼ ਮੁਕੱਦਮਾ ਚਲਾਣ ਦਾ ਐਲਾਨ ਕੀਤਾ ਤੇ ਆਖਿਆ ਏ ਕਿ ਹਕੂਮਤ ਇਸ ਪ੍ਰਤੀ ਅਦਾਲਤੀ ਫ਼ੈਸਲੇ 'ਤੇ ਅਮਲ ਕਰਵਾਏਗੀ। ਅਟਾਰਨੀ ਜਨਰਲ ਮੁਨੀਰਏ ਮਲਿਕ ਨੇ ਫ਼ੌਜੀ ਸਦਰ ਪਰਵੇਜ਼ ਮੁਸ਼ੱਰਫ਼ ਦੇ ਖ਼ਿਲਾਫ਼ ਗ਼ੱਦਾਰੀ ਦਾ ਮੁਕੱਦਮਾ ਚਲਾਣ ਬਾਰੇ ਸੈਂਟਰਲ ਸਰਕਾਰ ਵੱਲੋਂ ਸੁਪਰੀਮ ਕੋਰਟ ਨੂੰ ਜਵਾਬ ਪੇਸ਼ ਕੀਤਾ ਜਿਸ ਅੰਦਰ ਕਿਹਾ ਗਿਆ ਕਿ ਇਨਸਾਫ਼ ਦੇ ਤਕਾਜ਼ੇ ਪੂਰੇ ਕੀਤੇ ਜਾਣਗੇ। ਸਰਕਾਰ ਵੱਲੋਂ ਘੱਲੇ ਜਵਾਬ ਵਿੱਚ ਆਖਿਆ ਗਿਆ ਏ ਕਿ ਸਰਕਾਰ ਸਿੰਧ ਹਾਈ ਕੋਰਟ ਦੇ ਫ਼ੈਸਲੇ 'ਤੇ ਪੂਰਾ ਪੂਰਾ ਅਮਲ ਕਰਵਾਏਗੀ ਕਿਉਂ ਜੋ ਇਸ ਦੇ ਤਹਿਤ ਨਵੰਬਰ 2007 ਵਿਚ ਉਸ ਵੇਲ਼ੇ ਦੇ ਸਦਰ ਤੇ ਆਰਮੀ ਚੀਫ਼ ਜਨਰਲ ਪ੍ਰਵੇਜ਼ ਮੁਸ਼ੱਰਫ਼ ਨੇ ਦਸਤੂਰ ਨੂੰ ਖ਼ਤਮ ਕੀਤਾ ਸੀ; ਇਸ ਲਈ ਉਹ ਗ਼ੱਦਾਰੀ ਦੇ ਦੋਸ਼ੀ ਕਰਾਰ ਪਾਉਂਦੇ ਨੇ। ਇਹ ਪਹਿਲਾ ਆਰਮੀ ਅਫ਼ਸਰ ਹੈ ਜਿਸ ਦੇ ਖ਼ਿਲਾਫ਼ ਗ਼ੱਦਾਰੀ ਦੇ ਮੁਕੱਦਮੇ 'ਤੇ ਕਾਰਵਾਈ ਹੋ ਰਹੀ ਹੈ। ਸਰਕਾਰ ਵੱਲੋਂ ਜਮਾ ਕਰਵਾਏ ਗਏ ਜਵਾਬ ਵਿੱਚ ਦੱਸਿਆ ਹੈ ਕਿ ਸੈਨਟ ਤੋਂ ਮਨਜ਼ੂਰੀ ਤੋਂ ਬਾਅਦ ਈ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਗ਼ੱਦਾਰ ਕਰਾਰ ਦਿਤਾ ਜਾਵੇ। ਇਸ ਤੋਂ ਇਲਾਵਾ ਬੇਨਜ਼ੀਰ ਭੁਟੋ ਦੇ ਕਤਲ ਵਿਚ ਵੀ ਇਸ ਜਰਨਲ ਨੂੰ ਕੋਰਟ ਵਲੋਂ ਮੁਜਰਿਮ ਕਰਾਰ ਦੇ ਦਿਤਾ ਗਿਆ ਹੈ।



## 10 ਬਦੇਸ਼ੀ ਸੈਲਾਨੀਆਂ ਦਾ ਕਤਲ



ਪਾਕਿਸਤਾਨ ਦੇ ਸ਼ੁਮਾਲੀ ਇਲਾਕੇ ਗਿਲਗਿਤ ਦੇ ਜ਼ਿਲ੍ਹੇ ਦੀਆਮਰ ਵਿਚ ਨਾਂਗਾ ਪਰਬਤਰ ਬੀਸ ਕੈਂਪ ਵਿਚ ਦਸ ਬਦੇਸੀ ਸੈਲਾਨੀ ਮਾਰੇ ਗਏ। ਮਰਨ ਵਾਲਿਆਂ ਵਿਚੋਂ ਚਾਰ ਬੰਦਿਆਂ ਦੀ ਸ਼ਨਾਖ਼ਤ ਹੋ ਚੁਕੀ ਏ ਜਦ ਕਿ ਛੇਆਂ ਦੀ ਸ਼ਨਾਖ਼ਤ ਲਈ ਡੀ ਐਨ ਏ ਟੈਸਟ ਕੀਤੇ ਜਾ ਰਹੇ ਨੇ। ਕਬਰ ਮੁਜਬ ਗਿਲਗਿਤ ਸਕਾਉਟਸ ਦੀਆਂ ਵਰਦੀਆਂ ਵਿਚ ਹਮਲਾਵਰ ਮੁਕਾਮੀ ਹੋਟਲ ਅੰਦਰ ਆ ਵੜੇ ਤੇ ਯੋਕਰਾਇਨ, ਚੀਨ, ਅਮਰੀਕਾ ਤੇ ਰੂਸ ਦੇ ਬਾਸ਼ਿੰਦਿਆਂ ਨੂੰ ਅੰਨ੍ਹੇ ਵਾਹ ਫ਼ਾਇਰਿੰਗ ਕਰ ਕੇ ਕਤਲ ਕਰ ਦਿਤਾ। ਇਸ ਸਾਰੇ ਵਾਕੇ ਦੀ ਜ਼ਿੰਮਾ ਦਾਰੀ ਤਹਰੀਕਿ ਤਾਲਿਬਾਨ ਪਾਕਿਸਤਾਨ ਨੇ ਕਬੂਲ ਵੀ ਕਰ ਲਈ ਹੈ। ਏਸੇ ਦੌਰਾਨ ਵਜ਼ੀਰ ਦਾਖ਼ਲਾ ਨਿਸਾਰ ਹੋਰਾਂ ਨੇ ਪਹਿਲੀ ਵਾਰੀ ਸੁਰਖਿਆ ਅਦਾਰਿਆਂ 'ਤੇ ਟਿੱਪਣੀ ਕਰਦਿਆਂ ਆਖਿਆ ਕਿ ਜਦੋਂ ਕੋਈ ਹੋਣੀ ਵਾਪਰ ਜਾਂਦੀ ਹੈ; ਇਨ੍ਹਾਂ ਨੂੰ ਉਦੋਂ ਹੀ ਪਤਾ ਚਲਦਾ ਹੈ। ਇਸ ਤੋਂ ਮਗਰੋਂ ਬਾਹਰੋਂ ਆਏ ਹੋਰ ਸਭ ਸੈਲਾਨੀਆਂ ਨੂੰ ਹੈਲੀਕਾਪਟਰ ਰਾਹੀਂ ਇਸਲਾਮਾਬਾਦ ਸਖ਼ਤ ਹਿਫ਼ਾਜ਼ਤੀ ਪਹਿਰੇ ਵਿਚ ਲੈ ਕੇ ਆਂਦਾ ਗਿਆ ਹੈ।

ਸਥਾਨਕ ਲੋਕਾਂ ਨੇ ਪੂਰੇ ਸ਼ਹਿਰ ਵਿਚ ਹੜਤਾਲ ਕੀਤੀ ਤੇ ਬੇ ਗੁਨਾਹ ਸੈਲਾਨੀਆਂ ਦੇ ਕਤਲਿਆਮ 'ਤੇ ਵਿਖਾਲਾ ਵੀ ਕੀਤਾ। ਉਨ੍ਹਾਂ ਦਾ ਆਖਣਾ ਸੀ ਕਿ ਇਹ ਪੂਰਾ ਇਲਾਕਾ ਇਨ੍ਹਾਂ ਬਾਹਰਲੇ ਸੈਲਾਨੀਆਂ ਦੀ ਵਜ੍ਹਾ ਨਾਲ ਹੀ ਅਬਾਦ ਹੈ ਕਿਉਂ ਜੋ ਇਥੋਂ ਨਾ ਤੇ ਕੋਈ ਹੋਰ ਫ਼ੈਕਟਰੀ ਯਾਂ ਮਜ਼ਦੂਰੀ ਦੇ ਜ਼ਰੀਏ ਨੇ। ਇਸ ਲਈ ਇਨ੍ਹਾਂ ਸੈਲਾਨੀਆਂ ਦੇ ਕਤਲ ਨਾਲ ਇਥੋਂ ਦੇ ਸਥਾਨਕ ਲੋਕ ਇਸ ਥੋੜ੍ਹੇ ਬਹੁਤੇ ਰੁਜ਼ਗਾਰ ਤੋਂ ਵੀ ਵਾਂਝੇ ਜਾਣਗੇ। ਇਹ ਹਮਲਾ ਪੂਰੀ ਦੁਨੀਆ ਵਿਚ ਪਾਕਿਸਤਾਨ ਦੀ ਬਦਨਾਮੀ ਦੀ ਵਜ੍ਹਾ ਬਣ ਰਿਹਾ ਹੈ। ਜੇ ਸਰਕਾਰ ਨੇ ਇਸ ਬਾਰੇ ਕੋਈ ਪੱਕੇ ਉਪਾਅ ਨਾ ਕੀਤੇ ਤਾਂ ਪੂਰੀ ਦੁਨੀਆ ਵਿਚ ਇਹ ਖ਼ੌਫ਼ ਦੀ ਲਹਿਰ ਹੋਰ ਪਕੇਰੀ ਹੋ ਜਾਸੀ ਕਿ ਪਾਕਿਸਤਾਨ ਜਾਣਾ ਕਿਸੇ ਤੌਰ ਵੀ ਖ਼ਤਰੇ ਤੋਂ ਖ਼ਾਲੀ ਨਹੀਂ।

## ਤਾਲਿਬਾਨ ਨਾਲ ਗੱਲਬਾਤ ਸਾਮਰਾਜੀ ਧੌਂਸ ਦੀ ਹਾਰ ਹੋ ਨਿਬੜੇਗੀ



ਸਿਆਣੇ ਆਹੰਦੇ ਨੇਂ ਜੇ ਲੜਾਈ ਵਿਚ ਹਾਰ ਮੰਨ ਹੀ ਲੈਣੀ ਹੈ ਤਾਂ ਮੁੜ ਲੜਨ ਦੀ ਲੋੜ ਕੀ ਹੈ। ਇਹੋ ਬੇਵਕੂਫ਼ੀ ਅਮਰੀਕਾ ਤੋਂ ਹੋਈ ਹੈ ਕਿ ਅੱਜ ਉਹ ਤਾਲਿਬਾਨ ਨਾਲ ਗੱਲ ਬਾਤ 'ਤੇ ਰਾਜ਼ੀ ਹੋ ਗਿਆ ਹੈ। ਅਖੇ ਆਪੇ ਫਾਤੜੀਏ ਤੇਨੂੰ ਕੌਣ ਛੁਡਾਵੇ।

ਪਿਛਲੇ ਸਾਲ ਮਾਰਚ ਵਿਚ ਤਾਲਿਬਾਨ ਨੇ ਅਮਰੀਕਾ ਤੋਂ ਕੈਦੀਆਂ ਦੇ ਅਦਲੇ-ਬਦਲੇ ਦੇ ਮਾਮਲੇ ਵਿਚ ਗੱਲ ਬਾਤ ਖ਼ਤਮ ਕਰ ਦਿਤੀ ਸੀ। ਹੁਣ ਆਖ਼ਿਰ ਕਤਰ ਨੂੰ ਹੀ ਗੱਲ ਬਾਤ ਵਾਸਤੇ ਕਿਉਂ ਚੁਣਿਆ ਗਿਆ। ਕਤਰ ਇੱਕੋ ਇਕ ਮੁਲਕ ਹੈ ਜਿਹਨੇ ਕਦੇ ਵੀ ਤਾਲਿਬਾਨ ਦੀ ਮੁਖ਼ਾਲਫ਼ਤ ਨਹੀਂ ਕੀਤੀ। ਇਸ ਵਾਸਤੇ ਤਾਲਿਬਾਨ ਲੀਡਰ ਉਸ ਮੁਲਕ ਵਿਚ ਆਪਣੇ ਆਪ ਨੂੰ ਮਹਿਫ਼ੂਜ਼ ਸਮਝ ਰਹੇ ਨੇ।

ਕਤਰ ਇਸ ਵੇਲ਼ੇ ਹਰ ਰਿਸਕ ਲੈਣ 'ਤੇ ਤਿਆਰ ਹੈ। ਇਕ ਤੇ ਉਹ ਵੱਡੀ ਸਰਕਾਰ (ਅਮਰੀਕਾ) ਦੇ ਹੀ ਮਨਸੂਬੇ ਦੇ ਤਹਿਤ ਤਾਲਿਬਾਨ ਲੀਡਰਾਂ ਨੂੰ ਉਥੇ 'ਕੱਠਾ ਕਰ ਰਿਹਾ ਹੈ ਦੂਜਾ ਉਹ ਤਾਲਿਬਾਨ ਦੀਆਂ ਹਮਦਰਦੀਆਂ ਵੀ ਸਮੇਟਣਾ ਚਾਹੁੰਦਾ ਹੈ। ਕਈ ਤਾਲਿਬਾਨ ਲੀਡਰ ਅਫ਼ਗਾਨੀਸਤਾਨੋਂ, ਪਾਕਿਸਤਾਨੋਂ ਤੇ ਹੋਰ ਹੋਰ ਮੁਲਕਾਂ ਤੋਂ ਮਜ਼ਦੂਰੀਆਂ ਦੇ ਵੀਜ਼ਿਆਂ 'ਤੇ ਕਤਰ ਅੱਪੜੇ ਨੇਂ। ਇਸ ਦਾ ਨਤੀਜਾ ਕੀ ਨਿਕਲੇਗਾ ਇਹ ਆਉਣ ਵਾਲਾ ਵਕਤ ਹੀ ਦੱਸੇਗਾ।

## ਨਵੀਂ ਹਕੂਮਤ ਨੂੰ ਨਵੇਂ ਚੈਲੰਜ ਜਾਂ ਇਮਰਾਨ ਖ਼ਾਨ ਦੀ ਨਾਕਾਮੀ!

ਨਵਾਜ਼ ਸਰਕਾਰ ਦੇ ਆਉਣ ਨਾਲ ਹੀ ਕੁਝ ਇਲਾਕਿਆਂ ਅੰਦਰ ਦਹਿਸ਼ਤਗਰਦਾਂ ਨੇ ਕਾਰਰਵਾਈਆਂ ਸ਼ੁਰੂ ਕਰ ਦਿਤੀਆਂ ਨੇ। ਪਿਛਲੇ ਦਿਨੀਂ 14 ਵਿਦਿਆਰਥਣਾਂ ਨੂੰ ਸਰਹੱਦ ਵਿਚ ਇਕ ਆਪ ਮਾਰੂ ਬੰਬ ਧਮਾਕੇ ਵਿਚ ਮਾਰ ਦਿਤਾ ਗਿਆ ਤੇ ਨਾਲ ਇਕ ਡੀ ਐਸ ਪੀ ਦੀ ਵੀ ਬੇਗੁਨਾਹ ਮੌਤ ਹੋ ਗਈ। ਇਸ ਤੋਂ ਵਖ ਇਕ ਜਨਾਜ਼ੇ 'ਤੇ ਵੀ ਮਾਰੂ ਹਮਲੇ ਤੋਂ ਬਾਅਦ 24 ਬੰਦੇ ਮਾਰੇ ਗਏ। ਹੈਰਤ ਦੀ ਗੱਲ ਇਹੋ ਹੈ ਕਿ ਇਮਰਾਨ ਖ਼ਾਨ ਦੀ ਤਨਜ਼ੀਮ ਤਹਰੀਕੇ ਇਨਸਾਫ਼ ਵਲੋਂ ਉਥੇ ਦਾ ਵੱਡਾ ਵਜ਼ੀਰ ਸਥਾਪਤ ਕੀਤਾ ਗਿਆ। ਇਹ ਚੈਲੰਜ ਅਸਲ ਵਿਚ ਨਵਾਜ਼ ਸ਼ਰੀਫ਼ ਵਾਸਤੇ ਨਹੀਂ ਇਮਰਾਨ ਖ਼ਾਨ ਵਾਸਤੇ ਸਾਬਿਤ ਹੋਇਆ ਲਗਦਾ ਹੈ। ਕਿਉਂ ਕਿ ਅਜੇ ਤੱਕ ਹੋਣ ਵਾਲੀਆਂ ਇਨ੍ਹਾਂ ਦਹਿਸ਼ਤ ਗਰਦੀਆਂ ਵਿਚ ਸਭ ਤੋਂ ਜ਼ਿਆਦਾ ਉਸ ਪ੍ਰਾਂਤ ਵਿਚ ਹੋਈਆਂ ਨੇ ਜਿਥੋਂ ਇਮਰਾਨ ਖ਼ਾਨ ਦੀ ਪਾਰਟੀ ਨੇ ਚੋਣਾਂ ਜਿੱਤੀਆਂ ਨੇ। ਆਮ ਲੋਕਾਈ ਇਹ ਸੋਚਣ 'ਤੇ ਮਜਬੂਰ ਹੋ ਗਈ ਹੈ ਕਿ ਜੇ ਇਕ ਪ੍ਰਾਂਤ ਵਿਚ ਖ਼ਾਨ ਹੋਰਾਂ ਦੀ ਸਰਕਾਰ ਇਸ ਦਹਿਸ਼ਤ ਗਰਦੀ ਨੂੰ ਨਹੀਂ ਰੋਕ ਸਕੀ ਤਾਂ ਜੇ ਉਹ ਪੂਰੇ ਮੁਲਕ ਵਿਚ ਚੋਣਾਂ ਰਾਹੀਂ ਜਿਤ ਕੇ ਆ ਜਾਂਦੀ ਤਾਂ ਮੁਲਕ ਦਾ ਕੀ ਬਣਨਾ ਸੀ।

ਇਮਰਾਨ ਖ਼ਾਨ ਢਿੱਡੋਂ ਤਾਲਿਬਾਨ ਦੇ ਖ਼ਿਲਾਫ਼ ਨਹੀਂ; ਉੱਤੋਂ ਉੱਤੋਂ ਬਿਆਨਬਾਜ਼ੀ ਕਰਦੇ ਰਹਿੰਦੇ ਨੇ। ਇਸ ਦਾ ਮਤਲਬ ਇਹ ਹੋਇਆ ਕਿ ਉਹ ਤਾਲਿਬਾਨਾਂ ਦੀ ਜੱਦੋਜਹਿਦ ਨੂੰ ਗ਼ਲਤ ਨਹੀਂ ਸਮਝਦੇ। ਮਗਰ ਉਨ੍ਹਾਂ ਵਾਸਤੇ ਇਕ ਵੱਡਾ ਚੈਲੰਜ ਇਹ ਹੋ ਗਿਆ ਏ ਕਿ ਕੀ ਉਹ ਇਕ ਪ੍ਰਾਂਤ ਨੂੰ ਇਸ ਦਹਿਸ਼ਤਗਰਦੀ ਤੋਂ ਮੁਕਤ ਕਰ ਸਕਦੇ ਨੇਂ?

ਬਾਕੀ ਰਹੀ ਨਵਾਜ਼ ਸਰਕਾਰ ਦੀ ਪਾਲਿਸੀ ਤਾਂ ਦੂਜੇ ਚਾਰ ਪ੍ਰਾਂਤਾਂ ਵਿਚ ਉਸ ਨੇ ਕਾਫ਼ੀ ਹੱਦ ਤੱਕ ਕੰਟਰੋਲ ਕੀਤਾ ਹੋਇਆ ਹੈ; ਸਿਰਫ਼ ਇਕ ਸੂਬਾ ਸਰਹੱਦ ਹੀ ਹੈ ਜਿਥੇ ਗੱਲ ਉਨ੍ਹਾਂ ਦੇ ਵਸੋਂ ਬਾਹਰ ਹੋਈ ਜਾਪਦੀ ਹੈ। ਇਹ ਗੱਲ ਕਹਿ ਕੇ ਢੁੰਡ ਨਹੀਂ ਛੁਡਾਈ ਜਾ ਸਕਦੀ ਕਿ ਉਸ ਪ੍ਰਾਂਤ ਵਿਚ ਤਹਰੀਕੇ ਇਨਸਾਫ਼ ਦੀ ਹਕੂਮਤ ਹੈ; ਇਸ ਸਾਰੇ ਦਾ ਮਲਬਾ ਆਖ਼ਿਰ ਪੈਣਾ ਸੈਂਟਰਲ ਸਰਕਾਰ 'ਤੇ ਹੀ ਹੈ। ਮਗਰ ਹੋਰ ਕੁੱਝ ਹੋਵੇ ਨਾ ਹੋਵੇ ਇਹ ਜ਼ਰੂਰ ਹੋਇਆ ਹੈ ਕਿ ਇਮਰਾਨ ਹੋਰਾਂ ਦੀ ਨਿੱਕੀ ਉਮਰੇ ਸਿਆਸਤ ਦੀ ਸਮਝ ਸਾਰਿਆਂ ਸਾਹਮਣੇ ਖੁੱਲ ਕੇ ਆ ਗਈ ਹੈ। ਉਨ੍ਹਾਂ ਵੱਲੋਂ ਕੋਈ ਐਸਾ ਕਦਮ ਨਹੀਂ ਚੁੱਕਿਆ ਜਾ ਰਿਹਾ ਜਿਸ ਨਾਲ ਇਸ ਅੱਤਵਾਦ ਦਾ ਮੂੰਹ ਬੰਦ ਕੀਤਾ ਜਾ ਸਕੇ। ਤੇ ਨਾ ਈ ਕੋਈ ਰੋਡਮੈਪ ਦਿਸਦਾ ਹੈ ਕਿ ਜਿਸ ਰਸਤੇ ਉਹ ਇਸ ਪ੍ਰਾਂਤ ਨੂੰ ਅੱਤਵਾਦੀਆਂ ਦੇ ਹਮਲਿਆਂ ਤੋਂ ਬਚਾਅ ਸਕਣਗੇ।



## ਅਦਾਕਾਰਾ ਬੁਸ਼ਰਾ 'ਤੇ ਤੇਜ਼ਾਬ ਨਾਲ ਹਮਲਾ



ਪਾਕਿਸਤਾਨ ਦੇ ਇਕ ਪ੍ਰਾਂਤ ਖ਼ੈਬਰ ਪਖ਼ਤੂਨਖ਼ਵਾਹ ਦੇ ਸ਼ਹਿਰ ਨੌਸ਼ਹਿਰਾ ਵਿਚ ਪਸ਼ਤੋ ਜ਼ਬਾਨ ਦੀ ਅਦਾਕਾਰਾ ਬੁਸ਼ਰਾ 'ਤੇ ਅਣਜਾਣ ਅਫ਼ਰਾਦ ਨੇ ਹਮਲਾ ਕਰ ਕੇ ਤੇਜ਼ਾਬ ਸੁਟ ਦਿੱਤਾ। ਜਿਸ ਦੇਸ ਅੰਦਰ ਆਮ ਜਨਤਾ ਦਾ ਜੀਣਾ ਮੁਹਾਲ ਹੈ; ਉਸ ਵਿਚ ਫ਼ਨ ਤੇ ਫ਼ਨਕਾਰੀ ਨਾਲ ਜੁੜਿਆ ਕੋਈ ਵੀ ਜੀ ਕਿਵੇਂ ਸੁਰਖੀਤ ਰਹਿ ਸਕਦਾ ਹੈ। ਦੋ ਸਾਲ ਪਹਿਲਾਂ ਵੀ ਇਸ ਸ਼ਹਿਰ ਵਿਚ ਇਕ ਬਹੁਤ ਹੀ ਖ਼ੂਬਸੂਰਤ ਗਾਇਕਾ ਨੂੰ ਉਸ ਦੇ ਖ਼ਾਵੰਦ ਨੇ ਆਪ ਮਰਵਾ ਦਿਤਾ ਸੀ। ਮੁੱਖ 'ਤੇ ਤੇਜ਼ਾਬ ਸੁੱਟਣ ਦਾ ਇਹ ਕੋਈ ਨਵਾਂ ਵਾਕਿਆ ਨਹੀਂ। ਸਾਲ ਵਿਚ ਇਹੋ ਜਿਹੇ ਦਰਜਨਾਂ ਵਾਕਿਆਤ ਹੁੰਦੇ ਨੇ ਜਿਹਨਾਂ ਵਿਚ ਯਾਂ ਆਸ਼ਕੀ ਮਾਸ਼ੂਕੀ ਦੇ ਚੱਕਰਾਂ ਵਿਚ ਧੀਆਂ ਨਿਮਾਣੀਆਂ ਨੂੰ ਕਰੂਪ ਬਣਾ ਦਿਤਾ ਜਾਂਦਾ ਹੈ। ਸਾਲ ਕੁ ਪਹਿਲਾਂ ਇਸ ਦੇ ਮੁਜਰਮ ਨੂੰ ਆਮ ਮੁਜਰਮ ਜਾਣਿਆ ਜਾਂਦਾ ਸੀ ਮਗਰ ਹੁਣ ਇੰਝ ਨਹੀਂ ਹੈ। ਅੱਜ ਕਲ੍ਹ ਇਸ ਦੀ ਸਜ਼ਾ ਘੱਟੋ ਘੱਟ ਚੌਦਾਂ ਸਾਲ ਤੇ ਦਸ ਲੱਖ ਰੁਪਈਆ ਜੁਰਮਾਨਾ ਮਿਥਿਆ ਗਇਆ ਹੈ ਤੇ ਇਸ ਦੇ ਨਾਲ ਨਾਲ ਦੋਸ਼ੀ ਦੀ ਜਾਇਦਾਦ ਵੀ ਜ਼ਬਤ ਦਾ ਕਾਨੂੰਨ ਪਾਸ ਕਰ ਦਿਤਾ ਗਿਆ ਹੈ।

ਮਗਰ ਬੜੇ ਹੀ ਅਫ਼ਸੋਸ ਨਾਲ ਇਹ ਗੱਲ ਆਖਣੀ ਪੈਂਦੀ ਹੈ ਕਿ ਕਰੜੀ ਸਜ਼ਾ ਤੇ ਇਨ੍ਹਾਂ ਜੁਰਮਾਨਿਆਂ ਦਾ ਸਮਾਜ 'ਤੇ ਅਸਰ ਨਹੀਂ ਪੈ ਰਿਹਾ। ਇਸ ਭੈੜੇ ਕੰਮ ਵਿਚ ਘਾਟ ਹੋਣ ਦੀ ਥਾਂ ਵਾਧਾ ਹੀ ਹੋਇਆ ਹੈ। ਇਹ ਇਕ ਬਿਮਾਰ ਸਮਾਜ ਦੀਆਂ ਹਾਲਤਾਂ ਨੇਂ ਜਿਹਨਾਂ ਨੂੰ ਸਮਝਣ ਦੀ ਬੇਹੱਦ ਜ਼ਰੂਰਤ ਹੈ। ਇਕ ਗ਼ੈਰ ਸਰਕਾਰੀ ਤਨਜ਼ੀਮ 'ਔਰਤ ਫ਼ਾਉਂਡੇਸ਼ਨ ਦੀ ਰਿਪੋਰਟ ਦੇ ਮੁਤਾਬਕ ਇਹੋ ਜਿਹੀਆਂ ਹੋਣੀਆਂ ਦੀ ਤਾਦਾਦ ਸਗੋਂ ਦੋ ਗੁਣਾਂ ਹੋ ਗਈ ਹੈ। ਇਸ ਤੋਂ ਵਡੀ ਤਸ਼ਵੀਸ਼ਨਾਕ ਹਾਲਤ ਹੋਰ ਕੀ ਹੋ ਸਕਦੀ ਹੈ?

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

### ਭ੍ਰਿਸ਼ਟ ਨੇਤਾਵਾਂ ਤੇ ਅਫ਼ਸਰਾਂ ਦਾ ਕਿਹੜਾ ਟੈਸਟ ਹੋਵੇ ?

ਸਰਕਾਰੀ ਗੱਡੀ ਦੀ ਦੁਰਵਰਤੋਂ ਕਰਨ ਦੇ ਚਲਦਿਆਂ ਮੰਤਰੀ ਦਾ ਅਹੁਦਾ ਗੁਆਉਣ ਵਾਲੇ ਜਥੇਦਾਰ ਤੋਤਾ ਸਿੰਘ ਨਸ਼ੇ ਦੇ ਵੱਧ ਰਹੇ ਰੁਝਾਨ ਤੋਂ ਕਾਫ਼ੀ ਚਿੰਤਤ ਹਨ। ਉਨ੍ਹਾਂ ਨੇ ਇਸ ਬੁਰਾਈ ਦੇ ਹੱਲ ਲਈ ਅਨੋਖਾ ਸੁਝਾਅ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਖਿਡਾਰੀਆਂ ਦੀ ਤਰਜ਼ 'ਤੇ ਸਿਆਸੀ ਆਗੂਆਂ ਅਤੇ ਅਧਿਕਾਰੀਆਂ ਦਾ ਵੀ ਡੋਪ ਟੈਸਟ ਕੀਤਾ ਜਾਵੇ। ਜੋ ਨਸ਼ਾ ਕਰਨ ਦਾ ਦੋਸ਼ੀ ਪਾਇਆ ਜਾਵੇ, ਉਸ ਨੂੰ ਰਾਜਨੀਤੀ ਅਤੇ ਨੌਕਰੀ ਤੋਂ ਬਾਹਰ ਦਾ ਰਸਤਾ ਦਿਖਾਇਆ ਜਾਵੇ। ਧਰਮਕੋਟ ਤੋਂ ਅਕਾਲੀ ਦਲ ਦੇ ਵਿਧਾਇਕ ਜਥੇਦਾਰ ਤੋਤਾ ਸਿੰਘ ਨੇ ਕਿਹਾ ਕਿ ਨਸ਼ਾ ਨਾ ਕਰਨ ਵਾਲੇ ਨੂੰ ਹੀ ਜ਼ਿੰਮੇਵਾਰੀ ਦੇ ਯੋਗ ਸਮਝਿਆ ਜਾਵੇ ਤਾਂ ਹੀ ਨਸ਼ਾਖੋਰੀ 'ਤੇ ਨੱਥ ਪਾਈ ਜਾ ਸਕਦੀ ਹੈ। ਉਨ੍ਹਾਂ ਨੇ ਇਹ ਵੀ ਖੁਲਾਸਾ ਕੀਤਾ ਕਿ ਨਸ਼ੀਲੇ ਪਦਾਰਥਾਂ ਦੀ ਵਰਤੋਂ ਵਿਚ ਤਰਨ ਤਾਰਨ ਜ਼ਿਲ੍ਹੇ ਤੋਂ ਬਾਅਦ ਮੋਗਾ ਜ਼ਿਲ੍ਹੇ ਦਾ ਦੂਜਾ ਨੰਬਰ ਆਉਣਾ ਚਿੰਤਾ ਦੀ ਗੱਲ ਹੈ। ਜਥੇਦਾਰ ਤੋਤਾ ਸਿੰਘ ਦਾ ਇਹ ਬਿਆਨ ਬੇਹੱਦ ਸ਼ਲਾਘਾਯੋਗ ਹੈ ਪਰ ਤੋਤਾ ਸਿੰਘ ਇਹ ਦੱਸ ਦਿੰਦੇ ਕਿ ਭ੍ਰਿਸ਼ਟ ਅਫ਼ਸਰਾਂ ਅਤੇ ਨੇਤਾਵਾਂ 'ਤੇ ਕਿਹੜਾ ਟੈਸਟ ਕੀਤਾ ਜਾਵੇ, ਜਿਸ ਤੋਂ ਉਨ੍ਹਾਂ ਦੇ ਭ੍ਰਿਸ਼ਟ ਹੋਣ ਦਾ ਪਤਾ ਲੱਗ ਸਕੇ।



### ਔਰਤਾਂ ਵਿਚ ਅਪਰਾਧ ਦਾ ਵੱਧ ਰਿਹਾ ਰੁਝਾਨ

ਇਹ ਚੰਗੀ ਖ਼ਬਰ ਹੈ ਕਿ ਪੰਜਾਬ ਵਿਚ ਔਰਤਾਂ ਖ਼ਾਸ ਕਰ ਕੇ ਅਨੁਸੂਚਿਤ ਜਾਤੀ ਵਰਗ ਦੀਆਂ ਔਰਤਾਂ ਹੋਰ ਸੂਬਿਆਂ ਦੇ ਮੁਕਾਬਲੇ ਜ਼ਿਆਦਾ ਸੁਰੱਖਿਅਤ ਹਨ। ਜ਼ਰੂਰਤ ਇਸ ਗੱਲ ਦੀ ਹੈ ਕਿ ਸੁਰੱਖਿਆ ਦਾ ਇਹ ਘੇਰਾ ਸਾਰਿਆਂ ਲਈ ਬਣ ਸਕੇ ਨਾ ਕਿ ਕੇਵਲ ਅਨੁਸੂਚਿਤ ਜਾਤੀ ਦੀਆਂ ਔਰਤਾਂ ਲਈ। ਪਰ ਚਿੰਤਾ ਦੀ ਗੱਲ ਇਹ ਹੈ ਕਿ ਇਥੋਂ ਦੀਆਂ ਔਰਤਾਂ ਵਿਚ ਅਪਰਾਧ ਦਾ ਰੁਝਾਨ ਵੱਧ ਰਿਹਾ ਹੈ। ਨਸ਼ੇ ਦੀ ਵਰਤੋਂ ਵੱਧਣ ਨਾਲ ਹੀ ਔਰਤਾਂ ਵਿਚ ਵੀ ਇਹ ਬਿਮਾਰੀ ਜ਼ੋਰ ਫੜਦੀ ਜਾ ਰਹੀ ਹੈ। ਉਨ੍ਹਾਂ ਵਿਚੋਂ ਕੁਝ ਇਸ ਦਲਦਲ ਦੀ ਸੜਾਂਦ ਨੂੰ ਸਮਝ ਚੁੱਕੀਆਂ ਹਨ ਅਤੇ ਨਸ਼ਾ ਮੁਕਤੀ ਲਈ ਡਾਕਟਰੀ ਸਹਾਇਤਾ ਲੈ ਰਹੀਆਂ ਹਨ, ਪਰ ਉਨ੍ਹਾਂ ਔਰਤਾਂ ਅਤੇ ਲੜਕੀਆਂ ਦੀ ਵੱਡੀ ਗਿਣਤੀ ਹੋ ਸਕਦੀ ਹੈ, ਜਿਨ੍ਹਾਂ ਦੀ ਪਛਾਣ ਅਜੇ ਤਕ ਨਹੀਂ ਹੋਈ। ਕਈ ਔਰਤਾਂ ਨਸ਼ੀਲੇ ਪਦਾਰਥਾਂ ਦੀ ਵਿਕਰੀ ਕਰਦੀਆਂ ਫੜੀਆਂ ਵੀ ਗਈਆਂ ਹਨ। ਔਰਤਾਂ ਨੂੰ ਅਪਰਾਧ ਦੇ ਖੇਤਰ ਵਿਚ ਜਾਣ ਤੋਂ ਰੋਕਣਾ ਹੈ। ਇਹ ਔਖਾ ਕੰਮ ਹੈ ਅਤੇ ਇਸ ਲਈ ਔਰਤਾਂ ਦੀ ਸਿੱਖਿਆ ਦਰ ਵਧਾਉਣੀ ਪਵੇਗੀ। ਇਹ ਠੀਕ ਹੈ ਕਿ ਪੰਜਾਬ ਵਿਚ ਔਰਤਾਂ ਦੀ ਸਿਖਿਆ ਦਰ ਵਿਚ ਸੁਧਾਰ ਹੋ ਰਿਹਾ ਹੈ ਪਰ ਅਜੇ ਵੀ ਸਹੀ ਸਥਿਤੀ ਵਿਚ ਨਹੀਂ ਪਹੁੰਚਿਆ ਜਾ ਸਕਿਆ। ਸਪੱਸ਼ਟ ਹੈ ਕਿ ਸਰਕਾਰ ਔਰਤਾਂ ਦੀ ਸਿਖਿਆ 'ਤੇ ਓਨਾ ਧਿਆਨ ਨਹੀਂ ਦੇ ਰਹੀ ਜਿੰਨਾ ਕਿ ਦੇਣਾ ਚਾਹੀਦਾ ਹੈ।



### ਹੁਸ਼ਿਆਰਪੁਰ ਸੀਟ 'ਤੇ ਅਕਾਲੀਆਂ ਦੀ ਨਜ਼ਰ

ਲੋਕ ਸਭਾ ਚੋਣਾਂ ਤੋਂ ਸਾਲ ਪਹਿਲਾਂ ਹੀ ਅਕਾਲੀ ਦਲ ਨੇ ਭਾਜਪਾ ਦੇ ਕੋਟੇ ਤੋਂ ਹੁਸ਼ਿਆਰਪੁਰ ਸੀਟ ਲੈ ਕੇ ਉਸ ਦੇ ਬਦਲੇ ਜਲੰਧਰ ਜਾਂ ਲੁਧਿਆਣਾ ਸੀਟ ਦਾ ਬਦਲ ਰੱਖਿਆ ਹੈ। ਵਿਧਾਨ ਸਭਾ ਸਪੀਕਰ ਚਰਨਜੀਤ ਸਿੰਘ ਅਟਵਾਲ ਹੁਸ਼ਿਆਰਪੁਰ ਸੀਟ ਤੋਂ ਚੋਣ ਲੜਨਾ ਚਾਹੁੰਦੇ ਹਨ। ਸੂਤਰਾਂ ਦੀ ਮੰਨੀਏ ਤਾਂ ਪਾਰਟੀ ਪਹਿਲਾਂ ਹੀ ਇਸ ਦੀ ਤਿਆਰੀ ਸ਼ੁਰੂ ਕਰ ਚੁੱਕੀ ਹੈ। ਅਗਲੇ ਕੁਝ ਦਿਨਾਂ ਵਿਚ ਹੁਸ਼ਿਆਰਪੁਰ ਨੂੰ ਨਗਰ ਨਿਗਮ ਦਾ ਦਰਜਾ ਮਿਲਣ ਜਾ ਰਿਹਾ ਹੈ ਅਤੇ ਅਕਾਲੀ ਦਲ ਇਸ ਫ਼ੈਸਲੇ ਨੂੰ ਅਗਲੀਆਂ ਚੋਣਾਂ ਵਿਚ ਕੈਸ਼ ਕਰਨ ਦੇ ਮੂਡ ਵਿਚ ਹੈ। ਅਕਾਲੀ ਦਲ ਦੇ ਦਾਅ ਤੋਂ ਬਾਅਦ ਹੁਣ ਭਾਜਪਾ ਇਸ ਰਿਜ਼ਰਵ ਸੀਟ ਦੇ ਬਦਲੇ ਜਲੰਧਰ ਰਿਜ਼ਰਵ ਸੀਟ 'ਤੇ ਉਮੀਦਵਾਰ ਉਤਾਰੇਗੀ।

### ਪੰਚਾਇਤੀ ਚੋਣਾਂ ਮਗਰੋਂ ਪੰਜਾਬ ਕਾਂਗਰਸ ਕਰ ਸਕਦੀ ਹੈ ਫੇਰਬਦਲ

ਪੰਚਾਇਤ ਚੋਣਾਂ ਬਾਅਦ ਪੰਜਾਬ ਪ੍ਰਦੇਸ਼ ਕਾਂਗਰਸ ਦੀ ਲੀਡਰਸ਼ਿਪ ਵਿਚ ਫੇਰਬਦਲ ਦੀ ਸੰਭਾਵਨਾ ਹੈ। ਸੂਤਰਾਂ ਮੁਤਾਬਕ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਹਾਈ ਕਮਾਂਡ ਨੇ ਇਸ ਲਈ ਹਰੀ ਝੰਡੀ ਦੇ ਦਿੱਤੀ ਹੈ। ਸ੍ਰੀ ਬਾਜਵਾ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਪਣੇ ਭਰੋਸੇਯੋਗ ਬੰਦਿਆਂ ਦੀ ਟੀਮ ਖੜ੍ਹੀ ਕਰਨਾ ਚਾਹੁੰਦੇ ਹਨ। ਉਨ੍ਹਾਂ ਦੇ ਪ੍ਰਧਾਨ ਬਣਨ ਬਾਅਦ ਸੂਬੇ ਵਿਚ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿਚ ਪਾਰਟੀ ਦੇ ਪੈਰ ਨਹੀਂ ਲੱਗ ਸਕੇ ਸਨ।

ਪਾਰਟੀ ਨੂੰ ਸੂਬੇ ਵਿਚ ਪੱਕੇ ਪੈਰੀਂ ਕਰਨ ਲਈ ਪੂਰਾ ਤਾਣ ਲਾ ਰਹੇ ਹਨ ਪਰ ਪਾਰਟੀ ਦਾ ਇਕ ਧੜਾ ਅਜੇ ਵੀ ਖੁੱਲ੍ਹ ਕੇ ਉਨ੍ਹਾਂ ਨਾਲ ਨਹੀਂ ਤੁਰ ਰਿਹਾ। ਇਸ ਲਈ 'ਡੰਮੀ' ਜ਼ਿਲ੍ਹਾ ਪ੍ਰਧਾਨਾਂ ਅਤੇ ਦੂਜੇ ਅਹੁਦੇਦਾਰਾਂ ਨੂੰ ਬਦਲਣਾ ਜ਼ਰੂਰੀ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਨਵ ਨਿਯੁਕਤ ਇੰਚਾਰਜ ਅਤੇ ਕੌਮੀ ਜਨਰਲ ਸਕੱਤਰ ਸ਼ਕੀਲ ਅਹਿਮਦ ਦੀ ਪਲੇਠੀ ਫੇਰੀ ਨੂੰ ਵੀ ਇਸੇ ਫੇਰਬਦਲ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

### ਵੱਡੇ ਕਿਸਾਨਾਂ ਨੂੰ ਸਬਸਿਡੀਆਂ ਦੇ ਗੱਫ਼ੇ



ਪੰਜਾਬ ਅਤੇ ਕੇਂਦਰ ਸਰਕਾਰ ਵਲੋਂ ਕਿਸਾਨਾਂ ਨੂੰ ਦਿੱਤੀਆਂ ਜਾਂਦੀਆਂ ਸਬਸਿਡੀਆਂ ਦਾ 94 ਫੀਸਦੀ ਹਿੱਸਾ ਵੱਡੇ ਤੇ ਦਰਮਿਆਨੇ ਕਿਸਾਨਾਂ ਦੇ ਹੀ ਹਿੱਸੇ ਆ ਜਾਂਦਾ ਹੈ। ਇਹ ਤੱਥ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਕਿਸਾਨਾਂ ਦੀਆਂ ਆੜ੍ਹਤੀਆਂ ਨਾਲ ਸਮੱਸਿਆਵਾਂ ਵਿਸ਼ੇ 'ਤੇ ਕੀਤੇ ਅਧਿਐਨ ਦੌਰਾਨ ਸਾਹਮਣੇ ਆਏ ਹਨ। ਅਧਿਐਨਕਰਤਾ ਮਾਹਰਾਂ ਮੁਤਾਬਕ ਸਬਸਿਡੀਆਂ ਸਿਆਸਤ ਨੂੰ ਆਧਾਰ ਬਣਾ ਕੇ ਦਿੱਤੀਆਂ ਜਾਂਦੀਆਂ ਹਨ ਨਾ ਕਿ ਕਿਸਾਨੀ ਲੋੜਾਂ ਨੂੰ।

ਨਾਬਾਰਡ ਵਲੋਂ ਕਰਵਾਏ ਇਸ ਅਧਿਐਨ ਦੌਰਾਨ ਸਾਹਮਣੇ ਆਏ ਤੱਥਾਂ ਮੁਤਾਬਕ ਪੰਜਾਬ ਦੇ 10 ਲੱਖ ਕਿਸਾਨ ਪਰਿਵਾਰਾਂ ਕੋਲ ਜ਼ਮੀਨ ਦਾ ਵੱਡਾ ਹਿੱਸਾ ਹੈ। ਪੰਜਾਬ ਵਿਚ 34 ਫੀਸਦੀ ਕਿਸਾਨ ਪਰਿਵਾਰ ਛੋਟੇ ਕਿਸਾਨੀ ਵਰਗ ਵਿਚ ਆਉਂਦੇ ਹਨ ਜਿਨ੍ਹਾਂ ਨੂੰ ਸਬਸਿਡੀ ਦਾ ਮਹਿਜ਼ 6 ਫੀਸਦੀ ਹਿੱਸਾ ਹੀ ਮਿਲਦਾ ਹੈ। ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਸੀਮਾਂਤ ਤੇ ਛੋਟੇ ਕਿਸਾਨਾਂ ਵਲੋਂ ਫ਼ਸਲ ਪਾਲਣ ਲਈ ਲਏ ਜਾਂਦੇ ਕਰਜ਼ੇ ਉਤਾਰਨ ਤੋਂ ਬਾਅਦ ਕਬੀਲਦਾਰੀ ਦੇ ਕੰਮਾਂ ਕਾਰਾਂ ਲਈ ਬਹੁਤ ਘੱਟ ਪੂੰਜੀ ਬਚਦੀ ਹੈ। ਸੂਬੇ ਦੇ ਜੋ ਕੁੱਲ 88 ਫੀਸਦੀ ਕਿਸਾਨ ਕਰਜ਼ਾਈ ਹਨ ਤਾਂ ਸੀਮਾਂਤ ਕਿਸਾਨਾਂ ਵਿਚ ਇਹ ਕਰਜ਼ਾ 90 ਫੀਸਦੀ ਤਕ ਪਹੁੰਚਿਆ ਹੋਇਆ ਹੈ।

ਜਿਨ੍ਹਾਂ ਕਿਸਾਨਾਂ ਦੀ ਆਮਦਨ ਜ਼ਿਆਦਾ ਹੈ, ਉਨ੍ਹਾਂ ਨੂੰ ਫਸਲਾਂ ਪਾਲਣ ਲਈ ਕਰਜ਼ੇ ਦੀ ਘੱਟ ਜ਼ਰੂਰਤ ਪੈਂਦੀ ਹੈ। ਸੀਮਾਂਤ ਤੇ ਛੋਟੇ ਕਿਸਾਨਾਂ ਸਿਰ ਵੱਡੇ ਕਿਸਾਨਾਂ ਦੇ ਮੁਕਾਬਲੇ 6 ਗੁਣਾ ਜ਼ਿਆਦਾ ਕਰਜ਼ਾ ਹੈ। ਵਿੱਤੀ ਸਾਲ 2012-2013 ਦੌਰਾਨ ਸਰਕਾਰ ਨੇ ਕਿਸਾਨਾਂ ਨੂੰ 7478 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਦਿੱਤੀ। ਇਸ ਵਿਚੋਂ 94 ਫੀਸਦੀ ਹਿੱਸਾ ਦਰਮਿਆਨੇ ਤੇ ਵੱਡੇ ਕਿਸਾਨਾਂ ਦੀਆਂ ਜੇਬਾਂ ਵਿਚ ਹੀ ਚਲਾ ਗਿਆ। ਕੇਂਦਰ ਸਰਕਾਰ ਦੀ ਕਰਜ਼ਾ ਮੁਆਫ਼ੀ ਯੋਜਨਾ ਦਾ ਵੀ ਸੀਮਾਂਤ ਤੇ ਛੋਟੇ ਕਿਸਾਨਾਂ ਨੂੰ ਕੋਈ ਲਾਭ ਨਹੀਂ ਹੋਇਆ। ਕਰਜ਼ਾ ਮੁਆਫ਼ੀ ਵੀ ਸਰਦੇ ਪੁਜਦਿਆਂ ਨੂੰ ਹੀ ਮਿਲੀ। ਮਾਹਰਾਂ ਦਾ ਸੁਝਾਅ ਹੈ ਕਿ ਸਬਸਿਡੀਆਂ ਤੇ ਰਾਹਤਾਂ ਤਰਕਸੰਗਤ ਹੋਣੀਆਂ ਚਾਹੀਦੀਆਂ ਹਨ।

### ਮਾਇਆ ਵਾਲੇ ਹੋਣਗੇ 'ਮਹਾਨ'

ਪੰਜਾਬ ਸਰਕਾਰ ਪੈਸੇ ਵਾਲਿਆਂ ਨੂੰ 'ਮਹਾਨ' ਬਣਾਉਣ ਦੇ ਰਾਹ ਤੁਰ ਪਈ ਹੈ। ਅਮੀਰ ਲੋਕਾਂ ਲਈ ਸ਼ੁਰੂ ਕੀਤੀ ਸਕੀਮ ਤਹਿਤ ਹਸਪਤਾਲਾਂ ਦੇ ਨਾਂ ਉਨ੍ਹਾਂ ਲੋਕਾਂ ਦੇ ਨਾਂ 'ਤੇ ਰੱਖ ਦਿੱਤੇ ਜਾਇਆ ਕਰਨਗੇ, ਜੋ ਸਿਹਤ ਵਿਭਾਗ ਨੂੰ 'ਰੁੱਗ ਭਰਵੀਂ' ਮਾਇਆ ਦੇਣਗੇ। ਹੈਲਥ ਸਿਸਟਮ ਕਾਰਪੋਰੇਸ਼ਨ ਵਲੋਂ ਵੈੱਬਸਾਈਟ 'ਤੇ ਆਮ ਲੋਕਾਂ ਦੇ ਨਾਂ 'ਤੇ ਅਪੀਲ ਪਾਈ ਗਈ ਹੈ।

ਇਸ ਤੋਂ ਪਹਿਲਾਂ ਸਰਕਾਰ ਦੇ ਸਿਖਿਆ ਵਿਭਾਗ ਦੀ 'ਮਾਇਆ ਵਾਲੇ' ਲੋਕਾਂ ਦੇ ਨਾਂ 'ਤੇ ਸਕੂਲ ਦਾ ਨਾਂ ਰੱਖਣ ਦੀ ਸਕੀਮ ਵਿਵਾਦਾਂ ਵਿਚ ਘਿਰਨ ਤੋਂ ਬਾਅਦ ਠੁੱਸ ਹੋ ਕੇ ਰਹਿ ਗਈ ਸੀ। ਇਸ ਸਕੀਮ ਵਿਚ ਜ਼ਿਲ੍ਹਾ ਹਸਪਤਾਲਾਂ ਦੇ ਮੁੱਖ ਗੇਟ 'ਤੇ ਆਪਣਾ ਨਾਂ ਲਿਖਵਾਉਣ ਲਈ ਭਾਅ ਅੱਠ ਕਰੋੜ ਰੁਪਏ ਰੱਖਿਆ ਹੈ। ਸਬ ਡਿਵੀਜ਼ਨਲ ਹਸਪਤਾਲ ਦੇ ਮੁੱਖ ਗੇਟ 'ਤੇ ਆਪਣੇ ਨਾਂ ਦਾ ਪੱਥਰ 'ਤੇ ਲਿਖਵਾਉਣ ਦੀ ਫੀਸ ਚਾਰ ਕਰੋੜ ਰੁਪਏ ਅਤੇ ਕਮਿਊਨਿਟੀ ਹੈਲਥ ਸੈਂਟਰਾਂ ਵਾਸਤੇ ਦੋ ਕਰੋੜ ਰੁਪਏ ਰੱਖੀ ਗਈ ਹੈ। ਹਸਪਤਾਲ ਦੀ ਸਰਾਏ ਅੱਗੇ ਆਪਣੇ ਨਾਂ ਦਾ ਪੱਥਰ ਲਗਵਾਉਣ ਦਾ ਭਾਅ ਇਕ ਕਰੋੜ ਰੁਪਏ ਮੁਕਰਰ ਕੀਤਾ ਗਿਆ ਹੈ। ਚੱਲਦੀ ਫਿਰਦੀ ਐਂਬੂਲੈਂਸ 108 'ਤੇ ਆਪਣਾ ਨਾਂ ਦਰਜ ਕਰਾਉਣ ਦੀ ਫੀਸ 25.42 ਲੱਖ ਰੁਪਏ ਮਾਸਿਕ ਰੱਖੀ ਗਈ ਹੈ। ਹਸਪਤਾਲਾਂ ਵਿਚ ਲੱਗੇ ਕੂਲਰਾਂ, ਏ.ਸੀ., ਅਤੇ ਫਰਨੀਚਰ ਸਮੇਤ ਅਲਮਾਰੀਆਂ ਆਦਿ 'ਤੇ ਆਪਣਾ ਨਾਂ ਕੇਵਲ 25 ਹਜ਼ਾਰ ਰੁਪਏ ਦੇ ਕੇ ਲਿਖਵਾਇਆ ਜਾ ਸਕਦਾ ਹੈ। ਹੋਰ ਤਾਂ ਹੋਰ ਹਸਪਤਾਲਾਂ ਵਿਚ ਬਣੇ ਪਾਰਕ ਵੀ ਪੈਸੇ ਵਾਲਿਆਂ ਦੇ ਨਾਂ ਹੋ ਸਕਣਗੇ। ਜ਼ਿਲ੍ਹਾ ਹਸਪਤਾਲਾਂ ਦੇ ਪਾਰਕਾਂ ਲਈ ਭਾਅ ਪੰਜ ਕਰੋੜ ਰੁਪਏ, ਸਬ ਡਿਵੀਜ਼ਨਲ ਹਸਪਤਾਲਾਂ ਦੇ ਲਾਅਨ ਲਈ ਤਿੰਨ ਕਰੋੜ ਰੁਪਏ ਅਤੇ ਕਮਿਊਨਿਟੀ ਹੈਲਥ ਸੈਂਟਰਾਂ ਦੀਆਂ ਥਾਵਾਂ ਦਾ ਭਾਅ ਇਕ ਕਰੋੜ ਰੁਪਏ ਰੱਖਿਆ ਗਿਆ ਹੈ। ਪੱਥਰ 'ਤੇ ਨਾਂ ਹਮੇਸ਼ਾਂ ਲਈ ਲਿਖਿਆ ਜਾਵੇਗਾ। ਪਹਿਲਾਂ ਇਹ ਅਪੀਲ ਭਾਵੇਂ ਪਰਵਾਸੀ ਭਾਰਤੀਆਂ ਦੇ ਨਾਂ ਜਾਰੀ ਕੀਤੀ ਗਈ ਸੀ ਪਰ ਬਾਅਦ ਵਿਚ ਆਮ ਲੋਕਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਹੈ। ਕਾਰਪੋਰੇਸ਼ਨ ਨੂੰ ਇਸ ਸਕੀਮ ਨਾਲ ਵਿੱਤੀ ਸੰਕਟ ਕਾਫ਼ੀ ਪੱਧਰ ਤਕ ਹੱਲ ਹੋ ਜਾਣ ਦੀ ਆਸ ਹੈ।

### ਹਰਸਿਮਰਤ ਦੀ ਫੋਟੋ ਕਾਰਨ ਬਾਦਲ ਪਰਿਵਾਰ ਅਤੇ ਮਜੀਠੀਆ ਮੀਡੀਆ ਸਲਾਹਕਾਰ ਤੋਂ ਨਾਰਾਜ਼

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਮੀਡੀਆ ਸਲਾਹਕਾਰ ਹਰਚਰਨ ਸਿੰਘ ਬੈਂਸ ਨੇ ਬਾਦਲ ਪਰਿਵਾਰ ਅਤੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਨਾਰਾਜ਼ਗੀ ਸਹੇੜ ਲਈ ਹੈ। ਇਸ ਨਾਰਾਜ਼ਗੀ ਦਾ ਆਧਾਰ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਵਲੋਂ ਪ੍ਰਕਾਸ਼ਤ ਕੀਤੇ ਜਾਂਦੇ ਤ੍ਰੈ ਭਾਸ਼ੀ ਮੈਗਜ਼ੀਨ 'ਐਡਵਾਂਸ' ਤੇ 'ਜਾਗ੍ਰਤੀ' ਵਿਚ ਸ੍ਰੀਮਤੀ ਬਾਦਲ ਦੀਆਂ ਤਸਵੀਰਾਂ ਹਨ। ਵਿਭਾਗ ਵਲੋਂ ਅਪਰੈਲ ਦੇ ਅੰਕ ਦੇ ਟਾਈਟਲ ਪੰਨੇ 'ਤੇ ਹਰਸਿਮਰਤ ਕੌਰ ਬਾਦਲ ਦੀ ਤਸਵੀਰ ਛਾਪ ਕੇ ਨਾਲ ਹੀ ਭਾਈ ਵੀਰ ਸਿੰਘ ਦੀ ਕਵਿਤਾ ਦੀ ਤੁਕ "ਅਸਾਂ ਹੱਟ ਮਹਿਕ ਦੀ ਲਾਈ" ਵੀ ਲਿਖੀ ਹੋਈ ਸੀ। ਵਿਭਾਗ ਵਲੋਂ ਇਹ ਮੈਗਜ਼ੀਨ ਜਿਵੇਂ ਹੀ ਲੋਕਾਂ ਦੇ ਹੱਥਾਂ ਵਿਚ ਪਹੁੰਚਾਇਆ ਗਿਆ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਦੀਆਂ ਫੋਟੋਆਂ ਦੇਖ ਕੇ ਵਿਭਾਗ ਦੀਆਂ ਤਾਰੀਫ਼ਾਂ ਘੱਟ ਅਤੇ ਆਲੋਚਨਾ ਜ਼ਿਆਦਾ ਹੋਈ। ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਨੇ ਖ਼ੁਦ ਵੀ ਮਨਾਇਆ। ਬਾਦਲ ਜੋੜੀ ਅਤੇ ਬਿਕਰਮ ਮਜੀਠੀਆ ਨੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਸ੍ਰੀ ਬੈਂਸ ਦੀ ਜਵਾਬਤਲਬੀ ਕੀਤੀ ਪਰ ਉਹ ਕੋਈ ਤਸੱਲੀਬਖ਼ਸ਼ ਜਵਾਬ ਨਾ ਦੇ ਸਕੇ।

ਸੂਚਨਾ ਅਤੇ ਲੋਕ ਸੰਪਰਕ ਵਿਭਾਗ ਨੇ ਇਸ ਵਿਸ਼ੇਸ਼ ਅੰਕ ਦੀਆਂ ਕਾਪੀਆਂ ਵਿਭਾਗ ਦੇ ਪ੍ਰਮੁੱਖ ਸਕੱਤਰ ਨਵਰੀਤ ਸਿੰਘ ਕੰਗ ਨੂੰ ਵੀ ਨਹੀਂ ਦਿਖਾਈਆਂ ਸਨ। ਬਿਕਰਮ ਮਜੀਠੀਆ ਨੇ ਆਪਣੇ ਵਿਭਾਗ ਦੇ ਅਧਿਕਾਰੀਆਂ ਦੀ ਜਵਾਬਤਲਬੀ ਕੀਤੀ ਤਾਂ ਇਹ ਮਾਮਲਾ ਸਾਹਮਣੇ ਆਇਆ ਕਿ ਸ੍ਰੀਮਤੀ ਬਾਦਲ ਦੀਆਂ ਫੋਟੋਆਂ ਹਰਚਰਨ ਬੈਂਸ ਦੀ ਮਨਜ਼ੂਰੀ ਨਾਲ ਛਾਪੀਆਂ ਗਈਆਂ ਹਨ। ਹੋਰ ਤਾਂ ਹੋਰ ਇਹ ਮੈਗਜ਼ੀਨ ਵਿਭਾਗ ਵਲੋਂ ਵਿਸ਼ੇਸ਼ ਤੌਰ 'ਤੇ ਸਮੂਹ ਅਧਿਕਾਰੀਆਂ, ਪੱਤਰਕਾਰਾਂ ਅਤੇ ਰਾਜਸੀ ਵਿਅਕਤੀਆਂ ਦੇ ਘਰਾਂ ਵਿਚ ਪਹੁੰਚਾਇਆ ਗਿਆ। ਬਾਦਲ ਪਰਿਵਾਰ ਅਤੇ ਮਜੀਠੀਆ ਨੂੰ ਵਿਭਾਗ ਦੀ ਇਹ ਹਰਕਤ ਪਸੰਦ ਨਾ ਆਈ। ਮੈਗਜ਼ੀਨ ਦੇਖਣ ਤੋਂ ਬਾਅਦ ਉਨ੍ਹਾਂ ਵਿਭਾਗ ਦੀ ਜਵਾਬਤਲਬੀ ਕੀਤੀ। ਸ੍ਰੀ ਬੈਂਸ ਇਸ ਮੈਗਜ਼ੀਨ ਦੇ ਐਡੀਟਰ ਇਨ ਚੀਫ਼ ਵੀ ਹਨ, ਇਸ ਲਈ ਬਾਦਲ ਪਰਿਵਾਰ ਦਾ ਬੈਂਸ ਨਾਲ ਨਾਰਾਜ਼ ਹੋਣਾ ਸੁਭਾਵਕ ਹੈ। ਫੋਟੋਆਂ ਨਾਲ ਸ੍ਰੀਮਤੀ ਬਾਦਲ ਬਾਰੇ ਲੇਖ ਵੀ ਲਿਖਿਆ ਗਿਆ, ਇਹ ਵੀ ਬਾਦਲ ਪਰਿਵਾਰ ਨੂੰ ਜ਼ਿਆਦਾ ਪਸੰਦ ਨਹੀਂ ਆਇਆ। ਉਚ ਪੱਧਰੀ ਸੂਤਰਾਂ ਮੁਤਾਬਕ ਸ੍ਰੀ ਮਜੀਠੀਆ ਨੇ ਹੁਣ ਸ੍ਰੀ ਬੈਂਸ ਤੋਂ ਮੈਗਜ਼ੀਨ ਦਾ ਕੰਮ ਅਗਲੇ ਹੁਕਮਾਂ ਤਕ ਵਾਪਸ ਲੈ ਲਿਆ ਹੈ। ਮੈਗਜ਼ੀਨ ਦਾ ਕੰਮ ਹੁਣ ਡਾਇਰੈਕਟਰ ਸੂਚਨਾ ਤੇ ਲੋਕ ਸੰਪਰਕ ਅਸ਼ਵਨੀ ਸ਼ਰਮਾ ਅਤੇ ਪੰਜਾਬੀ ਤੇ ਹਿੰਦੀ ਐਡੀਸ਼ਨਾਂ ਦੇ ਡਿਪਟੀ ਐਡੀਟਰਾਂ ਵਲੋਂ ਦੇਖਿਆ ਜਾਵੇਗਾ।



ਸ੍ਰੀ ਮਜੀਠੀਆ ਨੇ ਤਿੰਨਾਂ ਵਿਅਕਤੀਆਂ ਨੂੰ ਮੈਗਜ਼ੀਨ ਦਾ ਕੰਮ ਦਿੱਤੇ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਮੈਗਜ਼ੀਨ ਲਈ ਮੁੱਖ ਸੰਪਾਦਕ ਦੀ ਭਰਤੀ ਜਲਦੀ ਹੀ ਅੰਗਰੇਜ਼ੀ ਅੰਕ ਦੇ ਹੁਣ ਤਕ ਦੋ ਡਿਪਟੀ ਐਡੀਟਰ ਨੌਕਰੀ ਛੱਡ ਚੁੱਕੇ ਹਨ। ਪਹਿਲਾਂ ਏ.ਐਸ. ਪਰਾਸ਼ਰ ਨੇ ਐਡੀਟਰ ਅਤੇ ਹੁਣ ਸ਼ਰੂਤੀ ਸੇਠੀਆ ਛਾਬੜਾ ਨੇ ਡਿਪਟੀ ਐਡੀਟਰ ਦੀ ਨੌਕਰੀ ਛੱਡੀ ਹੈ। ਇਹ ਵੀ ਦੇਖਿਆ ਗਿਆ ਹੈ ਕਿ ਮੈਗਜ਼ੀਨ ਵਿਚ ਸਰਕਾਰ ਦੀਆਂ ਪ੍ਰਾਪਤੀਆਂ ਘੱਟ ਅਤੇ ਬਾਦਲ ਪਰਿਵਾਰ ਦੀ ਖ਼ੁਸ਼ਾਮਦ ਕਰਨ ਵਾਲੇ ਲੇਖ ਜ਼ਿਆਦਾ ਪ੍ਰਕਾਸ਼ਤ ਹੁੰਦੇ ਹਨ। ਮੈਗਜ਼ੀਨ ਦੀ ਸਮੁੱਚੀ ਸਮੱਗਰੀ ਦੀ ਚੋਣ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਵਲੋਂ ਹੀ ਕੀਤੀ ਜਾਂਦੀ ਹੈ। ਮੁੱਖ ਮੰਤਰੀ ਦੇ ਮੀਡੀਆ ਤੇ ਕੌਮੀ ਮਸਲਿਆਂ ਦੇ ਸਲਾਹਕਾਰ ਹਰਚਰਨ ਸਿੰਘ ਬੈਂਸ ਨੇ ਕਿਹਾ, "ਐਡਵਾਂਸ ਤੇ ਜਾਗ੍ਰਤੀ ਮੈਗਜ਼ੀਨ ਵਿਚ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਦੀਆਂ ਫੋਟੋਆਂ ਪ੍ਰਕਾਸ਼ਤ ਹੋਣ ਤੋਂ ਬਾਅਦ ਫੋਟੋਆਂ ਦੀ ਚੋਣ ਬਾਰੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਮੇਰੇ ਨਾਲ ਗੱਲ ਜ਼ਰੂਰ ਕੀਤੀ ਸੀ। ਇਸ ਵਿਚ ਨਾਰਾਜ਼ਗੀ ਵਾਲੀ ਕੋਈ ਗੱਲ ਨਹੀਂ ਹੈ।"

# ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7' x 12' ONLY 00.50 ¢/SQ FT
CARPET REM OVER 7' x 12' ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8" 3.99 / SF (4,000 SF IN STOCK)

SUPER BLOWOUT SALE!

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5" x 13.5" 1.29/SF (8870 IN STOCK) 2 COLORS TO CHOOSE
PORCELEIN TILE 13" x 13" 1.79/ SF (20,239 SF IN STOCK) 4 COLORS TO CHOOSE

CALL BALBIR SINGH JAGGI
780 435 9410
Fax: 780 435 2596



# ROCKY'S PIZZA

Phone 780-423-2323
4227 - 23 Ave Edmonton, AB T6L 5Z8

Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday

ROCKY'S PIZZA
PACKS A LOT OF PUNCH!!
780 423 2323



# Lunch & Dinner Buffet



7 days a week starting from
$11.00
Bring in this ad and receive 10% off of next order
(expires Jan 31, 2012)



ALL INDIA
RESTAURANT & SWEETS
780-463-7770 • 4249 - 23 Ave Edmonton, AB T6L 5Z8 • www.allindiarestaurant.ca

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ





## A-WIN: MAKING LIFE EASY

Who We Are

Western Canada's

Biggest Brokers Team, designed to serve Canadians' with solutions for your personal and professional insurance needs.

When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

Quick Quotes When You Need Them



What we Offer

- Home / Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY

Discounts up to 60%

Payment Options available

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

We Provide Services In English, Punjabi, Hindi & Urdu

Edmonton: 780-465-6900

ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਕੁਹਾੜ, ਰਮਨ ਗਿੱਲ, ਰਾਜਬੀਰ ਸਿੰਘ

Calgary: 403-775-2100

ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

## ADVANCED Roofing Systems Ltd.

RESIDENTIAL COMMERCIAL

Residential/Commercial Insurance Claims • Asphalt & Specialty Shingles • Siding, Soffits,Fascia • 2 Ply Membranes (SBS) • Cedar Shakes New & Re-Roof Specialists • Condominums Welcome • Steep Roofs Welcome Licaenced & Insured • Pine Shake Replacement • Roof Top Snow removel • FREE Estimates


Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

## Gurkeerat Holding Ltd.



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

## G DRIVING SCHOOL LTD.

Authorised teach Certification Course


Gurcharan Singh Garcha (M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu



Male & Female Instructors are available | VEHICLE PROVIDE FOR ROAD TEST | Free Pickup & Drop Off in Edmonton & Area

9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

## PIZZA 99


ਪਰਮਜੀਤ ਸਿੰਘ ਬਾਠ

Serving for over 16 years



Call (780) 450-9900

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

www.pizza99.com

FREE DELIVERY Millwoods ONLY

Buy any Pizza at regular price & get Second Pizza of equal or less value Free or Chicken wings Free and 3rd Pizza Half Price.

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE 1543 Millwoods Road East, Edmonton AB.

## Sidhu Stucco Ltd.

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।

Stucco is a versatile, beautiful, durable and fire resistant cladding.


Harinder Dhaliwal

All kind of Stucco
Acrylic & Rain Screen (780) 297-9165

## Red Deer Econo Lodge Inn & Suites

EconoLodge BY CHOICE HOTELS

www.choicehotels.com

Reservations 1-877-424-6423



403-346-4188
Cell: 403-505-4188
Email: econolodgereddeer@shaw.ca


Varinder Sidhu
President

37433 Highway 2 South, East Side Gasoline Alley
Red Deer, Alberta T4E 1B3

## $299,900

Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨਾਂਨਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ
FINANCING AVAILABLE
No Down Payment, No Problem
Call Rennie @ 780-966-1688
rennie1688@gmail.com

# Canadian Mosaic Artist Association of Edmonton

presents

# ਪੰਜਾਬੀ ਡੇਅ
# Punjabi Day
## IN EDMONTON 2013

on Sunday 28th July 2013
Time: 11:30AM

Venue: Maharaja Banquet Hall
9257 34A Ave
Edmonton AB
T6E 5P2

**MEGA SPONSORS**

Fancy Door & Mouldings, Durabuilt Windows & Doors, Harvey Panesar (Running for Councillor Ward#11), A J Tires & Repiars Ltd (Raj Gill), Laddi Padda (Professional Realty ), Jackson Kitchen Cabinet (Laddi Soosawala), Malcanix Repair Service (Gurdeep Johal ), Boss Liqour (Gagan Vidhu), Mani Bagga, M & P Trucking, Amar Trucking, Anand Carpentry Ltd, Julandhar Singh, JHL Carpentry, People Trucking, G Driving School, Shaan Trucking, Zytic Building Inc, Prominent Homes

## ਤੁਹਾਡੇ ਆਪਣੇ ਸ਼ਹਿਰ ਦੇ ਆਪਣੇ ਕਲਾਕਾਰ






Laddi Soosawala — Song Writer
Lucky Diwana — Song Writer & Actor
Baljit Singh Kalsi — Music Director
Devinder Singh Virdi — Video Editor
Satbir Banning — Singer
Raj Kamal — Gitarist
Lajpat Rai Sethi — Sufi Singer
Bittu Ustad — (Dholi)
Jarnail Khaira — Song Writer
Joban Dhillon — Singer

**GOLD SPONSORS** Amnor Group Inc., Sundeep Furniture, Pabla's Tax Services, Optimum Immigration Group, Bali Rai Trucking, Millwood Meat Shop, Millwoods Renovation, S.S.B Pvt Ltd (Sunil Gujral), Sidhu Brother Trucking, Royal Executive Homes, Jass Longowal, Sunny Velly Home, Pro Best Pluming, A One Truss, Alta Windows, City View, Classic Kitchen, Best Fork Interior, Payless Wholesale, State Farm Insurance (Anjandeep Kaur), Jas Transport, CJN Trucking, Gonni Holding, Edmonton Tire & Lube, Nona Transport, VLG Law Office (Gurpreet Gill), Punjab Sweets & Restaurant.

**SILVER SPONSORS:** Luthra Law Group, Nona Transport, Pediatric Clinic ( Dr J Brar ), Speed Way Renovation, Citizen Tiles, Mukesh Kakar, Natural Weight Loss (Veerpal Maan), Mr Samosa Hut, Flora Designer, Dave Purewal, Satinder Mali, A City Limo, Anjali Aggarwal, Aman Dhanju, Sunny Sidhu, Ritu Bagga, Aman Gill.

SPECIAL THANKS TO:

PTC PUNJABI

Radio South Asian | Des Pardes Times | Radio Sur Sangam | Lok Awaaz
Radio Des Punjab | Watan TV | Nawi Dunia | Des Videsh Times
Asian Vision | Asian Times | Asian Tribune | Radio Sur Sagar | AB4U

Bhangra Performance by:
Punjabi Heritage Foundation
Punjabi Folk Dance Academy

FOR MORE INFO CALL: 780-267-7740, (780) 893-6262

# ਪੰਜਾਬੀ ਲਿਖ਼ਾਰੀ ਸਭਾ ਦੀ ਮੀਟਿੰਗ ਵਿਚ ਬਿਖਰੇ ਸਾਹਿਤਕ ਰੰਗ

ਕੈਲਗਰੀ : (ਨਦਬ) ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਦੀ ਮੀਟਿੰਗ ਕੋਸੋ ਹਾਲ ਕੈਲਗਰੀ ਵਿਚ ਹੋਈ। ਜਨਰਲ ਸਕੱਤਰ ਬਲਜਿੰਦਰ ਸੰਘਾ ਨੇ ਸਭਾ ਦੇ ਪ੍ਰਧਾਨ ਮਹਿੰਦਰਪਾਲ ਸਿੰਘ ਪਾਲ, ਸਕੱਤਰ ਸੁਖਪਾਲ ਅਤੇ ਇੰਡੀਆ ਤੋਂ ਪਹੁੰਚੇ ਹਰਕੇਸ਼ ਚੌਧਰੀ ਨੂੰ ਪ੍ਰਧਾਨਗੀ ਮੰਡਲ ਵਿਚ ਬੈਠਣ ਦਾ ਸੱਦਾ ਦਿੱਤਾ। ਸਭਾ ਦੇ ਬਾਨੀ ਇਕਬਾਲ ਅਰਪਨ ਬਾਰੇ ਸੰਖੇਪ ਜਾਣਕਾਰੀ ਦਿੰਦਿਆ ਉਨਾਂ ਆਖਿਆ ਕਿ ਬੇਸ਼ਕ ਉਹ ਕੁਝ ਸਾਲ ਪਹਿਲਾਂ ਇਸ ਦੁਨੀਆਂ ਤੋਂ ਸਰੀਰਕ ਤੌਰ 'ਤੇ ਨਹੀਂ ਰਹੇ ਪਰ ਸਭਾ ਉਨ੍ਹਾਂ ਦੀ ਸੋਚ 'ਤੇ ਚੱਲਦਿਆਂ ਨਾ ਤਾਂ ਵਾਧੂ ਫੰਡ ਇਕੱਠਾ ਕਰਦੀ ਹੈ, ਨਾ ਕਿਸੇ ਇਕ ਬੰਦੇ ਦਾ ਸਭਾ 'ਤੇ ਕਬਜ਼ਾ ਹੈ ਅਤੇ ਹਰੇਕ ਦੋ ਸਾਲ ਬਾਅਦ ਨਵੀਂ ਕਾਰਜਕਾਰੀ ਕਮੇਟੀ ਦੀ ਚੋਣ ਕੀਤੀ ਜਾਂਦੀ ਹੈ। ਉਨ੍ਹਾਂ ਇਕਬਾਲ ਅਰਪਨ ਦੀ ਕਵਿਤਾ 'ਹਥਿਆਰ' ਸਾਂਝੀ ਕੀਤੀ ਅਤੇ ਨਾਲ ਹੀ ਨੌਜਵਾਨ ਕਹਾਣੀਕਾਰ ਦਵਿੰਦਰ ਮਲਹਾਂਸ ਨੂੰ ਕਾਰਜਕਾਰੀ ਕਮੇਟੀ ਵਿਚ ਸ਼ਾਮਲ ਹੋਣ 'ਤੇ ਵਧਾਈ ਦਿੱਤੀ। ਸਾਹਿਤਕ ਰੰਗਾਂ ਦੀ ਸ਼ੁਰੂਆਤ ਸਭਾ ਦੇ ਖਜ਼ਾਨਚੀ ਬਲਵੀਰ ਗੋਰੇ ਨੇ ਆਪਣੇ ਗੀਤ 'ਸੱਥ ਵਿਚ ਬੈਠੇ ਬਾਬੇ ਇੰਜ ਵਿਚਾਰਾਂ ਕਰਦੇ ਨੇ' ਨਾਲ ਕੀਤੀ। ਮਹਿੰਦਰਪਾਲ ਸਿੰਘ ਪਾਲ ਨੇ 14ਵੇਂ ਸਾਲਾਨਾ ਸਮਾਗਮ ਦੀ ਸਫਲਤਾ ਲਈ ਸਭ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਆਪਣੇ ਮਰਹੂਮ ਪਿਤਾ ਅਤੇ ਪ੍ਰਸਿੱਧ ਲੇਖਕ ਬਿਸ਼ੰਭਰ ਸਿੰਘ ਸਾਕੀ ਦੀ ਰਚਨਾ ਪੇਸ਼ ਕੀਤੀ। ਉਨ੍ਹਾਂ ਸਭਾ ਦੀਆਂ ਮੈਂਬਰ ਸਿਮਰ ਕੌਰ ਚੀਮਾ, ਸੁਰਿੰਦਰ ਕੌਰ ਚੀਮਾ ਅਤੇ ਹਰਮਿੰਦਰ ਕੌਰ ਢਿੱਲੋਂ ਦਾ ਸਭਾ ਵਿਚ ਵਲੰਟੀਅਰ ਕੰਮਾਂ ਵਾਸਤੇ ਅਤੇ ਚਿੱਤਰਕਾਰ ਹਰਪ੍ਰਕਾਸ਼ ਜ਼ਨਾਗਲ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਭਾ ਦੇ ਮੀਤ ਪ੍ਰਧਾਨ ਹਰੀਪਾਲ ਨੇ ਕਹਾਣੀ 'ਐਮਰਜੰਸੀ' ਸੁਣਾਈ। ਪ੍ਰੋ. ਮਨਜੀਤ ਸਿੰਘ ਸਿੱਧੂ ਨੇ ਸਤਪਾਲ ਡਾਂਗ ਨੂੰ ਸ਼ਰਧਾਂਜਲੀ ਭੇਟ ਕੀਤੀ। ਜਸਵੰਤ ਸਿੰਘ ਗਿੱਲ ਨੇ ਦੱਸਿਆ ਕਿ ਸਤਪਾਲ ਡਾਂਗ ਨੇ ਮੰਤਰੀ ਹੋਣ ਦੇ ਬਾਵਜੂਦ ਆਪਣਾ ਘਰ ਨਹੀਂ ਬਣਾਇਆ ਅਤੇ ਨਾ ਹੀ ਬੈਂਕ ਅਕਾਊਂਟ ਖੁਲਵਾਇਆ। ਗੁਰਬਚਨ ਬਰਾੜ ਨੇ ਗ਼ਦਰੀ ਯੋਧਿਆਂ ਬਾਰੇ ਵਿਚਾਰ ਸਾਂਝੇ ਕੀਤੇ। ਹਰਕੇਸ਼ ਚੌਧਰੀ ਨੇ ਗ਼ਦਰੀ ਯੋਧਿਆਂ ਦੀ ਸੋਚ ਬਾਰੇ ਅਣਮੁੱਲੇ ਵਿਚਾਰ ਪੇਸ਼ ਕੀਤੇ। ਸੁਰਿੰਦਰ ਸ਼ਰਮਾ ਨੇ ਹੋਰ ਵਿਚਾਰਾਂ ਨਾਲ 'ਪੰਜੋ ਪੰਜਾਬਣ' ਕਵਿਤਾ ਰਾਹੀਂ ਸੰਜੀਦਗੀ ਅਤੇ ਪੇਸ਼ਕਾਰੀ ਦਾ ਲੋਹਾ ਮਨਵਾਇਆ। ਸਭਾ ਵਲੋਂ ਇੰਡੀਆ ਤੋਂ ਪਹੁੰਚੇ ਇਨ੍ਹਾਂ ਸੱਜਣਾ ਨੂੰ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਲਈ ਸਭਾ ਦੀਆਂ ਕਿਤਾਬਾਂ ਦਾ ਸੈੱਟ ਸਭਾ ਦੇ ਪ੍ਰਧਾਨ ਮਹਿੰਦਰਪਾਲ ਸਿੰਘ ਪਾਲ, ਜਨਰਲ ਸਕੱਤਰ ਬਲਜਿੰਦਰ ਸੰਘਾ ਅਤੇ ਸਕੱਤਰ ਸੁਖਪਾਲ ਪਰਮਾਰ ਵਲੋਂ ਭੇਟ ਕੀਤਾ ਗਿਆ। ਤਰਲੋਚਨ ਸੈਂਭੀ ਅਤੇ ਬਲਵੀਰ ਗੋਰੇ ਦੁਆਰਾ ਸੈਂਭੀ ਦੀ ਰਚਨਾ ਅਤੇ ਕਨੇਡਾ ਦੀਆਂ ਸਮੱਸਿਆਵਾਂ ਬਾਰੇ ਲਿਖੀ ਕਵੀਸ਼ਰੀ ਨੂੰ ਸਭ ਨੇ ਸਰਾਹਿਆ। ਜੋਗਿੰਦਰ ਸਿੰਘ ਸੰਘਾ ਨੇ 'ਫਾਦਰਜ਼ ਡੇ' ਨਾਲ ਸਬੰਧਤ ਕਹਾਣੀ ਸੁਣਾਈ। ਰਵੀ ਜਨਾਗਲ ਨੇ ਸੰਤ ਰਾਮ ਉਦਾਸੀ ਦਾ ਗੀਤ 'ਮੱਘਦਾ ਰਹੀਂ ਵੇ ਸੂਰਜਾ' ਤਰੰਨਮ ਵਿਚ ਸੁਣਾਇਆ। ਮੰਗਲ ਚੱਠਾ ਨੇ ਚੁਰਾਸੀ ਦੇ ਨਿਰਦੋਸ਼ ਲੋਕਾਂ ਦੇ ਕਤਲ ਨੂੰ ਸਿਆਸਤ ਦੀ ਖੇਡ ਬਿਆਨ ਕਰਦੀ ਆਪਣੀ ਕਵਿਤਾ ਸਾਂਝੀ ਕੀਤੀ। ਰਣਜੀਤ ਲਾਡੀ ਗੋਬਿੰਦਪੁਰੀ ਨੇ ਗੁਰਭਜਨ ਗਿੱਲ ਦੀ ਕਵਿਤਾ 'ਕੈਨੇਡਾ ਸੁਣਾਈ। ਜਸਵੰਤ ਸਿੰਘ ਸੇਖੋਂ ਨੇ ਕਵੀਸ਼ਰੀ ਸੁਣਾਈ। ਜ਼ੋਰਾਵਰ ਸਿੰਘ ਬਾਂਸਲ ਕਹਾਣੀਕਾਰ, ਇਰਨਪ੍ਰੀਤ ਸਿੰਘ, ਹਰਮਿੰਦਰ ਕੌਰ ਢਿੱਲੋਂ, ਰਾਜਿੰਦਰਪਾਲ ਸਿੰਘ ਹੁੰਦਲ, ਸਰਪੰਚ ਸਰਬਣ ਸਿੰਘ ਸੰਧੂ, ਕਹਾਣੀਕਾਰ ਦਵਿੰਦਰ ਮਲਹਾਂਸ, ਸੁਰਜੀਤ ਸਿੰਘ ਪੰਨੂ, ਮਨਜੀਤ ਬਰਾੜ, ਹਰਚਰਨ ਕੌਰ ਬਾਸੀ, ਬੀਜਾ ਰਾਮ ਨੇ ਵੀ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਵਾਈ। ਮੀਟਿੰਗ ਵਿਚ ਬਲਦੇਵ ਸਿੰਘ ਕੰਗ, ਡਾ.ਮਹਿੰਦਰ ਸਿੰਘ ਹੱਲਣ, ਹਰਦੀਪ ਕੌਰ, ਸੁਰਜੀਤ ਸਿੰਘ ਹੇਅਰ, ਜਰਨੈਲ ਸਿੰਘ ਤੱਗੜ, ਪੈਰੀ ਮਾਹਲ, ਮਾ. ਭਜਨ ਸਿੰਘ ਗਿੱਲ, ਪਵਨਦੀਪ ਬਾਂਸਲ, ਮਹਿਕ ਬਾਂਸਲ, ਇੰਜ. ਗੁਰਦਿਆਲ ਸਿੰਘ ਖਹਿਰਾ, ਗੁਪਾਲ ਜੱਸਲ, ਹਰਪਾਲ ਸਿੰਘ ਬਾਸੀ ਵੀ ਹਾਜ਼ਰ ਸਨ।



## ਸ.ਫ਼ਾ ਇਕ ਤੇ ਤਿੰਨ ਦੀ ਬਾਕੀ

### .... ਕਰਮਚਾਰੀ ਹੜਤਾਲ 'ਤੇ

ਕਨੇਡੀਅਨ ਦੂਤਾਘਰਾਂ ਦੇ ਕਰਮਚਾਰੀਆਂ ਵਲੋਂ ਹੜਤਾਲ 'ਤੇ ਜਾਣ ਨਾਲ ਜਿੱਥੇ ਇਨ੍ਹਾਂ ਅੰਬੈਸੀਆਂ ਦਾ ਕੰਮ-ਕਾਜ ਪ੍ਰਭਾਵਤ ਹੋ ਸਕਦਾ ਹੈ, ਉੱਥੇ ਨਾਲ ਹੀ ਕਨੇਡਾ ਦੇ ਅਕਸ ਨੂੰ ਵੀ ਧੱਕਾ ਲੱਗ ਸਕਦਾ ਹੈ। ਦੇਸ਼ ਦੇ ਵਿਦੇਸ਼ ਮੰਤਰੀ ਜੌਹਨ ਬੇਅਰਡ, ਇਮੀਗਰੇਸ਼ਨ ਮੰਤਰੀ ਜੇਸਨ ਕੈਨੀ ਤੇ ਵਜ਼ੀਰ ਟੋਨੀ ਕਲੇਮੈਂਟ ਸਮੇਤ ਪ੍ਰਭਾਵਸ਼ਾਲੀ ਸਰਕਾਰੀ ਆਗੂ ਵੀ ਇਹ ਹੜਤਾਲ ਖ਼ਤਮ ਕਰਵਾਉਣ 'ਚ ਅਸਫ਼ਲ ਰਹੇ ਹਨ। ਵਿਦੇਸ਼ਾਂ 'ਚ ਤਾਇਨਾਤ 1350 ਵੀਜ਼ਾ ਤੇ ਕੌਂਸਲ ਖਾਨਿਆਂ ਦੇ ਅਧਿਕਾਰੀਆਂ ਵੱਲੋਂ ਕੰਮ ਰੋਕੇ ਜਾਣ ਕਾਰਨ ਕਨੇਡਾ ਦਾ 280 ਅਰਬ ਡਾਲਰ ਦਾ ਸੈਲਾਨੀ ਵਪਾਰ ਪ੍ਰਭਾਵਤ ਹੋਣ ਦਾ ਖਦਸ਼ਾ ਹੈ। ਇਹ ਪ੍ਰਗਟਾਵਾ ਟੂਰਿਜ਼ਮ ਸਨਅਤ ਕਨੇਡਾ ਦੇ ਪ੍ਰਧਾਨ ਡੇਵਿਡ ਗੋਲਡਸਟੇਨ ਨੇ ਕਰਦਿਆਂ ਕਿਹਾ ਕਿ ਹਰ ਸਾਲ ਜੂਨ ਤੋਂ ਸਤੰਬਰ ਤਕ ਕਨੇਡਾ ਆਉਣ ਵਾਲੇ ਸੈਲਾਨੀ ਅਰਬਾਂ ਦਾ ਵਪਾਰ ਕਨੇਡਾ 'ਚ ਕਰਦੇ ਹਨ, ਜਿਸ ਤੋਂ ਦੇਸ਼ ਨੂੰ ਵਾਂਝਾ ਹੋਣਾ ਪੈ ਰਿਹਾ ਹੈ। ਇਸ ਸਮੇਂ ਕਨੇਡਾ ਦੇ ਨਵੀਂ ਦਿੱਲੀ, ਚੰਡੀਗੜ੍ਹ, ਹਾਂਗਕਾਂਗ, ਮੈਕਸੀਕੋ, ਬ੍ਰਾਜ਼ੀਲ, ਸ਼ਿੰਘਈ ਅਤੇ ਮਨੀਲਾ ਸਮੇਤ ਸਭ ਤੋਂ ਵੱਧ ਰੁਝੇਵਿਆਂ ਵਾਲੇ ਵੀਜ਼ਾ ਦਫ਼ਤਰਾਂ 'ਚ ਲੋਕਾਂ ਨੂੰ ਕਨੇਡੀਅਨ ਵੀਜ਼ੇ ਲਈ ਲੰਮੀਆਂ ਉਡੀਕਾਂ ਕਰਨੀਆਂ ਪੈ ਰਹੀਆਂ ਹਨ। ਇਸ ਤੋਂ ਇਲਾਵਾ ਕਨੇਡੀਅਨ ਕਮਿਊਨਿਟੀ ਕਾਲਜਾਂ ਦੀ ਸੰਸਥਾ ਦੇ ਉਪ-ਪ੍ਰਧਾਨ ਪਾਲ ਬਰੇਨਨ ਅਨੁਸਾਰ ਕਨੇਡਾ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ 'ਚ ਭਾਰਤ ਤੋਂ ਪਿਛਲੇ ਚਾਰ ਸਾਲਾਂ 'ਚ 1500 ਤੋਂ ਵੱਧ ਕੇ 4000 ਤਕ ਵਿਦਿਆਰਥੀ ਵੀਜ਼ਾ ਲੈ ਕੇ ਆ ਰਹੇ ਹਨ, ਜਿਸ ਵਿਚ ਮੌਜੂਦਾ ਹੜਤਾਲ ਮਾੜਾ ਪ੍ਰਭਾਵ ਪਾ ਰਹੀ ਹੈ। ਬੀਤੇ ਵਰ੍ਹਿਆਂ ਦੌਰਾਨ 1 ਲੱਖ ਪੰਜ ਹਜ਼ਾਰ ਵਿਦੇਸ਼ੀ ਵਿਦਿਆਰਥੀਆਂ ਨੇ 7.7 ਅਰਬ ਡਾਲਰ ਅਤੇ 81000 ਨੌਕਰੀਆਂ ਰਾਹੀਂ ਕਨੇਡਾ ਦੇ ਅਰਥਚਾਰੇ ਨੂੰ ਚੰਗਾ ਹੁਲਾਰਾ ਦਿੱਤਾ ਸੀ, ਪਰ ਇਸ ਸਮੇਂ ਚੱਲ ਰਹੀ ਹੜਤਾਲ ਜੇਕਰ ਖ਼ਤਮ ਨਹੀਂ ਹੁੰਦੀ, ਤਾਂ ਇਸ ਦਾ ਕਨੇਡਾ ਨੂੰ ਭਾਰੀ ਨੁਕਸਾਨ ਹੋਣ ਦਾ ਖ਼ਦਸ਼ਾ ਹੈ।

### ... ਪੰਚਾਇਤੀ ਚੋਣਾਂ

ਸਰਹੱਦੀ ਜ਼ਿਲ੍ਹਿਆਂ ਵਿੱਚ ਤਾਂ ਪੰਚਾਇਤੀ ਚੋਣਾਂ ਦੌਰਾਨ ਹਿੰਸਾ ਤੇ ਬੂਥਾਂ 'ਤੇ ਕਬਜ਼ੇ ਦੀਆਂ ਕਈ ਘਟਨਾਵਾਂ ਵਾਪਰਨ ਦੀਆਂ ਵੀ ਰਿਪੋਰਟਾਂ ਹਨ। ਤਕਨੀਕੀ ਖਰਾਬੀਆਂ ਤੇ ਮਾਮੂਲੀ ਘਟਨਾਵਾਂ ਕਾਰਨ ਚੋਣ ਕਮਿਸ਼ਨ ਨੇ ਤਿੰਨ ਪੰਚਾਇਤਾਂ ਤੇ 12 ਵਾਰਡਾਂ ਵਿੱਚ ਚੋਣ ਮੁਲਤਵੀ ਕਰ ਦਿੱਤੀ ਹੈ। ਫਿਰੋਜ਼ਪੁਰ ਬਲਾਕ ਦੇ ਪਿੰਡ ਬਸਤੀ ਕਿਸ਼ਨਪੁਰਾ ਵਿੱਚ ਬੈਲਟ ਬਾਕਸ ਵਿੱਚ ਤੇਜ਼ਾਬ ਪਾ ਦਿੱਤਾ ਗਿਆ। ਇਸੇ ਜ਼ਿਲ੍ਹੇ ਦੇ ਪਿੰਡ ਪੱਤੀ ਰਾਜੋਕੀ ਵਿੱਚ ਵੋਟਾਂ ਪੈਣ ਦਾ ਕੰਮ ਖ਼ਤਮ ਹੋਣ ਤੋਂ ਬਾਅਦ ਇੱਕ ਵਿਅਕਤੀ ਪੋਲਿੰਗ ਪਾਰਟੀ ਦਾ ਸਾਮਾਨ ਲੈ ਕੇ ਦੌੜ ਗਿਆ। ਪਿੰਡ ਮੋਹਰਵਾਲੀ ਵਿੱਚ ਪੋਲਿੰਗ ਬੂਥ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਪੁਲੀਸ ਵੱਲੋਂ ਹਵਾਈ ਫਾਇਰ ਕਰਨ 'ਤੇ ਬਦਮਾਸ਼ ਨੱਠ ਗਏ। ਕਈ ਥਾਈਂ ਪੋਲਿੰਗ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਸੂਬੇ ਦੇ ਦੋ ਹਜ਼ਾਰ ਤੋਂ ਵੱਧ ਪਿੰਡਾਂ ਨੇ ਪਹਿਲਾਂ ਹੀ ਆਪਣੇ ਨੁਮਾਇੰਦਿਆਂ ਨੂੰ ਸਹਿਮਤੀ ਨਾਲ ਚੁਣ ਲਿਆ ਸੀ। ਸਿਆਸੀ ਧਿਰਾਂ ਨੇ ਇਨ੍ਹਾਂ ਚੋਣਾਂ ਵਿੱਚ ਭਾਵੇਂ ਸਿੱਧੇ ਤੌਰ 'ਤੇ ਹਿੱਸਾ ਨਹੀਂ ਲਿਆ ਪਰ ਜਮਹੂਰੀਅਤ ਦਾ ਮੁੱਢ ਮੰਨੀਆਂ ਜਾਂਦੀਆਂ ਇਨ੍ਹਾਂ ਚੋਣਾਂ 'ਤੇ ਸਿਆਸਤ ਦਾ ਪਰਛਾਵਾਂ ਬਰਕਰਾਰ ਰਿਹਾ। ਦੋਵੇਂ ਪ੍ਰਮੁੱਖ ਰਾਜਸੀ ਧਿਰਾਂ ਨੇ ਆਪੋ ਆਪਣੇ ਨੁਮਾਇੰਦੇ ਵੱਡੀ ਗਿਣਤੀ ਵਿੱਚ ਜਿੱਤਣ ਦਾ ਦਾਅਵਾ ਕੀਤਾ ਹੈ। ਦੂਜੇ ਪਾਸੇ ਹਾਕਮ ਧਿਰ ਨੇ ਹੂੰਝਾ ਫੇਰ ਜਿੱਤ ਦਾ ਦਾਅਵਾ ਕੀਤਾ ਹੈ। ਪੰਜਾਬ ਦੇ ਵੱਡੇ ਸਿਆਸਤਦਾਨਾਂ ਦੇ ਪਿੰਡ ਵੀ ਇਸ ਵਾਰੀ ਸੁਰਖ਼ੀਆਂ ਵਿੱਚ ਰਹੇ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਪਿੰਡ ਬਾਦਲ ਵਿੱਚ ਅਕਾਲੀਆਂ ਦੇ ਹੀ ਕਈ ਧੜੇ ਉਭਰ ਕੇ ਸਾਹਮਣੇ ਆਏ ਤਾਂ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਪਿੰਡ ਵਿੱਚ ਵੋਟਾਂ ਦੀ ਨਿਲਾਮੀ ਸ਼ਰੇਆਮ ਹੋਈ। ਇਨ੍ਹਾਂ ਚੋਣਾਂ ਨੂੰ ਜਿੱਤਣ ਲਈ ਉਮੀਦਵਾਰਾਂ ਨੇ ਨਸ਼ਿਆਂ ਦੀ ਵਰਤੋਂ ਖੁੱਲ੍ਹ ਕੇ ਵਰਤੋਂ ਕੀਤੀ। ਨਸ਼ਿਆਂ ਦੇ ਰੁਝਾਨ ਨੂੰ ਰੋਕਣ ਲਈ ਪੁਲੀਸ ਤੇ ਸਿਵਲ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਰਿਹਾ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਚਾਇਤੀ ਚੋਣਾਂ ਨੂੰ ਸੂਬੇ ਵਿੱਚ ਹੇਠਲੇ ਪੱਧਰ 'ਤੇ ਜਮਹੂਰੀਅਤ ਦੀ ਜਿੱਤ ਕਰਾਰ ਦਿੱਤਾ। ਇਸੇ ਦੌਰਾਨ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ 'ਤੇ ਪੰਚਾਇਤੀ ਰਾਜ ਸੰਸਥਾਵਾਂ ਦੀ ਚੋਣ ਪ੍ਰਕਿਰਿਆ ਨੂੰ ਦੂਸ਼ਿਤ ਕਰਨ ਦਾ ਦੋਸ਼ ਲਗਾਇਆ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਬਾਦਲ ਸੂਬੇ 'ਚ ਲੋਕਤੰਤਰ ਨੂੰ ਦਬਾਉਣ 'ਚ ਕਾਮਯਾਬ ਰਹੇ ਹਨ।

### .... ਕੇਸ ਦਰਜ

ਵੀਡੀਓ ਅਪਲੋਡ ਕਰਨ ਵਾਲਾ ਬਠਿੰਡਾ ਦੇ ਕਨਕਵਾਲ ਦਾ ਬਲਜਿੰਦਰ ਸਿੰਘ ਹੈ। ਸੂਤਰਾਂ ਅਨੁਸਾਰ ਬਲਜਿੰਦਰ ਸਿੰਘ ਨੂੰ ਮਲੂਕਾ ਨੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਕਰਵਾਇਆ ਸੀ। ਕਾਂਗਰਸ ਨੇ ਇਸ ਘਟਨਾ ਪਿਛੇ ਸਿਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਨਜ਼ਦੀਕੀਆਂ ਦਾ ਹੱਥ ਦੱਸਿਆ ਹੈ। ਪੁਲੀਸ ਨੇ ਲੁਧਿਆਣਾ ਨਿਵਾਸੀ ਗੁਰਵਿੰਦਰ ਸਿੰਘ ਉਰਫ਼ ਬਾਬਾ ਪਨੇਸਰ ਨੂੰ ਸ਼ਿਮਲਾਪੁਰੀ ਸਥਿਤ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰ ਕੇ ਮੁਹਾਲੀ ਅਦਾਲਤ 'ਚ ਪੇਸ਼ ਕਰ ਕੇ 4 ਦਿਨਾਂ ਰਿਮਾਂਡ ਹਾਸਲ ਕਰ ਲਿਆ ਹੈ। ਪੁਲੀਸ ਕੁਝ ਦਿਨਾਂ ਤੋਂ ਬਾਬਾ ਪਨੇਸਰ ਨੂੰ ਉਸ ਦੇ ਮੋਬਾਈਲ ਰਾਹੀਂ ਟਰੇਸ ਕਰ ਰਹੀ ਸੀ। ਪਨੇਸਰ ਨੂੰ ਵੀਡੀਓ ਅਪਲੋਡ ਕਰਨ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਹੈ, ਹਾਲਾਂਕਿ ਪਹਿਲਾਂ ਉਸ ਦਾ ਨਾਂ ਕੁੱਟਮਾਰ ਨਾਲ ਜੋੜਿਆ ਜਾ ਰਿਹਾ ਸੀ।

### ... ਤਿੰਨ ਰੋਜ਼ਾ ਗ਼ਦਰੀ ਮੇਲਾ

'ਪੰਜਾਬੀ ਆਰਟਸ ਐਸੋਸੀਏਸ਼ਨ' ਵਲੋਂ ਪੇਸ਼ 'ਇਕ ਸੁਪਨੇ ਦਾ ਪੋਲੀਟੀਕਲ ਮਰਡਰ' ਨਾਟਕ ਦਾ ਵਿਸ਼ਾ ਕੁਝ ਵਖਰਾ ਸੀ ਜਿਸ ਵਿਚ 1947 ਤੋਂ ਲੈ ਕੇ ਹੁਣ ਤਕ ਭਾਰਤੀ ਸਿਆਸਤ ਵਿਚ ਆਏ ਇਤਿਹਾਸਕ ਮੋੜਾਂ ਅਤੇ ਪੰਜਾਬ ਵਿਚ ਧਾਰਮਕ ਤੇ ਸਮਾਜਕ ਖੇਤਰਾਂ ਵਿਚ ਜਾਤ-ਪਾਤ ਦੇ ਆਧਾਰ 'ਤੇ ਕੀਤੇ ਜਾਂਦੇ ਵਿਤਕਰਿਆਂ ਨੂੰ ਬੜੇ ਵਧੀਆ ਢੰਗ ਨਾਲ ਵਿਖਾਇਆ ਗਿਆ। ਦਰਸ਼ਕਾਂ ਵਲੋਂ ਇਕ ਪਾਤਰ 'ਕਰਮ ਚੰਦ' ਦੇ ਕਟਾਖਸ਼ ਭਰੇ ਡਾਇਲਾਗਾਂ ਦੀ ਖਾਸ ਤੌਰ 'ਤੇ ਸ਼ਲਾਘਾ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਨਾਹਰ ਸਿੰਘ ਔਜਲਾ ਵਲੋਂ ਤਿਆਰ ਕੀਤੀ ਗਈ ਕੋਰੀਓਗ੍ਰਾਫ਼ੀ 'ਦੇਸ਼ ਵਾਸੀਓ ਰੱਖਣਾ ਯਾਦ ਸਾਨੂੰ' ਨਾਲ ਕੀਤੀ ਗਈ ਸੀ, ਜਿਸ ਨੂੰ ਦਰਸ਼ਕਾਂ ਵਲੋਂ ਬੇਹੱਦ ਸਲਾਹਿਆ ਗਿਆ। ਇਸ ਦੌਰਾਨ ਉਤਰੀ ਅਮਰੀਕਨ ਤਰਕਸ਼ੀਲ ਸੁਸਾਇਟੀ ਵਲੋਂ ਦੇਸ਼ ਭਗਤੀ ਨਾਲ ਸਬੰਧਤ ਤੇ ਹੋਰ ਉਸਾਰੂ ਸਾਹਿਤ ਦੀ ਪ੍ਰਦਰਸ਼ਨੀ ਵੀ ਲਾਈ ਗਈ, ਜਿਥੇ ਇਸ ਸਾਹਿਤ ਦੀ ਜ਼ਿਕਰਯੋਗ ਵਿਕਰੀ ਵੀ ਹੋਈ। ਇੰਜ ਹੀ, ਪਹਿਲੀ ਜੁਲਾਈ ਨੂੰ ਜਦੋਂ ਸ਼ਹਿਰ ਵਿਚ ਕਨੇਡਾ ਡੇਅ ਦੇ ਜ਼ਸ਼ਨ ਚੱਲ ਰਹੇ ਸਨ, ਇਨ੍ਹਾਂ ਦੇ ਨਾਲ ਨਾਲ ਹੀ 'ਲੋਫ਼ਰ ਲੇਕ ਆਡੀਟੋਰੀਅਮ' ਵਿਚ ਗ਼ਦਰ ਕਾਨਫਰੰਸ ਕੀਤੀ ਗਈ, ਜਿਸ ਵਿਚ ਮੁੱਖ ਬੁਲਾਰਿਆਂ ਡਾ. ਵਰਿਆਮ ਸਿੰਘ ਸੰਧੂ ਨੇ 'ਗ਼ਦਰ ਲਹਿਰ ਦੀ ਸਿਆਸੀ ਵਿਚਾਰਧਾਰਾ', ਰਘਬੀਰ ਸਿੰਘ ਸਿਰਜਣਾ ਨੇ 'ਗ਼ਦਰ ਲਹਿਰ ਦੀ ਪੱਤਰਕਾਰੀ' ਅਤੇ ਡਾ. ਸਾਧੂ ਸਿੰਘ ਨੇ 'ਗ਼ਦਰ ਲਹਿਰ ਦੀ ਕਵਿਤਾ' ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਕਈ ਹੋਰ ਬੁਲਾਰਿਆਂ ਨੇ ਵੀ ਇਸ ਗ਼ਦਰ ਲਹਿਰ ਸੰਬੰਧੀ ਆਪਣੇ ਵਿਚਾਰ ਸਾਂਝੇ ਕੀਤੇ। ਸ਼ਾਮ ਨੂੰ 4 ਵਜੇ ਕਵੀ ਦਰਬਾਰ ਵੀ ਹੋਇਆ ਜਿਸ ਵਿਚ ਸਥਾਨਕ ਕਵੀਆਂ ਤੋਂ ਇਲਾਵਾ ਅਮਰੀਕਾ, ਇੰਗਲੈਂਡ, ਭਾਰਤ ਤੇ ਪਾਕਿਸਤਾਨ ਤੋਂ ਆਏ ਕਵੀਆਂ ਨੇ ਦੇਸ਼ ਭਗਤੀ ਦੀਆਂ ਕਵਿਤਾਵਾਂ, ਗ਼ਜ਼ਲਾਂ ਤੇ ਗੀਤ ਪੇਸ਼ ਕੀਤੇ। 'ਗ਼ਦਰ ਸ਼ਤਾਬਦੀ ਟੋਰਾਂਟੋ' ਵਲੋਂ ਤਿੰਨੇ ਦਿਨ ਵੱਖ-ਵੱਖ ਪ੍ਰੋਗਰਾਮਾਂ ਵਿਚ ਸ਼ਿਰਕਤ ਕਰਨ ਲਈ ਹਾਜ਼ਰੀਨ ਦਾ ਹਾਰਦਿਕ ਧੰਨਵਾਦ ਕੀਤਾ ਗਿਆ।






# ਗ਼ਦਰ ਲਹਿਰ ਦੀ ਲਾਟ ਬਲਦੀ ਰੱਖਣ ਲਈ ਅਮਲੀ ਕੰਮ ਕਰਨ ਦੀ ਲੋੜ ’ਤੇ ਜ਼ੋਰ



ਸਰੀ : (ਨਦਬ) ਗ਼ਦਰ ਪਾਰਟੀ ਸ਼ਤਾਬਦੀ ਸਮਾਰੋਹ ਕਮੇਟੀ ਵੈਨਕੂਵਰ ਵੱਲੋਂ ਨੌਰਥ ਡੈਲਟਾ ਸਕੈਂਡਰੀ ਸਕੂਲ 11447-82 ਐਵੀਨਿਊ ਡੈਲਟਾ ਵਿਚ ਹੋਇਆ। ਇਸ ਮੌਕੇ ਗ਼ਦਰ ਪਾਰਟੀ ਨੂੰ ਸਮਰਪਤ ਸੈਮੀਨਾਰ ਕੀਤਾ ਗਿਆ। ਇਸ ਵਿਚ ਪਰਚੇ ਪੜਨ ਲਈ ਹੱਜ ਤੋਂ ਉਟੋਪੀਆ ਕਿਤਾਬ ਦੀ ਲੇਖਿਕਾ ਅਤੇ ਨਿਊਯਾਰਕ ਯੂਨੀਵਰਸਿਟੀ ਦੀ ਪ੍ਰੋ. ਡਾ. ਮਾਇਆ ਰਾਮਨਾਥ, ਕੈਲੇਫੋਰਨੀਆ ਯੂਨੀਵਰਸਿਟੀ ਤੋਂ ਬਾਇਆਲੋਜੀ ਦੇ ਪ੍ਰੋ. ਡਾ. ਗੁਰੂਮੇਲ ਸਿੰਘ ਸਿੱਧੂ, ਜੋ ਖ਼ੁਦ ਕਵਿਤਾ ਵੀ ਲਿਖਦੇ ਹਨ ਅਤੇ ਡਾ. ਸੁਰਿੰਦਰ ਧੰਜਲ ਪ੍ਰੋ. ਥੌਮਸ ਯੂਨੀਵਰਸਿਟੀ ਕੈਮਲੂਪਸ ਤੋਂ ਗ਼ਦਰ ਸ਼ਤਾਬਦੀ ਸਮਾਰੋਹ ਕਮੇਟੀ ਦੇ ਵਿਸ਼ੇਸ਼ ਸੱਦੇ ’ਤੇ ਪਹੁੰਚੇ ਹੋਏ ਸਨ। ਸਟੇਜ ਦੀ ਕਾਰਵਾਈ ਸ਼ੁਰੂ ਕਰਦਿਆਂ ਕ੍ਰਿਪਾਲ ਬੈਂਸ ਨੇ ਸਾਰੇ ਹੀ ਮਹਿਮਾਨਾਂ ਦੀ ਜਾਣ ਪਛਾਣ ਕਰਾਉਂਦਿਆਂ ਉਨ੍ਹਾਂ ਨੂੰ ਸਟੇਜ ’ਤੇ ਬੁਲਾਇਆ, ਇਸ ਦੇ ਨਾਲ ਹੀ ਉਨ੍ਹਾਂ ਡਾ. ਸਾਧੂ ਸਿੰਘ ਅਤੇ ਡਾ. ਰਘਵੀਰ ਸਿੰਘ ਸਿਰਜਣਾ ਨੂੰ ਪੈਨਲ ਵਿਚ ਬੈਠਣ ਲਈ ਅਤੇ ਗ਼ਦਰ ਸ਼ਤਾਬਦੀ ਸਮਾਰੋਹ ਕਮੇਟੀ ਵੱਲੋਂ ਸਾਥੀ ਹਰਭਜਨ ਚੀਮਾ ਕੋਆਰਡੀਨੇਟਰ ਅਤੇ ਅਵਤਾਰ ਗਿੱਲ ਨੂੰ ਵੀ ਸਟੇਜ ’ਤੇ ਬੁਲਾਇਆ। ਉਨ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ ਦੇ ਪੰਜਾਬੀ ਵਿਭਾਗ ਦੇ ਮੁਖੀ ਅਤੇ ਸਾਹਿਤ ਅਕਾਦਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਰਸਾ ਨੂੰ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ’ਤੇ ਜੀ ਆਇਆਂ ਕਿਹਾ ਅਤੇ ਹਰਭਜਨ ਚੀਮਾ ਕੋਆਰਡੀਨੇਟਰ ਸ਼ਤਾਬਦੀ ਕਮੇਟੀ ਨੂੰ ਸੱਦਾ ਦਿੱਤਾ ਕਿ ਉਹ ਵੀ ਆ ਕੇ ਸਭ ਨੂੰ ਜੀ ਆਇਆਂ ਅਤੇ ਕੁੱਝ ਸ਼ਬਦ ਕਹਿਣ। ਜੀ ਆਇਆਂ ਕਹਿਣ ਮਗਰੋਂ ਹਰਭਜਨ ਚੀਮਾ ਨੇ ਇਮੀਗਰੇਸ਼ਨ ਬਾਰੇ ਗੱਲ ਕਰਦਿਆਂ ਕਿਹਾ ਕਿ ਟੋਰੀ ਸਰਕਾਰ ਤੇ ਜੇਸਨ ਕੈਨੀ ਜੋ ਕਾਨੂੰਨ ਹੁਣ ਬਣਾ ਰਹੇ ਹਨ ਉਹ ਸੌ ਸਾਲ ਪਹਿਲਾਂ ਦੇ ਕਾਨੂੰਨਾਂ ਤੋਂ ਕਿਸੇ ਤਰਾਂ ਵੀ ਵੱਖਰੇ ਨਹੀਂ ਹਨ ਬਲਕਿ ਉਸ ਸਮੇਂ ਨਾਲੋਂ ਵੀ ਸਖ਼ਤ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਨੂੰਨਾਂ ਵਿਚੋਂ ਨਸਲਵਾਦ ਦੀ ਬੋਅ ਆਉਂਦੀ ਹੈ ਅਤੇ ਇਸ ਵਿਰੁੱਧ ਵੀ ਓਹੋ ਜਿਹੀ ਜੱਦੋ-ਜਹਿਦ ਕਰਨੀ ਚਾਹੀਦੀ ਹੈ ਜੋ ਗ਼ਦਰ ਪਾਰਟੀ ਨੇ ਇਸ ਮੁਲਕ ਵਿਚ ਕੀਤੀ ਸੀ।

ਸ਼ਤਾਬਦੀ ਕਮੇਟੀ ਮੈਂਬਰ ਗੁਰਮੇਲ ਗਿੱਲ ਨੇ “ਬਸਤੀਵਾਦ” ਦੀ ਵਿਆਖਿਆ ਕਰਦਿਆਂ ਕਿਹਾ ਕਿ ਬਸਤੀਵਾਦ ਅੱਜ ਵੀ ਹੈ, ਇਸ ਦਾ ਸਿਰਫ਼ ਰੂਪ ਹੀ ਬਦਲੀ ਹੋਇਆ ਹੈ। ਇਸ ਖ਼ਿਲਾਫ ਲੜਾਈ ਅੱਜ ਵੀ ਜਾਰੀ ਹੈ। ਜੋ ਲੜਾਈ ਗ਼ਦਰੀ ਬਾਬਿਆਂ ਨੇ ਬਸਤੀਵਾਦ ਖ਼ਿਲਾਫ਼ ਦਿੱਤੀ ਸੀ, ਉਸ ਦੀ ਸਾਰਥਕਤਾ ਅੱਜ ਵੀ ਹੈ। ਉਦਾਰਵਾਦ, ਨਵ ਉਦਾਰਵਾਦ, ਵਿਸ਼ਵੀਕਰਨ ਦੇ ਨਾਂ ਹੇਠ ਵੱਡੀਆਂ ਕਾਰਪੋਰੇਸ਼ਨਾਂ ਕਿਸ ਤਰਾਂ ਮਜ਼ਦੂਰ ਜਮਾਤ ਦਾ ਸੋਸ਼ਣ ਕਰ ਰਹੀਆਂ ਹਨ। ਇਹ ਚਿੰਤਾਜਨਕ ਗੱਲ ਹੈ। ਇਸ ਵਿਰੁੱਧ ਜੱਦੋ-ਜਹਿਦ ਕਰਨਾ ਓਨਾ ਹੀ ਜ਼ਰੂਰੀ ਹੈ ਜਿੰਨਾ ਗ਼ਦਰ ਪਾਰਟੀ ਦੇ ਸਮੇਂ ਸੀ। ਪਰਮਿੰਦਰ ਸਵੈਚ ਮੈਂਡਰ ਸ਼ਤਾਬਦੀ ਕਮੇਟੀ ਨੇ ਗ਼ਦਰ ਦੀ ਕਵਿਤਾ ਅੱਜ ਦੇ ਪਰੀਪੇਖ ਵਿਚ ਖੋਜ ਭਰਪੂਰ ਪੇਪਰ ਬਾਰੇ ਅੱਜ ਦੇ ਸੰਦਰਬ ਵਿਚ ਇਸ ਕਵਿਤਾ ਦੇ ਹਵਾਲਿਆਂ ਰਾਹੀਂ ਸਿੱਧ ਕੀਤਾ ਕਿ ਗ਼ਦਰ ਲਹਿਰ ਦੀ ਕਵਿਤਾ ਜਿੱਥੇ ਗ਼ਦਰੀ ਬਾਬਿਆਂ ਦੀ ਧਰਮ ਨਿਰਪੱਖਤਾ, ਕੌਮਾਂਤਰੀ ਸਬੰਧਾਂ ਤੇ ਦੁਨੀਆਂ ਭਰ ਵਿਚ ਚੱਲ ਰਹੇ ਝੋਲਾਂ ਨਾਲ ਸਬੰਧਤ ਸੀ, ਉੱਥੇ ਉਨ੍ਹਾਂ ਨੇ ਔਰਤਾਂ ਤੇ ਕੌਮੀ ਮੁਕਤੀ ’ਤੇ ਵੀ ਜ਼ੋਰ ਦਿੱਤਾ ਅਤੇ ਇਸ ਸੰਘਰਸ਼ ਦੀ ਅੱਜ ਜ਼ਿਆਦਾ ਲੋੜ ਹੈ।

ਡਾ. ਮਾਇਆ ਰਾਮਨਾਥ ਨੇ ਆਪਣੀ ਲਿਖਤ “ਵਿਸ਼ਵ ਵਿਆਪੀ ਗ਼ਦਰ ਦੇ ਸੌ ਸਾਲ” ਬਾਰੇ ਕਿਹਾ ਕਿ ਸਾਡੇ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਹਿੰਦੁਸਤਾਨ ਵਿਚ ਪੰਜਾਬੀ ਭਾਈਚਾਰਾ ਅਤੇ ਉੱਤਰੀ ਅਮਰੀਕਾ ਦੇ ਪੱਛਮੀ ਤੱਟ ’ਤੇ ਦੱਖਣ ਏਸ਼ੀਅਨ ਭਾਈਚਾਰਾ ਬਹੁਤ ਹੀ ਮਾਣ ਨਾਲ ਗ਼ਦਰ ਪਾਰਟੀ ਦੀ ਯਾਦ ਮਨਾ ਰਿਹਾ ਹੈ। ਗ਼ਦਰ ਲਹਿਰ ਸਿਰਫ਼ ਸਿੱਖ, ਪੰਜਾਬੀ ਜਾਂ ਹਿੰਦੁਸਤਾਨੀ ਲਹਿਰ ਹੀ ਨਹੀਂ ਸੀ, ਸਗੋਂ ਗ਼ਦਰੀ ਦੇਸ਼ ਭਗਤਾਂ ਦੀ ਹੋਂਦ, ਪ੍ਰਭਾਵ, ਨਜ਼ਰੀਆ, ਪਹੁੰਚ, ਵਿਸ਼ਲੇਸ਼ਣ ਅਤੇ ਦਾਅਪੇਚ ਕੌਮਾਂਤਰੀ ਤੇ ਕੌਮਾਂਤਰੀਵਾਦੀ ਸਨ। ਉਨ੍ਹਾਂ ਦੇ ਉਦੇਸ਼ ਹਿੰਦੁਸਤਾਨ ਦੀ ਆਜ਼ਾਦੀ ਤੀਕ ਹੀ ਸੀਮਤ ਨਹੀਂ ਸਨ, ਸਿੱਟੇ ਵਜੋਂ ਉਹ ਦੁਨੀਆਂ ਭਰ ਵਿਚ ਸਿਆਸੀ, ਸਮਾਜਕ ਅਤੇ ਆਰਥਕ ਜਬਰ ਤੋਂ ਮੁਕਤੀ ਪਾਉਣ ਲਈ ਦ੍ਰਿੜ ਸਨ। ਇਹੀ ਕਾਰਨ ਹੈ ਕਿ ਅਸੀਂ ਸੌ ਸਾਲ ਬਾਅਦ ਵੀ ਉਨ੍ਹਾਂ ਨੂੰ ਯਾਦ ਕਰ ਰਹੇ ਹਾਂ। ਉਨ੍ਹਾਂ ਜੋ ਕਿਹਾ ਉਹ ਕਰ ਕੇ ਦਿਖਾਇਆ ਅਤੇ ਜੋ ਸੁਪਨੇ ਲਏ, ਉਨ੍ਹਾਂ ਦੀ ਮਹੱਤਤਾ ਸਥਾਨਕ ਜਾਂ ਮੁਕਾਮੀ ਹੋਣ ਤੋਂ ਕਈ ਗੁਣਾ ਵੱਧ ਸੀ। ਸਾਨੂੰ ਉਨ੍ਹਾਂ ਸਬੰਧਾਂ ਵੱਲ ਵੀ ਖ਼ਾਸ ਧਿਆਨ ਦੇਣਾ ਚਾਹੀਦਾ ਹੈ ਜੋ ਗ਼ਦਰੀ ਯੋਧਿਆਂ ਨੇ ਆਪਣੇ ਕਾਜ਼ ’ਤੇ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਸਾਮਰਾਜ ਵਿਰੋਧੀ ਚੱਲ ਰਹੀਆਂ ਜੱਦੋ-ਜਹਿਦਾਂ ਤੇ ਇਨਕਲਾਬਾਂ ਵਿਚਕਾਰ ਕਾਇਮ ਕੀਤੇ। ਮੇਰਾ ਧਿਆਨ ਉਨ੍ਹਾਂ ਸਬੰਧਾਂ ਵੱਲ ਵੀ ਵੱਧ ਕੇਂਦਰਤ ਹੈ ਜੋ ਉਨ੍ਹਾਂ ਨੇ ਦੂਸਰੇ ਇਨਕਲਾਬੀ/ਅਗਾਂਹਵਧੂ ਮਸਲਿਆਂ ਵਿਚ ਅਮਰੀਕਾ ਤੇ ਕਨੇਡਾ ਵਿਚਕਾਰ ਕਾਇਮ ਕੀਤੇ। ਇਨ੍ਹਾਂ ਮਸਲਿਆਂ ਵਿਚ ਅਮਰੀਕਾ ਤੇ ਕਨੇਡਾ ਵਿਚ ਆਰਥਕ ਬੇਇਨਸਾਫੀ ਅਤੇ ਨਸਲਵਾਦ ਸਮੇਤ ਆਇਰਲੈਂਡ ਵਰਗੇ ਦੇਸ਼ ਵਿਚ ਚੱਲ ਰਹੇ ਕੌਮੀ ਆਜ਼ਾਦੀ ਲਈ ਸੰਘਰਸ਼ ਵੀ ਸ਼ਾਮਲ ਸਨ। ਅੱਜ ਅਸੀਂ ਇਨ੍ਹਾਂ ਸਬੰਧਾਂ ਦੀ ਪਛਾਣ ਕਰ ਕੇ ਅਤੇ ਉਨ੍ਹਾਂ ਉੱਪਰ ਅਮਲ ਕਰ ਕੇ ਹੀ ਗ਼ਦਰ ਦੀ ਵਿਰਾਸਤ ਦੇ ਵਿਕਾਸ ਵਿਚ ਹਿੱਸਾ ਪਾ ਸਕਾਂਗੇ।

ਡਾ. ਗੁਰੂਮੇਲ ਸਿੱਧੂ ਨੇ ਆਪਣੇ ਪਰਚੇ “ਉੱਤਰੀ ਅਮਰੀਕਾ ਵਿਚ ਗ਼ਦਰ ਲਹਿਰ ਦਾ ਦੂਜਾ ਪੱਖ” ’ਤੇ ਕਿਹਾ ਕਿ ਉੱਤਰੀ ਅਮਰੀਕਾ ਵਿਚ ਗ਼ਦਰ ਪਾਰਟੀ ਦੇ ਦੋ ਪੱਖ ਹੋਂਦ ਵਿਚ ਆਏ। ਪਹਿਲਾ ਹਿੰਦੁਸਤਾਨ ਦੀ ਆਜ਼ਾਦੀ ਲਈ ਸੰਘਰਸ਼ ਕਰਨਾ ਅਤੇ ਦੂਜਾ ਪੱਖ ਆਪਣੀ ਸ਼ਹਿਰੀਅਤ ਲਈ ਜੱਦੋ-ਜਹਿਦ ਕਰਨਾ। ਸਮੂਹ ’ਤੇ ਸਵੈ ਦੀ ਆਜ਼ਾਦੀ ਦੇ ਇਹ ਦੋਵੇਂ ਪੱਖ ਜੁਦਾ-ਜੁਦਾ ਹੁੰਦਿਆਂ ਵੀ ਇੱਕੋ ਸਿੱਕੇ ਦੇ ਦੋ ਪਾਸੇ ਹਨ। ਆਜ਼ਾਦੀ ਦੀ ਲੜਾਈ ਬਾਰੇ ਇਤਿਹਾਸ ਵਿਚ ਕਾਫ਼ੀ ਕੁੱਝ ਲਿਖਿਆ ਗਿਆ ਹੈ ਅਤੇ ਜਾਣਕਾਰੀ ਭਰਪੂਰ ਹੈ ਪਰ ਅਮਰੀਕਾ ਵਿਚ ਸ਼ਹਿਰੀਅਤ ਦੀ ਆਜ਼ਾਦੀ ਲਈ ਹਿੰਦੁਸਤਾਨੀਆਂ ਨੂੰ ਜਿਨਾਂ ਸਮਾਜਕ ਦੁਸ਼ਵਾਰੀਆਂ ਤੇ ਕਾਨੂੰਨੀ ਪੱਖਪਾਤਾਂ ’ਚੋਂ ਗੁਜ਼ਰਨਾ ਪਿਆ, ਉਹ ਵੀ ਬਹੁਤ ਹਿਰਦੇਵੇਦਕ ਤੇ ਦੁੱਖਦਾਈ ਹਨ। ਸ਼ਹਿਰੀਅਤ ਦੀ ਲੜਾਈ ਅਤੇ ਜ਼ਮੀਨ ਜਾਇਦਾਦ ਅਖ਼ਤਿਆਰ ਕਰਨ ਲਈ ਜੱਦੋ-ਜਹਿਦ ਕਰਨ ਵਿਚ ਤਿੰਨ ਵਿਅਕਤੀ ਪ੍ਰਮੁੱਖ ਸਨ, ਜਿਨਾਂ ਬਾਰੇ ਡਾ. ਸਿੱਧੂ ਨੇ ਦੱਸਿਆ ਕਿ ਭਗਤ ਸਿੰਘ ਥਿੰਦ, ਪਾਖਰ ਸਿੰਘ ਗਿੱਲ ਅਤੇ ਦਲੀਪ ਸਿੰਘ ਸੌਂਡ ਕਿਨਾਂ ਕਿਨਾ ਮੁਸੀਬਤਾਂ ਰਾਹੀਂ ਲੰਘੇ, ਅਦਾਲਤ ਵਿਚ ਮੁਕੱਦਮੇ ਲੜੇ, ਕਿਸ ਤਰਾਂ ਜੱਜਾਂ ਨੇ ਉਨ੍ਹਾਂ ਖ਼ਿਲਾਫ਼ ਨਸਲਵਾਦ ਦੇ ਆਧਾਰ ’ਤੇ ਫੈਸਲੇ ਦਿੱਤੇ। ਪਾਖਰ ਸਿੰਘ ਦੀ ਲੜਾਈ ਇੱਥੋਂ ਤਕ ਪਹੁੰਚ ਗਈ ਕਿ ਉਸ ਨੂੰ ਕਤਲ ਵੀ ਕਰਨੇ ਪਏ। ਉਸ ਦੀ ਮਦਦ ਲਈ ਆਪਣੇ ਲੋਕ ਹੁੰਮ ਹੁੰਮਾ ਕੇ ਆਏ, ਇੱਥੋਂ ਤੀਕ ਉਨ੍ਹਾਂ ਨੇ ਉਸ ਦੀ ਮਾਇਕ ਸਹਾਇਤਾ ਵੀ ਕੀਤੀ। ਉਸ ਨੇ ਜ਼ਮੀਨ ਲੈਣ ਤੋਂ ਬਾਅਦ ਵੀ ਕਿਨਾਂ ਔਕੜਾਂ ਦਾ ਸਾਹਮਣਾ ਕੀਤਾ ਅਤੇ ਜੇਲ ਵਿਚ ਕਈ ਸਾਲ ਗੁਜ਼ਾਰਨ ਤੋਂ ਬਾਅਦ ਆਖ਼ਰੀ ਉਮਰ ਵਿਚ ਇਕੱਲਾ ਹੀ ਕਿਸ ਤਰਾਂ ਰਿਹਾ। ਪਾਖ਼ਰ ਸਿੰਘ ਦੀ ਕਹਾਣੀ ਦਿਲ ਕੰਬਾਊ ਕਹਾਣੀ ਹੈ। ਸਹੀ ਅਰਥਾਂ ਵਿਚ ਪਾਖ਼ਰ ਸਿੰਘ ਗਿੱਲ ਸੁਲਝਿਆ ਹੋਇਆ ਸਮਾਜ ਸੇਵਕ, ਦਿਆਲੂ ਅਤੇ ਇਨਸਾਫ਼ ਪਸੰਦ ਬੰਦਾ ਸੀ। ਡਾ. ਸਿੱਧੂ ਨੇ ਸਿੱਧ ਕੀਤਾ ਕਿ ਇਨ੍ਹਾਂ ਤਿੰਨਾਂ ਨੂੰ ਸ਼ਹਿਰੀਅਤ ਨਾ ਦੇਣ ਪਿੱਛੇ ਅਮਰੀਕਾ ਦੀ ਨਸਲੀ ਪਾਲਸੀ ਹੀ ਸੀ। ਅਖ਼ੀਰ 1946 ਵਿਚ ਹਿੰਦੁਸਤਾਨੀ ਲੋਕਾਂ ਨੂੰ ਸ਼ਹਿਰੀਅਤ ਦਾ ਅਧਿਕਾਰ ਮਿਲਿਆ।

ਡਾ. ਸੁਰਿੰਦਰ ਧੰਜਲ ਨੇ “ਗ਼ਦਰ ਪਾਰਟੀ ਦੀ ਕਵਿਤਾ - ਆਧੁਨਿਕ ਸੰਵੇਦਨਾ” ’ਤੇ ਆਪਣਾ ਪਰਚਾ ਪੜਿਆ। ਆਪਣੀ ਤਕਰੀਰ ਉਨਾਂ ਉਨੀਵੀਂ ਸਦੀ ਦੇ ਮਹਾਨ ਲੇਖਕਾਂ ਤੇ ਫਿਲਾਸਫ਼ਰਾਂ ਜਿਵੇਂ ਕਾਰਲ ਮਾਰਕਸ, ਡਾਰਵਿਨ, ਫਰਾਇਡ ਤੇ ਆਈਨ ਸਟਾਈਨ ਦੇ ਹਵਾਲਿਆਂ ਨਾਲ ਸ਼ੁਰੂ ਕੀਤੀ ਅਤੇ ਉਨ੍ਹਾਂ ਦਾ ਸਬੰਧ ਆਧੁਨਿਕ ਸਮਾਜ ਨਾਲ ਜੋੜਿਆ। ਇਸ ਤਰਾਂ ਉਨ੍ਹਾਂ ਨੇ ਗ਼ਦਰ ਪਾਰਟੀ ਦੀ ਕਵਿਤਾ ਦੇ ਹਵਾਲੇ ਦੇ ਕੇ ਉਨ੍ਹਾਂ ਦੀ ਆਧੁਨਿਕਤਾ ’ਤੇ ਜ਼ੋਰ ਦਿੱਤਾ। ਗ਼ਦਰੀ ਬਾਬਿਆਂ ਦੀ ਦੇਸ਼ ਭਗਤੀ, ਬੇਬਾਕ ਕੁਰਬਾਨੀ, ਨਿਰਪੱਖ਼ਤਾ ਤੇ ਕੌਮਾਂਤਰੀ ਜਜ਼ਬੇ ਦੇ ਹਵਾਲੇ ਵੀ ਕਵਿਤਾ ’ਚੋਂ ਲਏ। ਇਸ ਵਿਦਵਤਾ ਭਰਪੂਰ ਤਕਰੀਰ ਵਿਚ ਡਾ. ਧੰਜਲ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਸਿਰਫ਼ ਗੱਲਾਂ ਨਾਲ ਹੀ ਗ਼ਦਰੀ ਬਾਬਿਆਂ ਦੀ ਸ਼ਤਾਬਦੀ ਨਹੀਂ ਮਨਾਉਣੀ ਚਾਹੀਦੀ ਸਗੋਂ ਗ਼ਦਰ ਲਹਿਰ ਦੀ ਲਾਟ ਨੂੰ ਬਲ਼ਦੀ ਰੱਖਣ ਲਈ ਅਮਲੀ ਕੰਮ ਕਰਨੇ ਬਹੁਤ ਜ਼ਰੂਰੀ ਹਨ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜੇ ਬਾਬੇ ਭਕਨੇ ਦੀ ਕਮਰ ਵਿਚ ਆਏ ਕੁੱਬ ਨੂੰ ਕੋਈ ਸਿੱਧਾ ਕਰ ਸਕਦਾ ਹੈ ਤਾਂ ਉਹ ਤੁਸੀਂ ਹੀ ਹੋ। ਲਖਵੀਰ ਖੁਨ ਖੁਨ ਮੈਂਬਰ ਸ਼ਤਾਬਦੀ ਕਮੇਟੀ ਨੇ ਬੜੇ ਹੀ ਸੰਖੇਪ ਸ਼ਬਦਾਂ ਵਿਚ ਗ਼ਦਰ ਪਾਰਟੀ ਅਤੇ ਮੀਡੀਆ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਗ਼ਦਰ ਪਾਰਟੀ ਵੱਲੋਂ ਆਪਣਾ ਪਰਚਾ ਕੱਢਣਾ, ਉਸ ਨੂੰ ਬਹੁ ਭਾਸ਼ੀ ਬਣਾਉਣਾ ਅਤੇ ਹੋਰਾਂ ਦੇਸ਼ਾ ਤਕ ਪਹੁੰਚਾਉਣਾ ਇਹ ਸਿੱਧ ਕਰਦਾ ਹੈ ਕਿ ਲੋਕ ਪੱਖੀ ਲਹਿਰਾਂ ਦੇ ਆਪਣੇ ਸੰਚਾਰ ਸਾਧਨਾਂ ਤੋਂ ਬਿਨਾਂ ਲੋਕ ਘੋਲ ਲੜਨੇ ਔਖਾ ਕੰਮ ਹੈ। ਪੂੰਜੀਵਾਦੀ ਸਿਸਟਮ ਅਧੀਨ ਮੀਡੀਏ ਦੀ ਭੂਮਿਕਾ ਬਾਰੇ ਉਨ੍ਹਾਂ ਕਿਹਾ ਕਿ ਮੌਜੂਦਾ ਪ੍ਰਬੰਧ ਅਧੀਨ ਮੀਡੀਏ ਨੂੰ ਆਜ਼ਾਦ ਕਹਿਣਾ ਢਕੌਂਜ ਹੈ ਕਿਉਂਕਿ ਮੀਡੀਆ ਉਦੋਂ ਤੀਕ ਹੀ ਆਜ਼ਾਦ ਹੈ ਜਦੋਂ ਤੀਕ ਉਹ ਇਸ ਪ੍ਰਬੰਧ ਦੀ ਹਮਾਇਤ ਕਰਦਾ ਹੈ। ਇਸ ਦੇ ਖ਼ਿਲਾਫ਼ ਲਿਖਣ ਜਾਂ ਬੋਲਣ ਵਾਲੇ ਨੂੰ ਬਿਲਕੁਲ ਆਜ਼ਾਦੀ ਨਹੀਂ ਹੈ।

ਪੈਨਲ ਮੈਂਬਰਾਂ ਡਾ. ਰਘਵੀਰ ਸਿੰਘ ਸਿਰਜਣਾ ਤੇ ਡਾ. ਸਾਧੂ ਸਿੰਘ ਨੇ ਪ੍ਰਬੰਧਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਤਰਾਂ ਦਾ ਗੰਭੀਰ, ਗਿਆਨ ਭਰਪੂਰ ਤੇ ਬਾ-ਦਲੀਲ ਸੈਮੀਨਾਰ ਉਨ੍ਹਾਂ ਨੇ ਕਦੇ ਨਾ ਦੇਖਿਆ, ਨਾ ਸੁਣਿਆ ਹੈ। ਡਾ. ਰਘਬੀਰ ਸਿੰਘ ਨੇ ਚਿਤਾਵਨੀ ਦਿੱਤੀ ਕਿ ਗ਼ਦਰ ਲਹਿਰ ਨੂੰ ਕਿਸੇ ਤਬਕੇ ਜਾਂ ਧਰਮ ਨਾਲ ਜੋੜਨ ਨਾਲ ਗ਼ਦਰ ਪਾਰਟੀ ਦੇ ਅਸਲੀ ਜਜ਼ਬੇ ਨੂੰ ਅੱਖੋਂ ਪਰੋਖੇ ਕਰਨਾ ਕਿਸੇ ਮੰਤਵ ਦਾ ਪ੍ਰਗਟਾ ਨਹੀਂ ਹੈ। ਡਾ. ਸਾਧੂ ਸਿੰਘ ਨੇ ਵੀ ਗ਼ਦਰ ਲਹਿਰ ਦੀ ਧਾਰਮਕ ਨਿਰਪੱਖਤਾ ’ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਕਿਸ ਤਰਾਂ ਉਸ ਸਮੇਂ ਪੰਜਾਬ ਵਿਚ ਧਾਰਮਕ ਸੰਸਥਾਵਾਂ ’ਤੇ ਕਾਬਜ਼ ਆਗੂ ਗ਼ਦਰੀ ਬਾਬਿਆਂ ਨੂੰ ਸਿੱਖ ਮੰਨਣ ਜਾਂ ਕਹਿਣ ਤੋਂ ਇਨਕਾਰੀ ਸਨ ਅਤੇ ਉਨ੍ਹਾਂ ਖ਼ਿਲਾਫ਼ ਮਤੇ ਪਾਸ ਕੀਤੇ ਗਏ ਤੇ ਜਲਿਆਂਵਾਲੇ ਬਾਗ਼ ਦੇ ਸਾਕੇ ਦੇ ਕਾਤਲ ਜਨਰਲ ਡਾਇਰ ਨੂੰ ਸਿਰੋਪੇ ਦਿੱਤੇ ਗਏ। ਇਸ ਪ੍ਰੋਗਰਾਮ ਵਿਚ ਵੈਨਕੂਵਰ ਇਲਾਕੇ ਦੀ ਕਰੀਮ ਸਮਝੇ ਜਾਂਦੇ ਤਕਰੀਬਨ 200 ਲੋਕਾਂ ਨੇ ਖ਼ਾਮੋਸ਼ੀ ਨਾਲ ਸਾਰੇ ਹੀ ਵਿਦਵਾਨਾਂ ਦੇ ਵਿਚਾਰ ਸੁਣੇ। ਪ੍ਰਬੰਧਕਾਂ ਨੇ ਗ਼ਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਲਾਈ।

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX FOR FAST REFUND USE E-FILES
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ



Ph : 780 469 2677 Fax : 780 469 2026

ਨਵੀਂ ਦੁਨੀਆ

## ਸੰਪਾਦਕੀ

# ਮਨੁੱਖੀ ਹਕ-ਹਕੂਕਾਂ ’ਤੇ ਹਮਲਾ

ਅਮਰੀਕਾ ਦਾ ਰਵੱਈਆ ਹਮੇਸ਼ਾ ਹੀ ਧੌਂਸ ਵਾਲਾ ਰਿਹਾ ਹੈ। ਇਨ੍ਹੀਂ ਦਿਨੀਂ ਅਮਰੀਕੀ ਹਕੂਮਤ ਵਲੋਂ ‘ਨੈਸ਼ਨਲ ਸਕਿਉਰਿਟੀ ਏਜੰਸੀ ਰਾਹੀਂ ਅਮਰੀਕਾ ਅਤੇ ਦੁਨੀਆ ਭਰ ਦੇ ਕਰੋੜਾਂ ਲੋਕਾਂ ਦੀਆਂ ਫੋਨ ਕਾਲਜ਼, ਈ ਮੇਲਜ਼ ਅਤੇ ਹੋਰਨਾਂ ਸੰਚਾਰ ਸਾਧਨਾਂ ਦੀ ਵਰਤੋਂ ’ਤੇ ਗੁਪਤ ਢੰਗ ਨਾਲ ਰੱਖੀ ਜਾ ਰਹੀ ਨਜ਼ਰ ਚਰਚਾ ’ਚ ਹੈ। ਅਮਰੀਕੀ ਨਾਗਰਿਕ ਐਡਵਰਡ ਸੋਨੇਡੇਨ ਨੇ ਲੋਕਾਂ ਦੀ ਨਿੱਜਤਾ ਵਿਚ ਦਖ਼ਲ ਦੇਣ ਦੀ ਅਮਰੀਕੀ ਪੋਲ ਖੋਲ੍ਹ ਦਿੱਤੀ ਹੈ। ਅਮਰੀਕੀ ਖੁਫ਼ੀਆ ਏਜੰਸੀ ਸੀ.ਆਈ.ਏ. ਦੇ ਸਾਬਕਾ ਮੁਲਾਜ਼ਮ ਐਡਵਰਡ ਸੋਨੇਡੇਨ ਨੇ ਅਮਰੀਕੀ ਸਰਕਾਰ ਨੂੰ ਇਹ ਕਹਿ ਕੇ ਵਖ਼ਤ ਪਾ ਦਿੱਤਾ ਹੈ ਕਿ ਅਮਰੀਕੀ ਪ੍ਰੋਗਰਾਮ ਤਹਿਤ ਲੋਕਾਂ ਦੀਆਂ ਇੰਟਰਨੈੱਟ ਤੇ ਫੋਨ ਗਤੀਵਿਧੀਆਂ ’ਤੇ ਨਜ਼ਰ ਰੱਖੀ ਜਾ ਰਹੀ ਹੈ। ਉਸ ਨੇ ਦੋਸ਼ ਲਾਇਆ ਕਿ ‘ਨੈਸ਼ਨਲ ਸਕਿਉਰਿਟੀ ਏਜੰਸੀ (ਐਨ.ਐਸ.ਏ.) ਦੀ ਗੁਪਤ ਮੁਹਿੰਮ ‘ਪ੍ਰਿਜ਼ਮ’ ਤਹਿਤ ਵੱਡੀ ਸੰਖਿਆ ਵਿਚ ਫੋਨ ਕਾਲਜ਼ ਤੇ ਇੰਟਰਨੈੱਟ ਨਾਲ ਜੁੜੀਆਂ ਜਾਣਕਾਰੀਆਂ ਇਕੱਠੀਆਂ ਕੀਤੀਆਂ ਗਈਆਂ ਹਨ। ਇਸ ਜਾਣਕਾਰੀ ਦੇ ਸਾਹਮਣੇ ਆਉਣ ਨਾਲ ਓਬਾਮਾ ਪ੍ਰਸ਼ਾਸਨ ਨੂੰ ਭਾਰੀ ਸ਼ਰਮਿੰਦਗੀ ਝਲਣੀ ਪਈ ਹੈ। ਇਸ ਮਗਰੋਂ ਅਮਰੀਕੀ ਖੁਫ਼ੀਆ ਏਜੰਸੀ ਨੇ ਦੁਨੀਆ ਭਰ ਦੇ ਨਿੱਜੀ ਯੂਜ਼ਰਾਂ ਦੇ ਟੈਲੀਫੋਨ ਤੇ ਇੰਟਰਨੈੱਟ ਡੈਟਾ ਹਾਸਲ ਕਰਨ ਦੀ ਕਾਰਵਾਈ ਦਾ ਬਚਾਅ ਕਰਨਾ ਸ਼ੁਰੂ ਕਰ ਦਿੱਤਾ।

ਅੱਜ ਸਨੋਡੇਨ ਨੂੰ ਚੀਨੀ ਜਾਸੂਸ ਅਤੇ ਦੇਸ਼ ਦੇ ਗੱਦਾਰ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਪਰ ਉਸ ਮੁਤਾਬਕ ਉਹਨੇ ਆਪਣੇ ਜ਼ਮੀਰ ਦੀ ਆਵਾਜ਼ ਸੁਣੀ ਤੇ ਅੱਜ ਇਸੇ ਕਾਰਨ ਦੁਨੀਆ ਭਰ ਵਿਚ ਪਨਾਹ ਲਈ ਭਟਕਦਾ ਫਿਰ ਰਿਹਾ ਹੈ। ਗਾਰਡੀਅਨ ਅਖ਼ਬਾਰ ਨੂੰ ਦਿੱਤੇ ਇੰਟਰਵਿਊ ਵਿਚ ਸਨੋਡੇਨ ਨੇ ਕਿਹਾ, ‘ਜਨੇਵਾ ਵਿਚ ਮੈਂ ਜੋ ਦੇਖਿਆ, ਉਸ ਨੇ ਮੈਨੂੰ ਬੇਹੱਦ ਨਿਰਾਸ਼ ਕੀਤਾ ਕਿ ਮੇਰੀ ਸਰਕਾਰ ਕਿਵੇਂ ਕੰਮ ਕਰ ਰਹੀ ਹੈ ਤੇ ਇਸ ਦਾ ਦੁਨੀਆ ’ਤੇ ਕੀ ਅਸਰ ਹੋ ਰਿਹਾ ਹੈ। ਮੈਨੂੰ ਮਹਿਸੂਸ ਹੋਇਆ ਕਿ ਮੈਂ ਅਜਿਹੀਆਂ ਚੀਜ਼ਾਂ ਦਾ ਹਿੱਸਾ ਹਾਂ, ਜੋ ਲਾਭ ਨਾਲੋਂ ਵੱਧ ਨੁਕਸਾਨ ਪਹੁੰਚਾਉਣ ਲਈ ਕੀਤੀਆਂ ਜਾ ਰਹੀਆਂ ਹਨ।’ ਸਨੋਡੇਨ ਮੁਤਾਬਕ ਉਹ ਸਰਕਾਰ ਦੀਆਂ ਗਤੀਵਿਧੀਆਂ ਜਨਤਕ ਕਰਨਾ ਚਾਹੁੰਦਾ ਸੀ ਪਰ ਉਹ ਇਸ ਆਸ ਵਿਚ ਰਿਹਾ ਕਿ ਸ਼ਾਇਦ ਬਰਾਕ ਓਬਾਮਾ ਚੋਣਾਂ ਮਗਰੋਂ ਨੀਤੀਆਂ ਵਿਚ ਬਦਲਾਅ ਕਰਨਗੇ ਪਰ ਅਜਿਹਾ ਨਹੀਂ ਹੋਇਆ। ਇਸ ਤੋਂ ਤੰਗ ਆ ਕੇ ਸਨੋਡੇਨ ਨੇ 2009 ਵਿਚ ਸੀ.ਆਈ.ਏ. ਦੀ ਨੌਕਰੀ ਛੱਡ ਦਿੱਤੀ।

ਸਨੋਡੇਨ ਦੇ ਇਸ ਖੁਲਾਸੇ ਤੋਂ ਬਾਅਦ ਦੁਨੀਆ ਭਰ ਦੇ ਇਨਸਾਫ ਪਸੰਦ ਲੋਕ ਉਹਦੇ ਇਸ ਹੌਸਲੇ ਦੀ ਦਾਦ ਦਿੰਦੇ ਹੋਏ ਉਹਦੀ ਹਮਾਇਤ ਕਰ ਰਹੇ ਹਨ ਅਤੇ ਮੰਗ ਕਰ ਰਹੇ ਹਨ ਕਿ ਅਮਰੀਕਾ ਇਹ ਦਾਦਾਗਿਰੀ ਬੰਦ ਕਰੇ ਪਰ ਭਾਰਤ ਸਰਕਾਰ ਦਾ ਇਸ ਸਬੰਧੀ ਰਵੱਈਆ ਬੇਹੱਦ ਨਿਰਾਸ਼ ਕਰਨ ਵਾਲਾ ਹੈ। ਸਨੋਡੇਨ ਨੇ ਭਾਰਤ ਤੋਂ ਵੀ ਸਿਆਸੀ ਪਨਾਹ ਮੰਗੀ ਸੀ ਪਰ ਭਾਰਤ ਸਰਕਾਰ ਨੇ ਨਾ ਸਿਰਫ਼ ਉਹਦੀ ਬੇਨਤੀ ਹੀ ਰੱਦ ਕੀਤੀ; ਸਗੋਂ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਇਥੋਂ ਤੱਕ ਕਹਿ ਦਿੱਤਾ ਕਿ ਅਮਰੀਕਾ ਨੇ ਲੋਕਾਂ ਵਲੋਂ ਕੀਤੇ ਗਏ ਫੋਨਾਂ ਅਤੇ ਈਮੇਲਾਂ ਦੇ ਤਰੀਕਿਆਂ ਦਾ ਸਿਰਫ਼ ਵਿਸ਼ਲੇਸ਼ਣ ਹੀ ਕੀਤਾ ਹੈ, ਇਹ ਕੋਈ ਜਾਸੂਸੀ ਨਹੀਂ ਹੈ। ਇਹਦਾ ਭਾਵ ਇਹ ਹੈ ਕਿ ਜੋ ਅਮਰੀਕਾ ਕਰ ਰਿਹਾ ਹੈ; ਉਹੀ ਕੁਝ ਭਾਰਤ ਸਰਕਾਰ ਨੇ ਆਪਣੇ ਨਾਗਰਿਕਾਂ ਨਾਲ ਕਰਨਾ ਹੈ।

ਦਰਅਸਲ; ਭਾਰਤ ਸਰਕਾਰ ਖੁਦ ‘ਕੇਂਦਰੀ ਨਿਗਰਾਨੀ ਪ੍ਰਣਾਲੀ ਤਹਿਤ ਸੁਰਖਿਆ ਏਜੰਸੀਆਂ ਰਾਹੀਂ ਸੁਰਖਿਆ ਦੀ ਦੁਹਾਈ ਦੇ ਕੇ ਲੋਕਾਂ ਦੇ ਫੋਨਾਂ, ਈ ਮੇਲਾਂ ਅਤੇ ਹੋਰ ਵਰਤੇ ਜਾ ਰਹੇ ਸੰਚਾਰ ਸਾਧਨਾਂ ’ਤੇ ਨਜ਼ਰ ਰੱਖ ਰਹੀ ਹੈ। ਇਸ ਮਾਮਲੇ ਵਿਚ ਭਾਰਤ ਸਰਕਾਰ ਦੀ ਦਲੀਲ ਵੀ ਅਮਰੀਕਾ ਵਾਲੀ ਹੀ ਹੈ ਕਿ ‘ਨਿਜਤਾ ਬਨਾਮ ਸੁਰਖਿਆ ਦੀ ਜਾਰੀ ਜੰਗ ਦੇ ਮਾਮਲੇ ਵਿਚ ਉਹ ਸੁਰਖਿਆ ਦੀ ਹਮਾਇਤੀ ਹੈ। ਭਾਰਤੀ ਅਵਾਮ ਨੂੰ ਇਸ ਦੀ ਖ਼ਬਰ ਹੀ ਨਹੀਂ ਹੈ ਕਿ ਇਸ ਬਹਾਨੇ ਮੁਲਕ ਦੇ 90 ਕਰੋੜ ਲੈਂਡਲਾਈਨ ਅਤੇ ਮੋਬਾਈਲ ਫੋਨ ਖ਼ਪਤਕਾਰਾਂ ਅਤੇ ਇਕ ਕਰੋੜ 20 ਲੱਖ ਇੰਟਰਨੈਟ ਖ਼ਪਤਕਾਰਾਂ ਵਿਚੋਂ ਕਿਸੇ ਨੂੰ ਵੀ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਇਹ ਸਿੱਧੇ ਤੌਰ ’ਤੇ ਬੰਦੇ ਦੀ ਆਜ਼ਾਦੀ ’ਤੇ ਹਮਲਾ ਹੈ। ਪਰ ਸਵਾਲ ਹੈ ਕਿ ਅਮਰੀਕਾ ਅਤੇ ਭਾਰਤ ਸਮੇਤ ਬਹੁਤੇ ਮੁਲਕਾਂ ਦੀਆਂ ਹਕੂਮਤਾਂ ਅਜਿਹਾ ਕਿਉਂ ਕਰ ਰਹੀਆਂ ਹਨ ? ਅਜ ਇਕ ਪਾਸੇ ਆਰਥਿਕ ਤੰਗੀਆਂ ਦੇ ਬਹਾਨੇ ਨਾਲ ਲੋਕ ਭਲਾਈ ਦੀਆਂ ਯੋਜਨਾਵਾਂ ਵਿਚ ਭਾਰੀ ਕਟੌਤੀਆਂ ਕੀਤੀਆਂ ਜਾ ਰਹੀਆਂ ਹਨ ਤੇ ਦੂਜੇ ਪਾਸੇ ਸੁਰਖਿਆ ਦੀ ਦੁਹਾਈ ਦੇ ਕੇ ਅਰਬਾਂ-ਖਰਬਾਂ ਦੇ ਜਾਸੂਸੀ ਨੈਟਵਕ ਖੜੇ ਕੀਤੇ ਜਾ ਰਹੇ ਹਨ। ਦਰਅਸਲ; ਇਹ ਸਾਰੀ ਕਸਰਤ ਦੁਨੀਆ ਭਰ ਵਿਚ ਉਠਦੇ ਜਨ-ਅੰਦੋਲਨਾਂ ਨੂੰ ਦਬਾਉਣ ਲਈ ਹੀ ਕੀਤੀ ਜਾ ਰਹੀ ਹੈ। ਸੂਚਨਾ ਕ੍ਰਾਂਤੀ ਦੇ ਇਸ ਦੌਰ ਵਿਚ ਕਿਉਂਕਿ ਸੰਚਾਰ ਸਾਧਨ ਕਿਸੇ ਵੀ ਮਾਮਲੇ ਵਿਚ ਇਕ ਲੋਕ-ਲਹਿਰ ਵਿਕਸਤ ਕਰਨ ਵਿਚ ਵੱਡਾ ਯੋਗਦਾਨ ਪਾਉਂਦੇ ਹਨ; ਇਸੇ ਲਈ ਇਹਦੀਆਂ ਲਗਾਮਾਂ ਕੱਸੀਆਂ ਜਾ ਰਹੀਆਂ ਹਨ। ਇਹ ਕੇਵਲ ਨਿਜਤਾ ਦੇ ਅਧਿਕਾਰ ਦੀ ਉਲੰਘਣਾ ਹੀ ਨਹੀਂ ਹੈ;ਸਗੋਂ ਅਵਾਮੀ ਹੱਕ-ਹਕੂਕਾਂ ’ਤੇ ਹਕੂਮਤੀ ਜਬਰ ਹੈ; ਜੋ ਕਿਸੇ ਵੀ ਕੀਮਤ ’ਤੇ ਬਰਦਾਸ਼ਤ ਯੋਗ ਨਹੀਂ ਹੈ। ਸੰਸਾਰ ਭਰ ਦੇ ਇਨਸਾਫ ਪਸੰਦ ਲੋਕਾਂ ਲਈ ਇਹ ਅਜ ਦੀ ਸਭ ਤੋਂ ਵੱਡੀ ਚੁਨੌਤੀ ਵੀ ਹੈ।

# ਹੈਰਾਨ ਤੇ ਪ੍ਰੇਸ਼ਾਨ ਨੌਜਵਾਨ ਪੀੜ੍ਹੀ



ਮ੍ਰਿਣਾਲ ਪਾਂਡੇ

ਸਿਨੇਮਾ ਦੇ ਪਰਦੇ ’ਤੇ ਫ਼ਿਲਮ ‘ਯੇ ਜਵਾਨੀ ਹੈ ਦੀਵਾਨੀ’ ਹਿੱਟ ਸਾਬਤ ਹੋਣ ਦੇ ਬਾਵਜੂਦ ਫ਼ਿਲਹਾਲ ਭਾਰਤ ਦੀ ਨੌਜਵਾਨ ਆਬਾਦੀ ਦੇ ਦਿਲ ਵਿਚ ਦੀਵਾਨਗੀ ਘੱਟ ਅਤੇ ਹੈਰਾਨੀ-ਪ੍ਰੇਸ਼ਾਨੀ ਜ਼ਿਆਦਾ ਹੈ। ਇਸ ਦੀ ਠੋਸ ਵਜਾ ਹੈ। ਦੇਸ਼ ਦਾ ਭਵਿੱਖ ਨੌਜਵਾਨ ਪੀੜ੍ਹੀ ਦੇ ਹੱਥਾਂ ਵਿਚ ਹੋਣ ਦੀ ਗੱਲ ਤਾਂ ਹਰ ਕੋਈ ਕਰਦਾ ਹੈ ਪਰ ਦੇਸ਼ ਦੀ ਰਾਜਨੀਤੀ ਤੋਂ ਫ਼ਿਲਮਾਂ ਤਕ, ਹਰ ਖੇਤਰ ਵਿਚ ਆਮ ਨੌਜਵਾਨ ਸਿਖਰ ਤੋਂ ਦੂਰ ਅਤੇ ਆਪਣੇ ਭਵਿੱਖ ਨੂੰ ਲੈ ਕੇ ਗ਼ੈਰ ਯਕੀਨੀ ਵਿਚ ਰਹਿ ਰਹੇ ਹਨ। ਸਿਆਸਤ ਹੋਵੇ ਜਾਂ ਅਰਥ ਜਗਤ ਹਰ ਖੇਤਰ ਵਿਚ ਸਿਖਰਲੇ ਅਹੁਦਿਆਂ ਦੀ ਕੁਰਸੀ ਬੁੱਢਿਆਂ ਅਤੇ ਉਨ੍ਹਾਂ ਤੋਂ ਜ਼ਿਆਦਾ ਬੁੱਢਿਆਂ ਦੇ ਵਿਚਕਾਰ ਹੀ ਲੜੀ ਜਾ ਰਹੀ ਹੈ। ਉਧਰ ਪੜ੍ਹਾਈ ਵਿਚ ਨੌਜਵਾਨਾਂ ਵਲੋਂ ਮਨਪਸੰਦ ਵਿਸ਼ਿਆਂ ਦੀ ਚੋਣ, ਕੋਚਿੰਗ ਅਤੇ ਨੌਕਰੀ ਤੋਂ ਲੈ ਕੇ ਸ਼ਾਦੀ-ਵਿਆਹ ਤਕ ਸਾਰੇ ਫ਼ੈਸਲੇ ਅਕਸਰ ਉਨ੍ਹਾਂ ਦੀ ਇੱਛਾ ਨਾਲ ਨਹੀਂ, ਸਮਾਜਕ, ਆਰਥਕ ਦਬਾਅ ਹੇਠ ਲਏ ਜਾ ਰਹੇ ਹਨ। ਜ਼ਿਆਦਾਤਰ ਮਾਪੇ ਗਿਆਨ ਜਾਂ ਨੈਤਿਕ ਕਦਰਾਂ-ਕੀਮਤਾਂ ਨੂੰ ਲੈ ਕੇ ਬਹੁਤੀ ਪ੍ਰਵਾਹ ਨਹੀਂ ਕਰਦੇ। ਉਹ ਕਮਾਊ ਪੁੱਤਰ ਨੂੰ ਮੋਟੀ ਕਮਾਈ ਵਾਲੇ ਅਹੁਦੇ ’ਤੇ ਹੀ ਦੇਖਣਾ ਚਾਹੁੰਦੇ ਹਨ। ਉਨ੍ਹਾਂ ਦੀ ਇੱਛਾ ਮਹਿਸੂਸਦਿਆਂ ਕਈ ਕੋਚਿੰਗ ਸੰਸਥਾਵਾਂ ਬੱਚਿਆਂ ਦੀ ਸਿਖਿਆ ਦੀ ਦਸ਼ਾ, ਦਿਸ਼ਾ ਉਸੇ ਆਧਾਰ ’ਤੇ ਬਣਾ ਰਹੇ ਹਨ।

ਸੁਧਾਰਵਾਦੀ ਕਾਨੂੰਨ ਅਤੇ ਸਿਵਲ ਸੰਗਠਨਾਂ ਦੀ ਮੌਜੂਦਗੀ ਦੇ ਬਾਵਜੂਦ ਜੇਕਰ ਇਕ ਪਾਸੇ ਬਾਜ਼ਾਰ ਦੀਆਂ ਲੋੜਾਂ ਅਤੇ ਦੂਜੇ ਪਾਸੇ ਜਾਤੀ, ਉਮਰ ਵਰਗ, ਲਿੰਗਕ ਭੇਦਭਾਵ ਨਾਲ ਜੁੜੀਆਂ ਆਦਮ ਪਰਿਵਾਰਕ ਪਰੰਪਰਾਵਾਂ ਹੀ ਨੌਜਵਾਨਾਂ ਦੇ ਜੀਵਨ ਮੁੱਲਾਂ ਦੀ ਕਸੌਟੀ ਬਣਾਉਣ ਲੱਗੀਏ ਤਾਂ ਜੋਖ਼ਮ ਭਰੇ ਸੋਧ ਬੋਧ ਦੀ ਦੀਵਾਨਗੀ ਨੌਜਵਾਨਾਂ ਵਿਚ ਕਿਵੇਂ ਪਸਰੇਗੀ ? ਫ਼ਿਲਹਾਲ ਦਾਖ਼ਲਿਆਂ ਦਾ ਸੀਜ਼ਨ ਸਿਰ ’ਤੇ ਹੈ ਅਤੇ ਮੀਡੀਆ ਜਾਂ ਬਾਲੀਵੁੱਡ ਭਾਵੇਂ ਥੋੜੇ ਜਿਹੇ ਨਵੇਂ ਪਹਿਰਾਵੇ ਨਾਲ ਲੈਸ ਨੌਜਵਾਨਾਂ, ਵਿਦਿਆਰਥੀਆਂ ਦੀ ਹੱਸਦਿਆਂ ਦੀਆਂ ਤਸਵੀਰਾਂ ਛਾਪ ਕੇ ਭਰਮ ਪੈਦਾ ਕਰ ਰਿਹਾ ਹੈ ਕਿ ਜਵਾਨੀ ਪੁਰ ਲੁਤਫ਼ ਅਤੇ ਦੀਵਾਨੀ ਹੈ। ਪਰ ਸੱਚ ਇਹ ਹੈ ਕਿ ਰਾਸ਼ਨ ਤੋਂ ਲੈ ਕੇ ਦਾਖ਼ਲਿਆਂ ਤਕ ਦੀਆਂ ਅਣਗਿਣਤ ਕਤਾਰਾਂ ਵਿਚ ਖੜੇ ਨੌਜਵਾਨਾਂ ਲਈ ਨੌਕਰੀਆਂ ਦੀ ਤਾਦਾਦ ਲਗਾਤਾਰ ਘੱਟ ਰਹੀ ਹੈ ਅਤੇ ਉਚ ਵਿਦਿਆ ਦੇ ਨਿੱਜੀਕਰਨ ਨੇ ਸਿਖਿਆ ਨੂੰ ਬੇਹੱਦ ਮਹਿੰਗਾ ਸੌਦਾ ਬਣਾ ਦਿੱਤਾ ਹੈ। ਖ਼ੁਦ ਬਾਲੀਵੁੱਡ ਵਿਚ ਵੀ ਰਾਜਨੀਤੀ ਜਾਂ ਕਾਰਪੋਰੇਟ ਜਗਤ ਦੀ ਹੀ ਤਰਾਂ ਪ੍ਰਤਿਭਾਸ਼ਾਲੀ ਕਲਾਕਾਰਾਂ ਦੀ ਬਜਾਏ ਹੁਣ ਵੱਡੇ ਸਿਤਾਰਿਆਂ ਦੇ ਪੁੱਤਰ-ਧੀਆਂ ਨੂੰ ਹੀ ਪਹਿਲ ਮਿਲ ਰਹੀ ਹੈ। ਅਦਾਕਾਰੀ ਤੋਂ ਨਿਰਦੇਸ਼ਨ ਤਕ ਹਰ ਥਾਂ ਫ਼ਿਲਮੀ ਖ਼ਾਨਦਾਨਾਂ ਦਾ ਕਬਜ਼ਾ ਦੇਖ ਕੇ ਬਾਹਰੀ ਦੇਸ਼ਾਂ, ਛੋਟੇ ਸ਼ਹਿਰਾਂ ਜਾਂ ਐਕਟਿੰਗ ਸਕੂਲਾਂ ਤੋਂ ਵੱਡੇ ਸੁਪਨੇ ਲੈ ਕੇ ਮੁੰਬਈ ਆਏ ਨੌਜਵਾਨਾਂ ਨੂੰ ਵੀ ਨਿਰਾਸ਼ਾ ਕਿਸ ਤਰਾਂ ਘੇਰ ਲੈਂਦੇ ਹਨ, ਦਿਵਿਆ ਭਾਰਤੀ ਜਾਂ ਜੀਆ ਖ਼ਾਨ ਦੀ ਆਤਮ ਹੱਤਿਆ ਇਸ ਦੀ ਉਦਾਹਰਣ ਹਨ।



ਯੂ.ਪੀ.ਏ. ਦੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਵਿਚ ਜਿਸ ਤੇਜ਼ੀ ਨਾਲ ਦੇਸ਼ ਨੇ ਆਰਥਕ ਵਿਕਾਸ ਦੇ ਪੈਮਾਨੇ ਬਣਾਏ, ਉਸ ਨਾਲ ਨੌਜਵਾਨਾਂ ਨੂੰ ਲੱਗਣ ਲੱਗਾ ਸੀ ਕਿ ਜਿਸ ਜਵਾਰ-ਭਾਟਾ ਦਾ ਉਹ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ, ਉਹ ਬਸ ਹੁਣ ਆਵੇਗੀ ਅਤੇ ਉਨ੍ਹਾਂ ਨੂੰ ਤੇਜ਼ੀ ਨਾਲ ਨਹਾ ਦੇਵੇਗੀ। ਪਰ ਆਲਮੀ ਅਰਥਵਿਵਸਥਾ ਨੇ ਸਾਨੂੰ ਤਰੱਕੀ ਦਾ ਜੋ ਅਨਮੋਲ ਮੌਕਾ ਦਿੱਤਾ ਸੀ, ਉਸ ਨੂੰ ਅਸੀਂ ਗੁਆ ਦਿੱਤਾ ਹੈ ਅਤੇ ਹੁਣ ਮੰਦੀ ਤੋਂ ਡਰਦਿਆਂ ਨਵੀਂ ਪੀੜ੍ਹੀ ਨੂੰ ਕਮਾਨ ਫੜਾਉਣ ਦਾ ਜੋਖ਼ਮ ਲੈਣ ਦੀ ਬਜਾਏ ਖ਼ਾਮੋਸ਼ੀ ਨਾਲ ਕ੍ਰਿਕਟ ਵਿਚ ਡਾਲਮੀਆ, ਭਾਜਪਾ ਵਿਚ ਅਡਵਾਨੀ, ਮਹਾਰਾਜ ਗੰਜ ਵਿਚ ਪ੍ਰਭੂ ਦੇਵ, ਇੰਫ਼ੋਸਿਸ ਵਿਚ ਨਾਰਾਇਣ ਮੂਰਤੀ, ਬਾਲੀਵੁੱਡ ਵਿਚ ਮਾਧੁਰੀ ਅਤੇ ਸ੍ਰੀਦੇਵੀ ਆਦਿ ਪੁਰਾਣਿਆਂ ਨੂੰ ਹੀ ਸੱਦਾ ਦੇ ਰਹੇ ਹਾਂ। ਅੰਨਾ ਅੰਦੋਲਨ ਨਾਲ ਪੈਦਾ ਹੋਇਆ ਉਤਸ਼ਾਹ ਕਾਫ਼ੂਰ ਹੋ ਗਿਆ ਹੈ ਅਤੇ ਨੌਜਵਾਨਾਂ ਲਈ ਅੱਜ ਹਰ ਦਲ ਦੇ ਸੀਨੀਅਰ ਨੇਤਾ ਨਕਲੀ ਮਖੌਟਾ, ਉਨ੍ਹਾਂ ਦੇ ਭਾਸ਼ਣ ਢੌਂਗ ਅਤੇ ਉਨ੍ਹਾਂ ਦੇ ਇਜਲਾਸ ਅਸਲੀਅਤ ’ਤੇ ਪਰਦਾ ਪਾਉਣ ਵਾਲੀਆਂ ਧੋਖੇ ਦੀਆਂ ਚਾਦਰਾਂ ਬਣਦੇ ਜਾ ਰਹੇ ਹਨ। ਤਕਰੀਬਨ ਤਿੰਨ-ਚਾਰ ਦਿਨ ਕ੍ਰਿਕਟ ਬੋਰਡ ਦੀਆਂ ਕਲੰਕ ਕਥਾਵਾਂ ਨੇ ਨੌਜਵਾਨ ਵਰਗ ਦਾ ਮਨੋਰੰਜਨ ਕੀਤਾ ਅਤੇ ਹੁਣ ਸਰਕਾਰ ’ਤੇ ਮੋਦੀ ਦੇ ਤਾਜ਼ਾ ਸ਼ਬਦੀ ਹਮਲਿਆਂ ਅਤੇ ਸ਼ਿਲਪਾ ਸ਼ੈਟੀ ਦੀ ਗਾਥਾ ਉਹ ਦੇਖ ਰਹੇ ਹਨ। ਜਿਵੇਂ ਉਸ ਨਾਲ ਉਨ੍ਹਾਂ ਦਾ ਕੋਈ ਨਾਤਾ ਨਾ ਹੋਵੇ। ਜਿਸ ਤਰਾਂ ਬਿਜਲੀ ਦੀਆਂ ਤਾਰਾਂ ’ਤੇ ਚੜਿਆ ਪਲਾਸਟਿਕ ਦਾ ਖੋਲ ਝਟਕੇ ਨੂੰ ਦੇਹ ਤੋਂ ਵੱਖ ਰੱਖਦਾ ਹੈ, ਅਰਥ ਜਗਤ, ਸਿਆਸਤ ਜਾਂ ਸਮਾਜ ਵਿਚ ਬਜ਼ੁਰਗਾਂ ਵਲੋਂ ਸੱਤਾ ’ਤੇ ਚੜ੍ਹਾਇਆ ਮੋਟਾ ਖੋਲ ਨੌਜਵਾਨਾਂ ਨੂੰ ਵੀ ਦੇਸ਼-ਵਿਆਪੀ ਭ੍ਰਿਸ਼ਟਾਚਾਰ ਜਾਂ ਮੈਚ ਫ਼ਿਕਸਿੰਗ ਦੇ ਵੱਡੇ ਝਟਕਿਆਂ ਨਾਲ ਉਤੇਜਿਤ ਨਹੀਂ ਹੋਣ ਦਿੰਦਾ।

ਸਾਨੂੰ ਮੰਨਣਾ ਪਵੇਗਾ ਕਿ ਵਿਚਾਰਕ ਖੁੱਲ੍ਹੇਪਨ ਦੇ ਬਾਵਜੂਦ ਨੌਜਵਾਨ ਸ਼ਕਤੀ ਦਾ ਕੋਈ ਤੂਫ਼ਾਨੀ ਵਿਚਾਰ ਮੰਥਨ ਆਜ਼ਾਦੀ ਤੋਂ ਬਾਅਦ ਦੇ ਰਾਜ ਸਮਾਜ ਵਿਚ ਬੇ-ਟੋਕ ਮੰਥਨ ਕਰਨ ਦਾ ਕੋਈ ਯੋਜਨਾਬੱਧ ਪ੍ਰਯੋਗ ਭਾਰਤੀਆਂ ਨੇ ਨਹੀਂ ਕੀਤਾ। ਸਿਆਸਤ ਤੋਂ ਸਿਖਿਆ ਸੰਸਥਾਵਾਂ ਤਕ ਵਿਚ ਬਦਲਾਓ ਦੀ ਵਿਆਖਿਆ ਅਤੇ ਕੰਮ ਕਾਰ ਬਜ਼ੁਰਗ ਹੀ ਕਰਦੇ ਹਨ, ਜਿਨ੍ਹਾਂ ਦਾ ਨੌਜਵਾਨ ਵਰਗਾਂ ਨਾਲ ਬਹੁਤ ਘੱਟ ਸੰਪਰਕ ਹੈ। ਨੌਜਵਾਨ ਵਰਗਾਂ ਨੂੰ ਮਹਿਜ਼ ਵੋਟ ਬੈਂਕ ਮੰਨ ਕੇ ਕੀਤੇ ਗਏ ਨਾ-ਸਮਝ ਬਦਲਾਵਾਂ ਨੇ ਸਾਡੀ ਸਿਖਿਆ ਵਿਵਸਥਾ ਨੂੰ ਪ੍ਰਤੀਬਾ ਵਿਰੋਧੀ, ਤੋਤਾ ਰਟਨ ’ਤੇ ਅਧਾਰਤ ਅਤੇ ਪ੍ਰੀਖਿਆ ਵਿਚ ਅੰਕਾਂ ਦਾ ਉਚੀ ਫ਼ੀਸਦੀ ਹਾਸਲ ਕਰਨ ਤਕ ਹੀ ਸੀਮਤ ਬਣਾ ਦਿੱਤਾ ਹੈ। ਇਸ ਨਿਰਭਰਤਾ ਦੇ ਯੁੱਗ ਵਿਚ ਸਾਨੂੰ ਜਦੋਂ ਉਚ ਸੰਚਾਰ ਤਕਨੀਕ ਦੀ ਦੁਨੀਆ ਨਾਲ ਨਜ਼ਰਾਂ ਮਿਲਾਉਣ ਦਾ ਮੌਕਾ ਮਿਲਿਆ (ਜਾਂ ਅਸੀਂ ਮਜਬੂਰ ਹੋਏ) ਤਾਂ ਉਸ ਸਮੇਂ ਬਹੁਤ ਘੱਟ ਪੈਸੇ ਦੇ ਬਦਲੇ ਕਿਸੇ ਗੈਰਜ ਵਿਚ ਕੰਮ ਸ਼ੁਰੂ ਕਰਨ ਵਾਲੇ ਮਾਈਕ੍ਰੋਸਾਫ਼ਟ ਦੇ ਬਿਲ ਗੇਟਸ, ਐਪਲ ਦੇ ਸਟੀਵ ਜਾਬਸ ਅਤੇ ਫ਼ੇਸਬੁਕ ਦੇ ਮਾਰਕ ਜੁਕਰਬਰਗ ਵਰਗੇ ਨੌਜਵਾਨਾਂ ਤੋਂ ਧੜਾਧੜ ਨਵੀਆਂ ਖੋਜਾਂ ਕਰਵਾਉਣ ਵਾਲਾ ਜੰਗਲੀ ਜੋਸ਼ ਸਾਡੇ ਨੌਜਵਾਨਾਂ ਵਿਚ ਨਹੀਂ ਸੀ। ਛੋਟੇ-ਮੋਟੇ ਆਊਟਸੋਰਸਿੰਗ ਵਾਲੇ ਕੰਮਾਂ ਦੇ ਭਾਰਤ ਆਉਣ ਨੂੰ ਹੀ ਸਾਡਾ ਮੀਡੀਆ ਵੀ ਭਾਰਤੀ ਨੌਜਵਾਨ ਲਈ ਆਲਮੀ ਮਾਨਤਾ ਮਿਲਣ ਦਾ ਪ੍ਰਮਾਣ ਮੰਨੀ ਬੈਠਾ ਹੈ ਅਤੇ ਕੈਂਪਸ ਚੋਣ ਵਿਚ ਕਿਸੇ ਬੰਦੇ ਨੂੰ ਮਿਲੀ ਮੋਟੀ ਤਨਖ਼ਾਹ ਜਾਂ ਸਿਲੀਕਾਨ ਘਾਟੀ ਵਿਚ ਨੌਕਰੀ ਲਈ ਚੁਣਿਆ ਜਾਣਾ ਗੁਲਾਬੀ ਅਖ਼ਬਾਰਾਂ ਵਿਚ ਪਹਿਲੇ ਪੰਨੇ ਦੀ ਖ਼ਬਰ ਬਣਨ ਨਾਲ ਲੱਖਾਂ ਨੌਜਵਾਨਾਂ ਦਾ ਸੁਪਨਾ ਬਣਦਾ ਗਿਆ।

ਨਕਲਚੀ ਗਿਆਨ, ਵਿਗਿਆਨ ਜਾਂ ਕਾਮਰਸ ਨਾਲ ਭਰੇ ਵਿਸ਼ੇ ਅੱਜ ਸਿਖਿਆ ਦੇ ਨਾਮ ’ਤੇ ਮਾਲ ਵੇਚਣ ਵਾਲੀਆਂ ਬੇਦਿਮਾਗੀ ਸਿਖਿਆ ਫ਼ੈਕਟਰੀਆਂ ਪੈਦਾ ਕਰਦਾ ਜਾ ਰਿਹਾ ਹੈ। ਵੱਡੀ ਗਿਣਤੀ ਵਿਚ ਉਨ੍ਹਾਂ ’ਚੋਂ ਨਿਕਲੀ ਕਿਸੀ ਮੋਟੀ ਕਮਾਈ ਵਾਲੀ ਨੌਕਰੀ ਵਿਚ ਚੋਣ ਹੋਣ ਵਿਚ ਅਸਮਰਥ ਨੌਜਵਾਨ ਗਿਆਨ ਦੇ ਖੇਤਰ ਵਿਚ ਤਾਂ ਨਹੀਂ ਪਰ ਨਸ਼ੀਲੇ ਪਦਾਰਥਾਂ ਅਤੇ ਅਪਰਾਧ ਦੀ ਦੁਨੀਆ ਨਾਲ ਜੁੜੇ ਸਫ਼ੈਦਪੋਸ਼ ਅਪਰਾਧਾਂ ਵਿਚ ਵਾਧਾ ਕਰ ਰਹੇ ਹਨ। ਜੇਕਰ ਅਸੀਂ ਅਜੇ ਵੀ ਆਪਣੇ ਨੌਜਵਾਨਾਂ ਨੂੰ ਜ਼ਿਆਦਾ ਇਮਾਨਦਾਰ ਅਤੇ ਜ਼ਿੰਮੇਵਾਰ ਬਣਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਆਲੋਚਨਾ ਸਹਿ ਕੇ ਵੀ ਸਿਖਿਆ ਸੰਸਥਾਵਾਂ ਨੂੰ ਗਿਆਨ ਦੇ ਕੇ ਉਨ੍ਹਾਂ ਸੰਸਕਾਰਾਂ ਵੱਲ ਮੋੜਨਾ ਹੋਵੇਗਾ, ਜਿਨਾਂ ਨੂੰ ਦੇਣਾ ਜ਼ਿਆਦਾਤਰ ਪਰਿਵਾਰ ਤਿਆਗ ਚੁੱਕੇ ਹਨ। ਕਈ ਨੌਜਵਾਨ ਮਨਾਂ ਵਿਚ ਅਜੇ ਵੀ ਸੱਚਮੁੱਚ ਦੇਸ਼ ਲਈ ਕੁਝ ਕਰਨ ਦਾ ਜਨੂਨ ਹੈ। ਪਰ ਇਹ ਰਚਨਾਤਮਕ ਫਲ ਉਦੋਂ ਹੀ ਦੇਵੇਗਾ, ਜਦੋਂ ਸਿਖਿਆ ਨੂੰ ਸਿਰਫ਼ ਬੰਦ ਕਮਰੇ ਵਿਚ ਕੀਤੀ ਗਈ ਨਕਲ ਨਾਲ ਨਹੀਂ, ਗਿਆਨ ਦੇ ਖੁੱਲੇ ਸੰਸਾਰ ਨਾਲ ਜੋੜਿਆ ਜਾਵੇਗਾ।

ਸੰਪਾਦਕੀ ਬੋਰਡ ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
e-mail: info@nawidunia.com
http://www.facebook.com/NawiDunia

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਨਿਸ਼ਾਨ ਕਾਂਡ ਦੇ ਕੁਝ ਹੋਰ ਬਾਕੀ ਨਿਸ਼ਾਨ



ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਫ਼ਰੀਦਕੋਟ ਦੇ ਬਹੁਚਰਚਿਤ ਅਗਵਾ ਕਾਂਡ ਦੇ ਮੁੱਖ ਦੋਸ਼ੀ ਨੂੰ ਦੂਹਰੀ ਉਮਰ ਕੈਦ ਦੀ ਸਜ਼ਾ ਹੋ ਚੁੱਕੀ ਹੈ। ਇਸ ਅਪਰਾਧ ਵਿਚ ਉਸ ਦੀ ਸਿੱਧੀ ਸਹਾਇਤਾ ਕਰਨ ਵਾਲਿਆਂ ਨੂੰ ਵੀ ਜੇਲ੍ਹ ਜਾਣਾ ਪਿਆ ਹੈ। ਅਗਵਾ ਕਾਂਡ ਦਾ ਮੁੱਖ ਦੋਸ਼ੀ ਨਿਸ਼ਾਨ ਸਿੰਘ ਕੋਈ ਆਮ ਖ਼ਤਰਨਾਕ ਅਪਰਾਧੀ ਨਹੀਂ ਹੈ। ਉਸ ਦਾ ਬਕਾਇਦਾ ਇਕ ਸਿਆਸੀ ਪਿਛੋਕੜ ਹੈ। ਉਸ ਦੇ ਅਪਰਾਧਾਂ ਦਾ ਬਕਾਇਦਾ ਇਕ ਰਿਕਾਰਡ ਹੈ। ਇਹੀ ਕਾਰਨ ਹੈ ਕਿ ਇਸ ਅਪਰਾਧੀ ਨੂੰ ਇਕ ਰਸੂਖ਼ਵਾਨ ਬੰਦੇ ਦੀ ਥਾਂ ਇਕ ਅਪਰਾਧੀ ਸਾਬਤ ਕਰਨ, ਉਸ ਦੀ ਸਿਆਸੀ ਹਮਾਇਤ ਨੂੰ ਬੇਅਸਰ ਕਰਨ ਅਤੇ ਉਸ ਦੇ ਚੁੰਗਲ ਵਿਚੋਂ ਇਕ ਮਾਸੂਮ ਨਾਬਾਲਗ ਲੜਕੀ ਨੂੰ ਛੁਡਾਉਣ ਲਈ ਲੋਕ ਹਿਤੈਸ਼ੀ ਜਥੇਬੰਦੀਆਂ ਵਲੋਂ ਜ਼ਬਰਦਸਤ ਜਨਤਕ ਅੰਦੋਲਨ ਚਲਾਇਆ ਗਿਆ। ਸਰਕਾਰ ਅਤੇ ਪ੍ਰਸ਼ਾਸਨ ਨੂੰ ਲੋਕ ਰੋਹ ਅੱਗੇ ਝੁਕ ਕੇ ਨਿਸ਼ਾਨ ਸਿੰਘ ਦਾ ਮੁਕੱਦਮਾ ਅਦਾਲਤ ਵਿਚ ਪੇਸ਼ ਕਰਨਾ ਪਿਆ ਤੇ ਇਉਂ ਇਹ ਮੁਕੱਦਮਾ ਪਹਿਲਾਂ ਜਨਤਕ ਕਚਹਿਰੀ ਵਿਚ ਲੜਿਆ ਗਿਆ ਤੇ ਫਿਰ ਸਰਕਾਰ ਦੀ ਅਦਾਲਤ ਵਿਚ। ਜਨਤਾ ਨੇ ਜੋ ਕਿਹਾ ਸੀ, ਅਦਾਲਤ ਨੇ ਉਸ ਦੇ ਸੱਚ ਹੋਣ ਉਪਰ ਮੋਹਰ ਲਾ ਦਿੱਤੀ ਤੇ ਦੋਸ਼ੀਆਂ ਨੂੰ ਉਨ੍ਹਾਂ ਦੇ ਅਸਲ ਟਿਕਾਣੇ 'ਤੇ ਜਾਣਾ ਪਿਆ। ਨਿਸ਼ਾਨ ਕਾਂਡ ਦੇ ਅੰਜ਼ਾਮ ਨੇ ਸਾਬਤ ਕਰ ਦਿੱਤਾ ਹੈ ਕਿ ਜਨਤਾ ਨੂੰ ਵੋਟਾਂ ਖ਼ਾਤਰ ਕਈ ਢੰਗ ਤਰੀਕੇ ਵਰਤ ਕੇ ਮੂਰਖ਼ (ਵਕਤੀ ਤੌਰ 'ਤੇ) ਤਾਂ ਬਣਾਇਆ ਜਾ ਸਕਦਾ ਹੈ, ਲੋਕ ਰਾਇ ਨੂੰ ਲਾਰਿਆਂ ਨਾਲ ਵਰਗਲਾਇਆ ਤਾਂ ਜਾ ਸਕਦਾ ਹੈ, ਪਰ ਉਨ੍ਹਾਂ ਦੀ ਹੱਕ-ਸੱਚ ਦੀ ਆਵਾਜ਼ ਨੂੰ ਸਦਾ ਲਈ ਦਬਾਇਆ ਨਹੀਂ ਜਾ ਸਕਦਾ।

ਭਾਵੇਂ ਨਿਸ਼ਾਨ ਸਿੰਘ ਤੇ ਅਪਰਾਧ ਵਿਚ ਉਸ ਦੇ ਸਹਿਯੋਗੀਆਂ ਨੂੰ ਸਜ਼ਾ ਹੋ ਚੁੱਕੀ ਹੈ, ਪਰ ਇਹ ਕਾਂਡ ਆਪਣੇ ਕਈ ਅਜਿਹੇ ਬਦਨੁਮਾ ਨਿਸ਼ਾਨ ਛੱਡ ਗਿਆ ਹੈ, ਜਿਨ੍ਹਾਂ ਬਾਰੇ ਲਾਜ਼ਮੀ ਤੌਰ 'ਤੇ ਗੰਭੀਰ ਹੋਣਾ ਪਵੇਗਾ। ਅਜਿਹੇ ਕਾਂਡਾਂ ਵਿਚ ਦੋਸ਼ੀਆਂ ਨੂੰ ਸਜ਼ਾ ਦਿਵਾ ਕੇ ਹੀ ਅਗਾਂਹਵਧੂ ਤੇ ਇਨਸਾਫ਼ ਪਸੰਦ ਧਿਰਾਂ ਦੀ ਭੂਮਿਕਾ ਸਮਾਪਤ ਨਹੀਂ ਹੋ ਜਾਂਦੀ, ਸਗੋਂ ਅਸੀਂ ਆਪਣੇ ਸਮਾਜ ਨੂੰ ਵੀ ਸੁਰੱਖਿਅਤ ਰੱਖਣ ਦੀ ਸਰਕਾਰ ਤੋਂ ਜ਼ਾਮਨੀ ਲੈਣੀ ਹੈ ਤੇ ਇਸ ਕਾਂਡ ਦੇ ਸੰਦਰਭ ਵਿਚ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਉਸ ਖ਼ਤਰਨਾਕ ਰਾਹ ਪੈਣ ਤੋਂ ਵਰਜਣਾ ਵੀ ਹੈ, ਜਿਸ ਰਾਹ ਹੁਣ ਤਕ ਅਨੇਕਾਂ ਨਿਸ਼ਾਨ ਸਿੰਘ ਪੈ ਚੁੱਕੇ ਹਨ। ਨਿਸ਼ਾਨ ਕਾਂਡ ਦਾ ਸਭ ਤੋਂ ਬਦਨੁਮਾ ਨਿਸ਼ਾਨ ਪੀੜਤ ਲੜਕੀ ਦਾ ਅਸਤ-ਵਿਅਸਤ ਹੋ ਚੁੱਕਾ ਵਿਦਿਅਕ ਭਵਿੱਖ ਹੈ। ਉਸ ਦੇ ਵਿਦਿਅਕ ਭਵਿੱਖ ਨੂੰ ਥਾਂ ਸਿਰ ਕਰਨ ਲਈ ਸਿੱਖਿਆ ਵਿਭਾਗ ਵਲੋਂ ਕੋਈ ਪਹਿਲਕਦਮੀ ਨਹੀਂ ਕੀਤੀ ਗਈ, ਜਦਕਿ ਮਾਨਵੀ ਆਧਾਰ 'ਤੇ ਅਜਿਹਾ ਕੀਤਾ ਜਾਣਾ ਬਣਦਾ ਸੀ। ਸਿੱਖਿਆ ਵਿਭਾਗ ਨੂੰ ਕੁਝ ਰਿਆਇਤਾਂ ਦੇ ਕੇ ਵੀ ਮਾਸੂਮ ਲੜਕੀ ਦੇ ਵਿਦਿਅਕ ਹਿੱਤਾਂ ਦੀ ਪੂਰਤੀ ਕੀਤੀ ਜਾਣੀ ਚਾਹੀਦੀ ਸੀ। ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਪੀੜਤ ਲੜਕੀ ਆਪਣੀ ਪੜ੍ਹਾਈ ਜਾਰੀ ਰੱਖਣ ਹਿੱਤ ਦਸਵੀਂ ਦੀ ਪ੍ਰੀਖਿਆ ਵਿਚ ਬੈਠਣਾ ਚਾਹੁੰਦੀ ਹੈ, ਲੜਕੀ ਦੀ ਇਸ ਇੱਛਾ ਨੂੰ ਲੋੜੀਂਦਾ ਮਹੱਤਵ ਦਿੰਦਿਆਂ ਬੜਾ ਚੰਗਾ ਹੋਣਾ ਸੀ ਕਿ ਪ੍ਰੀਖਿਆ ਵਿਚ ਪੀੜਤ ਲੜਕੀ ਦੇ ਬੈਠਣ ਦੇ ਰਾਹ ਵਿਚ ਆਉਂਦੀਆਂ ਸਭ ਰੁਕਾਵਟਾਂ ਦੂਰ ਕੀਤੀਆਂ ਜਾਂਦੀਆਂ। ਪਰ ਅਫ਼ਸੋਸ ਕਿ ਅਜਿਹਾ ਕਰਨ ਲਈ ਸੋਚਿਆ ਹੀ ਨਹੀਂ ਗਿਆ।



ਇਹ ਇਕ ਵਿਗਿਆਨਕ ਸੱਚ ਹੈ ਕਿ ਮਨੁੱਖ ਜੰਮਦਾ ਹੀ ਅਪਰਾਧੀ ਨਹੀਂ ਹੁੰਦਾ। ਮਨੁੱਖ ਨੂੰ ਅਪਰਾਧੀ ਬਣਾਉਣ ਵਿਚ ਸਮਾਜਕ ਹਾਲਾਤ ਨਿਰਣਾਇਕ ਭੂਮਿਕਾ ਨਿਭਾਉਂਦੇ ਹਨ। ਹਾਲਾਂਕਿ ਅਪਰਾਧੀ ਨਾਲ ਸਖ਼ਤੀ ਨਾਲ ਹੀ ਨਿਬੜਿਆ ਜਾਣਾ ਚਾਹੀਦਾ ਹੈ, ਫਿਰ ਵੀ ਜਦੋਂ ਤਕ ਅਪਰਾਧ ਦੀਆਂ ਸਮਾਜਕ ਜੜ੍ਹਾਂ ਪੁੱਟੀਆਂ ਨਹੀਂ ਜਾਂਦੀਆਂ ਉਦੋਂ ਤਕ ਅਪਰਾਧੀ ਪੈਦਾ ਹੋਣ ਦਾ ਸਿਲਸਿਲਾ ਬਣਿਆ ਰਹਿੰਦਾ ਹੈ। ਅਜੋਕੀ ਕਾਰਪੋਰੇਟ ਰਾਜਨੀਤੀ ਨੇ ਤਾਂ ਅਪਰਾਧੀਆਂ ਦੇ ਪੈਦਾ ਹੋਣ ਲਈ ਹਾਲਾਤ ਅਸਾਧਾਰਣ ਰੂਪ ਵਿਚ ਸਾਜ਼ਗਾਰ ਕਰ ਦਿੱਤੇ ਹਨ। ਜ਼ਰਾ ਚੋਣਾਂ ਤੋਂ ਕੁਝ ਕੁ ਪਹਿਲਾਂ ਦੇ ਦ੍ਰਿਸ਼ ਉਪਰ ਝਾਤ ਮਾਰੋ। ਇਕ ਰਾਜਸੀ ਪਾਰਟੀ ਦਾ ਘਾਗ ਦਿੱਖ ਵਾਲਾ ਵਿਅਕਤੀ ਮੋਟਰ ਸਾਈਕਲ ਤੇ ਕਾਰ ਸਵਾਰ ਨੌਜਵਾਨਾਂ ਦੇ ਇਕ ਵੱਡੇ ਕਾਫ਼ਲੇ ਨੂੰ ਅਗਵਾਈ ਦੇ ਰਿਹਾ ਹੈ, ਮਨੋਰਥ ਕੇਵਲ ਸ਼ਕਤੀ ਪ੍ਰਦਰਸ਼ਨ ਹੈ। ਇਨ੍ਹਾਂ ਨੌਜਵਾਨਾਂ ਦਾ ਇਸ ਪ੍ਰਦਰਸ਼ਨ ਨਾਲ ਕੇਵਲ ਇਕੋ ਹਿੱਤ ਜੁੜਿਆ ਹੁੰਦਾ ਹੈ ਤੇ ਉਹ ਹੈ ਚੋਣਾਂ ਜਿੱਤਣ ਉਪਰੰਤ ਮਨਮਾਨੀਆਂ ਕਰਨ ਦੀ ਖੁਲ੍ਹ ਲੈਣਾ। ਉਨ੍ਹਾਂ ਨੂੰ ਵਹਿਮ ਹੁੰਦਾ ਹੈ ਕਿ ਉਨ੍ਹਾਂ ਦੇ 'ਘੈਂਟ' ਨੇਤਾ ਦਾ ਹੱਥ ਹਮੇਸ਼ਾ-ਹਮੇਸ਼ਾ ਲਈ ਉਨ੍ਹਾਂ ਦੇ ਸਿਰ ਉਪਰ ਹੈ, ਜਦਕਿ ਇਹ 'ਘੈਂਟ' ਨੇਤਾ, ਗੱਲ ਭਾਵੇਂ ਜੋ ਕਰੀ ਜਾਣ, ਆਪਣੀਆਂ ਸੰਵਿਧਾਨਿਕ ਸੀਮਾਵਾਂ ਤੇ ਸੱਤਾ ਵਿਚ ਟਿਕਣ ਦੀ ਲੋੜ ਤੋਂ ਚੰਗੀ ਤਰ੍ਹਾਂ ਵਾਕਫ਼ ਹੁੰਦੇ ਹਨ। ਇਸ ਲਈ ਉਹ ਇਕ ਖ਼ਾਸ ਹੱਦ ਤਕ ਹੀ ਅਪਰਾਧ ਜਗਤ ਵਿਚ ਵਿਚਰਣ ਵਾਲੇ ਜਾਂ ਮਨਮਰਜ਼ੀਆਂ ਕਰਨ ਵਾਲੇ ਨੌਜਵਾਨਾਂ ਦੀ ਸਰਪ੍ਰਸਤੀ ਕਰ ਸਕਦੇ ਹਨ। ਵਿਗੜੈਲ ਨੌਜਵਾਨਾਂ ਦੇ ਇਹ ਆਗੂ, ਖ਼ੁਦ ਨੌਜਵਾਨਾਂ ਦੀ ਸ਼ਕਤੀ ਦੀ ਦੁਰਵਰਤੋਂ ਕਰਕੇ ਸੱਤਾ ਦੇ ਗਲਿਆਰਿਆਂ ਜਾਂ ਬਿਰਾਜਮਾਨ ਹੁੰਦੇ ਹਨ ਤੇ ਦੂਜੇ ਪਾਸੇ ਇਨ੍ਹਾਂ ਦੇ ਚਮਲਾਏ ਹੋਏ ਨੌਜਵਾਨਾਂ ਵਿਚੋਂ ਕਈ ਜੇਲ੍ਹਾਂ 'ਚ ਜਾ ਪਹੁੰਚਦੇ ਹਨ।

ਦਰਅਸਲ, ਇਹ ਮਾਮਲਾ ਮਾਪਿਆਂ ਦੇ ਵਿਚਾਰਨ ਵਾਲਾ ਹੈ। ਵਿਗੜੈਲ ਬਣਾ ਦਿੱਤੇ ਗਏ ਨੌਜਵਾਨਾਂ ਵਿਚ ਕਈਆਂ ਦੇ ਮਾਪੇ ਸਾਫ਼-ਸੁਥਰਾ ਅਕਸ ਰੱਖਣ ਵਾਲੇ ਲੋਕ ਹੁੰਦੇ ਹਨ। ਬਹੁਤਿਆਂ ਨੇ ਤਾਂ ਦੇਸ਼ ਲਈ ਮੁੱਲਵਾਨ ਸੇਵਾਵਾਂ ਵੀ ਨਿਭਾਈਆਂ ਹੁੰਦੀਆਂ ਹਨ। ਆਪਣੇ ਬੱਚਿਆਂ ਦੇ ਅਪਰਾਧਕ ਮਾਮਲਿਆਂ ਵਿਚ ਫਸ ਜਾਣ ਕਾਰਨ ਉਨ੍ਹਾਂ ਨੂੰ ਵੱਡੀ ਨਮੋਸ਼ੀ ਝੱਲਣੀ ਪੈਂਦੀ ਹੈ। ਜ਼ਰੂਰੀ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਮਿਲਦੀ ਸਿਆਸੀ ਸਰਪ੍ਰਸਤੀ ਬਾਰੇ ਯਥਾਰਥਕ ਪਹੁੰਚ ਅਪਣਾਉਣ। ਜਦੋਂ ਉਨ੍ਹਾਂ ਦਾ ਬੱਚਾ ਆਪਣੇ ਵਹੀਕਲ ਸਮੇਤ ਘਾਗ ਸਿਆਸਤਦਾਨਾਂ ਦੇ ਖ਼ੁਦੀ ਸ਼ਕਤੀ ਪ੍ਰਦਰਸ਼ਨ ਵਿਚ ਸ਼ਾਮਲ ਹੁੰਦਾ ਹੈ, ਉਦੋਂ ਉਹ ਇਕ ਵਾਰ ਨਹੀਂ, ਸਗੋਂ ਸੌ ਵਾਰ ਸੋਚਣ। ਉਹ ਇਨ੍ਹਾਂ ਪ੍ਰਦਰਸ਼ਨਾਂ ਵਿਚ ਆਪਣੇ ਬੱਚੇ ਦੀ ਸ਼ਮੂਲੀਅਤ ਨੂੰ ਉਨ੍ਹਾਂ ਦਾ ਸਿਆਸੀ ਕਰੀਅਰ ਸਮਝਣ ਦਾ ਭੁਲੇਖਾ ਨਾ ਖਾਣ ਕਿਉਂਕਿ 'ਸਿਆਸੀ ਕਰੀਅਰ' ਤਾਂ ਕੁਝ ਕੁ 'ਸਿਆਸੀ ਪਰਿਵਾਰਾਂ' ਨੇ ਆਪਣੇ ਬੱਚਿਆਂ ਲਈ ਰਾਖਵਾਂ ਕਰ ਲਿਆ ਹੈ। ਆਪਣੇ ਬੱਚਿਆਂ ਨੂੰ ਧੱਕੜ ਸੱਤਾਧਾਰੀ ਵਰਗਾਂ ਦੇ ਸਿਆਸਤਦਾਨਾਂ ਤੋਂ ਬਚਾਉਣ ਲਈ ਉਹ ਇਕਮੁੱਠ ਹੋ ਕੇ ਆਵਾਜ਼ ਉਠਾਉਣ ਤੇ ਬਕਾਇਦਾ ਇਨ੍ਹਾਂ ਸਿਆਸਤਦਾਨਾਂ ਨੂੰ ਕਹਿਣ ਕਿ ਉਨ੍ਹਾਂ ਦੇ ਬੱਚਿਆਂ ਨੂੰ ਉਹ ਆਪਣੀਆਂ ਸਿਆਸੀ ਚਾਲਾਂ ਲਈ ਵਰਤਣ ਤੋਂ ਗੁਰੇਜ਼ ਕਰਨ। ਸਿਹਤਮੰਦ, ਮੁੱਲ ਅਧਾਰਤ ਅਤੇ ਉਸਾਰੂ ਰਾਜਨੀਤੀ ਨਿਸ਼ਚੇ ਹੀ ਨੌਜਵਾਨਾਂ ਲਈ ਵਰਜਿਤ ਨਹੀਂ ਹੋਣੀ ਚਾਹੀਦੀ। ਪਰ ਇਕ ਖ਼ਾਸ ਸ਼ੈਲੀ ਵਿਚ ਰਾਜਨੀਤੀ ਕਰਨ ਵਾਲੇ ਸਿਆਸੀ ਨੇਤਾ ਆਪਣੀਆਂ ਸਮਾਜਕ ਜ਼ੁੰਮੇਵਾਰੀਆਂ ਨੂੰ ਤਿਲਾਂਜਲੀ ਦੇ ਕੇ ਨੌਜਵਾਨਾਂ ਨੂੰ ਗੁਮਰਾਹ ਕਰ ਰਹੇ ਹਨ। ਨਿਸ਼ਾਨ ਕਾਂਡ ਲਈ ਅਜਿਹੇ ਸਿਆਸਤਦਾਨਾਂ ਦੀ ਨਕਾਰਾਤਮਕ ਭੂਮਿਕਾ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ।

ਅਫ਼ਸਰਸ਼ਾਹੀ ਦੀ ਸਮਾਜ ਪ੍ਰਤੀ ਗੈਰਜ਼ਿੰਮੇਦਾਰਾਨਾ ਪਹੁੰਚ ਵੀ ਨਿਸ਼ਾਨ ਕਾਂਡ ਦਾ ਇਕ ਬਦਨੁਮਾ ਨਿਸ਼ਾਨ ਹੈ। ਅਫ਼ਸਰਸ਼ਾਹੀ ਦੀ ਜ਼ਮੀਰ ਮਰ ਚੁੱਕੀ ਹੈ। ਇਸ ਦਾ ਮੁੱਖ ਕਾਰਨ ਸ਼ਾਇਦ ਇਹ ਹੈ ਕਿ ਇਹ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਖੁੱਭੀ ਹੋਈ ਹੈ। ਜ਼ਿਆਦਾਤਰ ਅਪਰਾਧਾਂ ਦੇ ਮਾਮਲਿਆਂ ਵਿਚ ਇਹ ਅਪਰਾਧਾਂ ਉਪਰ ਪਰਦਾ ਪਾਉਣ ਦਾ ਯਤਨ ਕਰਦੀ ਹੈ। ਜਿਨ੍ਹਾਂ ਮਾਮਲਿਆਂ ਨੂੰ ਰਫ਼ਾ-ਦਫ਼ਾ ਕਰਨ ਵਿਚ ਤਾਂ ਅਫ਼ਸਰਸ਼ਾਹੀ ਅੱਡੀ ਚੋਟੀ ਦਾ ਜ਼ੋਰ ਲਗਾ ਦਿੰਦੀ ਹੈ। ਨਿਸ਼ਾਨ ਕਾਂਡ ਦੇ ਮਾਮਲੇ ਵਿਚ ਅਸੀਂ ਅਫ਼ਸਰਸ਼ਾਹੀ ਨੂੰ ਅਜਿਹਾ ਹੀ ਕਰਦਿਆਂ ਵੇਖਿਆ ਹੈ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਜਿਸ ਅਫ਼ਸਰਸ਼ਾਹੀ ਨੇ ਪੂਰੇ ਮਾਮਲੇ ਨੂੰ ਗ਼ਲਤ ਮੋੜ ਦੇਣ ਦੀ ਕੋਸ਼ਿਸ਼ ਕੀਤੀ, ਉਸ ਦੀ ਕਿਤੇ ਵੀ ਕੋਈ ਜਵਾਬਦੇਹੀ ਨਹੀਂ ਹੋਈ। ਸਮਾਂ ਮੰਗ ਕਰਦਾ ਹੈ ਕਿ ਅਫ਼ਸਰਸ਼ਾਹੀ ਸਮਾਜ ਪ੍ਰਤੀ ਵੀ ਜਵਾਬਦੇਹ ਹੋਵੇ। ਅਜਿਹਾ ਕਰਦਿਆਂ ਭਾਵੇਂ ਇਸ ਨੂੰ ਸੱਤਾਧਾਰੀ ਸਿਆਸਤਦਾਨਾਂ ਦੀ ਨਰਾਜ਼ਗੀ ਵੀ ਕਿਉਂ ਨਾ ਮੁੱਲ ਲੈਣੀ ਪਵੇ।

ਨਿਸ਼ਾਨ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਵਿਚ ਜਿਨ੍ਹਾਂ ਜਥੇਬੰਦੀਆਂ ਅਤੇ ਸਖ਼ਸ਼ੀਅਤਾਂ ਨੇ ਸੰਘਰਸ਼ਮਈ ਭੂਮਿਕਾ ਨਿਭਾਈ ਹੈ, ਉਨ੍ਹਾਂ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ। ਸੰਘਰਸ਼ ਦਾ ਇਕ ਪੜਾਅ ਇਨ੍ਹਾਂ ਦੀ ਸਿਦਕ-ਦਿਲੀ ਤੇ ਉਸਾਰੂ ਸੋਚ ਸਦਕਾ ਪੂਰਾ ਕਰ ਲਿਆ ਗਿਆ ਹੈ। ਨਿਸ਼ਾਨ ਕਾਂਡ ਦੇ ਬਾਕੀ ਬਦਨੁਮਾ ਦਾਗ਼ ਮਿਟਾਉਣ ਲਈ ਵੀ ਸਾਡੇ ਸਮਾਜ ਨੂੰ ਅਗਾਂਹਵਧੂ ਜਥੇਬੰਦੀਆਂ ਤੇ ਸਖ਼ਸ਼ੀਅਤਾਂ ਤੋਂ ਅਗਵਾਈ ਹਾਸਲ ਕਰਦੇ ਰਹਿਣਾ ਚਾਹੀਦਾ ਹੈ।

ਧੁਖ਼ਦਾ ਕਾਲਮ

# ਅਸਾਡੀ ਪਿਆਸ ਰੇਗਿਸਤਾਨ ਤੋਂ ਵੀ ਹੋ ਗਈ ਵੱਡੀ

ਸੁਸ਼ੀਲ ਦੁਸਾਂਝ +91-97813-60066

ਵਾਤਾਵਰਨ ਨਾਲ ਸਬੰਧਤ ਕੌਮਾਂਤਰੀ ਜਥੇਬੰਦੀ ਵਿਸ਼ਵ ਵਣਜੀਵ ਸੰਗਠਨ (ਡਬਲਯੂ.ਡਬਲਯੂ.ਐਫ.) ਦੀ ਰਿਪੋਰਟ ਮੁਤਾਬਕ ਜੇਕਰ ਕੁਦਰਤੀ ਸਰੋਤਾਂ ਦਾ ਸ਼ੋਸ਼ਣ ਇਸੇ ਤਰ੍ਹਾਂ ਜਾਰੀ ਰਹਿੰਦਾ ਹੈ ਅਤੇ ਅਸੀਂ ਆਪਣੀ ਜੀਵਨ-ਸ਼ੈਲੀ ਵਿਚ ਕੁਦਰਤ-ਮੁਖੀ ਤਬਦੀਲੀ ਨਹੀਂ ਲਿਆਉਂਦੇ ਤਾਂ 2050 ਤੱਕ ਹਾਲਾਤ ਏਨੇ ਬੇਕਾਬੂ ਹੋ ਜਾਣਗੇ ਕਿ ਮਨੁੱਖੀ ਵਸੋਂ ਲਈ ਅਜਿਹੀ ਇਕ ਹੋਰ ਧਰਤੀ ਦੀ ਜ਼ਰੂਰਤ ਪਵੇਗੀ। ਰਿਪੋਰਟ ਵਿਚ ਕੁੱਝ ਹੋਰ ਬਹੁਤ ਹੀ ਹੈਰਾਨ ਕਰਨ ਵਾਲੇ ਤੱਥ ਦਿੱਤੇ ਗਏ ਹਨ। ਦੁਨੀਆ ਭਰ ਵਿਚ ਇਕੋ-ਜਿਹੀ ਜੀਵਨ ਸ਼ੈਲੀ ਨਹੀਂ ਹੈ। ਅਤਿ-ਵਿਕਸਤ, ਵਿਕਸਤ, ਵਿਕਾਸਸ਼ੀਲ ਅਤੇ ਗਰੀਬ ਮੁਲਕਾਂ ਦੀ ਜੀਵਨ ਸ਼ੈਲੀ ਵਿਚ ਮੀਲਾਂ ਦੇ ਫਾਸਲੇ ਹਨ ਪਰ ਜਿਸ ਕਿਸਮ ਦੇ ਸੰਸਾਰੀਕਰਨ ਦੀ ਹਨੇਰੀ ਵਿਚ ਸਾਰੇ ਸੰਸਾਰ ਨੂੰ ਹੀ ਉਡਾ ਕੇ ਲੈ ਜਾਣ ਦੇ ਯਤਨ ਹੋ ਰਹੇ ਹਨ, ਉਨ੍ਹਾਂ ਦੇ ਚਲਦਿਆਂ ਵਿਕਸਤ ਮੁਲਕਾਂ ਦੀ ਜੀਵਨ ਸ਼ੈਲੀ ਦੇ ਅਸਰ ਵਿਕਾਸਸ਼ੀਲ ਮੁਲਕਾਂ ਵਿਚ ਤਾਂ ਬੜੀ ਤੇਜ਼ੀ ਨਾਲ ਦਿਖਾਈ ਦੇ ਹੀ ਰਹੇ ਹਨ ਪਰ ਗਰੀਬ ਮੁਲਕਾਂ ਦੇ ਸ਼ਹਿਰੀ ਇਲਾਕਿਆਂ ਵਿਚ ਵੀ ਪੱਛਮੀ ਜੀਵਨ ਸ਼ੈਲੀ ਦੀ ਪਹਿਲੀ ਘੁਸਪੈਠ ਹੋ ਚੁੱਕੀ ਹੈ। 2050 ਤੱਕ ਰਹਿਣ ਲਈ ਇਕ ਹੋਰ ਧਰਤੀ ਦੀ ਲੋੜ ਦੀ ਜਿਹੜੀ ਗੱਲ ਕੀਤੀ ਗਈ ਹੈ ਉਹ ਸਾਰੇ ਸੰਸਾਰ ਦੇ ਪ੍ਰਸੰਗ ਵਿਚ ਔਸਤਨ ਰੂਪ ਵਿਚ ਕੀਤੀ ਗਈ ਹੈ। ਉਂਜ ਜਿਹੜੀ ਜੀਵਨ ਸ਼ੈਲੀ ਅੱਜ ਅਮਰੀਕੀਆਂ ਦੀ ਹੈ ਜੇ ਸਾਰਾ ਸੰਸਾਰ ਅੱਜ ਹੀ ਉਹ ਜੀਵਨ-ਸ਼ੈਲੀ ਅਪਨਾ ਲਵੇ ਤਾਂ ਪੰਜ ਧਰਤੀਆਂ ਵੀ ਘੱਟ ਪੈਣਗੀਆਂ। ਰਿਪੋਰਟ ਮੁਤਾਬਕ ਸੰਯੁਕਤ ਅਰਬ ਅਮੀਰਾਤ ਦੇ ਲੋਕ ਧਰਤੀ ਉਪਰ ਪ੍ਰਤੀ ਵਿਅਕਤੀ ਸਭ ਤੋਂ ਜ਼ਿਆਦਾ ਬੋਝ ਪਾਉਂਦੇ ਹਨ। ਉਸ ਤੋਂ ਬਾਅਦ ਅਮਰੀਕਾ, ਫਿਨਲੈਂਡ, ਕੈਨੇਡਾ ਅਤੇ ਆਸਟਰੇਲੀਆ ਦੀ ਜੀਵਨ-ਸ਼ੈਲੀ ਆਉਂਦੀ ਹੈ। ਆਪਣਾ ਮੁਲਕ ਵੀ ਸੰਸਾਰੀਕਰਨ ਦੀਆਂ ਨੀਤੀਆਂ ਜਿਵੇਂ-ਜਿਵੇਂ ਲਾਗੂ ਕਰ ਰਿਹਾ ਹੈ ਉਵੇਂ-ਉਵੇਂ ਹੀ ਭਾਰਤੀ ਜੀਵਨ-ਸ਼ੈਲੀ ਦੀਆਂ ਧੱਜੀਆਂ ਉਡਦੀਆਂ ਜਾ ਰਹੀਆਂ ਹਨ।

ਸੰਸਾਰੀਕਰਨ ਦੀਆਂ ਸ਼ਕਤੀਆਂ ਮੰਡੀ ਦੇਖ ਕੇ ਅਪਣਾ ਮਾਲ ਸੁੱਟ ਰਹੀਆਂ ਹਨ। ਅੱਜ ਭਾਰਤ ਵਰਗੇ ਵਿਕਾਸਸ਼ੀਲ ਮੁਲਕ ਕੌਮਾਂਤਰੀ ਲੁਟੇਰਾ ਕੰਪਨੀਆਂ ਲਈ ਜਰਖੇਜ਼ ਮੰਡੀ ਹਨ, ਇਸੇ ਲਈ ਸਾਡੇ 'ਤੇ ਇਹਦੇ ਬੜੀ ਜਲਦੀ ਪ੍ਰਭਾਵ ਦੇਖਣ ਨੂੰ ਮਿਲ ਰਹੇ ਹਨ। ਕੌਮਾਂਤਰੀ ਲੁਟੇਰਿਆਂ ਵਲੋਂ ਆਪਣੀਆਂ ਤਿਜੋਰੀਆਂ ਨੂੰ ਮਾਲਾਮਾਲ ਕਰਨ ਦੇ ਯਤਨਾਂ ਵਜੋਂ ਹੀ ਹਰ ਜਾਇਜ਼-ਨਾਜਾਇਜ਼ ਤਰੀਕਾ ਅਪਣਾਇਆ ਜਾਂਦਾ ਹੈ ਤੇ ਇਸੇ ਲੋਟੂ ਖੇਡ ਨੂੰ ਜਾਰੀ ਰੱਖਣ ਲਈ ਉਸੇ ਧਰਤੀ ਦੀ ਹਿੱਕ ਨੂੰ ਲਹੂ-ਲੁਹਾਣ ਕੀਤਾ ਜਾ ਰਿਹਾ ਹੈ, ਜਿਹਦੀ ਹੋਂਦ ਦੇ ਨਾਲ ਹੀ ਮਨੁੱਖੀ ਹੋਂਦ ਜੁੜੀ ਹੋਈ ਹੈ।

ਦਰਅਸਲ, ਆਪਣੀਆਂ ਲੋਟੂ ਪ੍ਰਵਿਰਤੀਆਂ ਨੂੰ ਪੱਠੇ ਪਾਉਣ ਲਈ ਬਹੁ-ਕੌਮੀ ਕੰਪਨੀਆਂ ਕੁਦਰਤੀ ਸਰੋਤਾਂ ਦਾ ਸ਼ੋਸ਼ਣ ਕਰਨ ਵਿਚ ਅੰਨ੍ਹੇਵਾਹ ਜੁਟੀਆਂ ਹੋਈਆਂ ਹਨ, ਅਤੇ ਜੇਕਰ ਇਨ੍ਹਾਂ ਨੂੰ ਲਗਾਮ ਨਾ ਪਾਈ ਗਈ ਤਾਂ 2050 ਤਾਂ ਦੂਰ ਹੈ ਆਉਂਦੇ 5 ਕੁ ਸਾਲਾਂ ਤੱਕ ਹੀ ਮਨੁੱਖੀ ਹੋਂਦ ਨੂੰ ਖ਼ਤਰੇ ਦੇ ਪਹਿਲੇ ਨਿਸ਼ਾਨ ਦਿਖਾਈ ਦੇਣ ਲੱਗ ਪੈਣੇ ਹਨ। ਸੱਚ ਇਹ ਹੈ ਕਿ ਪਿਛਲੇ ਕੋਈ 30 ਕੁ ਸਾਲਾਂ ਤੋਂ ਮਨੁੱਖ ਨੇ ਕੁਦਰਤ ਦੇ ਨਿਯਮਾਂ ਨੂੰ ਛਿੱਕੇ ਟੰਗਦੇ ਹੋਏ ਪਾਣੀ, ਲੱਕੜੀ, ਬਾਲਣ ਅਤੇ ਭੋਜਨ ਦੀਆਂ ਲੋੜਾਂ ਪੂਰੀਆਂ ਕਰਨ ਦੇ ਨਾਂਅ 'ਤੇ ਕੁਦਰਤੀ ਸਰੋਤਾਂ ਦਾ ਏਨੀ ਬੁਰੀ ਤਰ੍ਹਾਂ ਸ਼ੋਸ਼ਣ ਕੀਤਾ ਹੈ ਕਿ ਵਾਤਾਵਰਣ ਦਾ ਸੰਤੁਲਨ ਹੀ ਗੜਬੜਾ ਗਿਆ ਹੈ। ਕੁਦਰਤ ਨਾਲ ਲੜਨ ਦੀ ਪ੍ਰਵਿਰਤੀ ਭਾਰਤ ਦੇ ਪ੍ਰਸੰਗ ਵਿਚ ਹੋਰ ਵੀ ਜ਼ਿਆਦਾ ਗੰਭੀਰ ਨਤੀਜੇ ਕੱਢਣ ਵਾਲੀ ਹੈ ਕਿਉਂਕਿ ਆਪਣੇ ਮੁਲਕ ਦੇ ਤਾਂ ਕੋਈ 70 ਫ਼ੀਸਦੀ ਲੋਕਾਂ ਦਾ ਜੀਵਨ ਹੀ ਕੁਦਰਤੀ ਸਾਧਨਾਂ-ਸਰੋਤਾਂ ਉਪਰ ਟਿਕਿਆ ਹੋਇਆ ਹੈ। ਇਕ ਹੋਰ ਰਿਪੋਰਟ ਇਹ ਵੀ ਦੱਸ ਰਹੀ ਹੈ ਅਪਣੇ ਆਲੇ-ਦੁਆਲੇ ਦਾ 70 ਫ਼ੀਸਦੀ ਹਿੱਸਾ ਬੁਰੀ ਤਰ੍ਹਾਂ ਪ੍ਰਦੂਸ਼ਤ ਹੋ ਚੁੱਕਾ ਹੈ। ਇਹ ਕੁਦਰਤ ਨਾਲ ਖੇਡਣ ਦਾ ਨਤੀਜਾ ਹੀ ਹੈ ਕਿ ਧਰਤੀ ਤੋਂ 12 ਫ਼ੀਸਦੀ ਪੰਛੀ, 25 ਫ਼ੀਸਦੀ ਥਣਧਾਰੀ ਜੀਵ ਅਤੇ 30 ਫ਼ੀਸਦੀ ਤੋਂ ਜ਼ਿਆਦਾ ਡੱਡੂਆਂ ਵਰਗੇ ਜੀਵ ਅਲੋਪ ਹੋਣ ਦੀ ਪ੍ਰਕਿਰਿਆ ਹੰਢਾ ਰਹੇ ਹਨ। ਜਿਹੜੇ ਸਮੁੰਦਰ ਧਰਤੀ ਉਪਰ ਪੌਣ-ਪਾਣੀ ਦਾ ਸੰਤੁਲਨ ਬਣਾਈ ਰੱਖਣ ਲਈ ਸਭ ਤੋਂ ਅਹਿਮ ਭੂਮਿਕਾ ਨਿਭਾਉਂਦੇ ਹਨ, ਉਨ੍ਹਾਂ 'ਤੇ ਵੀ ਕੌਮਾਂਤਰੀ ਲੁਟੇਰਿਆਂ ਦੀਆਂ ਬਾਜ ਅੱਖਾਂ ਟਿਕੀਆਂ ਹੋਈਆਂ ਹਨ। ਧਰਤੀ ਹੇਠਲੇ ਪਾਣੀ ਦੀ ਅੰਨ੍ਹੇਵਾਹ ਦੁਰਵਰਤੋਂ ਕਰਕੇ ਹੀ ਕੁਦਰਤੀ ਜਲ-ਚੱਕਰ ਵਿਗੜ ਗਿਆ ਹੈ। ਭਾਵੇਂ ਇਹ ਅਜੀਬ ਲੱਗ ਸਕਦਾ ਹੈ ਪਰ ਇਹ ਸੱਚ ਹੈ ਕਿ ਸੰਸਾਰ ਦੇ ਹਰ ਕੋਨੇ ਵਿਚ ਪਾਣੀ ਨੂੰ ਲੈ ਕੇ ਲੜਾਈਆਂ ਹੋਣੀਆਂ ਹਨ ਅਤੇ ਦੁਨੀਆ ਅਰਾਜਕਤਾ ਦੇ ਮਾਹੌਲ ਵੱਲ ਵਧਣੀ ਹੈ। ਮੇਰੀ ਇਕ ਨਵੀਂ ਗ਼ਜ਼ਲ ਦਾ ਇਹ ਸ਼ਿਅਰ ਮੁਲਾਹਜ਼ਾ ਫਰਮਾਓ—

ਅਸਾਡੀ ਪਿਆਸ ਰੇਗਿਸਤਾਨ ਤੋਂ ਵੀ ਹੋ ਗਈ ਵੱਡੀ
ਗਵਾ ਹੀ ਨਾ ਅਸੀਂ ਲਈਏ ਕਿਤੇ ਪਾਤਾਲ ਦਾ ਪਾਣੀ

ਧਰਤੀ 'ਤੇ ਸੰਕਟ ਦਾ ਮਸਲਾ ਏਨਾ ਵੱਡਾ ਹੋਣ ਦੇ ਬਾਵਜੂਦ ਇਸ ਪ੍ਰਤੀ ਕਿਧਰੇ ਕੋਈ ਹਲਚਲ ਨਾ ਹੋਣਾ ਹੋਰ ਵੀ ਫ਼ਿਕਰਮੰਦੀ ਪੈਦਾ ਕਰਦਾ ਹੈ। ਇਹ ਕਿਉਂਕਿ ਸਿਰਫ਼ ਇਕ ਬੰਦੇ ਜਾਂ ਇਕ ਮੁਲਕ ਦਾ ਨਹੀਂ ਸਗੋਂ ਆਪਣੀ ਧਰਤੀ ਨਾਲ ਜੁੜਿਆ ਹੋਇਆ ਮਾਮਲਾ ਹੈ ਇਸ ਲਈ ਦੁਨੀਆ ਭਰ ਦੀਆਂ ਸਰਕਾਰਾਂ ਨੂੰ ਆਪਣੀ ਨਜ਼ਰ ਹੀ ਨਹੀਂ ਨਜ਼ਰੀਏ ਵਿਚ ਵੀ ਹਾਂ-ਪੱਖ ਤਬਦੀਲੀ ਲਿਆਉਣੀ ਪਵੇਗੀ। ਕੁਦਰਤ ਨਾਲ ਛੇੜਛਾੜ, ਕੁਦਰਤੀ ਪ੍ਰਕਿਰਿਆ ਵਿਚ ਦਖ਼ਲਅੰਦਾਜ਼ੀ ਜਾਂ ਕੁਦਰਤ ਨਾਲ ਲੜਨ ਦੀ ਬਜਾਏ ਕੁਦਰਤ ਨਾਲ ਜੁੜਨ ਅਤੇ ਉਸ ਨਾਲ ਇਕ-ਮਿਕ ਹੋ ਕੇ ਧਰਤੀ ਦੇ ਸਵਰਗ ਨੂੰ ਮਾਨਣ ਦੀ ਜ਼ਰੂਰਤ ਹੈ। ਇਹ ਹੀ ਜ਼ਿੰਦਗੀ ਦੀਆਂ ਧੁਰ ਤਾਰਾਂ ਨੂੰ ਸੰਗੀਤਮਈ ਟੁਣਕਾਰ ਬਖ਼ਸ਼ਣ ਦਾ ਇਕੋ-ਇਕ ਤਰੀਕਾ ਹੈ।

ਉਤਰਾਖੰਡ ਤ੍ਰਾਸਦੀ

# ਕੁਦਰਤੀ ਕਹਿਰ ਨੇ ਇਕ ਵਾਰੀ ਫਿਰ ਸਰਕਾਰਾਂ ਦੀ ਪੋਲ ਖੋਲ੍ਹੀ

ਡਾ. ਤੇਜਿੰਦਰ ਵਿਰਲੀ
+91-9464797400

ਪਿਛਲੇ ਹਫਤੇ ਮੀਂਹ ਨਾਲ ਹੋਈ ਤਬਾਹੀ ਦੇ ਨਾਲ ਉੱਤਰਾਖੰਡ ਤੇ ਗੁਆਢੀ ਰਾਜਾਂ ਵਿਚ ਜਿਹੜੀ ਤਬਾਹੀ ਹੋਈ ਹੈ ਉਸ ਦਾ ਦਰਦਨਾਕ ਦ੍ਰਿਸ਼ ਦੇਖ ਕੇ ਮਨ ਖੌਫ ਨਾਲ ਕੰਬ ਉੱਠਦਾ ਹੈ। ਸੁੱਤੇ ਪਏ ਲੋਕਾਂ ਉੱਪਰ ਜਿਸ ਤਰਾਂ ਨਾਲ ਇਹ ਕੁਦਰਤ ਦਾ ਕਹਿਰ ਵਾਪਰਿਆ ਹੈ ਇਸ ਨਾਲ ਵੱਡੇ ਪੱਧਰ 'ਤੇ ਮੌਤਾ ਹੋਈਆਂ ਹਨ। ਕਿਉਂਕਿ ਇਹ ਇਲਾਕਾ ਭਾਰਤ ਦੇ ਲੋਕਾਂ ਲਈ ਧਾਰਮਿਕ ਦਰਿਸ਼ਟੀ ਤੋਂ ਤੀਰਥ ਅਸਥਾਨਾਂ ਦਾ ਇਲਾਕਾ ਹੈ ਤੇ ਉੱਪਰੋਂ ਇਹ ਦਰਦਨਾਕ ਘਟਨਾ ਉਦੋਂ ਵਾਪਰੀ ਹੈ ਜਦੋਂ ਉੱਤਰੀ ਭਾਰਤ ਵਿਚ ਛੁੱਟੀਆਂ ਹਨ। ਬਹੁਤ ਸਾਰੇ ਸ਼ਰਧਾਲੂ ਸੈਰ ਸਿਪਾਟੇ ਦੇ ਲਿਹਾਜ਼ ਨਾਲ ਇਨਾਂ ਥਾਂਵਾਂ ਵੱਲ ਘੁੰਮਣ ਗਏ ਸਨ। ਇਸ ਹਿਸਾਬ ਨਾਲ ਇਸ ਕੁਦਰਤੀ ਕਹਿਰ ਨਾਲ ਜਿਹੜੀ ਤਬਾਹੀ ਹੋਈ ਹੈ ਉਸ ਦੀ ਲਪੇਟ ਵਿਚ ਲਗਭੱਗ ਸਾਰਾ ਹੀ ਉੱਤਰੀ ਭਾਰਤ ਆ ਗਿਆ ਹੈ। ਸਥਾਨਕ ਲੋਕਾਂ ਦੇ ਨਾਲ ਨਾਲ ਯਾਤ੍ਰੂਆਂ ਦੇ ਵੱਡੇ ਪੱਧਰ ਉਪਰ ਮਾਰੇ ਜਾਣ ਦੀਆਂ ਖਬਰਾਂ ਹਨ।

ਇਸ ਵੱਡੀ ਤਬਾਹੀ ਦੇ ਨਾਲ ਕਈ ਸਵਾਲ ਖੜੇ ਹੋ ਗਏ ਹਨ। ਇਨਾਂ ਵਿੱਚੋਂ ਸਭ ਤੋਂ ਵੱਡਾ ਤੇ ਅਹਿਮ ਸਵਾਲ ਇਹ ਹੀ ਬਣਦਾ ਹੈ, ਕਿ ਕੀ ਭਾਰਤ ਦੇ ਵੱਖ ਵੱਖ ਤੀਰਥ ਸਥਨਾ ਉਪਰ ਜਾਣ ਵਾਲੇ ਲੋਕਾਂ ਦੀ ਗਿਣਤੀ ਦੇ ਮੁਤਾਬਕ ਇਨਾਂ ਸਥਾਨਾਂ ਕੋਲ ਏਨਾ ਪ੍ਰਬੰਧ ਹੈ ? ਕਿ ਅਗਰ ਕਿਸੇ ਕਿਸਮ ਦੀ ਕੋਈ ਮੁਸੀਬਤ ਆ ਜਾਂਦੀ ਹੈ ਤਾਂ ਉੱਥੇ ਦਾ ਪ੍ਰਸਾਸ਼ਨ ਉਨਾਂ ਸ਼ਰਧਾਲੂਆਂ ਦੀ ਮਦਦ ਕਰਨ ਦੇ ਸਮਰੱਥ ਹੋਵੇ ? ਜੇ ਨਹੀਂ ਤਾਂ ਕੀ ਲੋਕਾਂ ਨੂੰ ਵੱਡੀ ਗਿਣਤੀ ਵਿਚ ਜਾਣ ਦੇਣਾ ਪ੍ਰਬੰਧਕੀ ਕੁਤਾਹੀ ਨਹੀਂ ? ਇਸ ਕਿਸਮ ਦੀਆਂ ਘਟਨਾਵਾਂ ਹਰ ਆਏ ਸਾਲ ਦੇਸ਼ ਦੇ ਕਿਸੇ ਨਾ ਕਿਸੇ ਹਿੱਸੇ ਵਿਚ ਵਾਪਰਦੀਆਂ ਹੀ ਰਹਿੰਦੀਆਂ ਹਨ ਪਰ ਜਿਸ ਕਿਸਮ ਦੀ ਗੰਭੀਰ ਚਰਚਾ ਇਸ ਬਾਰੇ ਕੀਤੀ ਜਾਣੀ ਬਣਦੀ ਹੈ ਉਹ ਕਦੀ ਵੀ ਨਹੀਂ ਕੀਤੀ ਜਾਂਦੀ। ਸਿੱਟੇ ਵਜੋਂ ਹਰ ਆਏ ਸਾਲ ਲੋਕ ਮੌਤ ਦਾ ਖਾਜਾ ਬਣਦੇ ਰਹਿੰਦੇ ਹਨ ਤੇ ਸਾਡੀਆਂ ਸਰਕਾਰਾਂ ਕੇਵਲ ਗੱਲਾਂ ਕਰਕੇ ਹੀ ਟਾਇਮ ਪਾਸ ਕਰ ਲੈਂਦੀਆਂ ਹਨ। ਵੱਡੇ ਪੱਧਰ ਉਪਰ ਕੋਈ ਫੈਸਲੇ ਨਹੀਂ ਲੈਏ ਜਾਂਦੇ ਇਸ ਕਰਕੇ ਦੁਖਾਂਤ ਦਰ ਦੁਖਾਂਤ ਖਬਰਾਂ ਸੁਣਨ ਦੀ ਵੀ ਲੋਕਾਂ ਨੂੰ ਆਦਤ ਪੈ ਗਈ ਹੈ।

ਇਸ ਦਰਦਨਾਕ ਹਾਦਸੇ ਨੇ ਇਸ ਕਿਸਮ ਦਾ ਮਹੌਲ ਬਣਾ ਦਿੱਤਾ ਹੈ ਕਿ ਸਥਾਨਕ ਲੋਕਾਂ ਦੀ ਥਾਂ ਯਾਤ੍ਰੂਆਂ ਦੀ ਵੱਡੀ ਗਿਣਤੀ ਨੇ ਬਚਾਅਭਿਆਨ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਜਿਸ ਨਾਲ ਸਥਾਨਕ ਲੋਕਾਂ ਦੇ ਮਨਾਂ ਵਿਚ ਬਹੁਤ ਹੀ ਗੁੱਸਾ ਹੈ ਜਿਨਾਂ ਕੋਲ ਨਾ ਤਾਂ ਕੁਝ ਖਾਣ ਲਈ ਹੈ ਤੇ ਨਾ ਹੀ ਉਨਾਂ ਦੇ ਸਿਰਾਂ ਉਪਰ ਛੱਤ ਹੀ ਰਹੀ ਹੈ। ਜਿਨਾਂ ਨੇ ਅਜੇ ਵੀਂਹ ਵੀਂਹ ਸਾਲ ਇਸ ਸੰਤਾਪ ਨੂੰ ਭੋਗਣਾ ਹੈ। ਜਿਨਾਂ ਨੂੰ ਕਈ ਕਿਸਮ ਦੀਆਂ ਬਿਮਾਰੀਆਂ ਨੇ ਆਣ ਘੇਰਿਆ ਹੈ।

ਸਾਡੇ ਦੇਸ਼ ਦੇ ਉਹ ਸੂਬੇ ਜਿਹੜੇ ਇਸ ਕਿਸਮ ਦੀਆਂ ਧਾਰਮਿਕ ਥਾਂਵਾਂ ਕਰਕੇ ਆਪਣੇ ਸੂਬੇ ਦੀ ਆਮਦਨੀ ਵਧਾਉਂਦੇ ਹਨ ਉਨਾਂ ਦੀਆਂ ਸੂਬਾਈ ਸਰਕਾਰਾਂ ਦਾ ਇਹ ਫਰਜ਼ ਵੀ ਬਣਦਾ ਹੈ ਕਿ ਉਹ ਘੱਟੋ ਘੱਟ ਇਸ ਕਾਬਲ ਵੀ ਹੋਣ ਕਿ ਮੁਸੀਬਤ ਵਿਚ ਫਸੇ ਆਪਣੇ ਮਹਿਮਾਨਾਂ ਦੀ ਮਦਦ ਕਰ ਸਕਣ। ਇਸ ਘਟਨਾ ਨੇ ਸੂਬਾਈ ਸਰਕਾਰਾਂ ਦੀ ਵੀ ਪੋਲ ਖੋਲ ਕੇ ਰੱਖ ਦਿੱਤੀ ਹੈ। ਜਿਹੜੀਆਂ ਕਮਾਈ ਤਾਂ ਆਪ ਕਰਦੀਆਂ ਹਨ ਪਰ ਨਿੱਕੀ ਤੋਂ ਵੱਡੀ ਮੁਸੀਬਤ ਨੂੰ ਨਜਿੱਠਣ ਲਈ ਕੇਂਦਰ ਦੀ ਸਰਕਾਰ ਵੱਲ ਭੱਜਦੀਆਂ ਹਨ। ਹਾਲ ਹੀ ਵਿਚ ਹੋਈ ਤਬਾਹੀ ਨਾਲ ਇਸ ਕਿਸਮ ਦੀ ਇਕ ਅਹਿਮ ਘਟਨਾ ਹਿਮਾਚਲ ਪ੍ਰਦੇਸ਼ ਵਿਚ ਦੇਖਣ ਨੂੰ ਮਿਲੀ। ਜਦੋਂ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਆਪਣੀ ਹੀ ਪਾਰਟੀ ਦੀ ਕੇਂਦਰ ਸਰਕਾਰ ਨੂੰ ਰਾਸ਼ਟਰੀ ਚੈਨਲ ਉਪਰ ਪਾਣੀ ਪੀ ਪੀ ਕੇ ਕੋਸਿਆ। ਉਨਾਂ ਨੇ ਕਿਹਾ ਕਿ ' ਕੇਦਰ ਦੀ ਸਰਕਾਰ ਨੇ ਫਸੇ ਲੋਕਾਂ ਨੂੰ ਕੱਢਣ ਵਾਸਤੇ ਹੈਲੀਕਾਪਟਰ ਬਹੁਤ ਹੀ ਦੇਰ ਬਾਦ ਭੇਜੇ ਤੇ ਜਿਹੜੇ ਭੇਜੇ ਵੀ ਉਨਾਂ ਵਿਚ ਤੇਲ ਨਹੀਂ ਸੀ। ਇਸ ਕਰਕੇ ਉਹ ਵੀ ਮਦਦ ਨਹੀਂ ਕਰ ਸਕੇ।' ਅਕਸਰ ਹੀ ਇਹ ਦੇਖਣ ਸੁਣਨ ਵਿਚ ਆਉਂਦਾ ਹੈ ਕਿ ਵਿਰੋਧੀ ਪਾਰਟੀਆਂ ਦੇ ਆਗੂ ਇਸ ਕਿਸਮ ਦੀ ਨੁਕਤਾਚੀਨੀ ਕਰਦੇ ਹਨ ਪਰ ਜੇ ਕਾਂਗਰਸ ਪਾਰਟੀ ਦੀ ਆਪਣੀ ਹੀ ਸਰਕਾਰ ਦੇ ਖਿਲਾਫ ਉਸੇ ਹੀ ਪਾਰਟੀ ਦੀ ਸਥਾਨਿਕ ਸਰਕਾਰ ਦੇ ਮੁਖੀ ਨੇ ਇਸ ਕਿਸਮ ਦੀ ਟਿਪਣੀ ਕੀਤੀ ਹੈ ਤਾਂ ਯਕੀਨਨ ਹੀ ਕਿੰਨੇ ਵੱਡੇ ਪੱਧਰ ਉਪਰ ਕੁਤਾਹੀ ਹੋਈ ਹੋਵੇਗੀ ਇਸ ਦਾ ਅੰਦਾਜ਼ਾ ਬੜੀ ਹੀ ਆਸਾਨੀ ਦੇ ਨਾਲ ਲਾਇਆ ਜਾ ਸਕਦਾ ਹੈ। ਉੱਤਰਾਖੰਡ ਦੀ ਗੱਲ ਕੀਤੀ ਜਾਵੇ ਤਾਂ ਇਕ ਪਾਸੇ ਤਬਾਹੀ ਦੀਆਂ ਤਸਵੀਰਾਂ ਦੇਖ ਕੇ ਸਾਰਾ ਦੇਸ਼ ਕੀ ਸਾਰਾ ਸੰਸਾਰ ਹੀ ਦਹਿਸ਼ਤ ਵਿਚ ਆ ਗਿਆ ਹੈ ਤੇ ਦੂਸਰੇ ਪਾਸੇ ਉਤਰਾਖੰਡ ਦਾ ਮੁੱਖ ਮੰਤਰੀ ਫਸੇ ਲੋਕਾਂ ਦੀ ਮਦਦ ਕਰਨ ਦੀ ਥਾਂ ਬਦੇਸ਼ ਜਾਣ ਦੀਆਂ ਤਿਆਰੀਆਂ ਕਰ ਰਿਹਾ ਸੀ। ਜਿਸ ਨੂੰ ਉਸ ਦੀ ਆਪਣੀ ਪਾਰਟੀ ਦੀ ਆਹਲਾ ਕਮਾਨ ਨੇ ਜਾਣ ਤੋਂ ਰੋਕਿਆ ਹੈ। ਇਸ ਕਿਸਮ ਦੀ ਮੁਸੀਬਤ ਨੇ ਇਹ ਤਾਂ ਚਿੱਟੇ ਦਿਨ ਵਾਂਗ ਸਾਫ ਕਰ ਦਿੱਤਾ ਹੈ ਕਿ 'ਇਹ ਦੇਸ਼ ਰੱਬ ਦੇ ਆਸਰੇ ਹੀ ਚੱਲਦਾ ਹੈ'।

ਇਸ ਗੱਲ ਵਿਚ ਭੋਰਾ ਜਿਨਾਂ ਵੀ ਛੱਕ ਨਹੀਂ ਹੋਣਾ ਚਾਹੀਦਾ ਕਿ ਕਿਸੇ ਵੀ ਕੁਦਰਤੀ ਆਫਤ ਦੇ ਨਾਲ ਲੜ ਸਕਣ ਦੇ ਕੋਈ ਵੀ ਮਨੁੱਖੀ ਸਮਾਜ ਸਮਰੱਥ ਨਹੀਂ ਹੁੰਦਾ ਪਰ ਕਿਸੇ ਵੀ ਸਮਾਜ ਦੀ ਤਰੱਕੀ ਦੀ ਪਹਿਚਾਣ ਵੀ ਇਸੇ ਸਮੇ ਹੀ ਹੁੰਦੀ ਹੈ। ਕਿ ਆਫਤ ਵਿਚ ਘੱਟ ਤੋਂ ਘੱਟ ਨੁਕਸਾਨ ਹੋਵੇ ਇਸ ਲਈ ਕੀ ਕੀ ਪ੍ਰਬੰਧ ਕੀਤੇ ਗਏ ਹਨ ? ਗਣਤੰਤਰ ਦਿਵਸ ਉਪਰ ਕੀਤੀ ਹਥਿਆਰਾਂ ਦੀ ਪਰੇਡ ਜਾਂ ਵੋਟਾਂ ਬਟੋਰਨ ਲਈ ਲੋਕਾਂ ਨੂੰ ਬੁੱਧੂ ਬਣਾਉਣ ਲਈ ਕੀਤਾ ਗਿਆ ਹਵਾਈ ਭਾਸ਼ਨ ਇਸ ਦਾ ਪੈਮਾਨਾ ਕਦੀ ਵੀ ਨਹੀਂ ਬਣਦੇ। ਜਪਾਨ ਵਿਚ ਆਏ ਭਿਆਨਕ ਤੁਫਾਨ ਦੇ ਨਾਲ ਜਿਸ ਕਿਸਮ ਦੀ ਤਬਾਹੀ ਉਪਰ ਪੂਰਾ ਜਪਾਨ ਖੜਾ ਸੀ ਉਸ ਨੂੰ ਜਿਸ ਤਰੀਕੇ ਦੇ ਨਾਲ ਜਪਾਨੀਆਂ ਨੇ ਆਪਣੀਆਂ ਜਾਨਾਂ ਉਪਰ ਖੇਡਕੇ ਕਾਬੂ ਵਿਚ ਕੀਤਾ ਉਸ ਦੀ ਉਦਾਹਰਣ ਉਹ ਹੀ ਸੀ। ਇਸ ਕਿਸਮ ਦੀਆਂ ਅਨੇਕਾਂ ਹੀ ਉਦਾਹਰਣਾ ਸੰਸਾਰ ਭਰ ਵਿਚ ਦੇਖੀਆਂ ਜਾ ਸਕਦੀਆਂ ਹਨ ਜਿੱਥੇ ਕੁਦਰਤੀ ਤਬਾਹੀ ਦੇ ਬਾਦ ਸਾਰਾ ਰਾਸ਼ਟਰ ਇਕ ਜੁਟ ਹੋ ਕੇ ਖੜ ਜਾਂਦਾ ਹੈ, ਪਰ ਸਾਡੇ ਦੇਸ਼ ਦੀਆਂ ਸਰਕਾਰਾਂ ਦੀ ਹਾਲਤ ਤਾਂ ਹੈ ਕਿ ਸੰਕਟ ਵਿਚ ਫਸੇ ਲੋਕ ਆਪ ਹੀ ਆਪਣੀ ਮਦਦ ਲਈ ਵੀਹ ਲੱਖ ਰੁਪਏ ਖਰਚਕੇ ਇਕ ਹੈਲੀਕਾਪਟਰ ਦਾ ਪ੍ਰਬੰਧ ਕਰਦੇ ਹਨ ਤੇ ਆਪਣੇ ਸਾਰੇ ਪਰਿਵਾਰ ਨੂੰ ਸੁਰੱਖਿਅਤ ਬਾਹਰ ਕੱਢ ਲੈਂਦੇ ਹਨ। ਇਸ ਵਿਚ ਵੀ ਕੋਈ ਛੱਕ ਨਹੀਂ ਕਿ ਉਹ ਕੁਝ ਹੋਰ ਲੋਕਾਂ ਦੀ ਮਦਦ ਵੀ ਕਰਦੇ ਹਨ। ਸਰਕਾਰ ਦੇ ਵੱਲੋਂ ਕੀਤੀ ਗਈ ਹਵਾਈ ਸਰਵੇਖਣ ਦੀ ਸੇਵਾ ਨੂੰ ਜੇ ਲੋਕ ਸੇਵਾ ਵਿਚ ਤਬਦੀਲ ਕਰ ਦਿੱਤਾ ਜਾਂਦਾ ਤਾਂ ਯਕੀਨਨ ਹੀ ਕੁਝ ਹੋਰ ਲੋੜਬੰਦਾ ਨੂੰ ਉਸ ਜਹਾਜ ਰਾਹੀ ਵੀ ਕੱਢਿਆ ਜਾ ਸਕਦਾ ਸੀ। ਜਿਸ ਵਿੱਚੋਂ ਮੁਰ ਚੁੱਕੇ ਤੇ ਮਰ ਰਹੇ ਲੋਕਾਂ ਨੂੰ ਕੇਵਲ ਨਹਾਰਿਆ ਹੀ ਗਿਆ ਸੀ।




ਇਸ ਦੇ ਮੁਕਾਬਲੇ ਉਪਰ ਕੋਰੀਆ, ਚੀਨ ਤੇ ਕੀਊਬਾ ਦੀਆਂ ਸਰਕਾਰਾਂ ਆਪਣੇ ਲੋਕਾਂ ਦੀ ਕਿਸ ਤਰਾਂ ਮਦਦ ਕਰਦੀਆਂ ਹਨ ਇਸ ਦੀ ਉਦਾਹਰਣ ਉਹ ਦੇਸ਼ ਆਪ ਹੀ ਹਨ। ਪਿੱਛਲੇ ਦਿਨਾਂ ਵਿਚ ਚੀਨ ਵਿਚ ਆਏ ਵੱਡੀ ਪੱਧਰ ਉਪਰ ਹੜਾਂ ਨਾਲ ਹੋਈ ਤਬਾਹੀ ਨੂੰ ਬਹੁਤ ਹੀ ਛੇਤੀ ਕਾਬੂ ਕਰ ਲਿਆ ਗਿਆ ਸੀ। ਸਾਰੇ ਸੰਸਾਰ ਨੇ ਦੇਖਿਆ ਸੀ ਕਿ ਕਿਸ ਤਰਾਂ ਚੀਨ ਦੀ ਫੌਜ ਨੇ ਰੱਸਿਆਂ ਦਾ ਇਕ ਪੁੱਲ ਬਣਾਕੇ ਉਸ ਉਪਰ ਫੱਟਿਆਂ ਦੀ ਥਾਂ ਫੌਜੀਆਂ ਨੇ ਲੰਮੇਂ ਪੈਕੇ ਲੋਕਾਂ ਨੂੰ ਆਪਣੇ ਉਪਰੋਂ ਦੀ ਬਾਹਰ ਕੱਢਣ ਵਿਚ ਮਦਦ ਕੀਤੀ ਸੀ। ਅੱਜ ਫੱਟਿਆਂ ਦੀ ਥਾਂ ਮਨੁੱਖਾਂ ਵੱਲੋਂ ਬਣਿਆ ਪੁਲ ਸ਼ੋਸਲ ਮੀਡੀਏ ਉਪਰ ਭਾਰਤ ਦੇ ਪ੍ਰਬੰਧ ਨੂੰ ਮੂਹ ਚੜਾ ਰਿਹਾ ਹੈ।

ਉੱਤਰਾ ਖੰਡ ਦਾ ਇਹ ਇਲਾਕਾ ਜਿੱਥੇ ਏਨੀ ਵੱਡੀ ਤਬਾਹੀ ਹੋਈ ਹੈ। ਪ੍ਰਕਿਰਤਕ ਦਿਰਸ਼ਟੀ ਤੋਂ ਬਹੁਤ ਹੀ ਸੰਵੇਦਨਸ਼ੀਲ ਇਲਾਕਾ ਹੈ ਇੱਥੇ ਭਚਾਲ ਤੇ ਬਦਲਾਂ ਦੇ ਫਟਨ ਦੀਆਂ ਸੰਭਾਵਨਵਾਂ ਸਦਾ ਹੀ ਤੀਬਰ ਬਣੀਆਂ ਰਹਿੰਦੀਆਂ ਹਨ ਜਿਸ ਕਰਕੇ ਇਸ ਇਲਾਕੇ ਦੀ ਪ੍ਰਕਿਰਤਕ ਨਿਜਾਰਿਆਂ ਨੂੰ ਮਾਨਣ ਵਾਲੇ ਲੋਕਾਂ ਨੂੰ ਭੀੜਾਂ ਵਿਚ ਤਬਦੀਲ ਨਹੀਂ ਹੋਣ ਦੇਣਾ ਚਾਹੀਦਾ। ਕਿਉਂਕਿ ਇਹ ਪ੍ਰਕਿਰਤਕ ਨਿਜ਼ਾਰੇ ਆਪਣੇ ਆਪ ਵਿਚ ਖਾਸ ਮਹੱਤਵ ਦੇ ਲਿਖਾਇਕ ਸਨ ਇਸ ਕਰਕੇ ਲੋਕਾਂ ਦਾ ਇਸ ਪਾਸੇ ਵੱਲ ਖਿੱਚੇ ਜਾਣਾ ਸੁਭਾਵਿਕ ਹੀ ਸੀ। ਪਰ ਜਦੋਂ ਇਸ ਨਾਲ ਧਾਰਮਿਕ ਸਥਾਨ ਦਾ ਮੱਹਤਵ ਵੀ ਜੁੜ ਗਿਆ ਤਾਂ ਕੁਦਰਤੀ ਹੀ ਸੀ ਕਿ ਲੋਕਾਂ ਭੀੜਾਂ ਇਸ ਪਾਸੇ ਵੱਲ ਨੂੰ ਤੁਰ ਪੈਂਦੀਆਂ । ਉੱਤਰਾ ਖੰਡ ਦੀਆਂ ਹੁਣ ਤੱਕ ਦੀਆਂ ਸਰਕਾਰਾਂ ਨੇ ਇਸ ਨੂੰ ਕਮਾਈ ਦਾ ਇਕ ਸਾਧਨ ਬਣਾ ਲਿਆ। ਕਮਾਈ ਦੇ ਲਾਲਚ ਨਾਲ ਇਸ ਇਲਾਕੇ ਵਿਚ ਜੋ ਪ੍ਰਕਿਰਤੀ ਦੀ ਤਬਾਹੀ ਹੋਈ ਉਸ ਦਾ ਕੋਈ ਵੀ ਜਵਾਬ ਨਹੀਂ ਹੈ। ਇਸ ਸੰਵੇਦਨਸ਼ੀਲ ਇਲਾਕੇ ਵਿਚ ਸੱਤ ਸੱਤ ਮੰਜਲੇ ਹੋਲਟ ਵੱਡੇ ਸਰਮਾਏਦਾਰਾਂ ਨੇ ਮੁਨਾਫਾ ਕਮਾਉਣ ਲਈ ਖੋਲ ਲਏ। ਪਹਾੜਾਂ ਨੂੰ ਕੱਟ ਕੇ ਰਸਤੇ ਬਣ ਗਏ। ਹੋਰ ਤਾਂ ਹੋਰ ਇਸ ਸਾਰੇ ਇਲਾਕੇ ਵਿਚ ਛੋਟੇ ਵੱਡੇ ਸੱਤਰ ਡੈਮ ਬਣਾ ਦਿੱਤੇ ਗਏ ਜਿਨਾਂ ਬਾਰੇ ਇਹ ਕਿਹਾ ਜਾਂਦਾ ਸੀ ਕਿ ਇਹ ਡੈਮ ਕਿਸੇ ਦਿਨ ਵੱਡੀ ਤਬਾਹੀ ਦਾ ਕਰਾਨ ਬਣਨਗੇ। ਇਨਾਂ ਡੈਮਾਂ ਨੂੰ ਬਣਾਉਣ ਲਈ ਵੱਡੇ ਪੱਧਰ ਉਪਰ ਜੰਗਲਾਂ ਦੀ ਕਟਾਈ ਹੋਈ। ਇਸ ਸਾਰੇ ਕੁਝ ਨੇ ਪ੍ਰਕਿਰਤੀ ਦੇ ਨਿਯਮ ਨੂੰ ਬੁਰੀ ਤਰਾਂ ਨਾਲ ਤੋੜਿਆ ਹੀ ਹੈ। ਇਸ ਲਈ ਪ੍ਰਕਿਰਤੀ ਦਾ ਗੁੱਸਾ ਮਨੁੱਖ ਉਪਰ ਨਿਕਲਣਾ ਹੀ ਸੀ। ਸੰਸਾਰ ਦੇ ਹੋਰ ਵੱਖ ਵੱਖ ਕੋਨਿਆਂ ਵਿਚ ਜਿੱਥੇ ਇਸ ਕਿਸਮ ਦੀਆਂ ਭੂਗੋਲਿਕ ਸਥਿਤੀਆਂ ਹਨ ਉੱਥੇ ਇਸ ਤੋਂ ਵੀ ਵੱਡੀਆਂ ਕੁਦਰਤੀ ਤਬਾਹੀਆਂ ਆਉਂਦੀਆਂ ਹਨ ਪਰ ਏਨੀ ਵੱਡੀ ਗਿਣਤੀ ਵਿਚ ਮੌਤਾ ਨਹੀਂ ਹੁੰਦੀਆਂ ਕਿਉਕਿ ਉੱਥੇ ਸਰਕਾਰਾਂ ਨੇ ਇਸ ਕਿਸਮ ਦੀਆਂ ਮੁਨਾਫੇ ਲਈ ਮਨਮਰਜ਼ੀਆਂ ਕਰਨ ਦੀ ਕਿਸੇ ਨੂੰ ਖੁਲ ਹੀ ਨਹੀਂ ਦਿੱਤੀ। ਇਸ ਕੁਦਰਤੀ ਤਬਾਹੀ ਦੇ ਨਾਲ ਹੀ ਕਈ ਵੱਡੇ ਸਵਾਲ ਖੜੇ ਹੋਏ ਹਨ ਜਿਹੜੇ ਭਾਰਤ ਦੇ ਲੋਕਾਂ ਤੇ ਭਾਰਤ ਦੇ ਹਾਕਮਾਂ ਨੂੰ ਸੋਚਣ ਲਈ ਮਜਬੂਰ ਕਰਦੇ ਹਨ।

ਇਕ ਸਿੱਟਾ ਜੋ ਸਭ ਤੋਂ ਵਧ ਮਹੱਤਵ ਦਾ ਲਿਖਾਇਕ ਹੈ ਕਿ ਮਨੁੱਖ ਨੇ ਕੁਦਰਤ ਦੇ ਹਿਸਾਬ ਦੇ ਨਾਲ ਰਹਿਣਾ ਹੈ ਨਾ ਕਿ ਕੁਦਰਤ ਨੂੰ ਮਨੁੱਖੀ ਲੋੜਾਂ ਦੇ ਹਿਸਾਬ ਨਾਲ ਢਾਲਣਾ ਹੈ। ਕੁਦਰਤ ਦੇ ਨਿਜਾਰਿਆਂ ਤੇ ਧਾਰਮਿਕ ਅਸਥਾਨਾਂ ਦਾ ਅੰਤਰ ਹੁੰਦਾ ਹੈ। ਧਾਰਮਿਕ ਅਸਥਾਨਾਂ ਨੂੰ ਕਮਾਈ ਦੇ ਅੱਡੇ ਵਜੋਂ ਵਿਕਸਤ ਕਰਨ ਵਾਲਿਆਂ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਇਸ ਸਾਰੇ ਤੋਂ ਵਧ ਕੇ ਦੇਸ਼ ਵਿਚ ਰਾਸ਼ਟਰੀ ਕਿਰਦਾਰ ਪੈਦਾ ਹੋਣਾ ਚਾਹੀਦਾ ਹੈ ਜਿਸ ਲਈ ਸਾਡੀਆਂ ਸਰਕਾਰਾਂ ਨੇ ਕੋਈ ਉਪਰਾਲਾ ਕਦੇ ਘਟ ਹੀ ਕੀਤਾ ਹੈ। ਇਹ ਹੀ ਕਾਰਨ ਹੈ ਕਿ ਇਸ ਰਾਸ਼ਟਰੀ ਆਫਤ ਵੇਲੇ ਵੀ ਰਾਸ਼ਟਰ ਇਕ ਜੁੱਟ ਨਹੀਂ ਹੋਇਆ। ਲੋਕ ਕ੍ਰਿਕਟ ਦਾ ਮੈਚ ਦੇਖਣ ਵਿਚ ਵਿਅਸਤ ਹਨ। ਰਾਜਸੀ ਆਗੂ ਰਾਜਸੀ ਰੋਟੀਆਂ ਸੈਕਣ ਵਿਚ ਵਿਅਸਤ ਹਨ ਤੇ ਚੋਰ ਕਿਸਮ ਦੇ ਲੋਕ ਕੈਦਾਰਨਾਥ ਦੇ ਧੰਨ ਦੌਲਤ ਨੂੰ ਲੁੱਟਣ ਲਈ ਵਿਅਸਤ ਹਨ ਜਿਸ ਦਿਨ ਵੱਡੇ ਪੱਧਰ ਉਪਰ ਮੌਤਾ ਹੋਈਆਂ। ਲੋਕ ਫਸੇ ਹੋਏ ਸਨ। ਉਸੇ ਦਿਨ ਕੈਦਾਰਨਾਥ ਦੀ ਸਰਕਾਰੀ ਬੈਂਕ ਵਿੱਚੋਂ ਤਿੰਨ ਕਰੋੜ ਦੀ ਚੋਰੀ ਦੀਆਂ ਖਬਰਾਂ ਦੇਸ਼ ਦੀ ਅਸਲੀਅਤ ਨੂੰ ਸੰਸਾਰ ਸਾਹਮਣੇ ਜਗ ਜਾਹਰ ਕਰ ਰਹੀ ਹੈ। ਕੈਦਾਰਨਾਥ ਦੇ ਭਗਤਾਂ ਵੱਲੋਂ ਕੈਦਾਰਨਾਥ ਵੀ ਲੁੱਟਿਆ ਗਿਆ। ਇਸ ਆਫਤ ਨੇ ਦੇਸ਼ ਦੀ ਅਸਲੀਅਤ ਨੂੰ ਸੰਸਾਰ ਦੇ ਸਾਹਮਣੇ ਨੰਗਿਆਂ ਕਰ ਦਿੱਤਾ ਹੈ। ਇਸੇ ਕਰਕੇ ਕੁਦਰਤ ਦੇ ਇਸ ਕਹਿਰ ਨੂੰ ਤੇ ਉਸ ਦੇ ਸੁਨੇਹੇ ਨੂੰ ਸਮਝਣ ਦੀ ਲੋੜ ਹੈ। ਆਓ ਆਪਣੇ ਅੰਦਰ ਦੀ ਸਫਾਈ ਕਰੀਏ ਤਾਂ ਕਿ ਕੁਦਰਤ ਨੂੰ ਸਫਾਈ ਅਭਿਆਨ ਨਾ ਚਲਾਉਣਾ ਪਵੇ।

## ਤਬਾਹੀ ਦੇ ਕਾਰਨ



- **ਰੁੱਖਾਂ ਦੀ ਅੰਨੇਵਾਹ ਕਟਾਈ** : ਉਤਰਾਖੰਡ ਵਿਚ 1970 ਦੌਰਾਨ 84.9 ਫ਼ੀਸਦੀ ਜੰਗਲ ਸਨ। ਅਨੁਮਾਨ ਹੈ ਕਿ 2100 ਤਕ ਇਹ 52.8 ਫ਼ੀਸਦੀ ਰਹਿ ਜਾਣਗੇ।2000 ਵਿਚ ਸੰਘਣੇ ਜੰਗਲ 75.4 ਫ਼ੀਸਦੀ ਸਨ, ਜਿਨਾਂ ਦੇ 2100 ਤਕ 34 ਫ਼ੀਸਦੀ ਰਹਿਣ ਦਾ ਅਨੁਮਾਨ ਹੈ।
- **ਹਾਈਡ੍ਰੋ ਪਾਵਰ ਪ੍ਰੋਜੈਕਟ** : 427 ਬੰਨ ਬਣਨੇ ਹਨ। ਇਨਾਂ ਵਿਚੋਂ 100 ਬੰਨਾਂ 'ਤੇ ਕੰਮ ਚਲ ਰਿਹਾ ਹੈ।2200 ਮੈਗਾਵਾਟ ਬਿਜਲੀ ਪੈਦਾ ਕਰਨ ਵਾਲਾ ਟਿਹਰੀ ਡੇਮ ਇਨਾਂ ਵਿਚ ਹੀ ਸ਼ਾਮਲ ਹੈ। ਇਨਾਂ ਯੋਜਨਾਵਾਂ ਲਈ ਪਹਾੜਾਂ ਨੂੰ ਵਿੰਨ ਦਿੱਤਾ ਗਿਆ ਹੈ।
- **ਬਾਰੂਦ ਨਾਲ ਧਮਾਕੇ** : ਸੜਕਾਂ ਅਤੇ ਹੋਰ ਨਿਰਮਾਣ ਕਾਰਜਾਂ ਲਈ ਪਹਾੜਾਂ 'ਤੇ ਬਾਰੂਦ ਨਾਲ ਧਮਾਕੇ ਕੀਤੇ ਜਾਂਦੇ ਹਨ, ਜਿਹੜੇ ਕਿ ਰਿਕਟਰ ਪੈਮਾਨੇ 'ਤੇ ਚਾਰ ਤੀਬਰਤਾ ਦਾ ਭੂਚਾਲ ਪੈਦਾ ਕਰਦੇ ਹਨ। ਇਸ ਨਾਲ ਧਰਤੀ ਦਾ ਧਸਣਾ ਹੋਰ ਵੱਧ ਰਿਹਾ ਹੈ।
- **ਤਾਪਮਾਨ ਵਿਚ ਵਾਧਾ** : 60 ਦੇ ਦਹਾਕੇ ਵਿਚ ਪਹਾੜਾਂ 'ਤੇ ਦਿਨ ਰਾਤ ਦਾ ਤਾਪਮਾਨ ਬਰਾਬਰ ਸੀ। ਪਰ ਪਿਛਲੇ 10 ਸਾਲਾਂ ਵਿਚ ਰਾਤ ਦੇ ਮੁਕਾਬਲੇ ਦਿਨ ਦਾ ਤਾਪਮਾਨ ਤੇਜ਼ੀ ਨਾਲ ਵਧਿਆ ਹੈ ਅਤੇ ਇਹ ਬੱਦਲ ਫੱਟਣ ਦਾ ਕਾਰਨ ਬਣ ਰਿਹਾ ਹੈ।



- **ਚੜ੍ਹਾਵਾ 165 ਕਰੋੜ, ਜਵਾਬਦੇਹੀ ਜ਼ੀਰੋ** : ਬਦਰੀਨਾਥ-ਕੇਦਾਰਨਾਥ ਮੰਦਰ ਮੈਨੇਜਮੈਂਟ ਕਮੇਟੀ ਨੂੰ ਹਰ ਸਾਲ 165 ਕਰੋੜ ਰੁਪਏ ਦਾ ਚੜ੍ਹਾਵਾ ਆਉਂਦਾ ਹੈ। ਇੰਤਜ਼ਾਮ ਸਬੰਧੀ ਕਮੇਟੀ ਕਹਿੰਦੀ ਹੈ, "ਨਾ ਤਾਂ ਸਾਧਨ ਹਨ ਅਤੇ ਨਾ ਹੀ ਮੈਨ-ਪਾਵਰ"। ਕਮੇਟੀ ਵਿਚ ਮੰਤਰੀ ਜਾਂ ਨੇਤਾ ਹੀ ਹਨ।
- **ਸਰਕਾਰ ਦੇ 70 ਕਰੋੜ ਵੀ ਦਿਖਾਈ ਨਹੀਂ ਦਿੰਦੇ** : ਵਿਵਸਥਾ ਦੇ ਨਾਮ 'ਤੇ ਉਤਰਾਖੰਡ ਸਰਕਾਰ ਹਰ ਸਾਲ 70 ਕਰੋੜ ਰੁਪਏ ਖ਼ਰਚ ਕਰਦੀ ਹੈ ਪਰ ਸਾਫ਼ ਸੁਥਰੇ ਪਖਾਨੇ ਵੀ ਨਹੀਂ ਹਨ।
- **ਕੋਈ ਅਥਾਰਟੀ ਨਹੀਂ** : ਸੈਲਾਨੀਆਂ ਨੂੰ ਸੰਭਾਲਣ ਲਈ ਨਾ ਚਾਰਧਾਮ ਗਵਰਨੈਂਸ ਅਥਾਰਟੀ ਬਣਾਈ ਹੈ, ਨਾ ਨੋਡਲ ਅਫ਼ਸਰ ਹਨ ਜੋ ਇੰਤਜ਼ਾਮਾਂ ਦੀ ਮਾਨੀਟਰਿੰਗ ਕਰ ਸਕਣ।
- **ਯਾਤਰੀਆਂ ਦੀ ਗਿਣਤੀ 'ਤੇ ਕਾਬੂ ਨਹੀਂ** : ਅਮਰਨਾਥ, ਮਾਨਸਰੋਵਰ ਯਾਤਰਾ ਲਈ ਥੋੜੇ ਪਰਮਿਟ ਦਿੱਤੇ ਜਾਂਦੇ ਹਨ। ਵੈਸ਼ਨੋ ਦੇਵੀ ਵਿਚ ਭੀੜ ਹੋਣ 'ਤੇ ਲੋਕਾਂ ਨੂੰ ਰੋਕ ਦਿੱਤਾ ਜਾਂਦਾ ਹੈ। ਜਦਕਿ ਇਥੇ ਕੋਈ ਨਿਯਮ ਨਹੀਂ ਹੈ।

# ਹੜ੍ਹਾਂ ਨਾਲ ਕੈਲਗਰੀ ਨੂੰ 256 ਮਿਲੀਅਨ ਦਾ ਨੁਕਸਾਨ



ਕੈਲਗਰੀ (ਨਦਬ) : ਕੈਲਗਰੀ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਿਛਲੇ ਮਹੀਨੇ ਆਏ ਹੜ੍ਹਾਂ ਕਾਰਨ ਨੁਕਸਾਨੇ ਗਏ ਸ਼ਹਿਰ ਦੇ ਹਿੱਸਿਆਂ ਦੀ ਮੁਰੰਮਤ ਉੱਤੇ 256.5 ਮਿਲੀਅਨ ਡਾਲਰ ਦਾ ਖਰਚਾ ਆਵੇਗਾ। ਕੈਲਗਰੀ ਦੇ ਡਾਊਨਟਾਊਨ ਵਿੱਚ ਸਿਟੀ ਹਾਲ ਪੂਰੀ ਤਰ੍ਹਾਂ ਅਜੇ ਤੱਕ ਨਾ ਖੁੱਲ੍ਹਣ ਕਾਰਨ ਸ਼ਹਿਰ ਦੇ ਨਾਰਥਈਸਟ ਵਿੱਚ ਅਸਥਾਈ ਥਾਂ ਉੱਤੇ ਮੰਗਲਵਾਰ ਨੂੰ ਫਾਇਨਾਂਸ ਕਮੇਟੀ ਵੱਲੋਂ ਮੀਟਿੰਗ ਕੀਤੀ ਗਈ ਤੇ ਆਲਡਰਮੈਂਨ ਨੇ ਨੁਕਸਾਨ ਸਬੰਧੀ ਮੁੱਢਲੇ ਅੰਦਾਜ਼ਿਆਂ ਉੱਤੇ ਵਿਚਾਰ ਵਟਾਂਦਰਾ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਸਿਟੀ ਹਾਲ ਕਾਂਪਲੈਕਸ ਨੂੰ ਹੋਏ ਨੁਕਸਾਨ ਦੀ ਮੁਰੰਮਤ ਉੱਤੇ ਹੀ 26.5 ਮਿਲੀਅਨ ਡਾਲਰ ਦਾ ਖਰਚਾ ਆਉਣ ਦੀ ਸੰਭਾਵਨਾ ਹੈ। ਇਤਿਹਾਸਕ ਇਮਾਰਤ ਜੁਲਾਈ ਦੇ ਅੰਤ ਜਾਂ ਸ਼ਾਇਦ ਅਗਸਤ ਤੱਕ ਦੁਬਾਰਾ ਨਾ ਖੁੱਲ੍ਹ ਸਕੇ। ਕਮੇਟੀ ਮੈਂਬਰਾਂ ਨੂੰ ਦੱਸਿਆ ਗਿਆ ਕਿ ਕੈਲਗਰੀ ਜ਼ੂ ਨੂੰ ਹੜ੍ਹਾਂ ਕਾਰਨ 50 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ, ਜਦਕਿ ਸੈਂਟਰ ਲਾਇਬ੍ਰੇਰੀ ਦੀ ਮੁਰੰਮਤ ਉੱਤੇ 10 ਮਿਲੀਅਨ ਡਾਲਰ ਦਾ ਖਰਚ ਆਵੇਗਾ ਤੇ ਐਲਬੋਅ ਰਿਵਰ ਉੱਤੇ ਬਣੀ ਬਹੁਮੰਜ਼ਿਲਾ ਇਮਾਰਤ ਤਲਿਸਮੈਨ ਸੈਂਟਰ ਨੂੰ 6.2 ਮਿਲੀਅਨ ਡਾਲਰ ਦਾ ਨੁਕਸਾਨ ਬਰਦਾਸ਼ਤ ਕਰਨਾ ਹੋਵੇਗਾ। ਕਮੇਟੀ ਦੇ ਅੰਦਾਜ਼ੇ ਮੁਤਾਬਕ ਕੈਲਗਰੀ ਪੁਲਿਸ ਸਰਵਿਸ ਦੀ ਡਾਊਨਟਾਊਨ ਸਥਿਤ ਪ੍ਰਸ਼ਾਸਕੀ ਇਮਾਰਤ ਦੀ ਮੁਰੰਮਤ ਲਈ 31 ਮਿਲੀਅਨ ਡਾਲਰ ਖਰਚਣੇ ਪੈਣਗੇ। ਕੈਲਗਰੀ ਟਰਾਂਜ਼ਿਟ ਫਸਿਲਿਟੀ ਨੂੰ ਹੋਏ ਨੁਕਸਾਨ ਦਾ ਅੰਦਾਜ਼ਾ 11.7 ਮਿਲੀਅਨ ਡਾਲਰ ਦੇ ਰੂਪ ਵਿੱਚ ਲਾਇਆ ਗਿਆ ਹੈ। ਇਸ ਵਿੱਚ 8.2 ਮਿਲੀਅਨ ਡਾਲਰ ਤਾਂ ਸਾਊਥ ਸੀ-ਟਰੇਨ ਲਾਈਨ ਨੂੰ ਦਰੁਸਤ ਕਰਨ ਉੱਤੇ ਹੀ ਖਰਚ ਕੀਤਾ ਜਾਵੇਗਾ। ਟਰਾਂਸਪੋਰਟੇਸ਼ਨ ਡਿਪਾਰਟਮੈਂਟ ਦੇ ਅਧਿਕਾਰੀਆਂ ਅਨੁਸਾਰ ਮੈਕਡਗਲ ਤੇ ਸਿਵਿਕ ਸੈਂਟਰ ਪਾਰਕੇਡਜ਼ ਦੀ ਮੁਰੰਮਤ ਉੱਤੇ 33.9 ਮਿਲੀਅਨ ਡਾਲਰ ਦਾ ਖਰਚ ਆਉਣ ਦੀ ਸੰਭਾਵਨਾ ਹੈ। ਸਿਟੀ ਰਿਪੋਰਟ ਅਨੁਸਾਰ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਮੁਰੰਮਤ ਲਈ ਹੋਣ ਵਾਲੇ ਖਰਚੇ ਕਾਰਨ ਭਵਿੱਖ ਵਿੱਚ ਬਜਟ ਉੱਤੇ ਵੀ ਅਸਰ ਪਵੇਗਾ। ਸ਼ਹਿਰ ਦੇ ਅਧਿਕਾਰੀਆਂ ਨੂੰ ਸਰਕਾਰ ਦੇ ਹੋਰਨਾਂ ਪੱਧਰਾਂ ਤੋਂ ਇਸ ਨੁਕਸਾਨ ਦੀ ਭਰਪਾਈ ਦੀ ਵੀ ਉਮੀਦ ਹੈ। ਹੜ੍ਹਾਂ ਕਾਰਨ ਸ਼ਹਿਰ ਦੀ ਪੁਲਿਸ ਦੀਆਂ ਕਈ ਗਸ਼ਤ ਕਰਨ ਵਾਲੀਆਂ ਕਾਰਾਂ ਵੀ ਡੁੱਬ ਗਈਆਂ। ਇੱਕ ਅੰਦਾਜ਼ੇ ਮੁਤਾਬਕ ਅਜਿਹੀਆਂ 50 ਦੇ ਲੱਗਭਗ ਕਾਰਾਂ ਹੜ੍ਹ ਚੁੱਕੀਆਂ ਹਨ। ਡਿਪਟੀ ਚੀਫ ਰੌਜਰ ਛੈਫਿਨ ਨੇ ਆਖਿਆ ਕਿ ਵੀਹ ਕਾਰਾਂ, ਜਿਨ੍ਹਾਂ ਵਿੱਚੋਂ ਬਹੁਤੀਆਂ ਪੁਰਾਣੇ ਮਾਡਲ ਦੀਆਂ ਸਨ, ਪਾਣੀ ਦਾ ਪੱਧਰ ਵਧਣ ਜਾਂ ਲੋਕਾਂ ਨੂੰ ਸੁਰੱਖਿਅਤ ਥਾਵਾਂ ਉੱਤੇ ਪਹੁੰਚਾਉਣ ਲਈ ਵਰਤੇ ਜਾਣ ਦੌਰਾਨ ਖਰਾਬ ਹੋਣ ਕਾਰਨ ਕੰਡਮ ਹੋ ਚੁੱਕੀਆਂ ਹਨ ਤੇ ਉਨ੍ਹਾਂ ਨੂੰ ਹੁਣ ਦੁਬਾਰਾ ਕਿਸੇ ਵੀ ਹਾਲ ਵਰਤਿਆ ਨਹੀਂ ਜਾ ਸਕਦਾ। ਉਨ੍ਹਾਂ ਦੱਸਿਆ ਕਿ ਬਾਕੀ ਦੀਆਂ 30 ਕਾਰਾਂ ਨਵੇਂ ਮਾਡਲਾਂ ਦੀਆਂ ਸਨ ਤੇ ਉਹ ਭਾਵੇਂ ਹੜ੍ਹ ਦੇ ਪਾਣੀ ਕਾਰਨ ਖਰਾਬ ਹੋ ਗਈਆਂ ਹੋਣ ਪਰ ਉਨ੍ਹਾਂ ਦੇ ਇੰਜਣ ਦੀ ਮੁਰੰਮਤ ਤੋਂ ਬਾਅਦ ਉਨ੍ਹਾਂ ਨੂੰ ਠੀਕ ਕਰਵਾਇਆ ਜਾ ਸਕਦਾ ਹੈ। ਮੰਗਲਵਾਰ ਨੂੰ ਜਾਰੀ ਕੀਤੀ ਗਈ ਸ਼ਹਿਰ ਦੀ ਰਿਪੋਰਟ ਵਿੱਚ ਪੁਲਿਸ ਦੀਆਂ ਗੱਡੀਆਂ ਨੂੰ ਹੋਇਆ ਨੁਕਸਾਨ 3.25 ਮਿਲੀਅਨ ਡਾਲਰ ਦੱਸਿਆ ਜਾ ਰਿਹਾ ਹੈ।

## ਬਿਮਾਰੀ ਫੈਲਣ ਦਾ ਡਰ

'ਹੈਲਥ ਕਨੇਡਾ ਵੱਲੋਂ ਪਾਣੀ ਉਬਾਲ ਕੇ ਵਰਤਣ ਦੀਆਂ ਹਦਾਇਤਾਂ ਸਿਹਤ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਕਿ ਜੇ ਹੜ੍ਹ ਪ੍ਰਭਾਵਤ ਦੱਖਣੀ ਅਲਬਰਟਾ ਦੇ ਲੋਕਾਂ ਵੱਲੋਂ ਪਾਣੀ ਉਬਾਲ ਕੇ ਨਹੀਂ ਪੀਤਾ ਜਾਂਦਾ ਤੇ ਜਾਂ ਫਿਰ ਉਨ੍ਹਾਂ ਦੀਆਂ ਹਦਾਇਤਾਂ ਨੂੰ ਨਹੀਂ ਮੰਨਿਆ ਜਾਂਦਾ ਤਾਂ ਜੀਵਾਣੂ ਤੇ ਹੋਰ ਪਰਜੀਵੀ ਉਨ੍ਹਾਂ ਨੂੰ ਆਪਣਾ ਨਿਸ਼ਾਨਾ ਬਣਾ ਸਕਦੇ ਹਨ ਤੇ ਭਿਅੰਕਰ ਬਿਮਾਰੀ ਫੈਲ ਸਕਦੀ ਹੈ।

## ਮੇਅਰ ਦੇ ਉਪਰਾਲਿਆਂ ਦੀ ਪ੍ਰਸ਼ੰਸਾ

ਕੈਲਗਰੀ ਦੇ ਮੇਅਰ ਨਾਹੀਦ ਨੈਂਸ਼ੀ ਹੜ੍ਹਾਂ ਦੌਰਾਨ ਇਕ ਵਾਰੀ ਫਿਰ ਨਾਇਕ ਬਣ ਕੇ ਉਭਰੇ ਹਨ। ਉਨ੍ਹਾਂ ਦਾ ਪਿਛਲਾ ਹਫ਼ਤਾ ਪ੍ਰੈੱਸ ਬਰੀਫਿੰਗਜ਼ ਤੇ ਦਰਜਨਾਂ ਇੰਟਰਵਿਊਜ਼ ਵਿਚ ਗੁਜ਼ਰਿਆ। ਉਨ੍ਹਾਂ ਹੜ੍ਹ ਪ੍ਰਭਾਵਤ ਇਲਾਕਿਆਂ ਵਿਚ ਜਾ ਕੇ ਐਮਰਜੈਂਸੀ ਕਰਮਚਾਰੀਆਂ ਤੇ ਜਨਤਾ ਨਾਲ ਰਾਬਤਾ ਕਾਇਮ ਰੱਖਿਆ ਤੇ ਉਨ੍ਹਾਂ ਦੀ ਵੱਧ ਤੋਂ ਵੱਧ ਮਦਦ ਕਰਨ ਦੀ ਕੋਸ਼ਿਸ਼ ਕੀਤੀ।

## ਸਟੈਂਪੀਡ ਦੇ ਕੁਝ ਹਿੱਸੇ ਇਸ ਵਾਰੀ ਨਹੀਂ ਹੋਣਗੇ

ਕੈਲਗਰੀ ਸਟੈਂਪੀਡ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਹੜ੍ਹਾਂ ਕਾਰਨ ਇਸ ਸਾਲ ਸੈਡਲਡੋਮ ਵਿੱਚ ਚੱਲ ਰਹੀ ਮੁਰੰਮਤ ਕਰਕੇ ਕੁੱਝ ਅਹਿਮ ਈਵੈਂਟਸ ਨਹੀਂ ਹੋ ਸਕਣਗੇ। ਸਟੈਂਪੀਡ ਦੇ ਬੁਲਾਰੇ ਕਰਟ ਕੈਡਾਟਜ਼ ਦਾ ਕਹਿਣਾ ਹੈ ਕਿ ਕੈਲਗਰੀ ਫਲੇਮਜ਼ ਨੇ ਸਟੈਂਪੀਡ ਦੇ ਅਧਿਕਾਰੀਆਂ ਨੂੰ ਇਹ ਜਾਣਕਾਰੀ ਦਿੱਤੀ ਹੈ ਕਿ ਇਸ ਸਾਲ ਦੇ ਜਸ਼ਨਾਂ ਲਈ ਇਮਾਰਤ ਪਹਿਲੇ ਪੰਜ ਦਿਨ ਲਈ ਤਿਆਰ ਨਹੀਂ ਹੋਵੇਗੀ। ਕੈਡਾਟਜ਼ ਨੇ ਦੱਸਿਆ ਕਿ ਹਾਕੀ ਆਰਗੇਨਾਈਜ਼ੇਸ਼ਨ ਇਮਾਰਤ ਦੀ ਮੁਰੰਮਤ ਵਿੱਚ ਲੱਗੀ ਹੋਈ ਹੈ ਤਾਂ ਕਿ ਇਹ ਸਟੈਂਪੀਡ ਕੰਸਰਟ ਸੀਰੀਜ਼ ਲਈ ਤਿਆਰ ਹੋ ਸਕੇ। ਇਹ ਸੰਗੀਤ ਸਮਾਰੋਹ ਸਟੈਂਪੀਡ ਦੇ ਦੂਜੇ ਅੱਧ ਦੌਰਾਨ ਹੋਣਾ ਹੈ। ਉਨ੍ਹਾਂ ਦੱਸਿਆ ਕਿ ਵੱਗ ਵਿੱਚੋਂ ਤਿੰਨ ਜਾਨਵਰਾਂ ਨੂੰ ਵੱਖ ਕਰਨ ਵਾਲਾ ਮੁਕਾਬਲਾ ਓਕੋਟੋਕਸ ਦੀ ਨੇੜਲੀ ਕਮਿਊਨਿਟੀ ਵਿੱਚ ਹੋਵੇਗਾ। ਪਰ ਹਾਰਸ ਕਟਿੰਗ ਤੇ ਪੁਰਾਣੇ ਟਰੈਕਟਰਾਂ ਨੂੰ ਖਿੱਚਣ ਦੇ ਮੁਕਾਬਲੇ ਪੂਰੀ ਤਰ੍ਹਾਂ ਰੱਦ ਕਰ ਦਿੱਤੇ ਗਏ ਹਨ। ਇੱਕ ਹਫਤੇ ਪਹਿਲਾਂ ਹੀ ਹੜ੍ਹ ਆਉਣ ਕਾਰਨ ਸੈਡਲਡੋਮ ਅਠਵੀਂ ਰੋਅ ਤੱਕ ਪਾਣੀ ਨਾਲ ਭਰ ਗਿਆ ਸੀ ਪਰ ਇਸ ਤੋਂ ਕੁੱਝ ਦਿਨ ਬਾਅਦ ਹੀ ਸਟੈਂਪੀਡ ਦੇ ਹੀ ਅਧਿਕਾਰੀਆਂ ਨੇ ਆਖਿਆ ਸੀ ਕਿ ਇਸ ਸਾਲ ਦੇ ਜਸ਼ਨ ਮਨਾਏ ਜਾਣਗੇ।

ਯਾਤਰਾ ਪ੍ਰਭਾਵ

# ਏਨੀ ਕੁ ਉਮੀਦ ਰੱਖਣਾ ਤਾਂ ਗ਼ੈਰਵਾਜਬ ਨਹੀਂ...



ਲਾਲ ਸਿੰਘ
+91-94655-74866
lalsinghdasuya@yahoo.com

ਇਹ ਗ਼ਦਰ ਸ਼ਤਾਬਦੀ ਵਰ੍ਹਾ ਹੈ। ਗ਼ਦਰ ਲਹਿਰ ਦੀ ਅਹਿਮੀਅਤ, ਇਸ ਦੀ ਸਾਰਥਕਤਾ, ਸ਼ੁਰੂਆਤੀ ਕਾਰਨ, ਵਿਸਥਾਰ, ਵਿਗਸਾਰ, ਸਫ਼ਲਤਾ-ਅਸਫ਼ਲਤਾ ਨੂੰ ਅੰਕਤ ਕਰਦੀਆਂ ਅਨੇਕਾ ਕਲਮਾਂ ਸਰਗਰਮ ਹਨ। ਇਹ ਸੰਖੇਪ ਜਿਹੀ ਲਿਖਤ ਦਾ ਉਦੇਸ਼ ਨਸ਼ਰ ਹੋ ਰਹੀਆਂ, ਜਾਂ ਹੋ ਚੁੱਕੀਆਂ ਲਿਖਤਾਂ ਅੰਦਰ ਮਹਿਜ਼ ਆਪਣਾ ਨਾਮ ਦਰਜ ਕਰਵਾਉਣ ਦਾ ਉਪਰਾਲਾ ਹਰਗਿਜ਼ ਨਹੀਂ। ਨਾ ਹੀ ਇਹ ਲਹਿਰ ਸਬੰਧੀ ਪਾਠਕਾਂ ਤਕ ਪੁੱਜ ਰਹੇ ਤੱਥਾਂ, ਅੰਕੜਿਆਂ ਵਿਚ ਕੋਈ ਵਾਧ-ਘਾਟ ਕਰਨ ਦਾ ਸਾਹਸ ਕਰਦੀ ਹੈ। ਨਾ ਹੀ ਇਸ ਦਾ ਮੰਤਵ ਗ਼ਦਰੀ ਬਾਬਿਆਂ ਦੀਆਂ ਮੜ੍ਹੀਆਂ ਨੂੰ ਪੌੜੋ ਬਣਾ ਕੇ ਆਪਣੇ ਪ੍ਰਦਰਸ਼ਨਕਾਰੀ ਕੱਦਾਂ-ਕਾਰਾਂ ਨੂੰ ਖਿੱਚ ਕੇ ਲੰਮਾ, ਹੋਰ ਲੰਮਾ ਕਰਨ ਵਾਲੇ ਕਾਰਕੁਨਾਂ ਦੀ ਨਿਸ਼ਾਨ ਦੇਹੀ ਕਰਨ ਵੱਲ ਰੁਚਿਤ ਹੈ। ਤਾਂ ਵੀ ਇਸ ਦਾ ਮੰਤਵ ਬਦਲਵਾਂ ਹੋ ਕੇ ਵੀ ਸਭ ਨੂੰ ਆਪਣਾ ਆਪਣਾ ਤੇ ਸਾਂਝਾ ਜਾਪੇਗਾ। ਅਮਰੀਕਾ-ਕਨੇਡਾ ਵਿਚ ਵਸਦੇ, ਅਤਿ ਦੀਆਂ ਕਠੋਰ ਤੇ ਨਰਕੀ ਜੀਣ ਪ੍ਰਸਥਿਤੀਆਂ ਵਿਚ ਜੀਉਂਦੇ-ਵਿਚਰਦੇ ਹਿੰਦੀਆਂ ਨੂੰ ਆਪਣਾ ਵਤਨ ਆਜ਼ਾਦ ਕਰਵਾਉਣ ਦੀ ਲਗਨ ਤੋਂ ਲੈ ਕੇ ਇਸ ਲਹਿਰ ਦੇ ਕਾਮਿਆਂ ਦੇ ਹਿੱਸੇ ਆਇਆ ਕਾਲੇ ਪਾਣੀਆਂ, ਕਾਲ ਕੋਠੜੀਆਂ, ਉਮਰ ਕੈਦਾਂ, ਫਾਂਸੀਆਂ, ਜੂਹ-ਬੰਦੀਆਂ ਕਾਰਨ ਸਹੇੜਨਾ ਪਿਆ ਦਰਦ ਜਿਸ ਕਲਮ ਨੇ ਜਿੰਨੀ ਸ਼ਿੱਦਤ ਨਾਲ ਮਹਿਸੂਸਿਆ, ਜਿਸ ਸੰਸਥਾ ਨੇ ਜਿੰਨੀ ਡੂੰਘਾਈ ਨਾਲ ਨਾਪਿਆ, ਓਨੀ ਹੀ ਲਗਨ ਨਾਲ ਗ਼ਦਰੀ ਬਾਬਿਆਂ ਨੂੰ ਨਤਮਸਤਕ ਹੋਣ ਦੇ ਉਪਰਾਲੇ ਕੀਤੇ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਬੰਧਕਾਂ ਦੀਆਂ ਪਹਿਲ ਕਦਮੀਆਂ ਤੇ ਉਪਰਾਲਿਆਂ ਦੀ ਜਿੰਨੀ ਹੋ ਸਕੇ ਪ੍ਰਸ਼ੰਸਾ ਹੋਣੀ ਚਾਹੀਦੀ ਹੈ। ਇਹ ਸਥਾਨ ਸਮਾਜਕ ਬਰਾਬਰੀ, ਭਾਈਚਾਰ-ਸਾਂਝ, ਧਰਮ ਨਿਰਪੱਖਤਾ, ਮਾਨਵੀ ਮੁੱਲਾਂ ਦੀ ਪਹਿਰੇਦਾਰੀ ਕਰਨ ਵਾਲੇ ਕਾਮਿਆਂ ਦਾ ਮੱਕਾ ਵੀ ਹੈ, ਮਦੀਨਾ ਵੀ। ਦਰਬਾਰ ਵੀ ਹੈ, ਟਿੱਲਾ ਵੀ। ਤਕੀਆ ਵੀ ਹੈ ਅਖਾੜਾ ਵੀ। ਹਰ ਸੰਵੇਦਨਸ਼ੀਲ ਕਾਮਾ, ਹਰ ਸੰਘਰਸ਼ੀ ਜਥੇਬੰਦੀ, ਇਸ 'ਤੇ ਆਸਥਾ ਰੱਖ ਕੇ ਅਗਲਾ ਕਦਮ ਪੁੱਟਦੀ ਹੈ। ਇਹ ਵਰਤਾਰਾ ਪੰਜਾਬ ਜਾਂ ਉਤਰੀ ਭਾਰਤ ਤਕ ਹੀ ਸੀਮਤ ਨਹੀਂ। ਵਤਨੋਂ ਦੂਰ ਵਸਦੇ ਸਮਾਜੀ-ਕਾਰਕੁਨ ਵੀ ਇਸ ਚਾਨਣ ਮੁਨਾਰੇ 'ਤੇ ਟੇਕ ਰੱਖਦੇ ਹਨ। ਅਗਵਾਈ ਲੈਂਦੇ ਹਨ ਤੇ ਕਈ ਵਾਰ ਪੰਜਾਬ ਅੰਦਰਲੇ ਕਾਰਕੁਨਾਂ ਤੋਂ ਅਗਲੇਰੇ ਪੜਾਅ ਵੀ ਸਰ ਕਰ ਲੈਂਦੇ ਹਨ। ਉਦਾਹਰਣ ਹਿੱਤ ਆਪਣੇ ਆਪ ਨੂੰ ਪੰਜਾਬੀ ਭਾਸ਼ਾ, ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ ਦੀਆਂ ਅਲੰਬਰਦਾਰ ਬਣਨ/ਹੋਣ ਦਾ ਭਰਮ ਪਾਲਦੀਆਂ ਇਥੋਂ ਦੀਆਂ ਤਿੰਨ ਸਾਹਿਤਕ ਜਥੇਬੰਦੀਆਂ ਜਿਨ੍ਹਾਂ ਵਿਚ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਕੇਂਦਰੀ ਲੇਖਕ ਸਭਾ ਸੇਖੋਂ, ਕੇਂਦਰੀ ਪੰਜਾਬੀ ਲੇਖਕ ਸਭਾ ਰਜਿ. ਸ਼ਾਮਲ ਹਨ, ਨੇ ਮਿਲ ਕੇ ਅੱਧਾ 2013 ਬੀਤ ਜਾਣ 'ਤੇ ਵੀ ਅਜਿਹਾ ਕੋਈ ਨਿੱਗਰ ਉਪਰਾਲਾ ਨਹੀਂ ਕੀਤਾ, ਜਿਸ ਤੋਂ ਇਹ ਸਿੱਧ ਹੋ ਸਕੇ ਕਿ ਇਨ੍ਹਾਂ ਜਥੇਬੰਦੀਆਂ ਨੂੰ ਗ਼ਦਰੀ ਬਾਬਿਆਂ ਵਲੋਂ ਝੱਲੇ ਅਤਿ-ਭਿਆਨਕ ਜ਼ੁਲਮ ਦਰਦ ਪ੍ਰੇਸ਼ਾਨ ਕਰ ਰਹੇ ਹਨ। ਇਨ੍ਹਾਂ ਦੇ ਵਿਹੜਿਆਂ ਵਿਚ ਇਕੱਤਰ ਹੁੰਦੇ ਵੋਟਰਾਂ ਦੀ ਗਿਣਤੀ ਚੋਣ-ਦੰਗਲਾਂ ਨੂੰ ਛੱਡ ਕੇ ਸ਼ਾਇਦ ਹੀ ਕਦੀ ਓਨੀ ਹੋਈ ਹੋਵੇ, ਜਿੰਨੀ ਪਹਿਲੀ ਜੂਨ 2013 ਨੂੰ ਕੈਲਗਰੀ ਸਥਿਤ ਟੈਂਪਲ ਕਮਿਊਨਿਟੀ ਹਾਲ ਅੰਦਰ ਅਰਪਨ ਲਿਖਾਰੀ ਸਭਾ ਦੇ ਸਾਲਾਨਾ ਸਮਾਗਮ ਸਮੇਂ ਦੇਖਣ ਨੂੰ ਮਿਲੀ। ਇਹ ਸਮਾਗਮ ਸਭਾ ਦਾ ਆਪਣਾ ਸੀ। ਇਸ ਤੋਂ ਇਲਾਵਾ ਰਾਈਟਰਜ਼ ਫ਼ੋਰਮ, ਪੰਜਾਬੀ ਸਾਹਿਤ ਸਭਾ, ਪੰਜਾਬੀ ਲਿਖਾਰੀ ਸਭਾ ਨੇ ਆਪਣੀਆਂ ਆਪਣੀਆਂ ਮਹੀਨਾਵਾਰ ਇਕੱਤਰਤਾਵਾਂ ਵੀ ਕੀਤੀਆਂ ਅਤੇ ਟੀਚਰਜ਼ ਐਸੋਸੀਏਸ਼ਨ ਤੇ ਪ੍ਰੈੱਸ ਕਲੱਬ ਕੈਲਗਰੀ ਨਾਲ ਮਿਲ ਕੇ ਸੱਤ ਜਥੇਬੰਦੀਆਂ ਨੇ ਭਜਨ ਸਿੰਘ ਗਿੱਲ ਦੀ ਕਨਵੀਨਰੀ ਸਾਂਝਾ ਪਲੇਟਫਾਰਮ, 2013 ਦੀ ਗ਼ਦਰ ਸ਼ਤਾਬਦੀ ਨੂੰ ਅਕੀਦਤ ਪੇਸ਼ ਕਰਨ ਲਈ ਵੀ ਉਸਾਰਿਆ ਹੈ। ਇਸ ਗ਼ਦਰ ਸ਼ਤਾਬਦੀ ਕਮੇਟੀ ਵਿਚ ਮਾਸਟਰ ਗਿੱਲ ਦੇ ਸਹਾਇਤਾ ਕੋਆਰਡੀਨੇਟਰ ਤਰਲੋਚਨ ਦਾਰਾ ਅਤੇ ਕੈਸ਼ੀਅਰ ਕੇਸਰ ਸਿੰਘ ਨੀਰ ਹਨ। ਇਸ ਕਮੇਟੀ ਵਲੋਂ ਸੇਂਟ ਕਾਲਜ ਦੇ ਜੁਬਲੀ ਆਡੋਟੋਰੀਅਮ ਵਿਚ ਹਰਕੇਸ਼ ਚੌਧਰੀ ਅਤੇ ਸੁਰਿੰਦਰ ਸ਼ਰਮਾ ਦੀ ਨਿਰਦੇਸ਼ਨਾ ਹੇਠ ਨਾਟਕ 'ਗਾਥਾ ਕਾਲੇ ਪਾਣੀ' ਵੀ ਖੇਡਿਆ ਗਿਆ। ਇਸ ਟੀਮ ਦੀ ਸਰਗਰਮੀ ਕੈਲਗਰੀ ਦੇ ਆਸ-ਪਾਸ ਦੇ ਛੋਟੇ ਸ਼ਹਿਰਾਂ ਵਿਚ ਵੀ ਜਾਰੀ ਰਹੇਗੀ।

ਕੈਲਗਰੀ ਦੀ ਉਦਾਹਰਣ ਨਾਲੋਂ ਵੀ ਨਿੱਗਰ ਮਿਸਾਲ, ਇਸ ਦੇ ਗੁਆਂਢ ਪੈਂਦੇ ਐਡਮਿੰਟਨ ਵਿਚਲੀਆਂ ਚਾਰ ਜਥੇਬੰਦੀਆਂ, ਪੰਜਾਬੀ ਆਰਟ ਐਸੋਸੀਏਸ਼ਨ, ਸੈਕੂਲਰ ਪੀਪਲਜ਼ ਐਸੋਸੀਏਸ਼ਨ, ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ ਅਤੇ ਮੇਪਲ ਲੀਫ਼ ਰਾਈਟਰ ਫਾਊਂਡੇਸ਼ਨ ਵਲੋਂ ਉਸਾਰੇ ਸਾਂਝੇ, ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮਿੰਟਨ ਨਾਮੀ ਕੇਂਦਰ ਦੀ ਹੈ। ਜਿਸ ਦੀ ਜ਼ਿੰਮੇਵਾਰੀ ਪ੍ਰਧਾਨ ਦਲਬੀਰ ਸਾਂਗਿਆਣ, ਸਕੱਤਰ ਕਿਰਤਮੀਤ ਕੁਹਾੜ ਤੇ ਵਿੱਤ ਸਕੱਤਰ ਨਵਤੇਜ ਬੈਂਸ, ਮੀਤ ਪ੍ਰਧਾਨ ਗੁਰਵਿੰਦਰ ਗਿੱਲ (ਸੋਨੀ) ਨੂੰ ਸੌਂਪੀ ਗਈ ਹੈ। ਇਹ ਟੀਮ ਬੇਹੱਦ ਨੀਤੀਵਧ ਢੰਗ ਨਾਲ ਪ੍ਰੋਗਰਾਮ ਉਲੀਕ ਕੇ ਬੇਹੱਦ ਵਿਧੀਵਤ ਢੰਗ ਨਾਲ ਨੇਪਰੇ ਚਾੜ੍ਹ ਰਹੀ ਹੈ। ਇਸ ਦਾ ਗ਼ਦਰ ਸ਼ਤਾਬਦੀ ਨੂੰ ਸਮਰਪਤ ਸੈਮੀਨਾਰ ਸੀ, ਦੂਜਾ 23 ਮਾਰਚ ਨੂੰ ਭਗਤ ਸਿੰਘ ਦੇ ਸ਼ਹੀਦੀ ਦਿਨ ਨੂੰ ਸਮਰਪਤ, ਤੀਜਾ 25 ਮਈ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ ਨੂੰ ਨਾਲ ਜੋੜ ਕੇ ਗ਼ਦਰ ਲਹਿਰ ਦੇ ਸਰੋਕਾਰ ਨੂੰ ਸਮਰਪਤ ਸੈਮੀਨਾਰ ਸੀ। ਇਸੇ ਲੜੀ ਵਿਚ ਜੂਨ ਦੀ 29 ਅਤੇ 30 ਤਾਰੀਕ ਨੂੰ ਬੱਚਿਆਂ ਦੀਆਂ ਖੇਡ ਰੁਚੀਆਂ ਨੂੰ ਪ੍ਰਫੁੱਲਤ ਕਰਨ ਲਈ ਟੂਰਨਾਮੈਂਟ ਕੀਤਾ ਗਿਆ। ਇਸ ਟੀਮ ਦੇ ਅਗਲੇ ਪ੍ਰੋਗਰਾਮਾਂ ਵਿਚ 21 ਜੁਲਾਈ ਨੂੰ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਦਾ ਗ਼ਦਰ ਲਹਿਰ ਦੇ ਸਰੋਕਾਰਾਂ ਦੀ ਵਿਆਖਿਆ ਕਰਦਾ ਲੈਕਚਰ, 31 ਅਗਸਤ ਨੂੰ ਉਘੇ ਨਾਟਕਕਾਰ ਦਵਿੰਦਰ ਦਮਨ ਦੀ ਨਿਰਦੇਸ਼ਨਾ ਹੇਠ ਤਿਆਰ ਹੋ ਰਹੇ ਨਾਟਕ ਦਾ ਮੰਚਨ, 31 ਅਗਸਤ ਨੂੰ ਅੰਤਰਰਾਸ਼ਟਰੀ ਕਵੀ ਦਰਬਾਰ ਅਤੇ 16 ਨਵੰਬਰ 2013 ਨੂੰ ਵਿਸ਼ਾਲ ਜਨ-ਸਮਾਰੋਹ ਕਰ ਕੇ ਸ਼ਤਾਬਦੀ ਪ੍ਰੋਗਰਾਮਾਂ ਨੂੰ ਅੰਤਮ ਛੋਹਾਂ ਦੇਣਾ ਸ਼ਾਮਲ ਹਨ।

ਇਸ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਦੀ ਕਮਾਂਡ ਭਾਵੇਂ ਛੋਟੀ ਜਿਹੀ ਟੀਮ ਹੱਥ ਸੌਂਪੀ ਗਈ ਦਿੱਸਦੀ ਹੈ, ਪਰ ਇਸ ਵਿਚ ਕਸ਼ਮੀਰ ਬਦੇਸ਼ਾ, ਜਸਵੀਰ ਦਿਓਲ, ਜੋਗਿੰਦਰ ਰੰਧਾਵਾ, ਬਖ਼ਸ਼ ਸੰਘਾ, ਜਸਵੀਰ ਸੰਘਾ, ਡਾ. ਪੀ.ਆਰ. ਕਾਲੀਆ, ਗੁਰਸੇਵਕ ਮਾਨ, ਗੁਰਚਰਨ ਬਰਾੜ ਤੇ ਹੋਰ ਕਈ ਸਾਥੀ ਕੰਮ-ਕਾਜ਼ੀ ਰੁਝੇਵਿਆਂ ਵਿਚੋਂ ਵਿਹਲ ਕੱਢ ਕੇ ਪੂਰੀ ਲਗਨ ਨਾਲ ਇਨ੍ਹਾਂ ਪ੍ਰੋਗਰਾਮਾਂ ਨੂੰ ਸਫਲ ਕਰਨ ਲਈ ਪੂਰੀ ਤਰ੍ਹਾਂ ਜੁਟੇ ਪਏ ਹਨ।

ਇਨ੍ਹਾਂ ਦੋਵਾਂ ਸ਼ਹਿਰਾਂ ਨੇੜਿਓਂ ਵਾਚੇ ਕਾਰਜਾਂ ਵਾਂਗ ਹੀ ਟੋਰਾਂਟੋ ਅਤੇ ਵੈਨਕੂਵਰ ਤੋਂ ਵੀ ਸਾਂਝੇ ਪਲੇਟਫ਼ਾਰਮ ਉਸਾਰ ਕੇ ਸੈਮੀਨਾਰ, ਮਾਰਚ ਅਤੇ ਨਾਟਕਾਂ ਦੇ ਮੰਚਨ ਹੋਏ। ਗ਼ਦਰ ਲਹਿਰ ਦੇ ਸ਼ਤਾਬਦੀ ਵਰ੍ਹੇ ਨੂੰ ਇਸ ਤੋਂ ਵੱਡੀ ਸ਼ਰਧਾਂਜਲੀ ਹੋਰ ਕੀ ਹੋ ਸਕਦੀ ਹੈ। ਲਹਿਰ ਦੀ ਜਨਮ-ਭੂਮੀ 'ਚ ਵਸਦੀ ਹਰ ਪੰਜਾਬੀ ਰੂਹ, ਇਸ ਲਹਿਰ ਦੀ ਅਹਿਸਾਨਮੰਦ ਹੋਈ ਜਾਪਦੀ ਹੈ। ਵੱਖ-ਵੱਖ ਸਭਿਆਚਾਰਕ, ਸਾਹਿਤਕ ਸਮਾਜਕ ਇਕਾਈਆਂ ਇਕਜੁੱਟ ਹੋ ਕੇ ਗ਼ਦਰੀ ਬਾਬਿਆਂ ਨੂੰ ਅਕੀਦਤ ਪੇਸ਼ ਕਰ ਰਹੀਆਂ ਹਨ, ਤਾਂ ਵੀ ਇਨ੍ਹਾਂ ਇਕਾਈਆਂ ਦੀ ਕਾਰਵਾਈ ਨੂੰ ਵਿੱਥਾਂ ਤੋਂ ਵਾਚਦੇ ਹਰ ਸੰਵੇਦਨਸ਼ੀਲ ਵਿਅਕਤੀ ਅੰਦਰ ਕਿਧਰੇ ਨਾ ਕਿਧਰੇ ਥੋੜ੍ਹੀ ਕੁ ਜਿੰਨੀ ਸ਼ੰਕਾ ਜ਼ਰੂਰ ਉਛਾਲੀ ਮਾਰ ਆਉਂਦੀ। ਇਹ ਸ਼ੰਕਾ ਵੱਖ-ਵੱਖ ਸਭਾਵਾਂ, ਅਦਾਰਿਆਂ ਵਿਚਕਾਰ ਬਣੀ ਇਕਜੁੱਟਤਾ ਦੀ ਲੰਮੀ-ਛੋਟੀ ਉਮਰ ਸਬੰਧੀ ਹੈ। ਸ਼ੱਕੀ ਹੋਇਆ ਮਨ, ਅਦਿੱਖ ਭਵਿੱਖ ਅੰਦਰ ਗੁਆਚ ਕੇ ਡਾਵਾਂ-ਡੋਲ ਵੀ ਹੋਣ ਲੱਗਦਾ ਹੈ ਅਤੇ ਅਰਦਾਸ ਕਰਨ ਵਰਗੀ ਇਕਾਗਰਤਾ ਅੱਗੇ ਆਪਣੀ ਲੋਚਾ ਵੀ ਪੇਸ਼ ਕਰਦਾ ਹੈ, ਕਿ 'ਇਨ੍ਹਾਂ ਅਦਾਰਿਆਂ ਪਿਛੇ ਕਾਰਜਸ਼ੀਲ ਖੱਬੀਆਂ-ਸੱਜੀਆਂ ਪਾਰਟੀਆਂ, ਇਕਜੁੱਟਤਾ ਨੂੰ ਬਣਾਈ ਰੱਖਣ ਵਿਚ ਸਹਾਈ ਹੋਣ, ਤਾਂ ਜੋ ਗ਼ਦਰ ਲਹਿਰ ਦੀਆਂ ਮਹਾਨ ਪ੍ਰੰਪਰਾਵਾਂ ਨੂੰ ਸਮਿਆਂ ਦੇ ਇਤਿਹਾਸ ਅੰਦਰ ਸੁਨਹਿਰੀ ਸ਼ਬਦਾਂ ਵਿਚ ਅੰਕਿਤ ਕੀਤਾ ਜਾ ਸਕੇ।' ਅੱਜ ਦੀ ਗੰਧਲੀ ਰਾਜਨੀਤੀ ਤੋਂ, ਏਨੀ ਕੁ ਆਸ-ਉਮੀਦ ਰੱਖਣਾ ਤਾਂ ਬਿਲਕੁਲ ਹੀ ਗ਼ੈਰ-ਵਾਜਬ ਨਹੀਂ ਜਾਪਦਾ।

# ਕਮਿਊਨਿਸਟ ਨੈਤਿਕਤਾ ਤੇ ਅਮਲਾਂ ਦਾ ਸੁਮੇਲ ਸਤਪਾਲ ਡਾਂਗ



ਮਹਾਨ ਕਮਿਊਨਿਸਟ ਨੇਤਾ, ਮਜ਼ਦੂਰਾਂ-ਕਿਸਾਨਾਂ ਦੇ ਕਲਿਆਣ ਲਈ ਸਾਰਾ ਜੀਵਨ ਸਮਰਪਤ ਕਰਨ ਵਾਲੇ ਤੇ ਸਾਦਗੀ ਤੇ ਉਚੇ ਆਦਰਸ਼ਾਂ ਭਰਿਆ ਸੰਘਰਸ਼ਸ਼ੀਲ ਜੀਵਨ ਲੋਕਾਂ ਦੇ ਲੇਖੇ ਲਗਾਉਣ ਵਾਲੇ, ਸਾਥੀ ਸਤਪਾਲ ਡਾਂਗ ਦਾ ਸਦਾ ਲਈ ਤੁਰ ਜਾਣਾ ਕਮਿਊਨਿਸਟ ਲਹਿਰ ਤੇ ਸਮੁੱਚੇ ਸਮਾਜ ਲਈ ਵੱਡਾ ਘਾਟਾ ਹੈ। ਸਾਥੀ ਡਾਂਗ 15 ਜੂਨ ਨੂੰ 93 ਵਰ੍ਹਿਆਂ ਦੀ ਉਮਰ ਭੋਗ ਕੇ ਸਦੀਵੀਂ ਵਿਛੋੜਾ ਦੇ ਗਏ ਹਨ। ਉਂਜ ਪਿਛਲੇ ਕੁਝ ਸਾਲਾਂ ਤੋਂ ਜਿਸ ਤਰ੍ਹਾਂ ਦੀ ਖਰਾਬ ਸਿਹਤ ਨਾਲ ਉਹ ਜੀਅ ਰਹੇ ਸਨ, ਉਸ ਜੀਵਨ ਤੋਂ ਰੁਖ਼ਸਤ ਲੈ ਕੇ ਵਿਛੜਨ ਦਾ ਇਹ ਯੋਗ ਮੌਕਾ ਹੀ ਕਿਹਾ ਜਾਣਾ ਚਾਹੀਦਾ ਹੈ। ਮਿਲ ਗੇਟਾਂ, ਸੜਕਾਂ, ਜਨਤਕ ਇਕੱਠਾਂ, ਦੁਸ਼ਮਣਾਂ ਦੇ ਗੜ੍ਹਾਂ ਅਤੇ ਵਿਧਾਨ ਸਭਾ ਵਿਚ ਗਰਜਣ ਵਾਲਾ ਸਾਥੀ ਡਾਂਗ ਕੁਝ ਸਮੇਂ ਤੋਂ ਚੁੱਪ ਤੇ ਸ਼ਾਂਤ ਸੀ, ਅਜਿਹਾ ਦੇਖਣਾ ਡਾਢਾ ਦੁਖਦਾਈ ਜਾਪਦਾ ਸੀ।

ਸਾਥੀ ਸਤਪਾਲ ਡਾਂਗ ਆਜ਼ਾਦੀ ਅੰਦੋਲਨ ਦੌਰਾਨ ਹੀ ਰਾਜਨੀਤੀ ਵਿਚ ਕੁੱਦ ਪਏ ਸਨ। ਉਨ੍ਹਾਂ ਨੇ ਧੁਰ ਪੱਛਮ ਵਿਚ ਆਂਧਰਾ ਪ੍ਰਦੇਸ਼ ਦੇ ਜੰਗਲਾਂ ਵਿਚ ਰਿਆਸਤੀ ਰਾਜਿਆਂ ਵਿਰੁੱਧ ਲੜੀ ਜਾ ਰਹੀ ਹਥਿਆਰਬੰਦ ਜੰਗ (ਤਿਲੰਗਾਨਾ ਦਾ ਹਥਿਆਬੰਦ ਘੋਲ) ਵਿਚ ਆਪਣਾ ਬਣਦਾ ਹਿੱਸਾ ਵੀ ਪਾਇਆ ਤੇ ਭੁੱਖੇ ਤਿਹਾਏ ਪਰ ਸਵੈਮਾਨ ਤੇ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਸੰਗਰਾਮ ਵਿਚ ਕੁੱਦੇ ਧਰਤੀ ਦੇ ਪੁੱਤਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੜੇ। ਸਾਥੀ ਪੀ. ਸੁੰਦਰਈਆ, ਜੋ ਤਿਲੰਗਾਨਾ ਦੀ ਜੱਦੋ-ਜਹਿਦ ਦੇ ਮੋਢੀ ਆਗੂਆਂ ਵਿਚੋਂ ਇਕ ਸਨ, ਨਾਲ ਬਾਹਾਂ ਵਿਚ ਬਾਹਾਂ ਪਾ ਕੇ ਜੰਗਲਾਂ ਵਿਚ ਜ਼ਬਰ ਦੀ ਤਪਸ਼ ਝਲਣ ਅਤੇ ਭੁੱਖੇ ਪੇਟ ਰਹਿ ਕੇ ਇਨਕਲਾਬ ਪ੍ਰਤੀ ਆਪਣੇ ਫਰਜ਼ਾਂ ਨੂੰ ਅਦਾ ਕਰਨ ਦਾ ਮਾਣ ਵੀ ਸਾਥੀ ਸਤਪਾਲ ਡਾਂਗ ਨੂੰ ਹਾਸਲ ਹੈ।

**ਮੰਗਤ ਰਾਮ ਪਾਸਲਾ**
**ਸਕੱਤਰ ਸੀ.ਪੀ.ਐਮ. ਪੰਜਾਬ**

ਰਾਵਲ ਪਿੰਡੀ (ਹੁਣ ਪਾਕਿਸਤਾਨ ਵਿਚ) ਵਿਚ ਜਨਮਿਆ ਇਹ ਯੋਧਾ ਬੰਬਈ ਵਿਚਲੇ ਕਮਿਊਨਿਸਟ ਦਫ਼ਤਰ 'ਚੋਂ ਵਿਦਿਆਰਥੀ ਲਹਿਰ ਦੇ ਆਗੂ ਦੀ ਭੂਮਿਕਾ ਅਦਾ ਕਰਦਾ ਹੋਇਆ ਪੰਜ ਪਾਣੀਆਂ ਦੀ ਧਰਤੀ ਪੰਜਾਬ ਪੁੱਜਿਆ, ਜਿੱਥੇ ਆ ਕੇ ਉਸ ਨੇ ਮਿਲਾਂ ਦੀ ਚਿਮਨੀਆਂ ਦੇ ਧੂੰਏ ਨਾਲ ਧੁਆਂਖੇ ਚਿਹਰਿਆਂ ਤੇ ਗੈਰ-ਮਨੁੱਖੀ ਹਾਲਤਾਂ ਵਿਚ ਜੀਵਨ ਬਸਰ ਕਰ ਰਹੇ ਕਿਰਤੀਆਂ ਦੇ ਵੱਡੇ ਕੇਂਦਰ ਛੇਹਰਟੇ (ਅੰਮ੍ਰਿਤਸਰ) ਨੂੰ ਆਪਣੀ ਕਰਮ-ਭੂਮੀ ਬਣਾਇਆ। ਕਾਮਰੇਡ ਬਿਮਲਾ ਡਾਂਗ ਨਾਲ ਵਿਆਹ ਕਰਾ ਕੇ ਇਹ ਜੋੜੀ ਸਮਾਜਕ ਤਬਦੀਲੀ ਦੇ ਜਰਨੈਲੀ ਰਾਹ ਉਤੇ ਇੰਜ ਤੁਰੀ ਕਿ ਝੱਟ ਹੀ ਆਪਣੇ ਅਮਲਾਂ ਰਾਹੀਂ ਇਹ ਸਮੂਹ ਕਿਰਤੀਆਂ ਦੀ ਅੱਖ ਦਾ ਤਾਰਾ ਬਣ ਗਈ। ਕਿਰਾਏ ਦੇ ਛੋਟੇ ਕਮਰੇ ਵਿਚ ਵਾਸਾ, ਖੁਰਾਕ ਉਹੀ ਜੋ ਔਸਤਨ ਮਿਲ ਮਜ਼ਦੂਰ ਖਾ ਸਕਦਾ ਹੈ, ਸਾਧਾਰਨ ਪਹਿਰਾਵਾ ਤੇ ਇਸ ਤੋਂ ਵੀ ਵੱਧ ਮਜ਼ਦੂਰਾਂ ਨਾਲ ਇਹ ਜੋੜੀ ਇਕਮਿਕ ਹੋ ਗਈ। ਇਹ ਆਦਰਸ਼ਕ ਤੇ ਸਮਾਜਕ ਤਬਦੀਲੀ ਲਈ ਪ੍ਰਤੀਬੱਧ ਜੋੜੀ, ਜਿਵੇਂ ਪਾਣੀ ਸੰਗ ਪਾਣੀ ਮਿਲਦਾ ਹੈ।

☛ ਬਾਕੀ ਸਫ਼ਾ 41 'ਤੇ

## ਮੇਰੀਆਂ ਅੰਤਿਮ ਰਸਮਾਂ ਬਾਰੇ

ਕਮਿਊਨਿਸਟ ਅਤੇ ਮਾਰਕਸਵਾਦੀ ਬਣਨ ਤੋਂ ਬੜਾ ਚਿਰ ਪਹਿਲਾਂ ਹੀ ਮੈਂ ਨਾਸਤਕ ਹੋ ਗਿਆ ਸਾਂ। ਮੇਰਾ ਵਿਸ਼ਵਾਸ ਹੈ ਕਿ ਧਰਮ ਨੇ ਅਗਾਂਹਵਧੂ ਅਤੇ ਪਿਛਾਂਹਖਿੱਚੂ ਦੋਵੇਂ ਕਿਸਮ ਦਾ ਰੋਲ ਅਦਾ ਕੀਤਾ ਹੈ। ਮੇਰਾ ਇਹ ਵੀ ਨਿਸ਼ਚਾ ਹੈ ਕਿ ਜਦੋਂ ਬੰਦਾ ਮਰ ਜਾਂਦਾ ਹੈ ਤਾਂ ਇਹ ਉਸ ਦਾ ਅੰਤ ਹੈ। ਇਹ ਨਿਰੀ ਮਿੱਥ ਹੈ ਕਿ ਉਹ ਫਿਰ ਕੀੜੀ, ਪੰਛੀ, ਜਾਨਵਰ ਜਾਂ ਇਨਸਾਨ ਵਜੋਂ ਹੀ ਮੁੜ ਜਨਮ ਲਵੇਗਾ। ਇਹ ਵੀ ਏਨੀ ਹੀ ਹਕੀਕਤ ਹੈ ਕਿ ਧਾਰਮਕ ਰਸਮਾਂ ਘਟੀਆ ਕਿਸਮ ਦੇ ਰੂੜੀਵਾਦ ਵਿਚ ਨਿਘਰ ਗਈਆਂ ਹਨ। ਇਸ ਰੂੜੀਵਾਦ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਵਿਚ ਬਿਨਾਂ ਸ਼ੱਕ ਪੁਜਾਰੀ ਵਰਗ ਦਾ ਆਪਣਾ ਸੁਆਰਥੀ ਹਿੱਤ ਹੁੰਦਾ ਹੈ। ਅਜਿਹੇ ਅੰਧ-ਵਿਸ਼ਵਾਸ ਵਧੇ-ਫੁੱਲੇ ਹਨ, ਕਿਉਂਕਿ ਅਨੇਕਾਂ ਕੁਦਰਤੀ ਵਰਤਾਰਿਆਂ ਅਤੇ ਆਰਥਕ ਬੇਯਕੀਨੀਆਂ ਨੂੰ ਅਜੇ ਸਮਝਿਆ ਨਹੀਂ ਸੀ ਜਾ ਸਕਿਆ। ਇਹ ਹੈ ਹਾਲਤ, ਜਿਸ ਵਿਚ ਪਹਿਲੀ ਵਾਰ ਦੇਵਤੇ ਪ੍ਰਗਟ ਹੋਏ, ਜਿਵੇਂ ਬਾਰਸ਼ ਦਾ ਦੇਵਤਾ, ਦੌਲਤ ਦੀ ਦੇਵੀ ਆਦਿ ਅਤੇ ਫਿਰ ਆ ਗਈ ਸਰਬੋਤਮ ਸ਼ਕਤੀ, ਅਰਥਾਤ ਰੱਬ। ਸੰਖੇਪ ਵਿਚ ਗੱਲ ਕਰੀਏ, ਇਹ ਰੱਬ ਨਹੀਂ ਜਿਸ ਨੇ ਬੰਦੇ ਨੂੰ ਸਿਰਜਿਆ, ਸਗੋਂ ਇਹ ਤਾਂ ਖੁਦ ਰੱਬ ਹੀ ਹੈ ਜੋ ਬੰਦੇ ਦੀ ਕਲਪਣਾ ਨੇ ਸਿਰਜਿਆ। ਜਿਵੇਂ-ਜਿਵੇਂ ਵਿਗਿਆਨ ਦੀ ਤਰੱਕੀ ਹੁੰਦੀ ਹੈ ਅਤੇ ਪ੍ਰਕਿਰਤੀ ਅਤੇ ਆਰਥਕ ਬੇਯਕੀਨੀਆਂ ਉੱਤੇ ਆਦਮੀ ਦਾ ਨਿਯੰਤਰਣ ਵਧੇਰੇ ਹੀ ਵਧੇਰੇ ਤਰੱਕੀ ਕਰਦਾ ਹੈ, ਉਵੇਂ-ਉਵੇਂ ਨਾ ਕੇਵਲ ਦੇਵਤਿਆਂ ਦੇ ਸਗੋਂ ਖੁਦ ਰੱਬ ਦੇ ਹੀ ਚੇਲੇ-ਬਾਲਕੇ ਗੁਆਚਦੇ ਜਾਣਗੇ। ਸਮੇਂ ਦੀ ਮੰਗ ਹੈ ਕਿ ਪ੍ਰਚਲਤ ਰੂੜੀਵਾਦ ਵਿਰੁੱਧ ਵੱਧ ਤੋਂ ਵੱਧ ਸੰਭਵ ਹੱਦ ਤਕ ਲੜਿਆ ਜਾਵੇ। ਆਪਣੇ ਇਸ ਨਿਸ਼ਚੇ ਦੇ ਮੱਦੇਨਜ਼ਰ ਮੈਂ ਵਸੀਅਤ ਕਰਦਾ ਹਾਂ :

(1) ਜਦੋਂ ਮੇਰੇ ਸਰੀਰ ਨੂੰ ਅਗਨੀ ਦੇ ਹਵਾਲੇ ਕੀਤਾ ਜਾਵੇ ਤਾਂ ਕਿਸੇ ਵੀ ਕਿਸਮ ਦੀ ਕੋਈ ਧਾਰਮਕ ਰਸਮ ਹਰਗਿਜ਼ ਨਾ ਕੀਤੀ ਜਾਵੇ;
(2) ਕਾਫੀ ਸਮਾਂ ਪਹਿਲਾਂ, ਮੈਂ ਆਪਣੀਆਂ ਅੱਖਾਂ, ਜਿੱਥੋਂ ਤਕ ਮੈਨੂੰ ਯਾਦ ਹੈ, ਡਾਕਟਰ ਦਲਜੀਤ ਸਿੰਘ ਦੇ ਅੱਖਾਂ ਦੇ ਹਸਪਤਾਲ ਨੂੰ ਦਾਨ ਕਰਨਾ, ਰਜਿਸਟਰ ਕਰਵਾ ਦਿੱਤੀਆਂ ਸਨ। ਮੇਰੀ ਸੱਜੀ ਅੱਖ ਹੁਣ ਕਿਸੇ ਕੰਮ ਦੀ ਨਹੀਂ ਰਹੀ। ਮੇਰੀ ਖੱਬੀ ਅੱਖ ਮੇਰਾ ਸਸਕਾਰ ਕਰਨ ਤੋਂ ਪਹਿਲਾਂ ਸਮੇਂ ਸਿਰ ਦਾਨ ਕਰ ਦਿੱਤੀ ਜਾਵੇ।
(3) ਮੇਰੇ ਫੁੱਲ ਨੇੜਲੇ ਦਰਿਆ ਦੇ ਵਗਦੇ ਪਾਣੀ ਵਿਚ ਜਲ ਪ੍ਰਵਾਹ ਕਰ ਦਿੱਤੇ ਜਾਣ।

ਦਸਤਖ਼ਤ/
***ਸਤਪਾਲ ਡਾਂਗ***
*15-02-06*

## ਕਿਸਾਨਾਂ ਅਤੇ ਮਜ਼ਦੂਰਾਂ ਦੇ ਨਾਇਕ ਸਨ ਕਾਮਰੇਡ ਕੁਲਵੰਤ ਸਿੰਘ



ਜ਼ਿਲ੍ਹਾ ਜਲੰਧਰ ਦੇ ਹਲਕਾ ਆਦਮਪੁਰ ਤੋਂ 2 ਵਾਰ ਵਿਧਾਇਕ ਰਹੇ ਕੁਲਵੰਤ ਸਿੰਘ 11 ਮਈ, 2013 ਨੂੰ ਲੁਧਿਆਨਾ ਦੇ ਅਪੋਲੋ ਹਸਪਤਾਲ ਵਿਚ 5 ਦਿਨ ਜ਼ਿੰਦਗੀ-ਮੌਤ ਦੀ ਲੜਾਈ ਲੜਨ ਮਗਰੋਂ ਹਮੇਸ਼ਾ ਲਈ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਐਤਵਾਰ 5 ਮਈ ਸਵੇਰ ਨੂੰ ਬਰੇਨ ਹੈਮਰੇਜ ਹੋਣ ਮਗਰੋਂ ਪਰਿਵਾਰ ਨੇ ਬਚਾਉਣ ਲਈ ਸਿਰ-ਤੋੜ ਕੋਸ਼ਿਸ਼ਾਂ ਕੀਤੀਆਂ, ਦਿੱਲੀ ਅਤੇ ਅਮਰੀਕਾ ਤੋਂ ਇੰਟਰਨੈੱਟ ਰਾਹੀਂ ਰਿਪੋਰਟਾਂ ਭੇਜ ਕੇ ਨਾਲੋ-ਨਾਲ ਡਾਕਟਰੀ ਸਲਾਹ ਵੀ ਲਈ ਜਾਂਦੀ ਰਹੀ। ਉਨ੍ਹਾਂ ਦਾ ਭਤੀਜਾ ਡਾ. ਅੰਮ੍ਰਿਤਪਾਲ ਸਿੰਘ ਅਮਰੀਕਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚ ਗਿਆ, ਪਰ ਸਾਰੀਆਂ ਕੋਸ਼ਿਸ਼ਾਂ ਇਸ ਲੋਕ-ਨਾਇਕ ਨੂੰ ਬਚਾ ਨਹੀਂ ਸਨ ਸਕੀਆਂ। ਉਹ ਆਪਣੇ ਪਿਛੇ ਆਪਣੀ ਜੀਵਨ ਸਾਥਣ ਬੀਬੀ ਸਵਰਨ ਕੌਰ, ਧੀ ਧਰਮਬੀਰ ਕੌਰ, ਪੁੱਤਰ ਜਤਿੰਦਰ ਸਿੰਘ ਅਤੇ ਸੰਯੁਕਤ ਪਰਿਵਾਰ ਦੇ ਨਾਲ ਹੀ ਲੋਕ-ਸੇਵਾ ਦੀ ਵਿਰਾਸਤ ਛੱਡ ਗਏ ਹਨ।

ਸਵਰਗੀ ਗਿਆਨੀ ਗੁਰਦੀਪ ਸਿੰਘ ਦੇ ਘਰ, ਇਕਬਾਲ ਕੌਰ ਦੀ ਕੁੱਖੋਂ 25 ਦਸੰਬਰ 1930 ਨੂੰ ਪੈਦਾ ਹੋਏ ਕਾਮਰੇਡ ਕੁਲਵੰਤ ਸਿੰਘ ਨੂੰ ਇਮਾਨਦਾਰੀ ਅਤੇ ਲੋਕ ਸੇਵਾ ਦੀ ਲਗਨ ਵਿਰਾਸਤ ਤੋਂ ਮਿਲੀ ਸੀ। ਉਨ੍ਹਾਂ ਦੇ ਪਿਤਾ ਗਿਆਨੀ ਗੁਰਦੀਪ ਸਿੰਘ ਨੇ 25 ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਦੇ ਤੌਰ 'ਤੇ ਲੋਕ ਸੇਵਾ ਕੀਤੀ, ਪਰ ਕੁਲਵੰਤ ਸਿੰਘ ਨੇ ਨਵੀਂ ਰਾਜਸੀ ਲੀਹ ਵਜੋਂ ਭਾਰਤੀ ਕਮਿਊਨਿਸਟ ਪਾਰਟੀ ਦਾ ਝੰਡਾ ਚੁੱਕਿਆ ਅਤੇ ਇਸ ਦੇ ਅਨੁਸ਼ਾਸਨ ਵਿਚ ਰਹਿ ਕੇ ਸਾਰਾ ਜੀਵਨ ਕਿਸਾਨ ਅਤੇ ਮਜ਼ਦੂਰਾਂ ਦੀ ਸੇਵਾ ਵਿਚ ਬਤੀਤ ਕੀਤਾ। ਲੋਕਾਂ ਦੇ ਹਿੱਤਾਂ ਖ਼ਾਤਰ ਉਹ ਆਪਣਾ ਕਾਫ਼ਲਾ ਲੈ ਕੇ ਸਭ ਤੋਂ ਪਹਿਲਾਂ ਉੱਠ ਤੁਰਦੇ ਸਨ ਅਤੇ ਕੋਈ 10 ਵਾਰ ਜੇਲ੍ਹ ਯਾਤਰਾ ਕੀਤੀ ਸੀ। ਉਹ ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਅਤੇ ਭੋਗਪੁਰ ਖੰਡ ਮਿਲ ਦੇ ਡਾਇਰੈਕਟਰ ਤੇ ਚੇਅਰਮੈਨ ਵੀ ਰਹੇ। ਕੁਲਵੰਤ ਸਿੰਘ ਹੁਰੀਂ ਬਹੁ-ਪੱਖੀ ਸ਼ਖ਼ਸੀਅਤ ਸਨ। ਉਹ 'ਰੋਜ਼ਾਨਾ ਨਵਾਂ ਜ਼ਮਾਨਾ' ਨੂੰ ਚਲਾਉਣ ਵਾਲੀ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਮੈਂਬਰ ਅਤੇ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਸਮੇਤ ਹੋਰ ਵੀ ਅਜਿਹੀਆਂ ਸੰਸਥਾਵਾਂ ਨਾਲ ਜੁੜੇ ਹੋਏ ਸਨ। ਉਹ ਭਾਰਤ ਦੇ ਐਗਰੀਕਲਚਰਲ ਕਮਿਸ਼ਨ ਦੇ ਮੈਂਬਰ ਵੀ ਰਹੇ।

ਕਾਮਰੇਡ ਕੁਲਵੰਤ ਸਿੰਘ 1969 ਦੀਆਂ ਅਸੈਂਬਲੀ ਚੋਣਾਂ ਵਿਚ ਪਹਿਲੀ ਵਾਰ ਅਤੇ 1980 ਦੀਆਂ ਚੋਣਾਂ ਵਿਚ ਦੂਜੀ ਵਾਰ ਵਿਧਾਨ ਸਭਾ ਹਲਕਾ ਆਦਮਪੁਰ ਤੋਂ ਜਿੱਤ ਕੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣੇ। ਸਚਾਈ ਅਤੇ ਦ੍ਰਿੜਤਾ ਨਾਲ ਲੈਸ ਧਨੀ ਕਿਸਾਨ ਪਰਿਵਾਰ ਵਿਚ ਜਨਮੇ ਕੁਲਵੰਤ ਸਿੰਘ ਸਹੀ ਅਰਥਾਂ ਵਿਚ ਸੰਤ ਸਨ। ਉਨ੍ਹਾਂ ਨੇ ਘਰ ਵਿਚ ਉਪਲੱਬਧ ਸਾਰੀਆਂ ਸੁੱਖ-ਸਹੂਲਤਾਂ ਦਾ ਮੁਕੰਮਲ ਤਿਆਗ ਕਰ ਕੇ ਸਾਦਗੀ ਦਾ ਜੀਵਨ ਬਤੀਤ ਕੀਤਾ ਅਤੇ ਸਾਰੀ ਉਮਰ ਬੱਸਾਂ ਅਤੇ ਮੋਟਰ ਸਾਈਕਲ ਉੱਪਰ ਸਫ਼ਰ ਕਰ ਕੇ ਲੋਕਾਂ ਦੀ ਨਿਸ਼ਕਾਮ ਸੇਵਾ ਕੀਤੀ। ਕੋਈ 3 ਸਾਲ ਪਹਿਲਾਂ ਉਨ੍ਹਾਂ ਦੇ ਛੋਟੇ ਭਰਾ ਜਸਵੰਤ ਸਿੰਘ ਦੀ ਬੇਵਕਤ ਮੌਤ ਦਾ ਉਨ੍ਹਾਂ ਨੂੰ ਡਾਢਾ ਸਦਮਾ ਲੱਗਾ।

***- ਜਗਤਾਰ ਸਿੰਘ ਸੰਘੇੜਾ***

## ਕਾਮਰੇਡ ਲਾਇਲਪੁਰੀ ਨੂੰ ਯਾਦ ਕਰਦਿਆਂ...



ਉਘੇ ਆਜ਼ਾਦੀ ਘੁਲਾਟੀਏ ਅਤੇ ਕਮਿਊਨਿਸਟ ਲਹਿਰ ਦੇ ਸਿਰਮੌਰ ਆਗੂ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ 27 ਮਈ ਨੂੰ ਸਦੀਵੀਂ ਵਿਛੋੜਾ ਦੇ ਗਏ ਹਨ। 95 ਵਰ੍ਹਿਆਂ ਦੇ ਸਾਥੀ ਲਾਇਲਪੁਰੀ ਨੇ ਆਪਣੇ ਜੀਵਨ ਦੇ 7 ਦਹਾਕਿਆਂ ਤੋਂ ਵੀ ਵੱਧ ਸਮਾਂ ਦੇਸ਼ ਦੀ ਆਜ਼ਾਦੀ ਲਈ ਅਤੇ ਮਜ਼ਦੂਰਾਂ ਤੇ ਕਿਸਾਨਾਂ ਦੀ ਪੂੰਜੀਵਾਦੀ ਲੁੱਟ-ਖਸੁੱਟ ਤੋਂ ਮੁਕਤੀ ਲਈ ਚੱਲੇ ਸੰਘਰਸ਼ ਦੇ ਲੇਖੇ ਲਾਇਆ। ਵਿਦਿਆਰਥੀ ਫਰੰਟ ਤੋਂ ਸ਼ੁਰੂ ਕਰਕੇ, ਸਾਥੀ ਲਾਇਲਪੁਰੀ ਨੇ ਕਮਿਊਨਿਸਟ ਲਹਿਰ ਨਾਲ ਸੰਬੰਧਤ ਹਰ ਮੋਰਚੇ 'ਤੇ ਪਾਰਟੀ ਵਲੋਂ ਮਿਲੀਆਂ ਜ਼ੁੰਮੇਵਾਰੀਆਂ ਨੂੰ ਦਰਿੜਤਾ ਪੂਰਬਕ ਨਿਭਾਇਆ ਅਤੇ ਲੋਕ ਸੇਵਾ ਦਾ ਇਕ ਮਾਣਮੱਤਾ ਰੀਕਾਰਡ ਕਾਇਮ ਕੀਤਾ। ਇਸ ਲੰਬੇ ਸੰਘਰਸ਼ਸ਼ੀਲ ਜੀਵਨ ਦੌਰਾਨ ਉਹਨਾਂ ਨੂੰ ਕੁੱਲ ਹਿੰਦ ਕਿਸਾਨ ਸਭਾ ਦੇ ਕੇਂਦਰੀ ਜਨਰਲ ਸਕੱਤਰ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਦਾ ਮਾਣ ਵੀ ਪ੍ਰਾਪਤ ਹੋਇਆ। ਸਾਥੀ ਲਾਇਲਪੁਰੀ ਅਣਵੰਡੀ ਸੀ.ਪੀ.ਆਈ. ਵਿਚ ਵੀ ਪਾਰਟੀ ਦੇ ਸਿਰਮੌਰ ਆਗੂ ਸਨ। 1964 ਵਿਚ ਡਾਂਗੇਪੰਥੀ ਸੋਧਵਾਦ ਨਾਲੋਂ ਕਿਨਾਰਾਕਸ਼ੀ ਕਰਨ ਵਾਲੇ ਕੇਂਦਰੀ ਕੌਂਸਲ ਦੇ 32 ਆਗੂਆਂ ਵਿਚ ਵੀ ਉਹ ਸ਼ਾਮਲ ਸਨ। ਇਸ ਉਪਰੰਤ ਸੀ.ਪੀ.ਆਈ.(ਐਮ) ਦੇ ਝੰਡੇ ਹੇਠ ਕਾਇਮ ਕੀਤੀ ਗਈ ਨਵੀਂ ਇਨਕਲਾਬੀ ਪਾਰਟੀ ਦੀ ਉਸਾਰੀ ਵਿਚ ਵੀ ਸਾਥੀ ਲਾਇਲਪੁਰੀ ਨੇ ਉਘੀ ਭੂਮਿਕਾ ਨਿਭਾਈ। ਉਹਨਾਂ ਨੇ ਪੰਜਾਬ ਅੰਦਰ ਸੀ.ਆਈ.ਟੀ.ਯੂ. ਦੇ ਪ੍ਰਧਾਨ ਵਜੋਂ ਵੀ ਕੰਮ ਕੀਤਾ ਅਤੇ ਹਰ ਜ਼ੁੰਮੇਵਾਰੀ ਨੂੰ ਬੜੀ ਨਿਡਰਤਾ, ਇਮਾਨਦਾਰੀ ਤੇ ਪ੍ਰਤੀਬੱਧਤਾ ਨਾਲ ਨਿਭਾਇਆ। ਇਸ ਤਰ੍ਹਾਂ ਸਾਥੀ ਲਾਇਲਪੁਰੀ ਦੇਸ਼ 'ਚੋਂ ਪੂੰਜੀਵਾਦ ਦਾ ਖ਼ਾਤਮਾ ਕਰਕੇ ਏਥੇ ਸਾਮਰਾਜਵਾਦ ਦੀ ਸਥਾਪਨਾ ਕਰਨ ਵਾਸਤੇ ਜੀਵਨ ਭਰ ਜੂਝਦੇ ਰਹੇ।

***(ਨਦਬ)***

## ਕਾਮਰੇਡ ਧਰਮ ਦਾਸ ਆਦਮਪੁਰੀ ਦੇ ਤੁਰ ਜਾਣ ਨਾਲ ਪੰਜਾਬੀ ਰੰਗ ਮੰਚ ਨੂੰ ਵੱਡਾ ਧੱਕਾ ਲੱਗਾ



ਪੰਜਾਬ ਦੀ ਇਨਕਲਾਬੀ ਸੱਭਿਆਚਾਰ ਦਾ ਖੱਬੀ ਲਹਿਰ ਨੂੰ ਬਣਾਉਣ ਵਿਚ ਉੱਘਾ ਰੋਲ ਹੈ। ਖੱਬੇ ਪੱਖੀ ਸੱਭਿਆਚਾਰ ਮੰਚ ਨੇ ਨਾਮਵਰ ਕਵੀ, ਗੀਤਕਾਰ ਕਹਾਣੀਕਾਰ ਅਤੇ ਨਾਟਕਕਾਰ ਵੱਡੀ ਗਿਣਤੀ ਵਿਚ ਪੈਦਾ ਕੀਤੇ ਹਨ। ਅਜਿਹੇ ਇਨਕਲਾਬੀ ਰੰਗਕਰਮੀ ਹੀ ਸਨ ਧਰਮ ਦਾਸ ਆਦਮਪੁਰੀ। ਧਰਮਦਾਸ ਆਦਮਪੁਰੀ ਦਾ ਵਿਛੋੜਾ ਇਨਕਲਾਬੀ ਜਨ-ਸਮੂਹਾਂ ਲਈ ਇਕ ਵੱਡਾ ਧੱਕਾ ਹੈ ਸਾਥੀ ਧਰਮਦਾਸ ਆਦਮਪੁਰੀ 1952 ਦੀਆਂ ਪਹਿਲੀਆਂ ਆਮ ਚੋਣਾਂ ਵਿਚ ਕਾ. ਭਗਤ ਸਿੰਘ ਰਾਗੀ ਦੇ ਸੰਪਰਕ ਵਿਚ ਆਏ। ਉਨਾਂ ਪਿੰਡ ਧੁਲੇਤਾ ਵਿਚ ਹੋ ਰਹੇ ਜਲਸੇ ਸਾਥੀ ਧਰਮਦਾਸ ਨੂੰ ਭੇਜਿਆ। ਜਿਥੇ ਕਾਮਰੇਡ ਹਰਬੰਸ ਸਿੰਘ ਮੰਢਾਲੀ ਦੀ ਡਿਊਟੀ ਸੀ। ਕਾਮਰੇਡ ਆਦਮਪੁਰੀ ਨੇ ਹਾਰਮੋਨੀਅਮ ਵਜਾ ਕੇ ਇਨਕਲਾਬੀ ਸੱਭਿਆਚਾਰਕ ਗੀਤ ਪੇਸ਼ ਕੀਤਾ ਤਾਂ ਲੋਕ ਬਹੁਤ ਹੀ ਪ੍ਰਭਾਵਤ ਹੋਏ। ਇਸ ਤੋਂ ਬਾਅਦ ਸਾਥੀ ਧਰਮਦਾਸ ਕੁਲਵਕਤੀ ਰੰਗ ਕਰਮੀ ਹੋ ਗਏ। ਇਨੀਂ ਦਿਨੀਂ ਖੁਸ਼ਹੈਸੀਅਤੀ ਮੋਰਚੇ ਤਹਿਤ ਨਾਟਕ ਪੇਸ਼ ਕਰਦੀ ਟੀਮ ਨੂੰ ਸਮੇਤ ਆਦਮਪੁਰੀ ਪਿੰਡ ਬਿਲਗਾ ( ਜਲੰਧਰ ) ਤੋਂ ਗ੍ਰਿਫਤਾਰ ਕਰ ਲਿਆ। ਕਾ. ਆਦਮਪੁਰੀ ਆਪਣੇ ਕਸਬੇ ਆਦਮਪੁਰ ਤੋਂ ਮਿਊਂਸਪਲ ਕਮੇਟੀ ਦੇ ਮੈਂਬਰ ਵੀ ਰਹੇ। ਉਨਾਂ ਨਾਟਕਾਂ ਰਾਹੀਂ ਪੰਜਾਬ, ਹਰਿਆਣਾ, ਜੰਮੂ ਕਸ਼ਮੀਰ, ਦਿੱਲੀ, ਯੂ ਪੀ ਅਤੇ ਰਾਜਸਥਾਨ ਆਦਿ ਥਾਵਾਂ ਤੇ ਨਵੇਂ ਨੌਜਵਾਨਾਂ ਨੂੰ ਇਨਕਲਾਬੀ ਲਹਿਰ ਨਾਲ ਜੋੜਿਆ। ਕਾਮਰੇਡ ਆਦਮਪੁਰੀ ਨਾਟਕ ਦੇ ਖੇਤਰ ਵਿਚ ਇੰਨੇ ਮਕਬੂਲ ਹੋ ਗਏ ਸਨ ਕਿ ਉਨਾਂ ਦਾ ਨਾਂਅ ਬੱਚੇ-ਬੱਚੇ ਦੀ ਜ਼ਬਾਨ ਤੇ ਚੜ ਗਿਆ। ਸੰਨ 1973 ਵਿਚ ਹਰਿਆਣੇ ਦੀ ਬੰਸੀ ਲਾਲ ਸਰਕਾਰ ਨੇ ਸਾਥੀ ਆਦਮਪੁਰੀ ਅਤੇ ਕ੍ਰਿਪਾਲ ਸਿੰਘ 'ਤੇ ਦਫਾ 302 ਦਾ ਝੂਠਾ ਮੁਕੱਦਮਾ ਦਰਜ ਕਰਵਾ ਦਿੱਤਾ। ਦੋਵੇਂ ਸਾਥੀ ਆਪਣਾ ਨਾਂ ਬਦਲ ਕੇ ਨਾਟਕਾਂ ਵਿਚ ਸਰਗਰਮ ਰਹੇ। 1978 ਵਿਚ ਦੇਵੀ ਲਾਲ ਦੀ ਸਰਕਾਰ ਨੇ ਇਹ ਝੂਠਾ ਕੇਸ ਵਾਪਿਸ ਲੈ ਲਿਆ। ਸਾਥੀ ਧਰਮਦਾਸ ਨੇ ਜ਼ਗੀਰਦਾਰੀ ਦੇ ਖਿਲਾਫ ਜਸਵੰਤ ਸਿੰਘ ਕੰਵਲ ਦੇ ਨਾਵਲ ਦੇ ਅਧਾਰ 'ਤੇ ਤਿਆਰ ਕੀਤਾ ਨਾਟਕ 'ਅਸਲੀ ਕਾਤਲ ਕੌਣ ਨੂੰ ਪਿੰਡ-ਪਿੰਡ ਖੇਡ ਕੇ ਜ਼ਗੀਰਦਾਰਾਂ ਦੇ ਕੱਚੇ ਚਿਠੇ ਨੂੰ ਲੋਕਾਂ 'ਚ ਪੇਸ਼ ਕੀਤਾ। ਸਾਥੀ ਧਰਮਦਾਸ ਸੁਰ ਸੰਗੀਤ ਦੇ ਬੜੇ ਮਾਹਿਰ ਸਨ। ਉਨਾਂ ਨੇ ਸੰਗੀਤ ਦੇ ਖੇਤਰ ਵਿਚ ਨਿਵੇਕਲੀਆਂ ਪੈੜਾਂ ਪਾਈਆਂ। ਉਨਾਂ ਬਹੁਤ ਸਾਰੇ ਕਲਾਕਾਰਾਂ ਨੂੰ ਨਾਮੀ ਕਲਾਕਾਰ ਬਣਾਇਆ। ਸਾਥੀ ਆਦਮਪੁਰੀ ਨੇ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀਆਂ ਦੋ ਆਲ ਇੰਡੀਆ ਕਾਨਫ੍ਰੰਸਾਂ ਵਿਚ ਡੈਲੀਗੇਟ ਵਜੋਂ ਹਿੱਸਾ ਲਿਆ। ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਨੇ ਆਪਣੀ 27ਵੀਂ ਸੂਬਾਈ ਕਾਨਫਰੰਸ ਉੱਗੀ (ਜਲੰਧਰ) ਵਿਖੇ ਇਨਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ। ਸਾਥੀ ਆਦਮਪੁਰੀ ਦੇ ਵਿਛੋੜੇ ਨਾਲ ਕਮਿਊਨਿਸਟ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

***- ਰਾਮ ਸਿੰਘ ਨੂਰਪੁਰੀ***

**ਅਦਾਰਾ 'ਨਵੀਂ ਦੁਨੀਆ' ਕਾਮਰੇਡ ਸਤਪਾਲ ਡਾਂਗ, ਕਾਮਰੇਡ ਕੁਲਵੰਤ ਸਿੰਘ, ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਅਤੇ ਕਾਮਰੇਡ ਧਰਮ ਦਾਸ ਆਦਮਪੁਰੀ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ ਅਤੇ ਉਹਨਾਂ ਨੂੰ ਇਨਕਲਾਬੀ ਸ਼ਰਧਾਂਜਲੀ ਭੇਟ ਕਰਦਾ ਹੈ।**

# ਸਿਖਿਆ ਮੰਤਰੀ- ਸਿਖਿਆ ਵਿਭਾਗ ਅਤੇ ਪੁਸਤਕ ਘੁਟਾਲਾ



ਮੱਖਣ ਕੁਹਾੜ
+91-95013-65522

ਪੰਜਾਬ ਸਿਖਿਆ ਵਿਭਾਗ ਇਸ ਵਕਤ ਗੰਭੀਰ ਬਿਮਾਰੀ ਦੇ ਸ਼ਿਕਾਰ ਮਰੀਜ਼ ਵਾਂਗ ਹੈ, ਜਿਸ ਨੂੰ ਬਚਾਉਣ ਦੇ ਨਾਂ ਹੇਠ ਉਸ 'ਤੇ ਵੱਖ-ਵੱਖ ਦਵਾਈਆਂ ਦੇ ਤਜ਼ਰਬੇ ਕੀਤੇ ਜਾ ਰਹੇ ਹਨ। ਬਹੁਤ-ਬਹੁਤ ਮਹਿੰਗੀਆਂ ਦਵਾਈਆਂ ਦੀ ਜਦ ਸਬੰਧਤ ਡਾਕਟਰ ਸਿਫ਼ਾਰਸ਼ ਕਰਦਾ ਹੈ ਤਾਂ ਰਵਾਇਤ ਮੁਤਾਬਕ ਸਬੰਧਤ ਦਵਾਈ ਕੰਪਨੀਆਂ ਉਸ ਕੋਲ ਬਣਦਾ ਕਮਿਸ਼ਨ ਵੀ ਆਪਣੇ ਆਪ ਹੀ ਭੇਜ ਦਿੰਦੀਆਂ ਹਨ। ਸਿਖਿਆ ਵਿਭਾਗ ਇਸ ਮਰੀਜ਼ ਦੇ ਬੇਲੋੜੇ ਟੈਸਟਾਂ 'ਤੇ ਵੀ ਇਵੇਂ ਹੀ ਖ਼ਰਚਾ ਕੀਤਾ ਜਾ ਰਿਹਾ ਹੈ। ਕਈ ਵਾਰ ਤਾਂ ਸੱਚਮੁਚ ਇਵੇਂ ਹੀ ਲਗਦਾ ਹੈ ਕਿ ਮਰੀਜ਼ ਨੂੰ ਜਾਣ ਬੁਝ ਕੇ ਹੀ ਤੰਦਰੁਸਤ ਨਹੀਂ ਕੀਤਾ ਜਾ ਰਿਹਾ, ਵਰਨਾ ਜੇ ਰੋਗ ਦਾ ਪਤਾ ਕਰਨਾ ਹੋਵੇ ਤਾਂ ਉਹ ਇਸ ਸਬੰਧੀ ਕਾਰਜਸ਼ੀਲ ਸਭ ਧਿਰਾਂ ਨੂੰ ਪਤਾ ਹੈ।

ਸਕੂਲਾਂ ਵਿਚ ਵਿਸ਼ੇਵਾਰ-ਜਮਾਤਵਾਰ ਅਧਿਆਪਕ ਹੋਣ। ਸਾਰੇ ਪ੍ਰਾਇਮਰੀ ਸਕੂਲਾਂ ਵਿਚ ਹਰ ਜਮਾਤ ਲਈ ਵੱਖਰਾ ਅਧਿਆਪਕ ਹੋਵੇ। ਅਧਿਆਪਕਾਂ ਨੂੰ ਪੂਰੀ ਤਨਖ਼ਾਹ ਦਿੱਤੀ ਜਾਵੇ। ਹਰ ਵਿਸ਼ੇ ਦਾ ਅਧਿਆਪਕ ਹਰ ਦਿਨ ਹਾਜ਼ਰ ਹੋਵੇ। ਛੁੱਟੀ 'ਤੇ ਜਾਣ ਸਮੇਂ ਵਿਸ਼ੇਸ਼ ਅਧਿਆਪਕਾਂ ਨੂੰ ਉਸ ਦੀ ਥਾਂ ਭੇਜਿਆ ਜਾਵੇ ਜੋ ਛੁੱਟੀਆਂ ਲਈ ਉਚੇਚੇ ਭਰਤੀ ਹੋਣ। ਹਰ ਸਕੂਲ ਵਿਚ ਪੱਕਾ ਮੁਖੀ ਹੋਵੇ। ਬਸਤਿਆਂ ਦਾ ਬੋਝ ਘੱਟ ਹੋਵੇ। ਨਿੱਜੀ ਸਕੂਲਾਂ 'ਤੇ ਵੀ ਕੋਈ ਕੰਟਰੋਲ ਹੋਵੇ ਤੇ ਉਹ ਸਕੂਲ ਕਿਸੇ ਸਰਕਾਰੀ ਅਥਾਰਟੀ ਦੀ ਨਿਗਰਾਨੀ ਵਿਚ ਕੰਮ ਕਰਨ। ਉਨਾਂ ਵਿਚ ਵੀ ਬੱਚਿਆਂ ਦੀਆਂ ਫ਼ੀਸਾਂ ਤੇ ਅਧਿਆਪਕਾਂ ਦੀ ਘੱਟੋ ਘੱਟ ਤਨਖ਼ਾਹ ਤੇ ਇਮਤਿਹਾਨ ਦਾ ਕੋਈ ਕਾਇਦਾ ਕਾਨੂੰਨ ਤੇ ਬਾਕਾਇਦਾ ਨਿਗਰਾਨ ਅਮਲਾ ਹੋਵੇ। ਇਨਕਮ ਟੈਕਸ ਲਈ ਉਪਰਾਲੇ ਹੋਣ।

ਅਸਲ ਤੇ ਸਿਰਫ਼ ਇਕੋ ਇਕ ਹੱਲ ਤਾਂ ਇਹੀ ਹੈ ਕਿ ਸਾਰੇ ਦੇ ਸਾਰੇ ਸਕੂਲ ਸਰਕਾਰੀ ਹੋਣ। ਪੇਂਡੂ ਦਿਹਾਤੀ ਮਜ਼ਦੂਰ 'ਫੱਗੂ' ਦਾ ਬੇਟਾ ਵੀ ਉਸੇ ਸਕੂਲ ਵਿਚ ਪੜੇ ਤੇ ਮੰਤਰੀ ਦਾ ਪੁੱਤਰ ਵੀ। ਸਕੂਲ ਮੁਖੀ, ਜ਼ਿਲਾ ਸਿਖਿਆ ਅਧਿਕਾਰੀ, ਡੀ.ਪੀ.ਆਈ. ਤੇ ਡੀ.ਜੀ.ਐਸ.ਈ. ਨੂੰ ਸੁਤੰਤਰਤਾ ਨਾਲ ਕੰਮ ਕਰਨ ਦਿੱਤਾ ਜਾਵੇ। ਵਿਭਾਗ ਵਿਚ ਉੱਕਾ ਹੀ ਕੋਈ ਸਿਆਸੀ ਦਖ਼ਲ ਨਾ ਹੋਵੇ। ਪਰ ਇਥੇ ਤਾਂ ਸਕੂਲਾਂ ਨੂੰ, ਸਿਖਿਆ ਵਿਭਾਗ ਨੂੰ ਹੋਰ ਵਿਭਾਗਾਂ ਵਾਂਗ ਸਿਰਫ਼ ਤੇ ਸਿਰਫ਼ ਆਮਦਨ ਦਾ ਜ਼ਰੀਆ ਹੀ ਸਮਝ ਲਿਆ ਗਿਆ ਹੈ। ਆਏ ਦਿਨ ਸਕੈਂਡਲ ਹੁੰਦੇ ਰਹਿੰਦੇ ਹਨ। ਸਰਕਾਰੀ ਸਕੂਲਾਂ ਵਿਚ ਗ਼ਰੀਬ ਲੋਕਾਂ ਦੇ ਬੱਚੇ ਪੜਦੇ ਹਨ। ਮਾਪੇ ਆਪ ਨਾ ਤਾਂ ਪੜੇ ਲਿਖੇ ਹਨ ਤੇ ਨਾ ਸੂਝਵਾਨ ਤੇ ਨਾ ਸੰਗਠਤ। ਉਨਾਂ ਦੀ ਥਾਂ ਤੇ ਸੁਹਿਰਦ, ਸੰਗਠਤ ਤੇ ਸੰਘਰਸ਼ੀਲ ਅਧਿਆਪਕ ਵਰਗ ਹੀ ਹੈ ਜੋ ਲਗਾਤਾਰ ਸਿਖਿਆ ਵਿਭਾਗ ਦੀ ਬਿਹਤਰੀ ਲਈ ਲੜਦਾ ਹੈ, ਪਰ ਸੱਚ ਦੀ ਆਵਾਜ਼ ਨੂੰ ਫੁੱਟ ਤੇ ਕੁੱਟ ਨਾਲ ਦਬਾਉਣ ਦਾ ਯਤਨ ਹੋਰ-ਹੋਰ ਤੇਜ਼ ਕੀਤਾ ਜਾ ਰਿਹਾ ਹੈ।

ਗੱਲ ਸਿਰਫ਼ ਸਿਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਹੋਰਾਂ ਦੀ ਹੀ ਨਹੀਂ ਹੈ, ਪਿਛਲੇ ਮੰਤਰੀ ਨੇ ਵੀ ਇੰਜ ਹੀ ਕੀਤਾ ਸੀ ਤੇ ਉਸ ਤੋਂ ਪਹਿਲੇ ਸਿਖਿਆ ਮੰਤਰੀ ਵੀ ਇੰਜ ਹੀ ਕਰਦੇ ਰਹੇ ਹਨ। ਪਰ ਹੁਣ ਤਾਂ ਜਿਵੇਂ ਅਖ਼ੀਰ ਹੀ ਹੋ ਗਈ ਹੈ। ਲਾਜ਼ਮੀ ਇਸ 'ਤੇ ਬਹਿਸ ਹੋਣੀ ਚਾਹੀਦੀ ਹੈ। ਸੁਹਿਰਦ ਪਹੁੰਚ ਨਾ ਅਪਣਾਈ ਗਈ ਤਾਂ ਸੱਚਮੁਚ ਸਿਖਿਆ ਵਿਭਾਗ, ਪੰਜਾਬ ਗਰਕ ਜਾਵੇਗਾ। ਹੁਣ ਸਿਖਿਆ ਕੇਵਲ ਅਮੀਰਾਂ ਦੀ ਰਖੇਲ ਬਣ ਕੇ ਰਹਿ ਗਈ ਹੈ। ਪਰਉਪਕਾਰ ਦੀ ਥਾਂ ਵਪਾਰ ਬਣ ਗਈ ਹੈ। ਮੁਕੰਮਲ ਵਪਾਰ। ਜੋ ਸਿਖਿਆ ਨੂੰ 'ਸੇਵਾ' ਆਖ ਕੇ ਕੋਈ ਸਕੂਲ ਜਾਂ ਯੂਨੀਵਰਸਿਟੀ ਨਿੱਜੀ ਖੇਤਰ ਵਿਚ ਖੋਲਦਾ ਹੈ ਤਾਂ ਉਹ 'ਸੇਵਾ ਭਾਵਨਾ' ਨਾਲ ਖਿਲਵਾੜ ਕਰਦਾ ਹੈ, ਉਹ ਕੋਰਾ ਝੂਠ ਬੋਲਦਾ ਹੈ। ਉਹ ਤਾਂ ਵਪਾਰ ਕਰ ਰਿਹਾ ਹੈ, ਸਿਰਫ਼ ਵਪਾਰ।

ਸਿਖਿਆ ਵਿਭਾਗ ਵਿਚ ਜਦੋਂ ਤੋਂ ਅਧਿਆਪਕਾਂ ਦੀ ਜਥੇਬੰਦੀ ਨਹੀਂ ਰਹੀ, ਉਦੋਂ ਤੋਂ ਬਹੁਤ ਵੱਡੀ ਪੱਧਰ 'ਤੇ ਰਿਸ਼ਵਤ ਦਾ ਬੋਲਬਾਲਾ ਹੋ ਗਿਆ ਹੈ। ਬਦਲੀਆਂ, ਨਿਯੁਕਤੀਆਂ, ਤਰੱਕੀਆਂ, ਤਰੱਕੀਆਂ ਸਮੇਂ ਸਟੇਸ਼ਨਾਂ ਦੀ ਵੰਡ, ਸਕੂਲਾਂ ਨੂੰ ਮਿਲਦੀ ਗ੍ਰਾਂਟ, ਗ੍ਰਾਂਟਾਂ ਦੀ ਵਰਤੋਂ ਵੀ ਸਭ ਕੁਝ ਸਿਆਸਤ ਦੀ ਭੇਟ ਚੜ ਰਿਹਾ ਹੈ। ਅਧਿਆਪਕਾਂ ਵਿਚ 'ਸਾਹਿਬ ਸਲਾਮ' ਨੂੰ ਪਹਿਲ ਦੇਣ ਵਾਲਾ ਵਰਗ ਵੀ ਹੋਂਦ ਵਿਚ ਆ ਰਿਹਾ ਹੈ। ਸਾਰਾ ਕੁਝ ਆਮਦਨ ਦਾ ਜ਼ਰੀਆ ਬਣ ਗਿਆ ਹੈ। ਸਿਖਿਆ ਵਿਭਾਗ ਦਾ ਕੋਈ ਇਕ ਵੀ ਐਸਾ ਉਚੇ ਤੋਂ ਉਚਾ ਅਧਿਕਾਰੀ ਨਹੀਂ ਹੈ ਜੋ ਆਜ਼ਾਦਾਨਾ ਤੇ ਨਿਰਪੱਖ ਫ਼ੈਸਲਾ ਕਰਨ ਦੇ ਸਮਰਥ ਰਹਿ ਗਿਆ ਹੋਵੇ। ਸਭ ਕੁਝ ਹਾਕਮ ਕਰਦੇ ਹਨ। ਸਰਪੰਚ, ਐਮ.ਐਲ.ਏ., ਸਿਆਸੀ ਕਰਿੰਦੇ, ਆਮ ਮੰਤਰੀ ਤੋਂ ਲੈ ਕੇ ਸਿਖਿਆ ਮੰਤਰੀ ਤਕ ਸਭ ਨੇ ਧਾੜਵੀਆਂ ਵਾਂਗ ਵਿਭਾਗ ਦੀ ਅਫ਼ਸਰਸ਼ਾਹੀ ਨੂੰ ਅੱਗੇ ਲਾਇਆ ਹੋਇਆ ਹੈ। ਸਕੂਲ ਦਾ ਅਸਥਾਈ ਚਾਰਜ ਕਿਸ ਨੂੰ ਦੇਣਾ ਹੈ, ਕਿਸ ਨੂੰ ਡੀ.ਈ.ਓ. ਲਾਉਣਾ ਹੈ, ਕਿਸ ਨੂੰ ਡੀ.ਪੀ.ਆਈ. ਤੇ ਹੋਰ ਉਚ ਅਧਿਕਾਰੀ- ਸਾਰਾ ਕੁਝ ਸਿਆਸੀ ਆਕਾਵਾਂ ਖ਼ਾਸ ਕਰ ਸਿਖਿਆ ਮੰਤਰੀ 'ਤੇ ਹੀ ਨਿਰਭਰ ਕਰਦਾ ਹੈ। ਸਿਖਿਆ ਮੰਤਰੀ ਹੀ ਵਿਭਾਗ ਦਾ 'ਕਰੇ ਕਰਾਵੇ ਆਪੇ ਆਪ' ਹੈ।



ਕੇਂਦਰ ਸਰਕਾਰ ਨੇ 'ਸਰਵ ਸਿਖਿਆ ਅਭਿਆਨ' ਦੇ ਨਾਂ 'ਤੇ ਫ਼ੰਡ ਦੇਣ ਦੇ ਨਾਮ ਹੇਠ ਵਿਭਾਗ ਨੂੰ ਪਹਿਲਾਂ ਹੀ ਅਪਾਹਜ ਕਰ ਦਿੱਤਾ ਹੋਇਆ ਹੈ, ਹੁਣ ਸੂਬਾਈ ਸਰਕਾਰ ਨੇ ਇਸ ਫ਼ੰਡ ਨੂੰ ਲੁੱਟ ਦਾ ਮਾਲ ਸਮਝ ਕੇ ਇਸ ਨੂੰ ਹਰ ਬਹਾਨੇ ਹੜੱਪਣ ਦਾ ਰਾਹ ਅਪਣਾ ਲਿਆ ਹੈ। ਉਨਾਂ ਹੁਣ ਸਿਖਿਆ ਨੂੰ ਸਮਵਰਤੀ ਸੂਚੀ 'ਚੋਂ ਵਾਪਸ ਸੂਬਾਈ ਸੂਚੀ 'ਚ ਸ਼ਾਮਲ ਕਰਨ ਦਾ ਯਤਨ ਵੀ ਛੱਡ ਦਿੱਤਾ ਹੈ। ਚਰਚਿਤ 'ਪੁਸਤਕ ਸਕੈਂਡਲ' ਨੂੰ ਇਸੇ ਹੀ ਚੌਖਟੇ ਵਿਚ ਘੋਖਣ ਦੀ ਲੋੜ ਹੈ।

ਸਰਵ ਸਿਖਿਆ ਅਭਿਆਨ ਫ਼ੰਡ ਰਾਹੀਂ ਕੇਂਦਰ ਸਰਕਰ ਕੋਲੋਂ ਕੁਲ 9 ਕਰੋੜ 28 ਲੱਖ ਦੀ ਗ੍ਰਾਂਟ ਆਈ ਸੀ। ਇਸ ਫ਼ੰਡ ਨੂੰ 'ਵਰਤਣ' ਲਈ ਕੁਝ ਨਾ ਕੁਝ ਤਾਂ ਕਰਨਾ ਹੀ ਸੀ। ਸੋ ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਪੁਸਤਕਾਂ ਖ਼ਰੀਦਣ ਲਈ ਆਈ ਇਸ 9.28 ਕਰੋੜ ਦੀ ਗ੍ਰਾਂਟ ਖ਼ਰਚਣ ਲਈ ਕਮੇਟੀ ਬਣਾਈ ਗਈ। 'ਅੰਨਾਂ ਵੰਡੇ ਰਿਉੜੀਆਂ, ਮੁੜ-ਮੁੜ ਆਪਣਿਆਂ ਨੂੰ'। ਪਹਿਲਾਂ ਆਪਣੇ ਖਾਸ ਬੰਦਿਆਂ ਦੀ ਚੋਣ ਕੀਤੀ ਗਈ ਤੇ ਫਿਰ ਉਨਾਂ ਨੂੰ ਮਾਸੂਮ ਬੱਚਿਆਂ ਲਈ ਪੁਸਤਕਾਂ ਖਰੀਦਣ ਦਾ 'ਪਵਿੱਤਰ' ਕਾਰਜ ਸੌਂਪਿਆ ਗਿਆ।

ਡੀ.ਜੀ.ਐਸ.ਈ. ਕਾਹਨ ਸਿੰਘ ਪੰਨੂੰ ਹੋਰਾਂ ਆਦੇਸ਼ ਦਿੱਤਾ ਕਿ ਸਕੂਲ ਆਪਣੀ ਪੱਧਰ 'ਤੇ ਮੈਨੇਜਮੈਂਟ ਕਮੇਟੀਆਂ ਰਾਹੀਂ ਪ੍ਰਾਇਮਰੀ ਲਈ 3 ਹਜ਼ਾਰ ਰੁਪਏ ਤੇ ਅੱਪਰ ਪ੍ਰਾਇਮਰੀ ਲਈ 10 ਹਜ਼ਾਰ ਰੁਪਏ ਦੀਆਂ ਪੁਸਤਕਾਂ ਖ਼ਰੀਦਣ। ਡੀ.ਪੀ.ਆਈ. ਐਲੀਮੈਂਟਰੀ ਨੂੰ 31 ਮਾਰਚ ਨੂੰ ਲਿਖੇ ਪੱਤਰ ਰਾਹੀਂ ਉਨਾਂ ਇਹ ਵੀ ਸਪੱਸ਼ਟ ਕੀਤਾ ਸੀ ਕਿ ਇਹ ਪੁਸਤਕਾਂ ਭਾਸ਼ਾ ਵਿਭਾਗ ਅਤੇ ਪੰਜਾਬ ਟੈਕਸਟ ਬੁੱਕ ਬੋਰਡ ਤੋਂ ਖ਼ਰੀਦਣ ਅਤੇ ਉਨਾਂ ਦੀ ਵੈਬਸਾਈਟ ਤੋਂ ਪੁਸਤਕਾਂ ਦੀ ਸੂਚੀ ਦਾ ਅਧਿਐਨ ਕਰ ਕੇ 50 ਫ਼ੀਸਦੀ ਦੀ ਛੋਟ ਵੀ ਪ੍ਰਾਪਤ ਕਰਨ। ਪਰ ਕਿਸੇ ਹੋਰ 'ਵੱਡੀ ਸ਼ਕਤੀ' ਨੇ ਡੀ.ਜੀ.ਐਸ.ਈ. ਦੇ ਇਸ ਪੱਤਰ ਨੂੰ ਦਰ-ਕਿਨਾਰ ਕਰ ਕੇ ਆਪਣੇ ਹੀ ਪੱਧਰ 'ਤੇ 9.28 ਕਰੋੜ ਦੀਆਂ ਕਿਤਾਬਾਂ ਖ਼ਰੀਦਣ ਲਈ ਦੋ ਕਮੇਟੀਆਂ ਬਣਾ ਦਿੱਤੀਆਂ। ਇਕ ਕਮੇਟੀ ਟੈਂਡਰ ਸਿਰੇ ਚਾੜਨ ਲਈ ਤੇ ਦੂਜੀ ਪੁਸਤਕਾਂ ਖ਼ਰੀਦਣ ਲਈ। ਟੈਂਡਰਾਂ ਵਾਲੀ ਤਿੰਨ ਮੈਂਬਰੀ ਕਮੇਟੀ ਡੀ.ਪੀ.ਆਈ. (ਐਲੀਮੈਂਟਰੀ) ਮੈਡਮ ਪ੍ਰਿਤਪਾਲ ਕੌਰ ਸਿੱਧੂ ਚੇਅਰਪਰਸਨ, ਜ਼ਿਲਾ ਸਿਖਿਆ ਅਫ਼ਸਰ (ਐਲੀਮੈਂਟਰੀ) ਅਜੀਤਗੜ, ਵਿਨੋਦ ਕੁਮਾਰ ਅਤੇ ਸਿਖਿਆ ਬੋਰਡ ਦਾ ਵਿੱਤ ਅਧਿਕਾਰੀ ਗੁਰਤੇਜ ਸਿੰਘ 'ਤੇ ਅਧਾਰਤ ਬਣਾਈ ਗਈ। ਜਦਕਿ ਪੁਸਤਕਾਂ ਦੀ ਖ਼ਰੀਦ ਲਈ ਚਾਰ ਮੈਂਬਰੀ ਕਮੇਟੀ ਲਈ ਮੈਡਮ ਹਰਕੰਵਲ ਜੀਤ ਕੌਰ ਜ਼ਿਲਾ ਸਿਖਿਆ ਅਫ਼ਸਰ ਬਠਿੰਡਾ, ਜਰਨੈਲ ਸਿੰਘ ਜ਼ਿਲਾ ਸਾਇੰਸ ਸੁਪਰਵਾਈਜ਼ਰ ਬਠਿੰਡਾ, ਮੈਡਮ ਪ੍ਰਵੀਨ ਕੁਮਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਲੂਕਾ ਅਤੇ ਰਾਸ਼ਟਰੀ ਮਾਧਿਅਮਕ ਸ਼ਾਖਰਤਾ ਮੁਹਿੰਮ (ਰਮਸਾ) ਦੇ ਮੁਲਾਜ਼ਮ ਸੰਜੀਵ ਭੂਸ਼ਣ ਨੂੰ ਸ਼ਾਮਲ ਕੀਤਾ ਗਿਆ। ਇਨਾਂ ਕਮੇਟੀਆਂ ਨੇ ਇਵੇਂ ਹੀ ਕੀਤਾ ਜਿਵੇਂ ਕਿਸੇ 'ਵੱਡੀ ਸ਼ਕਤੀ' ਨੇ ਉਨਾਂ ਨੂੰ ਆਦੇਸ਼ ਦਿੱਤੇ ਸਨ।

1. ਟੈਂਡਰਾਂ ਵਾਲੀ ਕਮੇਟੀ ਨੇ ਟੈਂਡਰਾਂ ਲਈ ਕੋਈ ਇਸ਼ਤਿਹਾਰ ਨਹੀਂ ਦਿੱਤਾ।

2. ਸਕੂਲ ਕਮੇਟੀਆਂ ਲਈ ਕਿਸੇ ਨਿਯਮ ਜਾਂ ਕਿਸੇ ਮਰਜ਼ੀ ਦੀ ਗੁੰਜਾਇਸ਼ ਹੀ ਨਹੀਂ ਰੱਖੀ।

3. ਡੀ.ਪੀ.ਆਈ. (ਐਲੀ.) ਮੈਡਮ ਪ੍ਰਿਤਪਾਲ ਕੌਰ ਸਿੱਧੂ ਨੇ ਹੁਕਮ ਨਾਦਰ ਕਰ ਕੇ ਸਾਰੇ ਸਕੂਲਾਂ ਪ੍ਰਾਇਮਰੀ ਲਈ 3 ਹਜ਼ਾਰ ਤੇ ਅੱਪਰ ਪ੍ਰਾਇਮਰੀ ਲਈ ਦਸ ਹਜ਼ਾਰ ਦੇ ਚੈਕ 'ਫ਼ਰੈਂਡਜ਼ ਇੰਟਰਪ੍ਰਾਈਜ਼ਜ਼' ਕੰਪਨੀ ਦੇ ਨਾਮ ਕੱਟ ਕੇ ਭੇਜਣ ਲਈ ਕਿਹਾ।

4. ਇਕ ਦੌੜ ਲਗ ਗਈ/ਪੁਸਤਕਾਂ ਦੇ ਨਵੀਂ ਕੰਪਨੀ ਰਾਹੀਂ ਬਣੇ ਬਣਾਏ ਬੰਡਲ ਸਕੂਲਾਂ ਵਿਚ ਭੇਜਣ ਦੀ ਤੇ ਚੈੱਕ ਪ੍ਰਾਪਤ ਕਰਨ ਦੀ। ਸਭ ਤੋਂ ਮੋਹਰੀ ਅਜੀਤਗੜ ਦੇ ਜ਼ਿਲਾ ਸਿਖਿਆ ਅਫ਼ਸਰ ਵਿਨੋਦ ਕੁਮਾਰ ਰਹੇ। ਉਨਾਂ ਆਪਣੇ ਜ਼ਿਲੇ ਦੇ ਸਾਰੇ ਸਕੂਲਾਂ ਵਿਚ ਧੜਾ-ਧੜ ਬੰਡਲ ਪਹੁੰਚਾ ਦਿੱਤੇ ਤੇ ਚੈੱਕ ਲੈ ਲਏ। ਮਗਰੋਂ ਰੋਪੜ ਤੇ ਹੁਸ਼ਿਆਰਪੁਰ। ..... ਤੇ ਚੱਲ ਸੋ ਚੱਲ।

5. ਜੇ ਮੁਹਾਲੀ ਦੇ ਕੁਝ ਅਧਿਆਪਕ ਜਥੇਬੰਦੀਆਂ ਨਾਲ ਸਬੰਧਤ ਜੁਝਾਰੂ ਤੇ ਨਿਡਰ ਅਧਿਆਪਕ ਜਥੇਬੰਦਕ ਢੰਗ ਨਾਲ ਗੱਲ ਨਾ ਚੁਕਦੇ, ਜੇ ਪ੍ਰੈਸ ਵਿਚ ਇਹ ਗੱਲ ਨਾ ਆਉਂਦੀ ਤਾਂ ਹੁਣ ਤਕ ਪੰਜਾਬ ਦੇ ਸਾਰੇ ਸਕੂਲਾਂ ਵਿਚ ਇਹ ਅਸ਼ਲੀਲ, ਅਣਲੋੜੀਂਦੀ, ਪੱਧਰ ਵਿਹੂਣੀ ਤੇ ਸਸਤੀਆਂ ਪੁਸਤਕਾਂ ਦੀ ਸਮਗਰੀ ਦੇ ਬੱਝੇ ਬਝਾਏ ਬੰਡਲ ਕਦੋਂ ਦੇ ਹਰ ਸਕੂਲ 'ਚ ਪੁੱਜ ਚੁੱਕੇ ਹੁੰਦੇ ਅਤੇ 9.28 ਕਰੋੜ 'ਫ਼ਰੈਂਡਜ਼ ਇੰਟਰਪ੍ਰਾਈਜ਼ਜ਼' ਦੀ ਜੇਬ ਵਿਚ ਹੁੰਦੇ। ਉਥੇ ਕਿਵੇਂ ਵੰਡ ਕਰਨੀ ਸੀ ਵੱਖਰੀ ਗੱਲ ਹੈ।

6. ਜੇ ਪ੍ਰੈਸ ਵਿਚ ਗੱਲ ਨਾ ਆਉਂਦੀ, ਸਾਂਝਾ ਅਧਿਆਪਕ ਮੋਰਚਾ 23 ਮਈ ਨੂੰ ਧਰਨਾ ਨਾ ਦਿੰਦਾ, ਸਿਖਿਆ ਮੰਤਰੀ ਦੇ ਪੁਤਲੇ ਨਾ ਫੂਕਦਾ, ਕਾਂਗਰਸ ਇਸ ਨੂੰ ਮੁੱਦਾ ਨਾ ਬਣਾਉਂਦੀ ਤਾਂ ਹੁਣ ਤਕ 9.28 ਕਰੋੜ ਰੁਪਿਆ ਨਿਗਲਿਆ ਜਾ ਚੁੱਕਾ ਹੁੰਦਾ। ਉਸ ਅਦਿੱਖ 'ਮਹਾਂ ਸ਼ਕਤੀ' ਰੂਪੀ ਡਾਇਨਾਸੋਰ ਨੇ 9.28 ਕਰੋੜ ਨਿਗਲ ਕੇ ਡਕਾਰ ਵੀ ਨਹੀਂ ਸੀ ਮਾਰਨਾ ਤੇ ਕਿਸੇ ਨੂੰ ਕਨਸੋਅ ਤਕ ਵੀ ਨਹੀਂ ਸੀ ਹੋਣੀ। ਕੇਂਦਰ ਸਰਕਾਰ ਤੋਂ ਐਸ.ਐਸ.ਏ. ਰਾਹੀਂ ਮਿਲੀ ਇਹ ਗ੍ਰਾਂਟ ਉਲਮ-ਗੁਲਮ ਹੋ ਜਾਣੀ ਸੀ। ਸਾਇੰਸ ਕਿੱਟਾਂ ਲਈ 7.5 ਕਰੋੜ ਦੀ ਕੇਂਦਰ ਸਰਕਾਰ ਤੋਂ ਐਸ.ਐਸ.ਏ. ਰਾਹੀਂ ਮਿਲੀ ਗ੍ਰਾਂਟ ਦਾ ਵੀ ਇਹੀ ਹਾਲ ਹੋਣਾ ਸੀ। ਜੇ ਇਸ ਨੂੰ ਸੁਹਿਰਦ ਲੜਾਕੂ ਜਥੇਬੰਦੀਆਂ ਨੇ ਉਛਾਲਿਆ ਨਾ ਹੁੰਦਾ ਅਤੇ ਇਕ ਸੀਨੀਅਰ ਐਡਵੋਕੇਟ ਐਸ.ਸੀ. ਅਰੋੜਾ ਨੇ ਹਾਈਕੋਰਟ ਵਿਚ ਜਨਹਿਤ ਪਟੀਸ਼ਨ ਨਾ ਪਾਈ ਹੁੰਦੀ। ਮੈਥ-ਸਾਇੰਸ ਪ੍ਰੈਕਟੀਕਲ ਕਾਪੀਆਂ ਦੇ ਫ਼ੰਡ ਦਾ ਵੀ ਇਹੀ ਹਾਲ ਹੋਣਾ ਸੀ, ਜੋ ਕਾਪੀਆਂ ਅਜੇ ਵੀ ਅਜੀਤਗੜ ਦੇ ਹੀ ਡੀ.ਈ.ਓ. ਰਾਹੀਂ ਮੁਹਾਲੀ ਦੇ ਕਈ ਸਟੋਰਾਂ ਵਿਚ ਪਈਆਂ ਦਸੀਦੀਆਂ ਹਨ।

7. ਜੇ ਸਰਵ ਸਿਖਿਆ ਅਭਿਆਨ ਦੇ ਆਏ ਹੁਣ ਤਕ ਦੇ ਸਾਰੇ ਹੀ ਫ਼ੰਡਾਂ ਦੀ ਵਰਤੋਂ ਸਮੇਤ ਮਿਡ-ਡੇ ਮੀਲ, ਐਸ.ਐਸ.ਏ., ਰਮਸਾ, ਪੰਜਾਬ ਸਿਖਿਆ ਵਿਕਾਸ ਬੋਰਡ, ਸਾਖ਼ਰ ਭਾਰਤ ਮਿਸ਼ਨ, ਆਈ.ਸੀ.ਟੀ. ਐਜੂਸੈਟ ਆਦਿ ਦੀ ਸੀ.ਬੀ.ਆਈ. ਰਾਹੀਂ ਜਾਂਚ ਹੋਵੇ ਤਾਂ ਕਈ ਕੁਝ ਸਾਹਮਣੇ ਆ ਸਕਦਾ ਹੈ।

☛ ਬਾਕੀ ਸਫ਼ਾ 41 'ਤੇ

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
❖ Breaks
❖ Muffler
❖ Suspension
❖ Lube & Oil
❖ Tires
❖ Batteries
Umesh Amin
email: unamin@gmail.com

WE CARE YOUR CAR BETTER
Phone:780 463 2886

ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 39

# ਪੀਣੀ ਸੀ ਲੱਸੀ ਸਿੰਘ ਪੀ ਗਿਆ ਪਾਣੀ ਨੀ



ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com

*ਪਿਪਲ ਦਿਆਂ ਪੱਤਿਆਂ ਕੇਹੀ ਖੜ ਖੜ ਲਾਈ ਵੇ।*
*ਪੱਤ ਝੜੇ ਪੁਰਾਣੇ ਰੁੱਤ ਨਵਿਆਂ ਦੀ ਆਏ ਵੇ।*

ਇਹ ਪੰਗਤੀਆਂ ਲੋਕ ਮਨ ਦੇ ਅਵਚੇਤਨ ਵਿਚ ਸਦੀਆਂ ਤੋਂ ਵਸੀਆਂ ਹੋਈਆਂ ਹਨ। ਇਨ੍ਹਾਂ ਤੋਂ ਜੀਵਨ ਦੀ ਲਗਾਤਾਰਤਾ ਦਾ ਭਾਵ ਬਾਰ-ਬਾਰ ਦ੍ਰਿੜ ਕਰਵਾਇਆ ਜਾਂਦਾ ਹੈ। ਪੁਰਾਣੀ ਪੀੜ੍ਹੀ ਦੀ ਥਾਂ ਨਵੀਂ ਪੀੜ੍ਹੀ ਵੱਲੋਂ ਥਾਂ ਗ੍ਰਹਿਣ ਕਰਨ ਨੂੰ ਸਵੀਕਾਰ ਕੀਤਾ ਗਿਆ ਹੈ। ਗੱਲ ਸਮਝਾਈ ਗਈ ਹੈ ਪਿੱਪਲ ਦੇ ਪੱਤੇ ਰਾਹੀਂ। ਇਹ ਬਿੰਬ ਵੀ ਲੋਕ ਮਨ ਵਿਚ ਵਸਿਆ ਹੋਇਆ ਹੈ। ਬ੍ਰਾਹਮਣੀ ਸੰਸਕਾਰਾਂ ਨੇ ਪਿੱਪਲ ਨੂੰ ਪੂਜਣ ਯੋਗ ਬਣਾਇਆ ਹੋਇਆ ਹੈ। ਜੇ ਉਸ ਨੂੰ ਪੁੱਟਣਾ ਪੈ ਜਾਏ ਤਾਂ ਸੌ ਧਾਰਮਿਕ ਰੀਤੀਆਂ ਕਰਵਾਈਆਂ ਜਾਂਦੀਆਂ ਹਨ। ਪਰ ਆਮ ਲੋਕਾਂ ਵਿਚ ਅਜਿਹਾ ਕੋਈ ਭਰਮ ਨਹੀਂ। ਕੱਟਣ ਵਾਲੇ ਵੀ ਕਾਮੇ ਲੋਕ ਹਨ। ਲੋਕ-ਗੀਤਾਂ ਵਿਚ ਤਾਂ ਪਿੱਪਲੀ ਪੀਂਘਾਂ ਪਾਉਣ ਦੀ ਵਧੀਆ ਥਾਂ ਹੈ।

ਜਦੋਂ ਮੈਂ ਲੋਕ-ਗੀਤਾਂ ਦਾ ਸੰਗ੍ਰਹਿ ਸ਼ੁਰੂ ਕੀਤਾ ਤਾਂ, ਇਸ ਉਪਰਲੀ ਪੰਗਤੀ ਨਾਲ ਮੇਰਾ ਬਾਰ-ਬਾਰ ਵਾਹ ਪਿਆ। ਆਮ ਬੋਲ ਚਾਲ ਵਿਚ ਨਹੀਂ ਸਗੋਂ ਔਰਤਾਂ ਰਾਹੀਂ ਰਚੇ ਤੇ ਗਾਏ ਜਾਂਦੇ ਲੋਕ-ਗੀਤਾਂ ਵਿਚ। ਕਈ ਗੀਤ ਮੈਂ ਦੇਖੇ ਜਿਨ੍ਹਾਂ ਦੀ ਸ਼ੁਰੂਆਤ ਤਾਂ ਇਨ੍ਹਾਂ ਪੰਗਤੀਆਂ ਨਾਲ ਹੀ ਹੁੰਦੀ ਸੀ ਪਰ ਅਗਾਂਹ ਜਾਂ ਤਾਂ ਕੋਈ ਦੋਹਿਆਂ ਵਰਗੀਆਂ ਪੰਗਤੀਆਂ ਸ਼ਾਮਲ ਹੋ ਜਾਂਦੀਆਂ ਸਨ ਜਾਂ ਫਿਰ ਕੋਈ ਸੰਖੇਪ ਜਿਹੀ ਕਥਾ ਆ ਹਾਜ਼ਰ ਹੁੰਦੀ ਸੀ। ਇਹ ਤੱਥ ਇਹੀ ਗੱਲ ਦੱਸਦਾ ਹੈ ਕਿ ਔਰਤ ਸਿਰਜਕ ਗੀਤ ਆਰੰਭ ਕਰਨ ਦਾ ਆਧਾਰ ਕਿਸੇ ਵੀ ਪ੍ਰਚੱਲਿਤ ਪੰਗਤੀ ਨੂੰ ਬਣਾ ਲੈਂਦੀ ਹੈ ਪਰ ਅਗਾਂਹ ਉਹ ਆਪਣੀ ਸਿਰਜਣਾਤਮਕ ਪ੍ਰਤਿਭਾ ਰਾਹੀਂ ਆਪਣੇ ਅਨੁਭਵਾਂ ਦੇ ਆਧਾਰ 'ਤੇ ਬਹੁਤ ਕੁਝ ਨਵਾਂ ਅਜਿਹਾ ਜੋੜ ਦਿੰਦੀ ਹੈ ਜੋ ਲੋਕ ਅਵਚੇਤਨ ਦਾ ਹੀ ਅੰਗ ਬਣ ਜਾਂਦਾ ਹੈ। ਇਸੇ ਲਈ ਕੋਈ ਔਰਤ ਵਿਅਕਤੀਗਤ ਮੋਹਰ ਛਾਪ ਨਹੀਂ ਛੱਡਦੀ। ਅਜਿਹਾ ਕਰਨਾ ਉਸ ਦੀ ਮਜਬੂਰੀ ਵੀ ਹੈ। ਸਮਾਜ ਉਸ ਦੀ ਵਿਅਕਤੀਗਤ ਸਿਰਜਣਾ ਨੂੰ ਮਾਨਤਾ ਨਹੀਂ ਦਿੰਦਾ। ਇਸੇ ਲਈ ਉਹ ਵਿਅਕਤੀਗਤ ਭਾਵਨਾਵਾਂ ਦਾ ਵੀ ਸਾਧਾਰਨੀਕਰਨ ਕਰ ਦਿੰਦੀ ਹੈ, ਜਿਨ੍ਹਾਂ ਨੂੰ ਗਾਉਣ ਉਪਰ ਸਮਾਜ ਨੂੰ ਬਹੁਤਾ ਇਤਜ਼ਾਰ ਨਹੀਂ ਹੁੰਦਾ। ਜਿਸ ਗੀਤ ਨਾਲ ਮੈਂ ਇੱਥੇ ਜਾਣ-ਪਛਾਣ ਕਰਵਾ ਰਿਹਾ ਹਾਂ, ਉਹ ਉਪਰੋਕਤ ਕਿਸਮ ਦਾ ਹੀ ਗੀਤ ਹੈ। ਇਸ ਦਾ ਇਕ ਹਿੱਸਾ ਮਾਪਿਆਂ ਨਾਲ ਮੋਹ ਪ੍ਰਗਟਾਉਣ ਨਾਲ ਜੁੜਿਆ ਹੋਇਆ ਹੈ ਤਾਂ ਦੂਜਾ 'ਸਿੰਘ' ਨਾਲ ਤਕਰਾਰ ਕਰ ਰਿਹਾ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਇਹ ਗੀਤ ਦੋ ਜਾਂ ਤਿੰਨ ਗੀਤਾਂ ਦਾ ਗੱਠਜੋੜ ਹੈ। ਇਸ ਗੀਤ ਵਿਚ ਦਾਖ਼ਲ ਹੋ ਕੇ ਹੀ ਇਸ ਸਚਾਈ ਨੂੰ ਵਧੇਰੇ ਸਮਝਿਆ ਜਾ ਸਕਦਾ ਹੈ। ਗੀਤ ਦੇ ਬੋਲਾਂ ਦਾ ਆਰੰਭ ਇਉਂ ਹੁੰਦਾ ਹੈ।

*ਪਿੱਪਲ ਦਿਆ ਪੱਤਿਆ, ਕੇਹੀ ਖੜ ਖੜ ਲਾਈ ਵੇ।*
*ਪੱਤ ਝੜੇ ਪੁਰਾਣੇ, ਰੁੱਤ ਨਵਿਆਂ ਦੀ ਆਈ ਵੇ।*
*ਪਿੱਪਲ ਦਿਆਂ ਪੱਤਿਆ, ਤੇਰੀਆਂ ਠੰਢੀਆਂ ਸੀ ਛਾਵਾਂ ਓਇ।*
*ਝਿੜਕਦੀਆਂ ਸੱਸਾਂ ਚੇਤੇ ਆਉਂਦੀਆਂ ਮਾਵਾਂ ਓਇ।*

ਨਵੀਨਤਾ ਵੱਲੋਂ ਥਾਂ ਲੈਣ ਦੀ ਸਚਾਈ ਜ਼ਾਹਰ ਕਰਨ ਤੋਂ ਬਾਅਦ ਗੀਤ ਰਿਸ਼ਤਿਆਂ ਦੀ ਪੇਸ਼ਕਾਰੀ ਵੱਲ ਰੁਚਿਤ ਹੋ ਜਾਂਦਾ ਹੈ। ਔਰਤ ਦੀਆਂ ਦੋ ਸਥਿਤੀਆਂ। ਇਕ ਪੇਕੇ ਘਰ ਤੇ ਦੂਜੀ ਸਹੁਰੇ ਘਰ। ਜਿਸ ਮਾਪਿਆਂ ਦੇ ਵਿਚੋਂ ਕੁੜੀ ਜੜ੍ਹਾਂ ਪੁੱਟ ਕੇ ਸਹੁਰੇ ਘਰ ਪਹੁੰਚਦੀ ਹੈ ਉਸ ਨੂੰ ਉਹ ਕਦੇ ਵੀ ਭੁਲਾ ਨਹੀਂ ਸਕਦੀ। ਲੋਕ ਸਿਆਣਪ ਭਾਵੇਂ ਇਹ ਕਹਿੰਦੀ ਹੈ ਕਿ ਕੁੜੀ ਨੂੰ ਮਾਪਿਆਂ ਨੂੰ ਜਮ੍ਹਾਂ ਭੁੱਲ ਜਾਣਾ ਚਾਹੀਦਾ ਹੈ, ਪਰ ਇਹ ਸਿਆਣਪ ਮਾਨਸਿਕ ਲਗਾਉ ਨੂੰ ਨਹੀਂ ਸਮਝ ਸਕਦੀ। ਇਸ ਘਰ ਨੇ ਤਾਂ ਮੌਤ ਤੱਕ ਔਰਤ ਦਾ ਪਿੱਛਾ ਨਹੀਂ ਛੱਡਣਾ। ਔਰਤ ਦਾ ਹੀ ਕਿਉਂ ਇਹ ਕਿਸੇ ਵੀ ਮਨੁੱਖ ਦਾ ਸੱਚ ਹੈ। ਠੰਢੀਆਂ ਛਾਵਾਂ ਨਾਂ ਲੈਂਦਿਆਂ ਹੀ, ਮਾਵਾਂ ਠੰਢੀਆਂ ਛਾਵਾਂ ਦੀ ਯਾਦ ਆ ਜਾਂਦੀ ਹੈ। ਇਹ ਛਾਵਾਂ ਹੋਰ ਵੀ ਪਿਆਰੀਆਂ ਲੱਗਦੀਆਂ ਹਨ, ਸੱਸਾਂ ਦੇ ਵਿਹਾਰ ਨੂੰ ਵੇਖ ਕੇ। ਤੁਲਨਾ ਤੋਂ ਹੀ ਵਿਹਾਰ ਦੀ ਪਰਖ ਹੁੰਦੀ ਹੈ, ਪਰ ਵਿਹਾਰ ਪਰਖਣ ਵਾਲੀ ਔਰਤ ਮੋਹ ਵੱਸ ਮਾਪਿਆਂ ਦਾ ਹੀ ਪੱਖ ਲੈਂਦੀ ਹੈ। ਇਸੇ ਲਈ ਮਾਂ ਦੀਆਂ ਝਿੜਕਾਂ, ਸੱਸ ਦੀਆਂ ਝਿੜਕਾਂ ਸਾਹਮਣੇ ਵਿੱਸਰ ਜਾਂਦੀਆਂ ਹਨ। ਗੀਤ ਨੇ ਹੋਰ ਰਿਸ਼ਤਿਆਂ ਦੀ ਤੁਲਨਾ ਵੀ ਕਰਨੀ ਹੈ, ਇਸੇ ਦ੍ਰਿਸ਼ਟੀ ਤੋਂ।

*ਪਿੱਪਲ ਦੀਆਂ ਪੱਤਿਆ,*
*ਤੇਰੇ ਲੰਮੇ ਸੀ ਛਾਪੇ ਓਇ।*
*ਝਿੜਕਦੇ ਸੀ ਸਹੁਰੇ,*
*ਚੇਤੇ ਆਉਂਦੇ ਸੀ ਮਾਪੇ ਓਇ।*

ਦੇਖਣ ਵਾਲੀ ਗੱਲ ਹੈ ਕਿ ਪਿੱਪਲ ਦਾ ਬਿੰਬ ਬੜੀ ਦੂਰ ਤੱਕ ਪਸਰ ਗਿਆ ਹੈ। ਪਹਿਲਾਂ ਉਸ ਦੀਆਂ ਛਾਵਾਂ, ਫੇਰ ਉਸ ਦੇ ਛਾਪੇ ਤੇ ਫਿਰ ਉਸ ਦੇ ਬਾਲੇ ਚੀਰਨ ਦਾ ਬਿੰਬ। ਇਨ੍ਹਾਂ ਰਾਹੀਂ ਚੇਤੇ ਆਉਣਾ ਮਾਵਾਂ ਦਾ, ਮਾਪਿਆਂ ਦਾ ਤੇ ਵੀਰਿਆਂ ਦਾ।

*ਪਿੱਪਲ ਦੀਆਂ ਪੱਤਿਆ, ਤੇਰੇ ਬਾਲੇ ਸੀ ਚੀਰੇ ਓਇ।*
*ਝਿੜਕਦੇ ਦੇਵਰ, ਚੇਤੇ ਆਉਂਦੇ ਸੀ ਵੀਰੇ ਓਇ।*

ਸੱਸ, ਸਹੁਰੇ ਤੇ ਦੇਵਰ ਇਕ ਪਾਸੇ। ਮਾਂ, ਮਾਪੇ ਤੇ ਵੀਰ ਇਕ ਪਾਸੇ। ਗੀਤਾ ਵਿਚ ਔਰਤ 'ਆਪਣੀ' ਧਿਰ ਨਾਲ ਹੈ। ਇੱਥੇ ਤੱਕ ਗੀਤ ਗੰਭੀਰ ਵਿਚਾਰਾਂ ਨਾਲ ਜੁੜਿਆ ਹੋਇਆ ਸੀ, ਪਰ ਅਚਾਨਕ ਉਹ ਨਵੇਂ ਪ੍ਰਸੰਗ ਰਚਣ ਲੱਗਦਾ ਹੈ।

*ਕਿਨ ਜੁ ਦੱਸਿਆ ਕਿਨ ਆਣ ਸੁਣਾਇਆ ਨੀ।*
*ਤੇਰਾ ਤਾਂ ਕੰਤ ਨੀ ਭਾਬੋ, ਪੱਤਣ 'ਤੇ ਆਇਆ ਨੀ।*
*ਨਣਦੇ ਨੇ ਦੱਸਿਆ ਦੇਵਰ ਆਣ ਸੁਣਾਇਆ ਨੀ।*
*ਤੇਰਾ ਤਾਂ ਕੰਤ ਨੀ ਭਾਬੋ, ਪੱਤਣ 'ਤੇ ਆਇਆ ਨੀ।*

ਸਹੁਰਿਆਂ ਦੇ ਨਾਲ ਰਲਦੀਆਂ ਮਿਲਦੀਆਂ ਪੰਗਤੀਆਂ ਅਗਲੇ ਕਿਸੇ ਗੀਤ ਦੀਆਂ ਜੋੜ ਦਿੱਤੀਆਂ ਗਈਆਂ ਹਨ। ਪਹਿਲੀਆਂ ਪੰਗਤੀਆਂ ਵਿਚ ਭਾਵਨਾਵਾਂ ਹਨ, ਪਰ ਹੁਣ ਬਿਰਤਾਂਤ ਸ਼ੁਰੂ ਹੋ ਗਿਆ ਹੈ। ਇਸ ਤੋਂ ਵੀ ਦੋ ਭਿੰਨ ਗੀਤਾਂ ਦੀ ਸੂਚਨਾ ਮਿਲਦੀ ਹੈ। ਉੱਪਰ ਸਹੁਰਿਆਂ ਦਾ ਵਿਹਾਰ ਤੇ ਇਨ੍ਹਾਂ ਪੰਗਤੀਆਂ ਵਿਚ ਨਣਦ ਤੇ ਦੇਵਰ ਦੇ ਵਿਹਾਰ ਵਿਚ ਵੀ ਅੰਤਰ ਹੈ। ਸੂਚਨਾ ਇਹ ਵੀ ਹੈ ਕਿ ਪਤੀ ਬਾਹਰੋਂ ਨੌਕਰ ਦੇ ਰੂਪ ਵਿਚ ਆ ਰਿਹਾ ਹੈ। ਪੱਤਣਾਂ 'ਤੇ ਪੁੱਜਾ ਹੈ ਜਿਵੇਂ ਪਿੰਡ ਦਰਿਆ ਦੇ ਕੰਢੇ 'ਤੇ ਕਿਤੇ ਹੋਵੇ। ਪੰਜਾਂ ਦਰਿਆਵਾਂ ਦੀ ਧਰਤੀ 'ਤੇ ਅਜਿਹੀ ਸਥਿਤੀ ਕਿਵੇ ਵੀ ਹੋ ਸਕਦੀ ਹੈ।

*ਪੱਤਣਾਂ ਦਾ ਤੁਰਿਆ ਨੀ,*
*ਪਿੰਡ ਸਾਡਾ ਕਰਮਾਂ ਨੂੰ ਆਇਆ ਸੀ।*
*ਮੰਗਿਆ ਸੀ ਪਾਣੀ ਦਹੀਆਂ,*
*ਦੁੱਧ ਪਲਾਇਆ ਸੀ।*
*ਖੂਹਾਂ ਦਾ ਤੁਰਿਆਂ ਨੀ,*
*ਪਿੰਡ ਸਾਡਾ ਬਾਗ਼ਾਂ ਨੂੰ ਆਇਆ ਸੀ।*
*ਮੰਗਿਆ ਸੀ ਧਾਗਾ,*
*ਸਹੀਆਂ ਹਾਰ ਫੜਾਇਆ ਸੀ।*

ਪੰਗਤੀਆਂ ਪੜ੍ਹਨ ਨੂੰ ਕੁਝ ਅਟਪਟਾ ਲੱਗਦਾ ਹੈ। ਅਸਲ ਵਿਚ ਪਿੰਡ ਦੀ ਥਾਂ ਕੌਂਤ ਜਾਂ ਕੰਤ ਆ ਕੇ ਹੀ ਭਾਵ ਪੂਰਾ ਹੁੰਦਾ ਹੈ। ਪੱਤਣਾਂ ਤੋਂ ਪਿੰਡ ਤੇ ਪਿੰਡ ਦੇ ਬਾਗ਼ ਤੱਕ ਪਹੁੰਚਣ ਦਾ ਇਕ ਦ੍ਰਿਸ਼ ਤੇ ਹਰ ਪੜਾਅ 'ਤੇ ਇਕ ਮੰਗ ਤੇ ਉਸ ਦੀ ਮੰਗ ਤੋਂ ਵਧੇਰੇ ਪੂਰਤੀ। ਇਸ ਤੋਂ ਪਤੀ ਦੇ ਆਉਣ ਤੇ ਔਰਤ ਦੀ ਹੱਦੋਂ ਵੱਧ ਖੁਸ਼ੀ ਦਾ ਪ੍ਰਗਟਾਵਾ। ਅਸਿੱਧੇ ਢੰਗ ਨਾਲ। ਪਾਣੀ ਦੀ ਥਾਂ ਦਹੀਂ, ਦੁੱਧ ਪਿਲਾ ਕੇ, ਸੂਈ ਦੀ ਥਾਂ ਹਾਰ ਦੇ ਕੇ। ਪਰ ਸੂਈ ਧਾਗਾ ਇਸ ਲਈ। ਇਹ ਮਸਲਾ ਜੀਜਾ ਸਾਲੀਆਂ ਦਾ ਜੁ ਹੋਇਆ, ਇਸ ਲਈ ਸਭ ਠੀਕ ਹੈ। ਬਾਗ਼ਾਂ ਦਾ ਤੁਰਿਆ ਨੀ ਪਿੰਡ ਸਾਡਾ, ਮਹਿਲਾਂ ਨੂੰ ਆਇਆ ਸੀ।

*ਮੰਗਿਆ ਸੀ ਪੀੜ੍ਹਾ,*
*ਸਹੀਆਂ ਪਲੰਘ ਡਹਾਇਆ ਸੀ।*

ਸਹੀਆਂ ਜੋ ਕੁਝ ਕਰ ਰਹੀਆਂ ਹਨ, ਉਹ ਅਸਲ ਵਿਚ ਔਰਤ ਦੇ ਮਨ ਦੀ ਭਾਵਨਾ ਹੀ ਹੈ। ਪਲੰਘ ਘਰ ਹੋਣ ਜਾਂ ਨਾਂ, ਪਰ ਕਲਪਨਾ ਵਿਚ ਇਸ ਤੋਂ ਘੱਟ ਵੀ ਸ਼ਾਇਦ ਕੁਝ ਨਹੀਂ ਹੋ ਸਕਦਾ।

*ਕਾਹੇ ਦੀ ਬੇੜੀ, ਕਾਹੇ ਲਾਸਾਂ ਪੁਆਵਾਂ ਵੇ।*
*ਕਾਹੇ ਦਾ ਥੰਮ ਗਡਾ ਕੇ, ਪਾਰ ਲੰਘਾਵਾਂ ਵੇ।*
*ਚਾਂਦੀ ਦੀ ਬੇੜੀ, ਰੇਸ਼ਮ ਲਾਸਾਂ ਪੁਆਵਾਂ ਵੇ।*
*ਸੋਨੇ ਦਾ ਥੰਮ ਗਡਾ ਕੇ, ਪਾਰ ਲੰਘਾਣਾ ਓਇ।*

ਇਹ ਪੰਗਤੀਆਂ ਪੱਤਣਾਂ 'ਤੇ ਆਉਣ ਤੋਂ ਬਾਅਦ ਆਉਣੀਆਂ ਚਾਹੀਦੀਆਂ ਸਨ। ਮੈਂ ਇਨ੍ਹਾਂ ਨੂੰ ਜਾਣ ਬੁੱਝ ਕੇ ਉਥੇ ਨਹੀ ਲੈ ਗਿਆ ਤਾਂ ਕਿ ਪਤਾ ਲੱਗ ਸਕੇ ਕਿ ਮੌਖਿਕ ਰੂਪ ਵਿਚ ਗੀਤਾਂ ਵਿਚ ਕਿਹੋ ਜਿਹੇ ਪਰਿਵਰਤਨ ਆਉਂਦੇ ਰਹਿੰਦੇ ਹਨ। ਇੱਥੇ ਚਾਂਦੀ ਦੀ ਬੇੜੀ, ਰੇਸ਼ਮ ਦੇ ਰੱਸਿਆਂ ਤੇ ਸੋਨੇ ਦੇ ਥੰਮ ਗਡਾਉਣ ਦੀ ਕਲਪਨਾ ਵੇਖਣ ਯੋਗ ਹੈ ਜਿਸ ਤੋਂ ਵੀ ਔਰਤ ਦੀ ਮਾਨਸਿਕਤਾ ਦਾ ਪ੍ਰਗਟਾਵਾ ਹੁੰਦਾ ਹੈ। ਪ੍ਰਗਟਾਵੇ ਰਾਹੀਂ ਗੀਤ ਨੂੰ ਕਲਪਨਾ ਦਾ ਸੁਹਜ ਵੀ ਪ੍ਰਾਪਤ ਹੋ ਗਿਆ ਹੈ।

*ਆਇਆ ਸਵੇਰੇ ਓ, ਤੁਰ ਚੱਲਿਆ ਸਵੇਰੇ ਓਇ।*
*ਦੱਸ ਕੇ ਤਾਂ ਜਾਵੀਂ ਕੀ ਵਿਚ ਔਗੁਣ ਸੀ ਮੇਰੇ ਓਇ।*

ਸਥਿਤੀ ਇਕ ਦਮ ਬਦਲ ਗਈ। ਪੱਤਣਾਂ ਤੋਂ ਘਰ ਤੱਕ ਆਉਂਦਿਆਂ ਦੇ ਸਾਰੇ ਚਾਅ ਢਹਿ ਢੇਰੀ ਹੋ ਗਏ ਜਦੋਂ ਨੌਕਰ ਅਗਲੇ ਦਿਨ ਸਵੇਰੇ ਹੀ ਵਾਪਸ ਤੁਰ ਪਿਆ। ਉਸ ਨੂੰ ਕਿਸੇ ਨੇ ਸਿਖਾਇਆ ਨਹੀਂ ਨਾ ਹੀ ਕੁਝ ਵਾਪਰਿਆ। ਲੱਗਦਾ ਹੈ ਜਾਂ ਤਾਂ ਇੱਥੇ ਖੱਪਾ ਹੈ ਜਾਂ ਹੋਰ ਗੀਤ ਆ ਰਲਿਆ ਹੈ। ਸਵਾਲ ਆਇਆ ਤਾਂ ਜਵਾਬ ਵੀ ਆਉਣ ਦੀਆਂ ਸੰਭਾਵਨਾਵਾਂ ਹਨ।

*ਔਗੁਣ ਤਾਂ ਤੇਰੇ ਨੀ ਗੋਰੀਏ,*
*ਸੁਣ ਲਏ ਬਥੇਰੇ ਨੀ।*
*ਪੇਕੇ ਤੂੰ ਜਾ ਕੇ ਨੀ ਗੋਰੀਏ,*
*ਸੁਰਮਾ ਕਿਉਂ ਪਾਇਆ ਸੀ।*

'ਸੁਣ ਲਏ ਬਥੇਰੇ 'ਤੋਂ ਸੁਰਾਗ ਮਿਲਿਆ ਕਿ ਉਸ ਨੇ ਪੇਕੇ ਜਾ ਕੇ ਸੁਰਮਾ ਪਾਇਆ ਸੀ। ਇਹ ਗੱਲਾਂ ਸੱਸ ਨਣਾਨ ਤੋਂ ਹੀ ਸੁਣੀਆਂ ਹੋ ਸਕਦੀਆਂ ਹਨ ਜਿਨ੍ਹਾਂ ਨਾਲ ਦਵੰਦ ਦਾ ਰਿਸ਼ਤਾ ਬਣਦਾ ਹੈ। ਔਰਤ ਨੇ ਸਿੱਧਾ ਜਵਾਬ ਦੇਣ ਦੀ ਬਜਾਇ ਚੁਗਲੀ ਲਾਉਣ ਵਾਲੇ ਨੂੰ ਸਿੱਧਾ ਨਿਸ਼ਾਨਾ ਬਣਾਇਆ ਹੈ ਜਿੱਥੋਂ ਮਿਹਣਿਆਂ ਦੀ ਲੜੀ ਸ਼ੁਰੂ ਹੁੰਦੀ ਹੈ।

*ਸੱਤ ਸਲਾਈਆਂ ਵੇ ਸਿੰਘ ਤੇਰੀ ਭੈਣਾਂ ਨੇ ਪਾਈਆਂ ਵੇ।*
*ਇਕ ਸਲਾਈ ਵੇ ਦੋ ਨੈਣਾਂ ਵਿਚ ਪਾਈ ਵੇ।*
*ਸੱਤ ਸਲਾਈਆਂ ਵੇ ਸਿੰਘ ਤੈਨੂੰ ਯਾਦ ਨਾ ਆਈਆਂ ਵੇ।*
*ਇਕ ਸਲਾਈ ਵੇ ਲਿਖ ਕਾਗਜ਼ ਪੁਰ ਲਾਈ ਵੇ।*

ਜਵਾਬ ਵਿਚ 'ਲਿਖ ਕਾਗਜ਼ ਪੁਰ ਲਾਉਣ' ਦਾ ਮੁਹਾਵਰਾ ਸਹਿਜ ਸੁਭਾਅ ਹੀ ਜੜਿਆ ਗਿਆ ਹੈ, ਜੋ ਗੁਦਗੁਦੀ ਵੀ ਪੈਦਾ ਕਰਦਾ ਹੈ ਸ੍ਰੋਤੇ ਦੇ ਮਨ ਵਿਚ। ਆਈ ਅਵੇਰੇ ਨੀ ਤੁਰ ਚੱਲੀ ਸਵੇਰੇ ਨੀ।

*ਦੱਸ ਕੇ ਤਾਂ ਜਾਵੀਂ ਕੀ ਸੀ ਔਗੁਣ ਵਿਚ ਮੇਰੇ ਨੀ।*

ਇਕ ਹੋਰ ਸਥਿਤੀ। ਔਰਤ ਆਪਣੇ ਪੇਕਿਆਂ ਨੂੰ ਤਿਆਰ ਹੋ ਗਈ। ਜੈਸੇ ਨੂੰ ਤੈਸਾ। ਅਸੀਂ ਕਿਸੇ ਤੋਂ ਘੱਟ ਨਹੀਂ। ਇਸ ਦਾ ਕਾਰਨ ਸਿੰਘ ਜਾਨਣਾ ਚਾਹੁੰਦਾ ਹੈ। ਔਰਤ ਵੀ ਕੋਈ ਪਿਛਲੀ ਗੱਲ ਚਿਤਾਰ ਸਕਦੀ ਹੈ।

*ਔਗੁਣ ਤਾਂ ਤੇਰੇ ਵੇ ਸਿੰਘ ਜੀ, ਸੁਣ ਲਏ ਬਥੇਰੇ ਵੇ।*
*ਸਹੁਰੇ ਤੈਨੂੰ ਜਾ ਕੇ ਸਿੰਘ ਜੀ, ਦਾਰੂ ਕਿਉਂ ਪੀਤੀ ਸੀ।*
*ਇਕ ਘੁੱਟ ਪੀਤਾ ਨੀ ਗੋਰੀਏ, ਦੋ ਘੁੱਟ ਪੀਤੇ ਨੀ।*
*ਤੇਰੇ ਕੋਲੋਂ ਡਰਦੇ ਨੇ ਠੂਠਾ ਰੋੜ੍ਹ ਗਵਾਇਆ ਨੀ।*

ਸਿੰਘ ਬਚਾਅ ਪੱਖ 'ਤੇ ਆ ਗਿਆ ਪਰ ਉਹ ਜਾਣ ਤੋਂ ਟਲਿਆ ਨਹੀਂ। ਜਾਣ ਵੇਲੇ ਉਹ ਲੜਾਈ ਦਾ ਪ੍ਰਭਾਵ ਲੈ ਗਿਆ ਤੇ ਨਾਲ ਛੱਡ ਵੀ ਗਿਆ। ਇਸ ਦਾ ਪਤਾ ਬੜੇ ਹੀ ਸੁਝਾਊ ਢੰਗ ਨਾਲ ਹੁੰਦਾ ਹੈ। ਇਹ ਢੰਗ ਲੋਕ-ਗੀਤਾਂ ਦਾ ਪ੍ਰਮੁੱਖ ਪੱਖ ਹੈ।

***

GILL HOME INSPECTION LTD.
COMMERCIAL & RESIDENTIAL
Registered Home Inspector Kulvir Gill
ਗਰੇਟਰ ਟਰਾਂਟੋ ਵਿੱਚ ਘਰਾਂ ਦੀ
ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
GHI
Ontario Association of Certified Home Inspectors
OAHI
Cell: 416 839 3436 Ph: 905 479 5807

# ਸਮਾਜਕ ਨੈਤਿਕਤਾਵਾਂ ਦੀ ਪਹਿਰੇਦਾਰ .ਗਜ਼ਲਕਾਰਾ - ਮਨਪ੍ਰੀਤ ਸੁਖਵਿੰਦਰ



ਮਨਪ੍ਰੀਤ ਸੁਖਵਿੰਦਰ
+91-94658-33097

*ਪੰਜਾਬੀ .ਗਜ਼ਲ ਵਿਚ ਹੋਣਹਾਰ ਨਾਰੀ .ਗਜ਼ਲਕਾਰਾਂ ਵਿਚ ਮਨਪ੍ਰੀਤ ਸੁਖਵਿੰਦਰ ਦਾ ਉਭਰਵਾਂ ਨਾਮ ਹੈ। ਉਹ ਪੁਰ ਅਹਿਸਾਸ ਸ਼ਿਅਰ ਕਹਿਣ ਵਾਲੀ ਸ਼ਾਇਰਾ ਹੈ। ਮੈਨੂੰ ਮਾਣ ਹੈ ਕਿ ਉਹ ਮੇਰੀ ਸ਼ਾਗਿਰਦ ਬੇਟੀ ਹੈ। ਮਨਪ੍ਰੀਤ ਸੁਖਵਿੰਦਰ ਦਾ ਇਕ .ਗਜ਼ਲ ਸੰਗ੍ਰਹਿ ਛਪ ਚੁੱਕਾ ਹੈ। ਸ਼ਾਇਰਾ ਨੇ ਔਰਤ ਜਾਤੀ ਦੀ ਆਭਾ ਵਧਾਉਣ ਵਿਚ ਭਰਪੂਰ ਯੋਗਦਾਨ ਪਾਇਆ ਹੈ। ਜੇਕਰ ਔਰਤ ਸਮਾਜਕ ਦਾਇਰੇ ਦੇ ਅੰਤਰਗਤ ਆਜ਼ਾਦੀ ਭਾਲਦੀ ਹੈ ਤਾਂ ਉਹ ਸਾਰਥਕ ਹੋ ਸਕਦੀ ਹੈ। ਮਨਪ੍ਰੀਤ ਨੇ ਭਾਵਾਂ ਦੀ ਖ਼ੁਸ਼ਬੂ ਭਿੰਨੀ ਕਵਿਤਾ ਵਿਚ ਔਰਤ ਨੂੰ ਸਮਾਜ ਦੇ ਸਮੁੱਚੇ ਰਿਸ਼ਤਿਆਂ ਦਾ ਕੇਂਦਰ ਬਿੰਦੂ ਨਿਸਚਿਤ ਕੀਤਾ ਹੈ, ਜਿਸ ਦੇ ਮੋਹ ਦੁਆਲੇ ਸਾਰੇ ਰਿਸ਼ਤੇ ਚੱਕਰ ਕੱਟ ਰਹੇ ਹਨ। ਸਮਾਜਕ ਤਾਣਾ ਬਾਣਾ ਔਰਤ ਦੀ ਹੋਂਦ ਬਿਨਾਂ ਨਿਰਮੂਲ ਲਗਦਾ ਹੈ। ਏਹੀ ਸਭਿਆਚਾਰ ਦੀ ਜਨਨੀ ਤੇ ਰਾਖੀ ਹੈ। ਮਨਪ੍ਰੀਤ ਦੇ ਸਮੁੱਚੇ ਕਾਵਿ ਬੋਲ ਮਾਸੂਮਤਾ ਤੇ ਸਹਿਜ ਦੇ ਧਾਰਨੀ ਹਨ। ਉਸ ਦੀਆਂ .ਗਜ਼ਲਾਂ ਵਿਚਲੇ ਸ਼ਿਅਰ ਸਰਲ ਤੇ ਸਪੱਸ਼ਟ ਭਾਸ਼ਾ ਵਿਚ ਡੂੰਘੇ ਅਰਥ ਸਿਰਜਣ ਦੇ ਸਮਰਥ ਹਨ। ਉਸ ਦੇ ਸ਼ਿਅਰ ਦਿਲ ਤੋਂ ਦਿਮਾ.ਗ ਤਕ ਪਹੁੰਚਦੇ ਹਨ। ਪੇਸ਼ ਹਨ ਉਸ ਦੀਆਂ ਕੁਝ .ਗਜ਼ਲਾਂ :-*



ਸੁਲੱਖਣ ਸਰਹੱਦੀ
+91-94174-84337
sarhadisulkhan@yahoo.com

ਫੁੱਲਾਂ ਵਰਗੇ ਰਿਸ਼ਤੇ ਕਾਹਤੋਂ ਭਾਰੇ ਹੁੰਦੇ ਜਾਂਦੇ ਨੇ।
ਮਾਖਿਓਂ ਤੋਂ ਵੀ ਮਿੱਠੇ ਸੀ ਜੋ ਖਾਰੇ ਹੁੰਦੇ ਜਾਂਦੇ ਨੇ।

ਇਕ ਅੱਧੇ ਦੇ ਨਾਲ ਵੀ ਮਿਲ ਕੇ ਜ਼ਿੰਦਗੀ ਸੌਖੀ ਲੰਘ ਜਾਂਦੀ,
ਇਕ ਥਾਲੀ ਦੇ ਚੱਟੇ-ਵੱਟੇ ਸਾਰੇ ਹੁੰਦੇ ਜਾਂਦੇ ਨੇ।

ਜਿਨ੍ਹਾਂ ਦੇ ਹਰ ਸਾਹ ਨਾਲ, ਰੱਬ ਤੋਂ ਖੈਰ ਹਮੇਸ਼ਾ ਚਾਹੁੰਦੇ ਸਾਂ,
ਜਾਨ ਲੈਣ 'ਤੇ ਤੁਲੇ ਨੇ ਉਹ ਹਤਿਆਰੇ ਹੁੰਦੇ ਜਾਂਦੇ ਨੇ।

ਨ.ਫਰਤ ਕਰਨੀ ਆਈ ਨਾ ਸਾਡੇ ਦਿਲ ਦਾ ਇਹੀ ਕਸੂਰ ਹੋਇਆ,
ਅਹਿਸਾਸ ਸਾਡੇ ਨਿਰਦੋਸ਼ੇ ਵੀ ਕਸੂਰਵਾਰੇ ਹੁੰਦੇ ਜਾਂਦੇ ਨੇ।

ਖ਼ੈਰ ਮਨਾਉਂਦੇ ਨੈਣਾਂ ਵਾਲੇ ਪੁਸ਼ਪ ਜਿਨ੍ਹਾਂ ਤੋਂ ਅਰਪਣ ਸੀ,
ਰਾਹਾਂ ਦੇ ਉਹ ਕੰਡੇ ਤੇ ਅੰਗਿਆਰੇ ਹੁੰਦੇ ਜਾਂਦੇ ਨੇ।

---

ਸੱਚ ਦਾ ਨੂਰ ਗੁਆਚ ਗਿਆ, ਨਾ ਭੋਲੀ ਹੈ ਮੁਸਕਾਨ।
ਹਰ ਚਿਹਰਾ ਗਮਗੀਨ ਜਾਪਦਾ, ਜਾਂ ਫਿਰ ਹੈ ਪ੍ਰੇਸ਼ਾਨ।

ਸੱਚ ਵਿਚਾਰਾ ਬੇਵੱਸ ਹੋਇਆ, ਕਦਰ ਕੋਈ ਨਾ ਜਾਣੇ,
ਝੂਠ ਨੂੰ ਪੂਜਣ ਲੱਗੀ ਦੁਨੀਆ, ਝੂਠਾ ਅੱਜ ਮਹਾਨ।

ਰੂਹ ਦਾ ਮਰਨਾ ਕਿੰਝ ਕੋਈ ਗੌਲੇ, ਜਿਸਮ ਨੇ ਮਰਦੇ ਆਮ,
ਮੌਤ ਦੀ ਖੇਡ ਨੇ ਪੱਥਰ ਕੀਤਾ, ਪੱਥਰ ਦਿਲ ਇਨਸਾਨ।

ਮਾਪੇ ਤੋਰੇ ਬਿਰਧ ਆਸ਼ਰਮ ਤੇ ਘਰ ਬਣੇ ਮਕਾਨ,
ਐਨੀ ਕਿਉਂ ਨਿਰਮੋਹੀ ਹੋ ਗਈ ਅੱਜ ਕਲ ਹੈ ਸੰਤਾਨ।

ਕਿਧਰੇ ਨਾ ਪਏ ਲੋੜ ਜਾਣ ਦੀ, ਨਾ ਤੀਰਥ ਨਾ ਗੰਗਾ,
ਸੁੱਚੇ ਮਨ ਨਾਲ ਜਿਸ ਨੇ ਕੀਤਾ, ਸੱਚ ਦਾ ਹੈ ਇਸ਼ਨਾਨ।

ਲੱਗਦੈ ਸਭ ਕੁਝ ਧੂੰਆਂ ਹੋ ਜੂ, ਹਰਿਆਲੀ ਮਿਟ ਜਾਣੀ,
ਕੁਦਰਤ ਦੇ ਨਾਲ ਆਢਾ ਲਾ ਕੇ ਬਹਿ ਗਿਆ ਹੈ ਇਨਸਾਨ।

ਪਾਣੀ ਤੋਂ ਬਿਨ ਜੀਅ ਲਵੇਗਾ, ਧੂੰਏਂ ਨੂੰ ਹੀ ਪੀ ਲਵੇਗਾ,
ਹੌਲੀ-ਹੌਲੀ ਬੰਦਾ ਕਿਉਂਕਿ, ਬਣ ਰਿਹਾ ਹੈ ਸ਼ੈਤਾਨ।

ਉਸ ਨੇ ਰੱਬ ਦੀ ਰਜ਼ਾ 'ਚ ਰਾਜ਼ੀ ਰਹਿਣਾ ਸਿੱਖ ਲਿਆ।
ਜਿਸ ਨੇ ਅਣਹੋਣੀ ਨੂੰ ਹੋਣੀ ਕਹਿਣਾ ਸਿੱਖ ਲਿਆ।

ਕੀ ਵਿਗਾੜਨ ਕੁ.ਫਰ ਤੇ ਉਹ ਕਦ ਡਰਦਾ ਪਰਖਾਂ ਤੋਂ,
ਜਿਸ ਨੇ ਕੇਵਲ ਤੇ ਕੇਵਲ ਸੱਚ ਕਹਿਣਾ ਸਿੱਖ ਲਿਆ।

ਉਸ ਨੂੰ ਤਨਹਾ ਰਹਿਣੇ ਦਾ ਕਦ ਫ਼ਿਕਰ ਸਤਾਉਂਦਾ ਹੈ,
ਜਿਸ ਨੇ ਆਪਣੇ ਆਪ ਨਾਲ ਹੀ ਉਠਣਾ ਬਹਿਣਾ ਸਿੱਖ ਲਿਆ।

ਦੂਜਿਆਂ ਵਿਚੋਂ ਔਗੁਣ ਲੱਭਣੇ ਸੌਖੇ ਨੇ ਐਪਰ,
ਗੁਣੀ ਹੈ ਜਿਸ ਨੇ ਖ਼ੁਦ ਦਾ ਔਗੁਣ ਕਹਿਣਾ ਸਿੱਖ ਲਿਆ।

ਉਸ ਤੋਂ ਵੱਧ ਕੇ ਨਿਮਰ ਸੁਭਾਅ ਦੱਸ ਕਿਸਦਾ ਹੋਵੇਗਾ,
ਛੋਟਿਆਂ ਨੂੰ ਵੀ ਜਿਸ ਨੇ ਆਦਰ ਦੇਣਾ ਸਿੱਖ ਲਿਆ।

---

ਕੋਈ ਗਮ ਨਾ ਕਾਲੀ ਰਾਤ ਦਾ,
ਕਿਧਰੇ ਸਵੇਰਾ ਜ਼ਰੂਰ ਹੈ।
ਤੂੰ ਹੌਸਲਾ ਦੇ ਐ ਖ਼ੁਦਾ,
ਹਰ ਕਠਿਨ ਰਾਹ ਮਨਜ਼ੂਰ ਹੈ।

ਕੀ ਹੋਇਆ 'ਕੱਲੇ ਹਾਂ ਅਸੀਂ,
ਦੁਨੀਆ 'ਤੇ ਕੋਈ ਰੰਗ ਨਾ।
ਉਹ ਡੋਲਦਾ ਹੈ ਕਦ ਭਲਾ
ਜਿਸ ਦਾ ਆਦਰਸ਼ ਮਨਸੂਰ ਹੈ।

'ਨੇਰੀ ਵੀ ਪਰਖੇ ਹੌਂਸਲੇ
ਰਹਿੰਦੇ ਨੇ ਝੱਖੜ ਝੂਲਦੇ,
ਨਾ ਜੋਤ ਸੱਚ ਦੀ ਬੁਝ ਸਕੇ,
ਐਸਾ ਵੀ ਤਾਂ ਦਸਤੂਰ ਹੈ।

ਪਰਖਾਂ ਨੇ ਹਰ ਇਕ ਮੋੜ 'ਤੇ,
ਬੜੇ ਤੰਗ ਰਸਮੋਂ-ਰਿਵਾਜ ਨੇ,
ਅਗਨੀ 'ਚੋਂ ਉਭਰੇ ਸੱਚ ਜਦ,
ਕੁ.ਫਰਾਂ ਨੂੰ ਕਰਦਾ ਚੂਰ ਹੈ।

ਤੈਨੂੰ ਬਹੁਤ ਗੁਮਾਨ ਹੈ,
ਸ਼ਾਤਿਰ ਤੇਰੇ ਦਿਮਾਗ ਦਾ,
ਸਾਨੂੰ ਜਿਸ ਦਾ ਆਸਰਾ,
ਉਹ ਤਾਂ ਨੂਰਾਂ ਦਾ ਨੂਰ ਹੈ।

ਸਾਰੇ ਸੁਪਨੇ ਪੰਖ ਲਗਾਕੇ ਅੱਜ ਮੈਂ ਰੁਖਸਤ ਕਰ ਦਿੱਤੇ ਨੇ।
ਪਾ ਜਾਵਣ ਹਰ ਕੈਦ ਤੋਂ ਮੁਕਤੀ ਏਸੇ ਲਈ ਲਾ ਪਰ ਦਿੱਤੇ ਨੇ।

ਮਿਹਰ-ਨਦਰਿ ਜਦ ਤੇਰੀ ਹੋਣੀ ਹਰ ਅੰਧਿਆਰਾ ਛਟ ਜਾਵੇਗਾ,
ਆਪਣੇ ਵਲੋਂ ਚੌਹੀਂ ਪਾਸੀਂ ਦੀਵੇ ਬਾਲ ਮੈਂ ਧਰ ਦਿੱਤੇ ਨੇ।

ਕੀ ਸਾਹਸ ਸੀ ਇਸ ਬੰਦੀ ਦਾ ਉਹ ਤਾਂ ਤੂੰ ਹੀ ਹਿੰਮਤ ਬਖ਼ਸ਼ੀ,
ਤਕ ਕੇ ਓਟ ਖ਼ੁਦਾ ਮੈਂ ਤੇਰੀ ਅਗਨੀ 'ਤੇ ਪਗ ਧਰ ਦਿੱਤੇ ਨੇ।

ਵੈਰੀ ਜੇ ਕੋਈ ਹੁੰਦਾ ਸਾਡਾ ਫਿਰ ਤਾਂ ਅਸੀਂ ਵੀ ਸੰਭਲ ਕੇ ਚਲਦੇ,
ਹਮਦਰਦਾਂ ਨੇ ਹੀ ਪਰ ਸਾਡੇ ਰਸਤੇ ਮੁਸ਼ਕਿਲ ਕਰ ਦਿੱਤੇ ਨੇ।

ਮੁਸ਼ਕਿਲ ਜੇ ਨਾ ਰਸਤੇ ਹੁੰਦੇ ਮੰਜ਼ਿਲ ਰਾਸ ਨਾ ਆਉਂਦੀ ਸਾਨੂੰ,
ਧੰਨਵਾਦੀ ਹਾਂ ਦੂਣ-ਸਵਾਏ ਜਿਨਾਂ ਨੇ ਚਾਅ ਕਰ ਦਿੱਤੇ ਨੇ।

---

ਬੰਦੇ ਦਾ ਆਪਣੇ ਇਲਮ ਤੋਂ ਇਤਬਾਰ ਖੋ ਗਿਆ।
ਮੁਸ਼ਕਲ ਬੜਾ ਮਿਲਣਾ ਜਦੋਂ ਰੁਜ਼ਗਾਰ ਹੋ ਗਿਆ।

ਜੋ ਬਿਰਖ ਸੀ ਕਦੇ ਸੰਘਣਾ ਦੋ ਫਾੜ ਹੋ ਗਿਆ।
ਟਹਿਣਿਆਂ ਦੀ ਸਾਜ਼ਿਸ਼ ਦਾ ਸ਼ਿਕਾਰ ਹੋ ਗਿਆ।

ਨੌਹਾਂ ਤੋਂ ਟੁੱਟਿਆ ਮਾਸ ਤੇ ਇਨਸਾਨੀਅਤ ਹੈ ਖਾਕ,
ਬੰਦੇ ਲਈ ਸ਼ੁਗਲ ਬੰਦੇ ਦਾ ਸ਼ਿਕਾਰ ਹੋ ਗਿਆ।

ਮੀਟ ਕੇ ਅੱਖੀਆਂ ਕਦੋਂ ਬਚਿਆ ਕਬੂਤਰ ਬਿੱਲੀਉਂ,
ਬੰਦੇ ਨੂੰ ਹੋਇਆ ਭਰਮ ਕਿ ਉਹ ਅਵਤਾਰ ਹੋ ਗਿਆ।

ਜਿਸਮਾਂ ਨੇ ਹੋਣਾ ਖਾਕ ਤੇ ਜਿਸਮਾਂ ਨੂੰ ਹਾਂ ਸੰਵਾਰਦੇ,
ਕਿਉਂ ਰੂਹਾਂ ਦੀ ਪਾਕੀਜ਼ਗੀ ਦਾ ਇਤਬਾਰ ਖੋ ਗਿਆ।

ਜਦ ਕਦੇ ਵੀ ਝੰਬਿਆ ਕਿਸੇ ਨੂੰ ਵਕਤ ਦੀ ਮਾਰ ਨੇ,
ਸੂਲੋਂ ਸੂਲੀ ਤੇ ਤੀਲੀਉਂ ਤਲਵਾਰ ਹੋ ਗਿਆ।

ਬੇਸ਼ੱਕ ਨੇ ਸਦੀਆਂ ਲੰਘੀਆਂ ਗੰਗੂ ਹਾਲੇ ਵੀ ਜੀਅ ਰਿਹਾ,
ਬੇਖੌ.ਫ ਪਲ ਰਿਹਾ ਹੈ ਤੇ ਖੂੰਖਾਰ ਹੋ ਗਿਆ।

# ਰਵਿੰਦਰ ਸਹਿਰਾਅ ਦੀਆਂ ਸਨੋ ਫੌਲ ਕਵਿਤਾਵਾਂ



## ਸਕੂਲੀ ਬੱਚੇ

ਰਾਤ ਭਰ ਦੀ ਸਨੋ ਨੇ
ਧਰਤ 'ਤੇ ਚਿੱਟੀ ਚਾਦਰ ਵਿਛਾ ਦਿੱਤੀ
ਟੀ ਵੀ 'ਤੇ ਸਕੂਲ ਬੰਦ ਹੋਣ ਦਾ
ਐਲਾਨ ਸੁਣ ਕੇ
ਬੱਚੇ ਮਾਰਦੇ ਹਨ ਕਿਲਕਾਰੀਆਂ
ਦਿਨ ਭਰ ਖੇਡਣਗੇ
ਖੇਡਾਂ ਉਹ ਸਾਰੀਆਂ
ਬਰ.ਫ ਦੀਆਂ ਗੇਂਦਾਂ ਬਣਾ ਕੇ
ਇਕ ਦੂਜੇ 'ਤੇ ਸੁੱਟ ਰਹੇ ਨੇ
ਸਨੋ-ਮੈਨ ਬਣਾ ਕੇ
ਲੰਘਦੇ ਵੜ੍ਹਦਿਆਂ ਨੂੰ ਦਿਖਾ ਕੇ
ਨੱਚ ਰਹੇ ਨੇ, ਹੱਸ ਰਹੇ ਨੇ

## ਸਨੋ ਸਾ.ਫ ਕਰਨ ਵਾਲੇ

ਆਪੋ ਆਪਣੇ ਟਰੱਕਾਂ ਵਿਚ
ਗੈਸ ਭਰਾ ਕੇ
ਟਰੱਕਾਂ ਮੂਹਰੇ ਕਰਾਹ ਲਗਾ ਕੇ
ਨਿਕਲ ਪਏ ਹਨ
ਆਪੋ ਆਪਣੇ ਸੰਪਰਕਾਂ ਵੱਲ
ਦਿਨ ਰਾਤ ਧੱਕਣਗੇ ਸਨੋ ਨੂੰ
ਪਾਰਕਿੰਗ ਲਾਟਾਂ 'ਤੇ ਸੜਕਾਂ ਤੋਂ ਬਾਹਰ
ਅੰਤਾਂ ਦੀ ਥਕਾਵਟ ਹੋਣ 'ਤੇ ਵੀ
ਬੁੱਲ੍ਹਾਂ 'ਤੇ ਮੁਸਕਾਨ ਟੱਪੇਗੀ
ਅੱਜ ਜੇਬਾਂ ਵਿਚ
ਡਾਲਰ ਹੀ ਡਾਲਰ ਹੋਣਗੇ
ਘਰੀਂ ਪਰਤ ਕੇ
ਸੰਨੋਵੇਅਰ ਲਾਹ ਕੇ
ਰੱਜ ਰੱਜ ਕੇ ਸੌਣਗੇ

## ਬੇਘਰੇ

ਫਟੀਆਂ ਹੋਈਆਂ ਮੈਲੀਆਂ ਜਿਹੀਆਂ
ਜੈਕਟਾਂ ਤੋਂ ਬਰ.ਫ ਝਾੜਦੇ
ਸਿਰ ਢੱਕਣ ਲਈ ਰਾਤ ਕੱਟਣ ਲਈ
ਛੱਤ ਵਾਲੀ ਕੋਈ ਥਾਂ ਤਾੜਦੇ
ਡੌਰ ਭੌਰ ਜਿਹੇ ਘੁੰਮ ਰਹੇ ਹਨ
ਰਾਤ ਨੂੰ ਤਾਪਮਾਨ ਹੋਰ ਵੀ ਡਿੱਗ ਜਾਏਗਾ
ਚਰਚ ਤੇ ਹੋਮਲੈਸ ਸੈਂਟਰ ਤੁੰਨੇ ਜਾਣਗੇ
ਤੂੜੀ ਵਾਲੇ ਕੁੱਪ ਦੇ ਵਾਂਗੂੰ
ਬੇਘਰਾ ਰੌਬਰਟ ਕਹਿੰਦਾ ਹੈ-
"ਆਈ ਹੇਟ ਦਿਸ ਸਨੋ
ਆਈ ਐਮ ਸਿਕ ਔ.ਫ ਇਟ"

## ਕਵੀ

ਲਿਵਿੰਗ ਰੂਮ'ਚ ਬੈਠਾ
ਚਾਹ ਦੀਆਂ ਚੁਸਕੀਆਂ ਭਰਦਾ
ਖਿੜਕੀ 'ਚੋਂ ਸਨੋ ਡਿੱਗਦੀ ਦੇਖ ਰਿਹਾ
ਕਵੀ ਲਿਖ ਰਿਹਾ ਹੈ ਕਵਿਤਾ
ਸਨੋ ਜੋ ਖੁਸ਼ੀ ਵੀ ਦੇ ਰਹੀ ਹੈ
ਤੇ ਉਦਾਸ ਵੀ ਕਰ ਰਹੀ ਹੈ

Email : ravisahra@gmail.com

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ।
ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ ।
ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497



MILLBOURNE ROAD
MEDICAL CLINIC
WALK-INS WELCOME
FAMILY PHYSICIANS
Dr. V.K. Thapar (M.D., CCFP)*
By Appointments Only
Dr. B.S. Jassar (M.D., Ph.D, CCFP)*
Cell: 780 918 0516
Dr. S. Bananda (M.D.)
Dr. Farhat Siddiqui (M.D.)
ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation




WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and delivery.
One Location - Multiple Considerations
Complete Range of Counter tops including laminate.
Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889




Passport
Photos
by:
Kanwal Lyall
All types of Immigration, Passport,
PIO, Citizenship Photos
Phone: 780-952-8017
lyallstudio@gmail.com




Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3




Fancy
DOORS & MOULDINGS LTD.
JELD-WEN WINDOWS & DOORS
Masonite
FALL SHOWCASE
CHECK OUT OUR QUALITY SELECTION
Interior Doors
Cheyenne
Smooth, H/C, Pre-Hung
18" x 36"
MDF Jamb, 3 Hinges
Bostonian
6-Panel, Pre-Hung
18" x 36"
MDF Jamb, 3 Hinges
Exterior Doors
Fibreglass
"Parliament"
Pre-Hung
(32" or 36" x80")
with 4.5" Jamb
6-Panel Steel Door
with Brick Moulding
Pre-Hung (32" or 36")
with 4.5" Jamb
French Doors
A. 3-Panel Mission Shaker, Fir
B. 3-Panel Equal Shaker, MDF
C. 5-Panel Shaker, MDF
Single or Double "Paris" Doors
Pantry Slab
Square Ring with Band
Exterior Wood Doors
Prefinished 32" x 32" x 96"
SAVE ON DOOR KNOBS AND HANDLES!
BOSTAT Clearance Locks
Keyed Lever $15.00
Deadbolt $15.00
Privacy Lever $12.00
Passage Lever $12.00
*Please Note - All Sales of these locks are final and carry no warranty!
2 Piece Deadbolt
$15.00
Passage Knob
$10.99
MOULDING & MILLWORK
HIGHLAND PARK SERIES ~ CLEAN, MODERN & ELEGANT!
#546 Casing 1¼" x 5½" SPERO™
#8039 Casing ¾" x 3½" MDF Primed
#8237 Baseboard 5/8" x 5½" MDF Primed
#8081 Casing 5/8" x 3¼" MDF Primed
#8281 Baseboard ½" x 6" MDF Primed
ALEXANDRIA
MOULDING SPECIALS!
#5010 1 3/16" x 4 3/16" MDF Primed
#412 Baseboard 5/8" x 4¼" MDF Primed
#411 Casing 11/16" x 3" MDF Primed
#3140 3/8" x 3¼" MDF Primed
#356 2 ¼" x 3/8" MDF Primed
SAVE ON BATHROOM FIXTURES!
Infinity
4 Piece Bath Set
Robe Hook
Towel Bar
Towel Ring
Paper Holder
Sunglow
4 Piece Bath Set
Robe Hook
Towel Bar
Paper Holder
Towel Ring
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Alberta Location: 9129 - 35 Avenue, Edmonton, AB, T6E 5Y1
Ph: 780-432-7700
Fax: 780-432-7710 www.fancy-doors.com
Limited time offer. Expires November 31, 2012




ਐਮ.ਐਲ.ਏ. ਨਰੇਸ਼ ਭਾਰਦਵਾਜ ਵੱਲੋਂ ਕੀਤੀ ਗਈ ਬਾਰਬੀਕਿਊ ਪਾਰਟੀ ਦਾ ਦ੍ਰਿਸ਼।



ਅਲਬਰਟਾ ਪੰਜਾਬੀ ਸਪੋਰਟਸ ਕਲੱਬ ਐਂਡ ਕਲਚਰਲ ਐਸੋਸੀਏਸ਼ਨ ਵਲੋਂ ਕਬੱਡੀ ਟੂਰਨਾਮੈਂਟ ਦੀ ਜੇਤੂ ਟੀਮ ਨੂੰ ਇਲਾਮ ਦਿੰਦੇ ਪ੍ਰਬੰਧਕ





ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ ਵਲੋਂ ਲਗਾਏ ਗਏ ਪੰਜਾਬੀ ਸਕੂਲ ਦੀਆਂ ਵੱਖ-ਵੱਖ ਝਲਕੀਆਂ।








ਗ਼ਦਰ ਸ਼ਤਾਬਦੀ ਵਰ੍ਹਾ 2013 ਨੂੰ ਸਮਰਪਤ 6ਵੇਂ ਸ਼ਹੀਦ ਭਗਤ ਸਿੰਘ ਸਪੋਰਟਸ ਟੂਰਨਾਮੈਂਟ ਦੀਆਂ ਝਲਕੀਆਂ।


# Elite Driving School

**Learn to drive with experienced, caring & friendly instructor**
**Lessons available in English, Hindi, Punjabi & Urdu**

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

**19** Years Road Experience
**15 Hours in Class Room & 10 Hours in Car Package Available**





- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

**Gurmail Dhaliwal (Garry)**
**780-265-6990**



**2019 61st St NW, Edmonton, AB, T6L 1M5**
**Tel: 780-265-6990 Fax: 780-461-6990**
**Email: elitedriving@hotmail.com, www.elitedrivingschoolltd.ca**



ਦਵਿੰਦਰ ਦਮਨ ਅਪਣੀ ਜੀਵਨ ਸਾਥਣ ਅਤੇ ਸਹਿ-ਕਲਾਕਾਰ ਜਸਵੰਤ ਦਮਨ ਨਾਲ ਨਾਟਕ 'ਕਤਰਾ-ਕਤਰਾ ਜ਼ਿੰਦਗੀ' ਵਿਚ।

# ਕਲਾਕਾਰ ਮੰਡੀ ਦੇ ਪ੍ਰਭਾਵ ਹੇਠ ਸਿਰਜਣਾ ਤੋਂ ਅਵੇਸਲਾ ਹੋ ਰਿਹੈ : ਦਵਿੰਦਰ ਦਮਨ

**ਦਵਿੰਦਰ ਦਮਨ** ਦਾ ਨਾਮ ਪੰਜਾਬੀ ਦੇ ਪਹਿਲੀ ਪਾਲ ਦੇ ਨਾਟਕਕਾਰਾਂ ਵਿਚ ਬੋਲਦਾ ਹੈ। ਉਹਦੀ ਜ਼ਿੰਦਗੀ ਦੇ ਹੋਸ਼ ਸੰਭਾਲਣ ਦੇ ਦਿਨ ਵੀ ਬੇਹੱਦ ਨਾਟਕੀ ਸਨ, ਸ਼ਾਇਦ ਇਸੇ ਕਰ ਕੇ ਪੂਰੀ ਤਰ੍ਹਾਂ ਸੁਚੇਤ ਹੋਣ ਤੋਂ ਬਾਅਦ ਉਹਨੇ ਨਾਟਕ ਖੇਤਰ ਨੂੰ ਹੀ ਅਪਣਾ ਜੀਵਨ-ਪੰਧ ਬਣਾ ਲਿਆ। ਆਲ ਇੰਡੀਆ ਰੇਡੀਓ ਤੋਂ ਮਾਨਤਾ ਪ੍ਰਾਪਤ ਗਾਇਕ ਹੋਣ ਦੇ ਬਾਵਜੂਦ ਉਹਦਾ ਨਾਟਕ ਲਈ ਹਰਪਾਲ ਟਿਵਾਣਾ ਦੇ ਲੜ ਲੱਗ ਜਾਣਾ, ਇਹੀ ਦਰਸਾਉਂਦਾ ਹੈ ਕਿ ਉਹ ਬਣਿਆ ਹੀ ਨਾਟਕ ਲਈ ਹੈ। 1964-65 ਵਿਚ ਇਪਟਾ ਦੇ ਪ੍ਰਭਾਵ ਹੇਠ ਰੰਗਮੰਚ ਨਾਲ ਜੁੜਨ ਵੇਲੇ ਖ਼ੁਦ ਦਮਨ ਨੂੰ ਵੀ ਇਹ ਅਹਿਸਾਸ ਨਹੀਂ ਸੀ ਕਿ ਉਹ ਇਕ ਦਿਨ ਪੰਜਾਬੀ ਦਾ ਸਿਰਮੌਰ ਨਾਟਕਕਾਰ ਹੋ ਨਿਬੜੇਗਾ। ਦਵਿੰਦਰ ਦਮਨ ਦਾ ਪੰਜਾਬੀ ਨਾਟਕ ਲੇਖਕ ਨਿਰਦੇਸ਼ਕ ਅਤੇ ਅਦਾਕਾਰ ਦੇ ਤੌਰ 'ਤੇ ਸਫ਼ਰ ਬੇਹੱਦ ਸੁਚੇਤ ਅਤੇ ਮਾਣ-ਮੱਤਾ ਰਿਹਾ ਹੈ। ਉਹ ਵਿਚਾਰਧਾਰਕ ਤੌਰ 'ਤੇ ਕਿਤੇ ਟਪਲਾ ਨਹੀਂ ਖਾਂਦਾ; ਇਸੇ ਲਈ ਨਾਟਕ 'ਛਿਪਣ ਤੋਂ ਪਹਿਲਾਂ', ਸ਼ਹੀਦ ਭਗਤ ਸਿੰਘ ਬਾਰੇ ਹੁਣ ਤਕ ਲਿਖੇ ਨਾਟਕਾਂ ਵਿਚ ਬੜਾ ਸੰਤੁਲਤ ਹੋ ਨਿਬੜਿਆ ਹੈ। ਉਹ ਅੱਜ ਜਿਥੇ ਪੰਜਾਬੀ ਨਾਟਕ ਦਾ ਬੇਹੱਦ ਸਨਮਾਨਤ ਨਾਂਅ ਹੈ ਉਥੇ ਪੰਜਾਬੀ ਫ਼ਿਲਮਾਂ ਵਿਚ ਵੀ ਉਸ ਦਾ ਸਾਰਥਕ ਦਖ਼ਲ ਦੇਖਿਆ ਜਾ ਸਕਦਾ ਹੈ। ਦਵਿੰਦਰ ਦਮਨ ਅੱਜਕਲ੍ਹ 'ਪ੍ਰੋਗੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮਿੰਟਨ ਦੇ ਸੱਦੇ 'ਤੇ ਐਡਮਿੰਟਨ ਵਿਚ ਹਨ, ਜਿਥੇ ਉਹ 31 ਅਗਸਤ ਨੂੰ ਗ਼ਦਰ ਲਹਿਰ ਨੂੰ ਸਮਰਪਤ ਸਮਾਗਮਾਂ ਦੀ ਲੜੀ ਤਹਿਤ ਕਰਵਾਏ ਜਾ ਰਹੇ ਨਾਟਕ ਦੀ ਰਚਨਾ ਅਤੇ ਨਿਰਦੇਸ਼ਨਾ ਦੇ ਕਾਰਜ ਵਿਚ ਰੁਝੇ ਹੋਏ ਹਨ। ਉਹ ਵਿਸ਼ੇਸ਼ ਤੌਰ 'ਤੇ ਇਸ ਨਾਟਕ ਲਈ ਸਥਾਨਕ ਨੂੰ ਨਿਰਦੇਸ਼ਤ ਕਰਨ ਲਈ ਐਡਮਿੰਟਨ ਆਏ ਹੋਏ ਹਨ। ਉਨ੍ਹਾਂ ਨਾਲ ਇਹ ਗੱਲਾਂ **'ਨਵੀਂ ਦੁਨੀਆ'** ਅਤੇ ਸਾਹਿਤਕ ਰਸਾਲੇ **'ਹੁਣ'** ਦੇ ਪਾਠਕਾਂ ਲਈ ਕੀਤੀਆਂ **ਸੁਸ਼ੀਲ ਦੁਸਾਂਝ** ਨੇ। ਇਹ ਮੁਲਾਕਾਤ ਦੋ ਕਿਸ਼ਤਾਂ 'ਚ ਛਾਪੀ ਜਾ ਰਹੀ ਹੈ - ਸੰਪਾਦਕ

## ਮੈਂ ਬਹੁਤ ਸ਼ਾਤਰ ਹਾਂ

*?* : ਦਮਨ ਜੀ, ਤੁਸੀਂ ਚੜ੍ਹਦੀ ਉਮਰੇ ਗਾਇਕੀ ਦੇ ਖੇਤਰ ਵਿਚ ਆਏ, ਫਿਰ ਅਦਾਕਾਰ ਹੋ ਗਏ, ਫਿਰ ਨਾਟਕ ਲੇਖਕ ਤੇ ਫਿਰ ਨਿਰਦੇਸ਼ਕ। ਇਨ੍ਹਾਂ ਦਾ ਸੁਮੇਲ ਦਵਿੰਦਰ ਦਮਨ ਹੋ ਜਾਂਦਾ ਹੈ। ਦਵਿੰਦਰ ਨੇ ਇਨ੍ਹਾਂ ਚਾਰਾਂ 'ਚੋਂ ਕਿਸ-ਕਿਸ ਦਾ ਬੁਰੀ ਤਰ੍ਹਾਂ ਦਮਨ ਕੀਤਾ ਤੇ ਕਿਸ-ਕਿਸ ਨੂੰ ਰੂਹ ਨਾਲ ਪਾਲਿਆ ਪੋਸਿਆ ਤੇ ਕਿਉਂ?

*ਦਮਨ :* ਮੈਂ ਬਹੁਤ ਸ਼ਾਤਰ ਹਾਂ। ਮੈਂ ਕਿਸੇ ਦਾ ਦਮਨ ਨਹੀਂ ਹੋਣ ਦਿੱਤਾ। ਇਕ ਖੇਤਰ ਨਾਲ ਜੁੜ ਕੇ ਵੀ ਮੈਂ ਇਨ੍ਹਾਂ ਸਾਰਿਆਂ ਨਾਲ ਖ਼ੂਬ ਖੇਡਦਾ ਰਿਹਾ ਹਾਂ। ਉਹ ਇਸ ਤਰ੍ਹਾਂ ਕਿ ਗਾਇਕੀ ਦਾ ਸ਼ੌਕ ਪਾਲਦਿਆਂ ਹੀ ਮੈਨੂੰ ਜਲਦੀ ਸਮਝ ਆ ਗਈ ਕਿ ਇਕੱਲੀ ਗਾਇਕੀ ਜ਼ਿਆਦਾ ਦੇਰ ਸੰਤੁਸ਼ਟ ਨਹੀਂ ਰੱਖ ਸਕੇਗੀ। ਸਾਹਿਤ ਤੇ ਰੰਗਮੰਚ ਵੱਲ ਮੇਰਾ ਰੁਝਾਨ ਦਿਨੋਂ-ਦਿਨ ਵਧਦਾ ਜਾ ਰਿਹਾ ਸੀ। ਪਰ ਮੈਂ ਗਾਇਕੀ ਦਾ ਤਿਆਗ ਵੀ ਨਹੀਂ ਸੀ ਕਰਨਾ ਚਾਹੁੰਦਾ। ਫਿਰ ਮੈਨੂੰ ਸੁਝਿਆ ਕਿ ਰੰਗਮੰਚ ਹੀ ਮੇਰੇ ਲਈ ਠੀਕ ਰਸਤਾ ਹੈ ਜਿਸ ਵਿਚ ਮੇਰੇ ਅੰਦਰਲੇ ਸਾਰੇ ਗੁਣ ਸਮਾ ਸਕਦੇ ਹਨ। ਇਸ ਫੈਸਲੇ ਨਾਲ ਮੇਰੇ ਇਕੱਲੇ ਕਿਸੇ ਗੁਣ ਦਾ ਦਮਨ ਹੋਣੋਂ ਹੀ ਨਹੀਂ ਬਚ ਗਿਆ, ਸਗੋਂ ਸਾਰੇ ਹੀ ਗੁਣਾਂ ਦੀ ਇਕੋ ਛੱਤ ਹੇਠਾਂ ਪਾਲਨਾ-ਪੋਸ਼ਣਾ ਹੋਣ ਲੱਗੀ। ਇਹਦੇ ਨਾਲ ਹੋਰ ਵੀ ਕਈ ਮਸਲੇ ਹੱਲ ਹੋਣ ਲੱਗੇ। ਦਰਅਸਲ, ਰੰਗਮੰਚ ਸਾਡੇ ਵਰਗੇ ਮਲੰਗ ਲੋਕਾਂ ਦਾ ਜਨੂੰਨ ਹੈ। ਇਹਦੇ ਵਿਚ ਪੈਸੇ ਦੀ ਕੋਈ ਖੇਡ ਨਹੀਂ। ਹੁਣ ਤਾਂ ਸ਼ਾਇਦ ਥੋੜ੍ਹਾ-ਬਹੁਤ ਜੁਗਾੜ ਹੋ ਜਾਂਦਾ ਹੋਵੇ, ਪਰ ਉਨ੍ਹਾਂ ਵੇਲਿਆਂ ਵਿਚ ਤਾਂ ਉੱਕਾ ਹੀ ਨਹੀਂ ਸੀ। ਕਲਾਕਾਰਾਂ ਨੂੰ ਦੇਣ ਲਈ ਪੈਸਾ ਨਹੀਂ ਸੀ ਹੁੰਦਾ, ਉਨ੍ਹਾਂ ਨੂੰ ਰੋਟੀ ਖੁਆ ਦੇਣੀ ਹੀ ਵੱਡੀ ਗੱਲ ਸੀ। ਕਲਾਕਾਰ ਵੀ ਕੋਈ ਪੈਸੇ ਕਰ ਕੇ ਨਹੀਂ, ਸ਼ੌਕ ਵਜੋਂ ਆਉਂਦੇ ਸਨ। ਪਰ ਬਹੁਤੇ ਕਲਾਕਾਰ ਮਿਲਦੇ ਵੀ ਨਹੀਂ ਸਨ, ਇਸ ਲਈ ਸਾਰੇ ਕੰਮ ਆਪ ਹੀ ਕਰ ਲਈਦੇ ਸਨ। ਆਪ ਗਾਇਕੀ ਆਉਣ ਕਾਰਨ, ਮੈਨੂੰ ਇਹਦਾ ਲਾਹਾ ਮਿਲ ਜਾਂਦਾ ਸੀ।

*?* : ਆਲ ਇੰਡੀਆ ਰੇਡੀਓ ਦੇ ਮਾਨਤਾ ਪ੍ਰਾਪਤ ਗਾਇਕ ਹੋਣ ਦੇ ਬਾਵਜੂਦ ਤੁਹਾਨੂੰ ਪੰਜਾਬੀ ਗਾਇਕੀ ਦੇ ਉਸ ਸੁਨਹਿਰੇ ਦੌਰ ਵਿਚ ਗਾਇਕੀ ਰਾਸ ਕਿਉਂ ਨਹੀਂ ਆਈ?

*ਦਮਨ :* ਗਾਇਕੀ ਦਾ ਤਾਂ ਮੈਨੂੰ ਬਚਪਨ ਤੋਂ ਹੀ ਸ਼ੌਕ ਸੀ। ਪਾਰਟੀ ਕਾਨਫਰੰਸਾਂ 'ਤੇ ਬੇਅੰਤ ਗਾਇਆ। ਮੈਂ ਲੋਕ ਗਾਇਕ ਦੇ ਤੌਰ 'ਤੇ ਆਲ ਇੰਡੀਆ ਰੇਡੀਓ ਤਕ ਪੁੱਜ ਵੀ ਗਿਆ। ਪਰ ਮੈਨੂੰ ਅਪਣੀ ਕਲਾ ਵਿਚ ਘਾਟ ਲਗਦੀ ਸੀ। ਉਸੇ ਸਮੇਂ ਰੇਡੀਓ ਸਟੇਸ਼ਨ 'ਤੇ ਮੈਨੂੰ ਕਿਸੇ ਰਾਗੀ ਸਿੰਘ ਨੇ ਕਲਾਸੀਕਲ ਸੰਗੀਤ ਸਿੱਖਣ ਦੀ ਸਲਾਹ ਦਿੱਤੀ। ਮੈਨੂੰ ਉਹਦੀ ਸਲਾਹ ਨੇਕ ਲੱਗੀ, ਸੋ ਕਲਾਸੀਕਲ ਸੰਗੀਤ ਸਿੱਖਣਾ ਸ਼ੁਰੂ ਕੀਤਾ। ਬੈਚੂਲਰ ਆਫ਼ ਮਿਊਜ਼ਕ ਦੀ ਡਿਗਰੀ ਵੀ ਹਾਸਲ ਕੀਤੀ। ਪਰ ਅਚਾਨਕ ਮੇਰਾ ਰੁਝਾਨ ਸਾਹਿਤ ਤੇ ਰੰਗਮੰਚ ਵੱਲ ਹੋ ਗਿਆ। ਉਂਜ ਤਾਂ ਨਾਟਕ ਦਾ ਮੈਨੂੰ ਸਕੂਲ ਦੇ ਸਮੇਂ ਤੋਂ ਹੀ ਸ਼ੌਕ ਸੀ। ਬਚਪਨ ਵਿਚ ਕਮਿਊਨਿਸਟ ਨਾਟਕ ਟੋਲਿਆਂ ਵਿਚ ਮੈਂ ਮੁਜ਼ਾਰੇ ਦੇ ਬੱਚੇ ਦਾ ਰੋਲ ਅਕਸਰ ਕਰਿਆ ਕਰਦਾ ਸੀ। ਜਦੋਂ ਮੈਂ ਪਹਿਲੀ ਵਾਰ ਸਕੂਲ ਵਿਚ ਨਾਟਕ ਖੇਡਿਆ ਤਾਂ ਕੁੜੀ ਦਾ ਰੋਲ ਕਰਨਾ ਪਿਆ। ਅਸਲ ਵਿਚ ਮੈਂ ਤੇ ਮੇਰੇ ਜਮਾਤੀ ਨੇ ਹੀ ਨਾਟਕ ਖੇਡਣ ਦਾ ਫੈਸਲਾ ਕਰ ਲਿਆ। ਇਹ ਨਾਟਕ ਵੀ ਭਗਤ ਸਿੰਘ ਬਾਰੇ ਸੀ। ਉਦੋਂ ਨਿਆਣੇ ਹੁੰਦੇ ਬਹੁਤੀ ਸਮਝ ਵੀ ਨਹੀਂ ਸੀ, ਬੱਸ ਮਨ ਵਿਚ ਆਈ, ਸੋ ਤਿਆਰੀ ਸ਼ੁਰੂ ਕਰ ਦਿੱਤੀ। ਉਨ੍ਹੀਂ ਦਿਨੀਂ ਸਕੂਲ ਵਿਚ ਇਕ ਕੁੜੀ, ਪੰਜਾਬੋਂ ਬਾਹਰੋਂ ਪੜ੍ਹਨ ਆਈ ਹੋਈ ਸੀ। ਉਹ ਭਗਤ ਸਿੰਘ ਦੀ ਮੰਗੇਤਰ ਦਾ ਰੋਲ ਕਰਨ ਲਈ ਮੰਨ ਗਈ। ਖੈਰ, ਇਹ ਵੀ ਗੱਲ ਬਾਅਦ ਵਿਚ ਸਮਝ ਆਈ ਕਿ ਭਗਤ ਸਿੰਘ ਦੀ ਮੰਗੇਤਰ ਵਾਲਾ ਕਿੱਸਾ ਵੀ ਲੋਕਾਂ ਆਪ ਹੀ ਘੜਿਆ ਹੋਇਆ ਸੀ। ਉਦੋਂ ਕੁੜੀਆਂ ਦਾ ਨਾਟਕਾਂ ਵਿਚ ਕੰਮ ਕਰਨਾ ਪਸੰਦ ਨਹੀਂ ਸੀ ਕੀਤਾ ਜਾਂਦਾ। ਜਦੋਂ ਉਸ ਕੁੜੀ ਦੇ ਘਰਦਿਆਂ ਨੂੰ ਪਤਾ ਲੱਗਾ, ਉਨ੍ਹਾਂ ਵੀ ਕੁੜੀ ਨੂੰ ਮਨ੍ਹਾ ਕਰ ਦਿੱਤਾ। ਸਾਨੂੰ ਫ਼ਿਕਰ ਪੈ ਗਿਆ ਕਿ ਹੁਣ ਕੁੜੀ ਦਾ ਰੋਲ ਕੌਣ ਕਰੇਗਾ। ਜਦੋਂ ਕੁੜੀ ਸਾਨੂੰ ਕਹਿਣ ਆਈ ਕਿ ਮੈਂ ਹੁਣ ਨਾਟਕ ਨਹੀਂ ਖੇਡ ਸਕਦੀ ਤਾਂ ਮੈਂ ਦਬਾਸੱਟ ਕਿਹਾ ਕਿ ਅਪਣਾ ਸੂਟ ਹੀ ਮੈਨੂੰ ਦੇ ਜਾ, ਅਸੀਂ ਕੁਝ ਆਪੇ ਕਰ ਲਵਾਂਗੇ। ਉਹ ਸੂਟ ਵੀ ਨਾ ਦੇ ਕੇ ਗਈ। ਫੇਰ ਮੈਂ ਅਪਣੀ ਭੈਣ ਦਾ ਸੂਟ ਪਾ ਕੇ ਭਗਤ ਸਿੰਘ ਦੀ ਮੰਗੇਤਰ ਦਾ ਰੋਲ ਕੀਤਾ। ਹਾ..ਹਾ.. (ਹਸਦੇ ਹੋਏ) ਇਉਂ ਕਹੋ, ਮੈਂ ਭਗਤ ਸਿੰਘ ਦੀ ਪਹਿਲੀ ਮੰਗੇਤਰ ਹਾਂ।



ਗਾਇਕ ਦਮਨ -1967- ਪਟਿਆਲਾ

ਚੱਲੋ, ਇਹ ਤਾਂ ਸ਼ੁਗਲ ਦੀ ਗੱਲ ਸੀ। ਪਰ ਬਾਅਦ ਵਿਚ ਮੈਂ ਗੰਭੀਰਤਾ ਨਾਲ ਇਸ ਖੇਤਰ ਵੱਲ ਝੁਕ ਗਿਆ। ਕਾਮਰੇਡਾਂ ਨਾਲ ਸਟੇਜਾਂ 'ਤੇ ਨਾਟਕ ਕਰਦਿਆਂ ਕਰਦਿਆਂ ਮੈਂ ਇਪਟਾ ਦੇ ਪ੍ਰਭਾਵ ਹੇਠ ਆ ਗਿਆ। ਉਦੋਂ ਪੰਜਾਬ ਵਿਚ ਰੰਗਮੰਚ ਦੀ ਲਹਿਰ ਪੂਰੇ ਜ਼ੋਰਾਂ 'ਤੇ ਸੀ। ਰੰਗਮੰਚ ਨਾਲ ਜੁੜਨਾ ਵੀ ਅਪਣੇ ਆਪ ਵਿਚ ਵੱਡੀ ਗੱਲ ਸੀ। ਸੋ, ਮੈਂ ਗਾਇਕੀ ਛੱਡ ਕੇ ਰੰਗਮੰਚ ਨਾਲ ਜੁੜ ਗਿਆ। ਪਰ ਗਾਇਕੀ ਦਾ ਸ਼ੌਕ ਨਹੀਂ ਛੱਡਿਆ। ਉਹ ਤਾਂ ਮੈਂ ਹੁਣ ਵੀ ਕਦੇ-ਕਦੇ ਗੁਣਗੁਣਾ ਲੈਂਦਾ ਹਾਂ। ਤੁਹਾਡੇ ਵਰਗੇ ਦੋਸਤ-ਮਿੱਤਰ ਜਦੋਂ ਫ਼ਰਮਾਇਸ਼ ਕਰਦੇ ਹਨ, ਤਾਂ ਗਾਉਣਾ ਹੀ ਪੈਂਦਾ ਹੈ।

*?* : ਗਾਇਕੀ ਤੋਂ ਅਚਾਨਕ ਰੰਗਮੰਚ ਵੱਲ ਮੋੜਾ, ਕਿਤੇ ਤੁਹਾਡੀ ਭਟਕਣ ਤਾਂ ਨਹੀਂ ਸੀ। ਸ਼ਾਇਦ ਮੰਜ਼ਲ ਦਾ ਪਤਾ ਨਹੀਂ ਸੀ ਲੱਗ ਰਿਹਾ?

*ਦਮਨ :* ਹਾਂ..ਹੋ ਸਕਦਾ ਹੈ..ਜਦੋਂ ਮੰਜ਼ਲ ਬਾਰੇ ਸਪਸ਼ਟਤਾ ਨਾ ਹੋਵੇ ਤਾਂ ਭਟਕਣਾ ਲਾਜ਼ਮੀ ਹੈ। ਨਾਲੇ ਉਦੋਂ ਸਾਡੇ ਵੇਲਿਆਂ ਵਿਚ ਨੌਕਰੀਆਂ ਲਈ ਆਪਾ-ਧਾਪੀ ਵਾਲਾ ਮਾਹੌਲ ਤਾਂ ਹੈ ਨਹੀਂ ਸੀ। ਮੇਰੀ ਕੋਈ ਪੜ੍ਹਾਈ ਵੀ ਬਹੁਤੀ ਨਹੀਂ ਸੀ ਕਿ ਕਿਤੇ ਅਫ਼ਸਰੀ ਕਰਨ ਬਾਰੇ ਸੋਚਦਾ। ਘਰ ਦਾ ਮਾਹੌਲ ਵੀ ਕੋਈ ਏਵੇਂ ਦਾ ਨਹੀਂ ਸੀ ਕਿ ਮੈਨੂੰ ਕੋਈ ਗਾਈਡ ਕਰਦਾ। ਪਰ ਇਹਦਾ ਮੈਨੂੰ ਕੋਈ ਅਫ਼ਸੋਸ ਵੀ ਨਹੀਂ ਹੈ। ਜੋ ਕੁਝ ਹੋਇਆ, ਚੰਗਾ ਹੀ ਹੋਇਆ। ਸ਼ਾਇਦ ਮੈਂ ਰੰਗਮੰਚ ਖੇਤਰ ਵਿਚ ਕੰਮ ਕਰਨ ਲਈ ਹੀ ਜਨਮ ਲਿਆ ਹੈ।

*?* : ਦਵਿੰਦਰ ਦਮਨ ਅਦਾਕਾਰ ਤੋਂ ਨਾਟਕ ਲੇਖਨ ਵੱਲ ਕਿਵੇਂ ਤੇ ਕਦੋਂ ਆਇਆ?

*ਦਮਨ :* ਹਰਪਾਲ ਟਿਵਾਣਾ ਨੂੰ ਮਿਲਣ ਤੋਂ ਬਾਅਦ ਮੈਨੂੰ ਅਹਿਸਾਸ ਹੋਇਆ ਕਿ ਜਿੰਨਾ ਕੁ ਵੀ ਰੰਗਮੰਚ ਉਸਰਿਆ ਹੈ, ਪੰਜਾਬੀ ਨਾਟਕ ਉਸ ਦੇ ਹਾਣ ਦਾ ਨਹੀਂ। ਇਹ ਸਿਰਫ਼ ਮੈਂ ਹੀ ਨਹੀਂ ਸਾਂ ਸੋਚ ਰਿਹਾ-ਅੰਮ੍ਰਿਤਸਰ ਬੈਠੇ ਗੁਰਸ਼ਰਨ ਭਾਅ ਜੀ ਵੀ ਇਹੋ ਸੋਚ ਕੇ ਸ਼ਾਇਦ ਚੈਖ਼ਵ, ਗੋਰਕੀ, ਸੈਮੂਅਲ ਬੈਕਟ ਵਰਗੇ ਗ਼ੈਰ-ਭਾਰਤੀ ਭਾਸ਼ਾਵਾਂ ਦੇ ਨਾਟਕ ਖੇਡ ਰਹੇ ਸਨ। ਜਿਵੇਂ ਹਰਪਾਲ ਲੋਰਕਾ, ਸਟਰਿੰਡ ਬਰਗ, ਇਬਸਿਨ ਆਦਿ ਖੇਡ ਰਿਹਾ ਸੀ। ਸੁਰਜੀਤ ਸਿੰਘ ਸੇਠੀ ਦੇ ਸਾਰੇ ਨਾਟਕ ਹੀ ਪੱਛਮੀ ਨਾਟਕਾਰਾਂ ਦੀ ਬਣਤਰ ਦੇ ਸਨ। ਬਲਵੰਤ ਗਾਰਗੀ ਕੁਝ ਨਾਟਕਾਂ ਨੂੰ ਛੱਡ ਕੇ ਪੱਛਮੀ ਤੇ ਪੂਰਬੀ ਨਾਟਕਾਂ ਦੀ ਬਲੈਂਡਿੰਗ ਕਰ ਰਿਹਾ ਸੀ। ਓਦੋਂ ਅਜਮੇਰ ਔਲਖ, ਆਤਮਜੀਤ ਦਿਸਹੱਦੇ 'ਤੇ ਪ੍ਰਗਟ ਨਹੀਂ ਹੋਏ ਸਨ। ਮੈਨੂੰ ਵਿਸ਼ੇ ਪੱਖੋਂ ਅਤੇ ਬਣਤਰ ਪੱਖੋਂ ਹਰ ਤਰ੍ਹਾਂ ਨਾਲ ਪੰਜਾਬੀ ਜੀਵਨ ਨਾਲ ਮਿਲਦੇ-ਜੁਲਦੇ ਨਾਟਕ ਦੀ ਤਲਾਸ਼ ਸੀ। ਮੈਂ ਸੋਚਿਆ ਬਿਗਾਨੀ ਭਾਸ਼ਾ ਦੇ ਆਸਰੇ ਪੰਜਾਬੀ ਰੰਗਮੰਚ ਦੀ ਉਸਾਰੀ ਅਸੰਭਵ ਹੈ। ਰੰਗਮੰਚ ਦੇ ਹਾਣ ਦੇ ਨਾਟਕ ਲਿਖਣੇ ਚਾਹੀਦੇ ਹਨ। ਸੋ, ਪਹਿਲਾਂ ਯਤਨ ਮੈਂ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਧਰਤੀ ਹੇਠਲਾ ਬੋਲਦ' ਨੂੰ ਨਾਟਕੀ ਰੂਪ ਦੇਣ ਦਾ ਕੀਤਾ। ਦੂਜਾ ਮੈਂ ਅਪਣਾ ਨਾਟਕ 'ਧਰਤੀ ਮਾਂ ਹੈ..' (ਨਵਾਂ ਨਾਂਅ 'ਕਾਲਾ ਲਹੂ') ਲਿਖਿਆ। ਬਸ ਫਿਰ ਸਿਲਸਿਲਾ ਸ਼ੁਰੂ ਹੋ ਗਿਆ ਨਾਟਕ ਲਿਖਣ ਦਾ..।

*?* : ਕਦੇ ਅਜਿਹਾ ਵੀ ਹੋਇਆ ਕਿ ਸਟੇਜ ਤਿਆਰ ਹੋਵੇ ਤੇ ਕੋਈ ਕਲਾਕਾਰ ਭੱਜ ਗਿਆ ਹੋਵੇ? ਜਾਂ ਜਗ੍ਹਾ ਹੀ ਨਾ ਮਿਲੀ ਹੋਵੇ?

*ਦਮਨ :* ਹਾਂ, ਇਹ ਭਿਆਨਕ ਘਟਨਾ ਪਿੱਛੇ ਜਿਹੇ ਮੇਰੇ ਨਾਲ ਵਾਪਰੀ ਹੈ। ਪਰ ਹੈਰਾਨੀ ਹੋਈ ਕਿ ਮੇਰੇ ਪਰੋਮਟਰ ਨੂੰ ਸਾਰਾ ਰੋਲ ਯਾਦ ਸੀ। ਉਸ ਨੇ ਆਸਾਨੀ ਨਾਲ ਸਾਰਾ ਰੋਲ ਨਿਭਾਅ ਦਿੱਤਾ। ਉਹ ਰਾਤੋ-ਰਾਤ ਹੀਰੋ ਬਣ ਗਿਆ।

*?* : ਕੀ ਇਸ ਸਾਰੇ ਸੁਮੇਲ ਵਿਚ ਤੁਸੀਂ ਅਪਣੇ-ਆਪ ਨੂੰ ਸਫ਼ਲ ਸਮਝਦੇ ਹੋ?

*ਦਮਨ :* ਸਫ਼ਲ, ਅਸਫ਼ਲ ਦਾ ਤਾਂ ਮੈਨੂੰ ਪਤਾ ਨਹੀਂ, ਪਰ ਸੰਤੁਸ਼ਟ ਜ਼ਰੂਰ ਹਾਂ। ਮੈਂ ਜੋ ਵੀ ਕੀਤਾ, ਰੂਹ ਨਾਲ ਕੀਤਾ। ਉਂਜ, ਅੱਜ ਦੀ ਗਾਇਕੀ ਦਾ ਜੋ ਹਾਲ ਹੈ, ਤਾਂ ਮੈਂ ਕਿਸੇ ਬਜ਼ੁਰਗ ਗਾਇਕ ਵਾਂਗ ਘਰੇ ਬੈਠਾ ਹੁੰਦਾ। ਪਰ ਰੰਗਮੰਚ ਨੇ ਮੈਨੂੰ ਹੁਣ ਤਕ ਜਵਾਨ ਰੱਖਿਆ ਹੈ। ਮੇਰਾ ਦਿਮਾਗ ਹਰ ਵਕਤ ਕੁਝ ਨਵਾਂ ਕਰਨ ਲਈ ਚਲਦਾ ਰਹਿੰਦਾ ਹੈ। ਸਟੇਜ 'ਤੇ ਕੁਝ ਨਵੇਂ ਤਜਰਬੇ ਕਰਨ ਲਈ ਹੁਣ ਵੀ ਦੁਨੀਆ ਭਰ ਦੇ ਵਰਤਾਰੇ 'ਤੇ ਅਪਣੀ ਨਜ਼ਰ ਰੱਖਦਾ ਹਾਂ। ਮੇਰੇ ਸ਼ੌਕ ਦੇ ਸੁਮੇਲ ਨੇ ਮੈਨੂੰ ਖ਼ੂਬਸੂਰਤ ਜ਼ਿੰਦਗੀ ਦਿੱਤੀ ਹੈ।

## ਮਿੰਨੀ ਐਨ.ਐਸ.ਡੀ.

*?* : ਤੁਹਾਨੂੰ ਵਿਰਾਸਤ ਵਿਚ ਵੀ ਮਾਰਕਸਵਾਦੀ ਵਿਚਾਰਧਾਰਾ ਮਿਲੀ ਤੇ ਉਹ ਦਿਨ ਵੀ ਇਸੇ ਵਿਚਾਰਧਾਰਾ ਦੀ ਚੜ੍ਹਾਈ ਦੇ ਸਨ ਪਰ ਰੰਗਮੰਚ ਵੱਲ ਜਾਣ ਵੇਲੇ ਭਾਅ ਜੀ ਗੁਰਸ਼ਰਨ ਸਿੰਘ ਦੀ ਥਾਂ ਤੁਸੀਂ ਹਰਪਾਲ ਟਿਵਾਣਾ ਨੂੰ ਕਿਉਂ ਚੁਣਿਆ?

*ਦਮਨ :* ਤੁਹਾਡੀ ਗੱਲ ਸਹੀ ਹੈ ਕਿ ਮੇਰੇ 'ਤੇ ਮਾਰਕਸੀ ਸੋਚ ਭਾਰੂ ਸੀ ਪਰ ਨਾਟਕ ਖੇਤਰ ਨਾਲ ਜੁੜਨ ਲੱਗਿਆਂ, ਗੱਲ ਸਿਰਫ਼ ਵਿਚਾਰਧਾਰਾ ਦੀ ਨਹੀਂ ਰਹੀ। ਇਹ ਨਹੀਂ ਕਿ ਮੈਂ ਇਸ ਵਿਚਾਰਧਾਰਾ ਤੋਂ ਦੂਰ ਚਲਾ ਗਿਆ ਸੀ। ਇਉਂ ਕਹਿ ਲਓ, ਗੱਲ ਮੌਕਾ-ਮੇਲ ਦੀ ਸੀ। ਉਦੋਂ ਗੁਰਸ਼ਰਨ ਸਿੰਘ ਹੋਰਾਂ ਨੰਗਲ ਤੋਂ ਥੀਏਟਰ ਸ਼ੁਰੂ ਕਰ ਕੇ ਅੰਮ੍ਰਿਤਸਰ ਪੁੱਜ ਚੁੱਕੇ ਸਨ। ਅੰਮ੍ਰਿਤਸਰ ਰਹਿੰਦਿਆਂ ਮੈਂ ਗਾਂਧੀ ਗਰਾਊਂਡ ਵਿਚ ਉਨ੍ਹਾਂ ਦੀਆਂ ਪੇਸ਼ਕਾਰੀਆਂ ਵੀ ਵੇਖੀਆਂ ਸਨ। ਉਨ੍ਹਾਂ ਵਿਚ ਗੋਰਕੀ ਦਾ ਪੈਟੀ ਬੁਰਜੋ ਆਜੀ... (ਆਲ੍ਹਣਾ ਤੀਲੋ-ਤੀਲ) ਵੀ ਸ਼ਾਮਲ ਸੀ। ਉਨ੍ਹਾਂ ਪੇਸ਼ਕਾਰੀਆਂ ਵਿਚ ਤਕਨੀਕ ਪੱਖੋਂ ਸੁਰੇਸ਼ ਪੰਡਤ ਦੀ ਦੇਣ ਜ਼ਿਆਦਾ ਸੀ। ਜਦੋਂ ਤੀਕ ਮੈਂ ਉਨ੍ਹਾਂ ਦੇ ਗਰੁੱਪ ਵਿਚ ਸ਼ਾਮਲ ਹੋਣ ਦਾ ਮਨ ਬਣਾਇਆ, ਉਦੋਂ ਮੇਰੀ ਸਰਕਾਰੀ ਮਹਿਕਮੇ ਵਿਚ ਫ਼ਿਰੋਜ਼ਪੁਰ ਤਬਦੀਲੀ ਹੋ ਗਈ। ਉਥੇ ਰੰਗਮੰਚ ਦਾ ਕੋਈ ਮਾਹੌਲ ਨਹੀਂ ਸੀ। ਆਖ਼ਰ ਪਟਿਆਲੇ ਬਦਲੀ ਕਰਵਾ ਕੇ 1964 ਵਿਚ 'ਦੀ ਪ੍ਰਗਤੀ ਡਰਾਮਾਟਿਕ ਕਲੱਬ' ਸਥਾਪਤ ਕੀਤਾ ਤੇ ਨਾਟਕ ਖੇਡਣੇ ਸ਼ੁਰੂ ਕੀਤੇ। 1966 ਵਿਚ ਹਰਪਾਲ ਟਿਵਾਣਾ, ਨੈਸ਼ਨਲ ਸਕੂਲ ਆਫ਼ ਡਰਾਮਾ ਤੋਂ ਪਾਸ ਹੋ ਕੇ ਪਟਿਆਲੇ ਆ ਗਏ। ਇਸ ਤੋਂ ਪਹਿਲਾਂ ਮੈਂ ਇਕ ਅੰਗਰੇਜ਼ੀ ਅਖ਼ਬਾਰ ਵਿਚ ਹਰਪਾਲ ਟਿਵਾਣਾ ਦੀ ਵੱਡੀ ਸਾਰੀ ਮੂਰਤ ਨਾਲ ਛਪਿਆ ਲੇਖ ਪੜ੍ਹਿਆ ਸੀ। ਪਰ ਮੈਨੂੰ ਇਹ ਉੱਕਾ ਹੀ ਪਤਾ ਨਹੀਂ ਸੀ ਕਿ ਹਰਪਾਲ ਕੌਣ ਹਨ। ਪੰਜਾਬ ਵਿਚ ਕਿਸ ਥਾਂ ਨਾਲ ਸਬੰਧ ਰੱਖਦੇ ਹਨ। ਪਰ ਇਹ ਬਹੁਤ ਖ਼ੁਸ਼ੀ ਹੋਈ ਕਿ ਨੈਸ਼ਨਲ ਸਕੂਲ ਆਫ਼ ਡਰਾਮਾ (ਐਨ.ਐਸ.ਡੀ.) ਤੋਂ ਪੰਜਾਬ ਦਾ ਇਹ ਪਹਿਲਾ ਪਾਸ ਆਊਟ ਸੀ। ਸੋ, ਮਿਲਣ ਦੀ ਬਹੁਤ ਤਾਂਘ ਸੀ। ਮੇਰੇ ਇਕ ਮਿੱਤਰ ਬਲਕਾਰ (ਪ੍ਰੋ. ਬਲਕਾਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਤੋਂ ਪਤਾ ਲੱਗਾ ਕਿ ਹਰਪਾਲ ਟਿਵਾਣਾ ਪਟਿਆਲੇ ਦੇ ਹੀ ਹਨ। ਜਦੋਂ ਕਦੀ ਆਇਆ ਤਾਂ ਤੈਨੂੰ ਮਿਲਾ ਦਿਆਂਗਾ। ਅਚਾਨਕ ਇਕ ਦਿਨ ਹਰਪਾਲ ਹੋਰਾਂ ਦਾ ਖ਼ਤ ਮਿਲਿਆ। ਮੈਨੂੰ ਬੜਾ ਅਚੰਭਾ ਹੋਇਆ। ਅੰਗਰੇਜ਼ੀ ਵਿਚ ਖ਼ਤ ਦੀਆਂ ਮੁਖ਼ਤਸਰ ਲਾਈਨਾਂ ਸਨ-

My dear Davinder Daman,
My self and my wife are keen to meet you, please come and join us.

ਮੈਂ ਤਾਂ ਛਾਲਾਂ ਮਾਰਦਾ ਫਿਰਾਂ। ਫਟਾ-ਫੱਟ ਉਨ੍ਹਾਂ ਕੋਲ ਪੁੱਜ ਗਿਆ। ਅਸਲ ਵਿਚ ਹਰਪਾਲ ਹੋਰੀਂ ਪੰਜਾਬ ਵਿਚ ਥੀਏਟਰ ਕਰਨਾ ਚਾਹੁੰਦੇ ਸਨ। ਉਨ੍ਹਾਂ ਨੂੰ ਸਹਿਯੋਗੀ ਲੋੜੀਂਦੇ ਸਨ। ਮੈਂ 1964 ਤੋਂ ਪਟਿਆਲਾ ਵਿਖੇ ਥੀਏਟਰ ਕਰ ਰਿਹਾ ਸਾਂ। ਹਰਪਾਲ 1966 ਵਿਚ ਇਹ ਉਪਰਾਲਾ ਕਰ ਰਹੇ ਸਨ। ਖ਼ੈਰ, ਉਨ੍ਹਾਂ ਪੰਜਾਬੀ ਫ਼ੋਕ ਥੀਏਟਰ ਬਣਾਇਆ ਅਤੇ ਸਫ਼ੋਕਲੀਜ਼ ਦਾ ਗਰੀਕ ਨਾਟਕ 'ਕਿੰਗ ਇਡੀਪਸ' ਖੇਡਿਆ। ਮੈਂ ਉਸ ਵਿਚ ਅੰਨ੍ਹੇ ਨਜੂਮੀ (ਟੈਰੀਸਜ਼) ਦੀ ਭੂਮਿਕਾ ਨਿਭਾਈ। ਫਿਰ ਹਰਪਾਲ ਵਾਪਸ ਦਿੱਲੀ ਚਲੇ ਗਏ ਕਿਉਂਕਿ ਨੀਨਾ ਜੀ (ਹਰਪਾਲ ਦੀ ਪਤਨੀ) ਦਾ ਇਕ ਸਾਲ ਐਨ.ਐਸ.ਡੀ. ਵਿਚ ਬਾਕੀ ਰਹਿੰਦਾ ਸੀ। 1967 ਵਿਚ ਉਹ ਮੁੜ ਆਏ। 'ਰੱਤਾ ਸਾਲੂ' ਅਤੇ 'ਇਤਿਹਾਸ ਜਵਾਬ ਮੰਗਦਾ ਹੈ' (ਡਾ. ਹਰਚਰਨ ਸਿੰਘ) ਤਿਆਰ ਕੀਤੇ ਗਏ। ਮੈਂ 'ਰੱਤਾ ਸਾਲੂ' ਵਿਚ ਜੋਗੇ ਦਾ ਮੁੱਖ ਕਿਰਦਾਰ ਨਿਭਾਇਆ ਅਤੇ ਇਹਦੇ ਵਿਚ ਜਸਵੰਤ ਮੇਰੀ ਭੈਣ ਬਣੀ ਸੀ। ਪੰਜਾਬ ਵਿਚ ਕਈ ਥਾਵਾਂ 'ਤੇ ਇਹਦੇ ਬਹੁਤ ਸਫ਼ਲ ਸ਼ੋਅ ਹੋਏ। 1966 ਤੋਂ 1968 ਤੀਕ ਹਰਪਾਲ ਹੋਰਾਂ ਨਾਲ ਮੇਰਾ ਸਫ਼ਰ ਏਨਾ ਹੀ ਰਿਹਾ। ਫੇਰ ਮੇਰੀ ਬਦਲੀ ਪਟਿਆਲੇ ਤੋਂ ਰੋਪੜ ਦੀ ਹੋ ਗਈ। ਸੋ, ਰੋਪੜ ਆ ਕੇ ਅਪਨਾ ਨਾਟਕੀ ਕੰਮ ਜਾਰੀ ਰੱਖਿਆ।

*?* : ਚੱਲੋ, ਜਿੰਨਾ ਵੀ ਸਾਥ ਸੀ, ਪਰ ਇਸ ਦੌਰਾਨ ਤੁਹਾਡਾ ਉਨ੍ਹਾਂ ਨਾਲ ਰਿਸ਼ਤਾ ਕਿਹੋ ਜਿਹਾ ਰਿਹਾ?

*ਦਮਨ :* ਨੈਸ਼ਨਲ ਸਕੂਲ ਆਫ਼ ਡਰਾਮਾ ਤੋਂ ਹਰਪਾਲ ਹੋਰਾਂ ਨੇ ਨਿਰਦੇਸ਼ਕ ਵਜੋਂ ਨਹੀਂ, ਸਟੇਜ ਡਿਜ਼ਾਈਨਰ ਵਜੋਂ ਡਿਪਲੋਮਾ ਹਾਸਲ ਕੀਤਾ ਸੀ। ਤਿੰਨ ਸਾਲ ਐਨ.ਐਸ.ਡੀ. ਵਿਚ ਰਹਿ ਕੇ ਬਾਕੀ ਰੰਗਮੰਚੀ ਪੱਖਾਂ ਤੋਂ ਬੰਦਾ ਜਾਣੂ ਹੋ ਹੀ ਜਾਂਦਾ ਹੈ। ਫਿਰ ਜਦੋਂ ਤੁਸੀਂ ਅਪਨਾ ਨਾਟ ਟੋਲਾ ਸਥਾਪਤ ਕਰਨਾ ਹੋਵੇ ਤਾਂ ਤੁਹਾਨੂੰ ਨਿਰਦੇਸ਼ਕ ਦਾ ਭਾਰ ਤਾਂ ਅਪਨੇ ਮੋਢਿਆਂ 'ਤੇ ਚੁੱਕਣਾ ਹੀ ਪਵੇਗਾ। ਖ਼ਾਸ ਕਰ ਕੇ ਓਸ ਖਿਤੇ ਵਿਚ ਜਿਥੇ ਮਾਹਰ ਨਿਰਦੇਸ਼ਕ ਦੀ ਅਣਹੋਂਦ ਹੋਵੇ। ਇਸ ਪੱਖ ਤੋਂ ਹਰਪਾਲ ਟਿਵਾਣਾ ਪੰਜਾਬ ਦਾ ਪਹਿਲਾ ਟਰੇਂਡ ਨਿਰਦੇਸ਼ਕ ਸੀ, ਜਿਸ ਨੂੰ ਰੰਗਮੰਚ ਦੇ ਸਾਰੇ ਪੱਖਾਂ ਦੀ ਵਾਕਫ਼ੀ ਸੀ। ਪਰ ਹਰਪਾਲ ਨੇ ਕੁਝ ਕੁ ਪੰਜਾਬੀ ਨਾਟਕਾਂ ਨੂੰ ਛੱਡ ਕੇ ਬਾਕੀ ਸਾਰੇ ਨਾਟਕ ਐਨ.ਐਸ.ਡੀ. ਵਾਲੇ ਹੀ ਖੇਡੇ-ਬਸ ਉਨ੍ਹਾਂ ਨਾਟਕਾਂ ਨੂੰ ਪੰਜਾਬੀ ਰੂਪ ਦਿੱਤਾ।



ਅਦਾਕਾਰ ਦਮਨ, ਜਸਵੰਤ ਦਮਨ ਨਾਲ ਹਰਸਰਨ ਸਿੰਘ ਦੇ ਨਾਟਕ 'ਨਜ਼ਾਮ ਸੱਕਾ' ਵਿਚ - 1976 ਚੰਡੀਗੜ੍ਹ



ਦਵਿੰਦਰ ਦਮਨ ਅਤੇ ਜਸਵੰਤ ਦਮਨ - 1974

ਹਰਪਾਲ ਨਾਲ ਕੰਮ ਕਰਦਿਆਂ ਮੈਂ ਪਹਿਲੀ ਵਾਰ ਰੰਗਮੰਚ ਪ੍ਰਤੀ ਪ੍ਰੋਫ਼ੈਸ਼ਨਲ ਅਪਰੋਚ ਤੋਂ ਵਾਕਫ਼ ਹੋਇਆ। ਰੰਗਮੰਚੀ ਅਨੁਸ਼ਾਸਨ ਨੂੰ ਸਮਝਿਆ। ਬੇਹਤਰ ਢੰਗ ਨਾਲ ਪ੍ਰਬੰਧ ਕਰਨਾ ਸਿਖਿਆ। ਰੰਗਮੰਚ ਦੇ ਵੱਖ-ਵੱਖ ਪਹਿਲੂਆਂ ਤੋਂ ਵਾਕਫ਼ ਹੋਇਆ। ਕੁੱਲ ਮਿਲਾ ਕੇ ਹਰਪਾਲ ਟਿਵਾਣਾ ਮੇਰੇ ਲਈ ਲਈ ਮੇਰਾ ਮਿੰਨੀ ਐਨ.ਐਸ.ਡੀ. ਸੀ।

## ਛਿਪਣ ਤੋਂ ਪਹਿਲਾਂ

*?* : ਇਕ ਵਾਰ ਤੁਹਾਡੇ ਨਾਟਕ 'ਛਿਪਣ ਤੋਂ ਪਹਿਲਾਂ' ਦੀ ਪੇਸ਼ਕਾਰੀ ਤੋਂ ਬਾਅਦ ਭਾਅ ਜੀ ਗੁਰਸ਼ਰਨ ਸਿੰਘ ਨੇ ਦਰਸ਼ਕਾਂ ਨਾਲ ਖਚਾਖਚ ਭਰੇ ਹਾਲ ਵਿਚ ਆਖਿਆ ਕਿ ਪੰਜਾਬੀ ਵਿਚ ਸ਼ਹੀਦ ਭਗਤ ਸਿੰਘ 'ਤੇ ਇਸ ਤੋਂ ਬੇਹਤਰ ਹਾਲੇ ਤਕ ਕੋਈ ਨਾਟਕ ਨਹੀਂ ਹੈ। ਤੁਹਾਨੂੰ ਫ਼ਖ਼ਰ ਹੋਵੇਗਾ ਹੀ ਇਸ ਗੱਲ ਦਾ। ਪਰ ਐਂ ਦੱਸੋ ਬਈ ਤੁਸੀਂ ਭਗਤ ਸਿੰਘ ਨੂੰ ਅਪਣੇ ਨਾਟਕ ਵਿਚ ਪੇਸ਼ ਕਰਦਿਆਂ ਕਿਹੜੀਆਂ ਖ਼ਾਸ ਗੱਲਾਂ ਦਾ ਖਿਆਲ ਰੱਖਿਆ ਕਿ 'ਛਿਪਣ ਤੋਂ ਪਹਿਲਾਂ' ਸਰਵੋਤਮ ਨਾਟਕ ਹੋ ਨਿਬੜਿਆ?

*ਦਮਨ :* ਅ..ਅ.. (ਜ਼ਰਾ ਕੁ ਅਟਕ ਕੇ) ਇਹਦਾ ਰਾਜ਼ ਸੀ, ਇਸ ਸਰਵੋਤਮ ਨਾਟਕ ਦੀ ਕਹਾਣੀ!

*?* : ਕਿਉਂ..? ਮੁਸਕਰਾ ਕਿਉਂ ਰਹੇ ਹੋ?

*ਦਮਨ :* ਸੱਚ! ਮੈਨੂੰ ਤਾਂ ਹਾਸਾ ਹੀ ਆਉਂਦਾ ਅਪਣੀ ਇਸ ਰਚਨਾ 'ਤੇ। ਬੱਸ, ਇਹ ਕਹੋ ਮਜਬੂਰੀ ਵਿਚ ਹੀ ਲਿਖਿਆ ਸੀ ਮੈਂ ਇਹ ਨਾਟਕ। ਧੱਕੇ ਨਾਲ ਲਿਖਵਾਇਆ ਗਿਆ ਸੀ ਮੇਰੇ ਤੋਂ। ਸਮਾਂ ਤਾਂ ਹੈ ਨਹੀਂ ਸੀ ਲਿਖਣ ਲਈ, ਅਚਾਨਕ ਹੁਕਮ ਹੋਇਆ ਕਿ ਨਾਟਕ ਲਿਖੋ ਤੇ ਮੈਂ ਹੈਰਾਨ-ਪ੍ਰੇਸ਼ਾਨ ਹੋਏ ਨੇ ਦਵਾ-ਸੱਟ ਨਾਟਕ ਲਿਖ 'ਤਾ। ਮੈਨੂੰ ਕੀ ਪਤਾ ਸੀ ਕਿ ਇਹ ਸਰਬੋਤਮ ਹੋ ਨਿਬੜੂ। ਚੱਲੋ, ਇਹ ਵੀ ਜ਼ਿੰਦਗੀ ਦਾ ਮਜ਼ੇਦਾਰ ਤਜਰਬਾ ਰਿਹਾ। ਜਾਂ ਇਹ ਕਹਿ ਲਓ, ਅਮਰੀਕਾ, ਕੈਨੇਡਾ ਦੇ ਚੱਕਰ ਵਿਚ ਲਿਖਣਾ ਪਿਆ।

*?* : ਭਲਾ, ਤੁਹਾਨੂੰ ਕਿਹੜੀ ਅਜਿਹੀ ਮਜਬੂਰੀ ਪੈ ਗਈ ਸੀ?

*ਦਮਨ :* ਹਾ.. ਹਾ.. (ਹਸਦੇ ਹੋਏ) ਦਰਅਸਲ, ਬੜਾ ਦਿਲਚਸਪ ਕਿੱਸਾ ਹੈ ਇਹ। ਮੇਰੇ ਕਈ ਦੋਸਤ ਜਾਣਦੇ ਵੀ ਹਨ। ਅਕਸਰ ਏਸ ਨਾਟਕ ਦਾ ਜ਼ਿਕਰ ਹੁੰਦਾ ਹੀ ਰਹਿੰਦਾ ਹੈ ਤੇ ਖੇਡਿਆ ਵੀ ਜਾ ਰਿਹਾ ਹੈ। ਗੱਲ 1981 ਦੀ ਹੈ। ਅਸੀਂ ਦੋ ਨਾਟਕ ('ਰਾਣੀ ਜਿੰਦਾਂ' ਅਤੇ 'ਜ਼ਫ਼ਰਨਾਮਾ') ਲੈ ਕੇ ਅਮਰੀਕਾ ਤੇ ਕੈਨੇਡਾ ਜਾਣ ਦਾ ਪ੍ਰੋਗਰਾਮ ਬਣਾਇਆ ਸੀ। ਕੈਨੇਡਾ ਟੂਰਨ ਤੋਂ ਕੁਝ ਦਿਨ ਪਹਿਲਾਂ ਉਥੋਂ ਦੇ ਸਪੌਂਸਰਜ਼ ਨੇ ਸ਼ਰਤ ਰੱਖ ਦਿੱਤੀ ਕਿ ਲਾਜ਼ਮੀ ਤੌਰ 'ਤੇ ਇਕ ਨਾਟਕ ਭਗਤ ਸਿੰਘ ਬਾਰੇ ਹੋਣਾ ਚਾਹੀਦੈ। ਨਹੀਂ ਤਾਂ ਨਾ ਆਇਓ। ਪ੍ਰਬੰਧਕਾਂ ਨੂੰ ਭਾਜੜਾਂ ਪੈ ਗਈਆਂ ਕਿਉਂਕਿ ਸਪੌਂਸਰਜ਼ ਨੇ ਭਗਤ ਸਿੰਘ 'ਤੇ ਲਿਖੇ ਪਹਿਲੇ ਸਾਰੇ ਨਾਟਕ ਰੱਦ ਕਰ ਦਿੱਤੇ ਸੀ, ਜਿਨ੍ਹਾਂ ਵਿਚ ਡਾ. ਹਰਚਰਨ ਸਿੰਘ ਅਤੇ ਸਾਗਰ ਸਰਹੱਦੀ ਦੇ ਨਾਟਕ ਵੀ ਸ਼ਾਮਲ ਸਨ। ਸਾਡੇ ਟੂਰ ਦਾ ਜਿਹੜਾ ਫ਼ਾਇਨਾਂਸਰ ਸੀ, ਐਚ.ਐਸ. ਭੱਟੀ, ਉਹਨੂੰ ਪਤਾ ਨਹੀਂ ਕੀ ਓਹੜੀ, ਮੈਨੂੰ ਕਹਿੰਦਾ, ਐਂ ਕਰ ਫਟਾ-ਫੱਟ ਭਗਤ ਸਿੰਘ 'ਤੇ ਨਾਟਕ ਲਿਖ।' ਮੈਂ ਹੈਰਾਨ ਹੋ ਕੇ ਉਹਦਾ ਮੂੰਹ ਦੇਖਾਂ। ਬਈ, ਐਂ ਕਿਵੇਂ ਨਾਟਕ ਲਿਖ ਦਿਆਂ। ਇਹਦੇ ਲਈ ਪੂਰੀ ਮਿਹਨਤ ਦੀ ਲੋੜ ਹੈ। ਨਾਲੇ ਮੈਂ ਤਾਂ ਨਾਟਕ 'ਜ਼ਫ਼ਰਨਾਮਾ' ਤਿਆਰ ਕਰਵਾ ਰਿਹਾ ਸੀ ਤੇ ਦੂਜੇ ਪਾਸੇ 'ਰਾਣੀ ਜਿੰਦਾਂ' ਵਿਚ ਵੀ ਮੇਰੀ ਅਹਿਮ ਭੂਮਿਕਾ ਸੀ। ਇਹ ਨਾਟਕ ਮੋਹਨ ਮਹਾ ਰਿਸ਼ੀ ਨਿਰਦੇਸ਼ਤ ਕਰ ਰਹੇ ਸਨ। ਮੈਂ ਅਪਣਾ ਪਿੱਛਾ ਛੁਡਾਉਣ ਲਈ ਅਮਿਤੋਜ ਦੀਆਂ ਮਿੰਨਤਾਂ ਕਰਨ ਲੱਗਾ..

*?* : ਅਮਿਤੋਜ? ਅਮਿਤੋਜ ਵਿਚੋਂ ਕਿੱਥੇ ਆ ਗਿਆ- ਉਹ ਤਾਂ ਨਾਟਕਕਾਰ ਨਹੀਂ ਸੀ?

*ਦਮਨ :* ਹਾ..ਹਾ.. (ਹਸਦੇ ਹੋਏ) ਇਕ-ਇਕ ਕਰ ਕੇ ਭੇਤ ਖੋਲ੍ਹਦਾਂ। ਇਹ ਵੀ ਅਪਣੇ-ਆਪ ਵਿਚ ਦਿਲਚਸਪ ਕਿੱਸਾ ਹੈ। ਅਮਿਤੋਜ ਉਦੋਂ 'ਰਾਣੀ ਜਿੰਦਾਂ' ਲਈ ਗੀਤ ਲਿਖ ਰਿਹਾ ਸੀ..

*?* : ਗੀਤ ਤਾਂ ਠੀਕ ਹੈ.. ਪਰ ਨਾਟਕ..?

*ਦਮਨ :* ਕੋਈ ਨੀਂ.. ਇਹਤੋਂ ਵੀ ਪਰਦਾ ਚੁੱਕਦਾ ਹਾਂ.. ਮੈਨੂੰ ਵੀ ਪਤਾ ਸੀ ਕਿ ਅਮਿਤੋਜ ਨਾਟਕਕਾਰ ਨਹੀਂ ਹੈ ਪਰ ਮੈਨੂੰ ਉਸ ਦੇ ਨਾਟਕ ਲਿਖਣ ਦਾ ਪੱਖ ਵੀ ਉਦੋਂ ਹੀ ਪਤਾ ਚਲਿਆ ਸੀ..

*?* : ਉਹ ਕਿਵੇਂ..? ਯਕੀਨ ਜਿਹਾ ਨਹੀਂ ਆ ਰਿਹਾ..

*ਦਮਨ :* ਹਾਂ, ਤੁਹਾਡਾ ਹੈਰਾਨ ਹੋਣਾ ਸਹੀ ਹੈ। ਅਸਲ ਵਿਚ ਹੋਇਆ ਇਸ ਤਰ੍ਹਾਂ ਕਿ ਜਦੋਂ ਬੰਬਈ ਵਿਚ ਮੈਂ ਸੰਤ ਸਿੰਘ ਸੇਖੋਂ ਦਾ ਨਾਟਕ 'ਮੋਇਆ ਸਾਰ ਨਾ ਕਾਈ' ਖੇਡਣ ਗਿਆ ਹੋਇਆ ਸਾਂ ਤਾਂ ਉਦੋਂ ਫ਼ੈਸਲਾ ਹੋਇਆ ਸੀ ਕਿ ਅਮਰੀਕਾ, ਕੈਨੇਡਾ, ਇੰਗਲੈਂਡ ਵਿਚ ਨਾਟਕ ਖੇਡੇ ਜਾਣਗੇ। ਡਾ. ਹਰਚਰਨ ਸਿੰਘ ਨਾਟਕ ਲਿਖਣਗੇ 'ਰਾਣੀ ਜਿੰਦਾਂ'..ਦਵਿੰਦਰ ਦਮਨ ਡਾਇਰੈਕਟ ਕਰੇਗਾ ਅਤੇ ਹੁਕਮ ਸਿੰਘ ਭੱਟੀ ਫ਼ਾਇਨਾਂਸ ਕਰੇਗਾ..ਪਰ ਬਾਅਦ ਵਿਚ ਡਾ. ਹਰਚਰਨ ਸਿੰਘ ਹੋਰਾਂ ਦਾ ਖ਼ਿਆਲ ਬਦਲ ਗਿਆ। ਉਹ ਤੇ ਹੁਕਮ ਸਿੰਘ ਭੱਟੀ ਅਲਕਾਜ਼ੀ ਕੋਲ ਪਹੁੰਚ ਗਏ। ਅਲਕਾਜ਼ੀ ਨੇ ਪੰਜਾਬ ਦੇ ਇਤਿਹਾਸ 'ਤੇ ਸਭਿਆਚਾਰ ਬਾਰੇ ਅਪਣੀ ਜਾਣਕਾਰੀ ਨਾ ਹੋਣ ਦਾ ਬਹਾਨਾ ਬਣਾ ਕੇ ਨਾਟਕ ਡਾਇਰੈਕਟ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਆਖਿਆ ਕਿ ਕੋਈ ਪੰਜਾਬੀ ਨਿਰਦੇਸ਼ਕ ਤੋਂ ਨਿਰਦੇਸ਼ਨ ਕਰਵਾਓ। ਹਰਪਾਲ ਟਿਵਾਣਾ ਤੋਂ ਡਾ. ਸਾਹਿਬ ਡਾਇਰੈਕਟ ਕਰਵਾਉਣਾ ਨਹੀਂ ਸਨ ਚਾਹੁੰਦੇ। ਆਖ਼ਰ ਮੋਹਨ ਮਹਾ ਰਿਸ਼ੀ ਚੁਣ ਲਏ ਗਏ। ਡਾ. ਸਾਹਿਬ ਨੇ ਪੰਜਾਬੀ ਯੂਨੀਵਰਸਿਟੀ ਦੇ ਥੀਏਟਰ ਵਿਭਾਗ ਵਿਚ ਨਾਟਕ ਪੜ੍ਹਿਆ। ਉਦੋਂ ਮੈਂ ਵੀ ਉਥੇ ਹੀ ਮੌਜੂਦ ਸੀ। ਡਾ. ਸਾਹਿਬ ਨੂੰ ਉਮੀਦ ਨਹੀਂ ਸੀ, ਮੇਰੇ ਹਾਜ਼ਰ ਹੋਣ ਦੀ- ਜਦੋਂ ਰਾਣੀ ਜਿੰਦਾਂ ਤੇ ਪੁੱਤਰ ਦਲੀਪ ਸਿੰਘ ਦੇ ਮਿਲਾਪ ਦਾ ਸੀਨ ਆਇਆ ਤਾਂ ਡਾ. ਸਾਹਿਬ ਮੇਰੇ ਵੱਲ ਵੇਖ ਕੇ ਕਹਿਣ ਲੱਗੇ ਆਹ ਤਾਂ ਮੈਂ ਤੁਹਾਡੇ ਵਾਲਾ ਸੀਨ ਹੀ ਰੱਖ ਲਿਆ..ਮੈਨੂੰ ਹੈਰਾਨੀ ਹੋਈ..ਮੈਂ ਕਿਹਾ ਡਾ. ਸਾਹਿਬ ਮੈਂ ਤਾਂ 'ਰਾਣੀ ਜਿੰਦਾਂ' 'ਤੇ ਕੋਈ ਨਾਟਕ ਨਹੀਂ ਲਿਖਿਆ। ਡਾ. ਸਾਹਿਬ ਬੋਲੇ..' ਉਹੋ ਹੀ, ਮੇਰਾ ਮਤਲਬ ਹੈ, ਜੋ ਤੁਸਾਂ ਸੰਤ ਸਿੰਘ ਸੇਖੋਂ ਦਾ 'ਮੋਇਆਂ ਸਾਰ ਨਾ ਕਾਈ' ਖੇਡਿਆ ਹੈ..ਅਸਲ ਵਿਚ ਡਾਕਟਰ ਸਾਹਿਬ ਨੇ ਸੇਖੋਂ ਦਾ ਮਾਂ-ਪੁੱਤਰ ਮਿਲਾਪ ਦਾ ਸਾਰਾ ਸੀਨ, ਹੂ-ਬ-ਹੂ ਅਪਣੇ ਨਾਟਕ ਵਿਚ ਚੇਪ ਦਿੱਤਾ ਸੀ- ਮੋਹਨ ਮਹਾ ਰਿਸ਼ੀ ਨੂੰ ਸਕਰਿਪਟ ਬਹੁਤ ਹੀ ਕਮਜ਼ੋਰ ਲੱਗੀ। ਉਸ ਨੇ ਅਮਿਤੋਜ ਨੂੰ, ਜੋ ਕਿ ਨਾਟਕ ਦੇ ਗੀਤ ਲਿਖਣ ਲਈ ਸੱਦਿਆ ਗਿਆ ਸੀ, ਨਾਟਕ ਦੀ ਸਕਰਿਪਟ ਸੋਧਣ ਲਈ ਮਨਾ ਲਿਆ। ਸੋ ਮੈਂ ਵੀ ਅਪਣਾ ਖਹਿੜਾ ਛੁਡਾਉਣ ਲਈ ਅਮਿਤੋਜ ਨੂੰ ਭਗਤ ਸਿੰਘ 'ਤੇ ਨਾਟਕ ਲਿਖਣ ਲਈ ਪੇਸ਼ਕਸ਼ ਕੀਤੀ।

*?* : ਫੇਰ ਅਮਿਤੋਜ ਨੇ ਲਿਖਿਆ?

*ਦਮਨ :* ..ਨਹੀਂ, ਅਮਿਤੋਜ ਬੜੇ ਨਖ਼ਰੇ ਨਾਲ ਆਖਣ ਲੱਗਾ..ਲਿਖ ਤਾਂ ਦਿਆਂਗਾ ਪਰ ਇਕ ਪੇਟੀ ਲੱਗੇਗੀ..ਮੈਂ ਕਿਹਾ, 'ਠੀਕ ਹੈ..' ਫਿਰ ਆਖਣ ਲੱਗਾ, 'ਰਾਣੀ ਜਿੰਦਾਂ' ਵਾਲਾ ਮੇਰਾ ਕੰਮ ਖ਼ਤਮ ਹੋ ਗਿਆ ਹੈ- ਹੁਣ ਮੇਰੇ ਕੋਲ ਰਹਿਣ ਨੂੰ ਜਗ੍ਹਾ ਨਹੀਂ। ਮੈਂ ਕਿਹਾ, ਮੇਰੇ ਘਰ ਆ ਜਾ..ਅਮਿਤੋਜ ਚਾਰ ਦਿਨ ਮੇਰੇ ਘਰ ਰਹਿ ਕੇ..ਚਾਰ ਕੁ ਬੋਤਲਾਂ ਦਾਰੂ ਦੀਆਂ ਪੀ ਕੇ ਜਲੰਧਰ ਖਿਸਕ ਗਿਆ। ਫ਼ੋਨ 'ਤੇ ਸੁਨੇਹਾ ਦੇ ਦਿੱਤਾ 'ਸੌਰੀ ਦਮਨ ਭਾਅ ਜੀ..ਕੁਝ ਸੁੱਝਿਆ ਨਹੀਂ..ਭਗਤ ਸਿੰਘ 'ਤੇ ਨਾਟਕ ਲਿਖ

ਨਹੀਂ ਪਾਵਾਂਗਾ'..ਮੈਂ ਤਾਂ ਸੁੰਨ ਹੀ ਹੋ ਗਿਆ। ਉਧਰੋਂ ਕੈਨੇਡਾ ਤੋਂ ਭਗਤ ਸਿੰਘ ਉਪਰ ਨਾਟਕ ਦੀ ਮੰਗ ਹੋਰ ਪੱਕੀ ਹੋ ਰਹੀ ਸੀ। ਸਾਰਾ ਟੂਰ ਹੀ ਰੱਦ ਹੋਣ ਦੀ ਕਾਗਾਰ 'ਤੇ ਆ ਗਿਆ। ਭੱਟੀ ਆਖਣ ਲੱਗਾ ਤੂੰ ਲਿਖ ਸਕਦਾ ਹੈਂ-ਲਿਖ ਲੈ..। ਮੈਂ ਕਿਹਾ, ਦੋ ਨਾਟਕਾਂ ਦੀ ਰਿਹਰਸਲਾਂ ਕਰਦਿਆਂ ਮੇਰੇ ਕੋਲ ਵਕਤ ਹੀ ਕਿੱਥੇ ਹੈ..? ਆਖ਼ਰ ਇਕ ਦਿਨ ਰਿਹਰਸਲਾਂ ਛੱਡੀਆਂ..ਅਪਣੇ ਇਕ ਕਲਾਕਾਰ ਜਸਪਾਲ ਢਿਲੋਂ ਜੋ ਕਿ ਸਟੈਨੋ ਸੀ, ਉਸ ਨੂੰ ਬਿਠਾ ਕੇ ਜੂਨ ਮਹੀਨੇ ਦੀ ਰੁੱਤੇ ਗਰਮੀ ਵਿਚ ਬਿਨਾਂ ਕੂਲਰ ਤੇ ਏ.ਸੀ. ਤੋਂ..ਨਾਟਕ ਡਿਕਟੇਟ ਕਰ ਕੇ ਸ਼ਾਮ ਦੇ 6 ਵਜੇ ਰੀਡਿੰਗ ਵੀ ਕਰ ਦਿੱਤੀ।

? : ਬਿਨਾਂ ਕਿਸੇ ਤਿਆਰੀ ਦੇ..ਇਹ ਕਿਵੇਂ ਹੋ ਸਕਦਾ ਹੈ?

*ਦਮਨ :* ਅਸਲ ਵਿਚ ਮੈਂ ਭਗਤ ਸਿੰਘ ਬਾਰੇ ਬਹੁਤ ਪੜ੍ਹਿਆ ਹੋਇਆ ਸੀ-ਮੇਰੇ ਅੰਦਰ ਮੰਥਨ ਹੋ ਰਿਹਾ ਸੀ..। ਮੈਂ ਬਿਨਾਂ ਰੁਕਿਆਂ, ਡਿਕਟੇਟ ਕਰੀ ਗਿਆ। ਮੈਨੂੰ ਵੀ ਉਦੋਂ ਅੰਦਾਜ਼ਾ ਨਹੀਂ ਸੀ ਕਿ ਇਹ ਮੇਰੀ ਵੱਡੀ ਰਚਨਾ ਬਣ ਜਾਵੇਗੀ। ਜਦੋਂ ਲੋਕਾਂ ਨੇ ਇਸ ਨੂੰ ਪਸੰਦ ਕੀਤਾ ਤਾਂ ਮੇਰੀ ਖ਼ੁਸ਼ੀ ਦਾ ਵੀ ਕੋਈ ਟਿਕਾਣਾ ਨਾ ਰਿਹਾ। ਇਕ ਕਲਾਕਾਰ ਲਈ ਇਹ ਸਭ ਤੋਂ ਵੱਡਾ ਇਨਾਮ ਹੁੰਦਾ ਹੈ। ਅੱਜ ਵੀ ਜਦੋਂ ਇਸ ਨਾਟਕ ਦੇ ਕਿਤੇ ਖੇਡੇ ਜਾਣ ਬਾਰੇ ਸੁਣਦਾ-ਪੜ੍ਹਦਾ ਹਾਂ ਤਾਂ ਅਜੀਬ ਜਿਹੀ ਧਰਵਾਸ ਮਿਲਦੀ ਹੈ। ਇਸ ਨਾਟਕ ਨੂੰ ਪਾਕਿਸਤਾਨ ਵਿਚ ਤਿੰਨ ਨਾਟਕ ਟੋਲੇ ਖੇਡ ਰਹੇ ਹਨ। ਅਮਰੀਕਾ, ਕੈਨੇਡਾ ਅਤੇ ਬੰਗਲਾਦੇਸ਼ ਵਿਚ ਵੀ ਲਗਾਤਾਰ ਖੇਡਿਆ ਜਾ ਰਿਹਾ ਹੈ- ਭਾਰਤ ਵਿਚ ਕਈ ਪ੍ਰਾਂਤਾਂ ਵਿਚ ਆਪੋ-ਅਪਣੀਆਂ ਬੋਲੀਆਂ ਵਿਚ ਵੀ ਪ੍ਰਦਰਸ਼ਤ ਹੋ ਰਿਹਾ ਹੈ। ਜਲੰਧਰ ਦੂਰਦਰਸ਼ਨ 'ਤੇ ਭਗਤ ਸਿੰਘ ਦੇ ਸ਼ਹਾਦਤ ਦਿਵਸ 'ਤੇ ਲਗਾਤਾਰ ਪੰਜ ਸਾਲ ਪ੍ਰਸਾਰਤ ਹੋਇਆ। ਹਰਿਆਣਾ ਵਿਚ ਬਿਨਾਂ ਹੀ ਮੇਰੀ ਇਜਾਜ਼ਤ ਦੇ ਸਾਖਰਤਾ ਵਾਲਿਆਂ ਨੇ ਹਿੰਦੀ ਭਾਸ਼ਾ ਵਿਚ ਛਾਪ ਕੇ ਵੰਡਿਆ। ਨੈਸ਼ਨਲ ਬੁੱਕ ਟਰਸਟ ਨੇ ਮੇਰੇ ਕੋਲੋਂ ਇਸ ਨਾਟਕ ਸਦਕਾ ਹੀ ਪੰਜਾਬੀ ਵਿਚ ਭਗਤ ਸਿੰਘ 'ਤੇ ਲਿਖੇ ਸਾਰੇ ਨਾਟਕ ਸੰਪਾਦਤ ਕਰਵਾ ਕੇ ਛਾਪੇ ਹਨ-'ਭਗਤ ਸਿੰਘ:ਨਾਟਕੀ ਰੂਪ'। ਪੰਜਾਬ ਦਾ ਕੋਈ ਹੀ ਨਾਟਕ ਟੋਲਾ ਹੋਵੇਗਾ, ਜਿਸ ਨੇ ਇਹ ਨਾਟਕ ਨਾ ਖੇਡਿਆ ਹੋਵੇ। ਹਜ਼ਾਰਾਂ ਸ਼ੋਅ ਹੋ ਚੁੱਕ ਹਨੇ ਅਤੇ ਅਜੇ ਪ੍ਰਦਰਸ਼ਨ ਜਾਰੀ ਹੈ।

## ਨਾਟਕ ਦੀ ਚੋਰੀ

? : ਕੀ ਇਹ ਨਾਟਕ ਖੇਡਣ ਵਾਲੇ ਤੁਹਾਨੂੰ ਇਸ ਦੀ ਕੋਈ ਰਾਇਲਟੀ ਵੀ ਦਿੰਦੇ ਹਨ?

*ਦਮਨ :* ਵਿਦੇਸ਼ਾਂ ਵਾਲੇ ਦਿੰਦੇ ਹਨ। ਦੇਸ਼ ਵਾਲੇ ਬਹੁਤ ਟਾਵੇਂ-ਟਾਵੇਂ। ਅਸਲ ਵਿਚ ਮੈਨੂੰ ਰਾਇਲਟੀ ਨਾਲੋਂ ਇਸ ਗੱਲ ਦੀ ਜ਼ਿਆਦਾ ਤਸੱਲੀ ਹੈ ਕਿ ਲੋਕਾਂ ਤੀਕ ਭਗਤ ਸਿੰਘ ਦਾ ਸੁਨੇਹਾ ਪੁੱਜ ਰਿਹਾ ਹੈ। ਜਿਸ ਦੀ ਮੈਂ ਸਮਝਦਾ ਹਾਂ ਅੱਜ ਦੇ ਦੌਰ ਵਿਚ ਲੋੜ ਜ਼ਿਆਦਾ ਹੈ। ਮੈਨੂੰ ਇਸ ਗੱਲ ਦਾ ਮਾਣ ਵੀ ਮਹਿਸੂਸ ਹੁੰਦਾ ਹੈ ਕਿ ਮੈਂ ਇਹ ਸੁਨੇਹਾ ਲੋਕਾਂ ਤਕ ਪਹੁੰਚਾਉਣ ਲਈ ਜ਼ਰੀਆ ਬਣਿਆ ਹਾਂ।

ਬਾਅਦ ਵਿਚ ਮੈਂ ਇਸ ਨੂੰ ਫ਼ਿਲਮ ਦੇ ਰੂਪ ਵਿਚ ਵੀ ਢਾਲਣਾ ਚਾਹੁੰਦਾ ਸੀ। ਪਰ..ਸਾਰੀਆਂ ਇਛਾਵਾਂ ਪੂਰੀਆਂ ਤਾਂ ਨਹੀਂ ਹੋ ਸਕਦੀਆਂ ਨਾ..।

? : 'ਛਿਪਣ ਤੋਂ ਪਹਿਲਾਂ' ਬਾਰੇ ਪਿਛੇ ਜਿਹੇ 'ਨਵੇਂ ਜ਼ਮਾਨੇ' ਵਿਚ ਤਸਕੀਨ ਦਾ ਲੇਖ ਪੜ੍ਹਿਆ ਸੀ ਕਿ ਸ਼ਾਹ ਨਦੀਮ (ਅਜੋਕਾ ਥੀਏਟਰ ਗਰੁੱਪ, ਪਾਕਿਸਤਾਨ) ਨੇ ਤੁਹਾਡਾ ਨਾਟਕ ('ਛਿਪਣ ਤੋਂ ਪਹਿਲਾਂ') ਚੋਰੀ ਕਰ ਕੇ ਉਸ ਨੂੰ ਵਿਗਾੜ ਕੇ ਨਵੇਂ ਹੀ ਅਰਥ ਦੇ ਦਿੱਤੇ ਹਨ। ਤੁਹਾਡਾ ਕੀ ਕਹਿਣਾ ਹੈ?

*ਦਮਨ :* ਮੈਂ ਕੀ ਕਹਿਣਾ ਹੈ। ਸਾਹਿਤ ਦੀ ਚੋਰੀ ਆਮ ਗੱਲ ਹੈ। ਕਦੇ ਸੁਚੇਤ ਤੌਰ 'ਤੇ ਅਤੇ ਕਦੀ ਅਚੇਤ ਤੌਰ 'ਤੇ। ਕੁਝ ਸਾਲ ਪਹਿਲਾਂ ਇਕ ਬੀਬੀ ਜੋ ਨਵੀਂ-ਨਵੀਂ ਨਾਟਕ ਲਿਖਣ ਲੱਗੀ ਸੀ, ਨੇ ਇਹੋ ਨਾਟਕ ਚੋਰੀ ਕਰ ਕੇ ਛਪਵਾ ਦਿੱਤਾ। ਇਥੇ ਹੀ ਬੱਸ ਨਹੀਂ, ਪੰਜਾਬ ਸਰਕਾਰ ਦੇ ਲੋਕ ਸੰਪਰਕ ਵਿਭਾਗ ਤੋਂ ਨਾਟਕ ਦੇ ਸ਼ੋਅ ਲੈਣ ਲਈ ਅਰਜ਼ੀ ਵੀ ਦਾਖ਼ਲ ਕਰ ਦਿੱਤੀ। ਵਿਭਾਗ ਨੇ ਮੈਨੂੰ ਮਾਹਰ ਵਜੋਂ ਸੱਦਿਆ ਅਤੇ ਪੁੱਛਿਆ ਕਿ ਕਿਸੇ ਨੇ ਇਹ ਨਾਟਕ ਦੀ ਸਪਾਂਸਰਸ਼ਿਪ ਮੰਗੀ ਹੈ-ਤੁਸੀਂ ਨਾਟਕ ਪੜ੍ਹ ਕੇ ਸਾਡੀ ਮਦਦ ਕਰੋ ਕਿ ਇਸ ਨੂੰ ਸਪਾਂਸਰਸ਼ਿਪ ਦੇਣੀ ਚਾਹੀਦੀ ਹੈ ਜਾਂ ਨਹੀਂ। ਮੈਂ ਨਾਟਕ ਪੜ੍ਹਨਾ ਸ਼ੁਰੂ ਕੀਤਾ ਤਾਂ ਮੈਨੂੰ ਮਹਿਸੂਸ ਹੋਇਆ ਕਿ ਇਹ ਨਾਟਕ ਤਾਂ ਮੈਂ ਪਹਿਲਾਂ ਪੜ੍ਹਿਆ ਹੋਇਆ ਹੈ। ਜਦ ਅੱਗੇ ਪਿਛੇ ਝਾਕਿਆ, ਨਜ਼ਰ ਮਾਰੀ ਤਾਂ ਪਤਾ ਲੱਗਾ ਕਿ ਇਹ ਤਾਂ ਮੇਰੇ ਨਾਟਕ ਦਾ ਰੀਪਲਕਾ ਹੈ..ਵਿਭਾਗ ਵਾਲਿਆਂ ਨੂੰ ਪਤਾ ਸੀ। ਉਹ ਤਾਂ ਕੇਵਲ ਮੈਨੂੰ ਮਜ਼ਾਕੀਆ ਲਹਿਜ਼ੇ ਨਾਲ ਸੂਚਤ ਕਰਨਾ ਚਾਹੁੰਦੇ ਸਨ। ਅਸੀਂ ਬਹੁਤ ਹੱਸੇ। ਉਨ੍ਹਾਂ ਤਾਂ ਪਹਿਲਾਂ ਹੀ ਨਾਟਕਕਾਰ ਬੀਬੀ ਦੀ ਬੇਨਤੀ ਰੱਦ ਕਰ ਦਿੱਤੀ ਸੀ।

? : ਸ਼ਾਇਰ ਸਵਿਤੋਜ ਨੇ ਇਕ ਵਾਰ ਤੁਹਾਡੇ ਬਾਰੇ ਲਿਖਿਆ, 'ਦਮਨ ਜਾਣਦੈ ਕਿ ਕਿਵੇਂ ਕਿਸੇ ਮੰਤਰੀ ਨੂੰ ਨਾਟਕ ਦੇ ਉਦਘਾਟਨ 'ਤੇ ਬੁਲਾ ਕੇ ਉਸ ਤੋਂ ਰੁਪਏ ਬਟੋਰੇ ਜਾ ਸਕਦੇ ਹਨ, ਕੀ ਇਹ ਗੱਲ ਸੱਚੀ ਹੈ ਜਾਂ ਐਵੇਂ ਸਵਿਤੋਜ ਨੇ ਹਾਸਾ ਠੱਠਾ ਹੀ ਕੀਤਾ ਸੀ?

*ਦਮਨ :* ਹਾਂ, ਸਵਿਤੋਜ ਦੀ ਇਹ ਗੱਲ ਤਾਂ ਸੱਚ ਹੈ। ਮੈਂ ਜਾਣਦਾ ਹਾਂ ਕਿ ਕਿਸੇ ਮੰਤਰੀ ਤੋਂ ਪੈਸੇ ਕਿਵੇਂ ਬਟੋਰੀਦੇ ਨੇ, ਕਿਉਂਕਿ ਮੈਂ ਲੋਕਾਂ ਨੂੰ ਬਟੋਰਦੇ ਦੇਖਿਆ ਹੈ। ਪਰ ਮੈਂ ਕਦੇ ਬਟੋਰੇ ਨਹੀਂ। ਇਕ ਵਾਰ ਇਕ ਵਿਤ ਮੰਤਰੀ ਨੇ ਦੋ ਹਜ਼ਾਰ ਰੁਪਏ ਦੇਣ ਦਾ ਐਲਾਨ ਕਰ ਦਿੱਤਾ। ਸਾਲ ਭਰ ਚੱਕਰ ਮਾਰਨ ਪਿਛੋਂ ਮਸਾਂ ਮੇਰੇ ਇਕ ਪ੍ਰਸੰਸਕ ਡਿਪਟੀ ਕਮਿਸ਼ਨਰ ਸਦਕਾ ਪ੍ਰਾਪਤ ਹੋਏ। ਪਿਛੋਂ ਉਸ ਰਕਮ ਦਾ ਹਿਸਾਬ ਰੱਖਣਾ ਵੀ ਬਹੁਤ ਕਜ਼ੀਆ ਸੀ..ਮੁੜ ਕੇ ਮੈਂ ਤਾਂ ਮੰਤਰੀਆਂ ਨੂੰ ਸੱਦਣਾ ਹੀ ਬੰਦ ਕਰ ਦਿੱਤਾ। ਜੇ ਕਿਸੇ ਨੇ ਆਉਣਾ ਵੀ ਚਾਹਿਆ ਤਾਂ ਮੈਂ ਸ਼ਰਤ ਰੱਖ ਦਿੱਤੀ ਕਿ ਸਮੇਂ ਸਿਰ ਆਉਣਾ। ਨਾਟਕ ਸਮੇਂ ਸਿਰ ਸ਼ੁਰੂ ਹੋ ਜਾਵੇਗਾ ਤੇ ਮੰਤਰੀ ਇਕ ਦਰਸ਼ਕ ਵਾਂਗ ਆਵੇਗਾ, ਕੋਈ ਖ਼ਾਸ ਸਵਾਗਤ ਨਹੀਂ ਹੋਵੇਗਾ। ਨਾਟਕ ਮਗਰੋਂ ਮੈਂ ਭਾਸ਼ਣ ਦੇ ਕਦਾਚਿਤ ਹੱਕ ਵਿਚ ਨਹੀਂ।




ਲੇਖਕ ਦਮਨ : ਪੰਜਾਬੀ ਆਲੋਚਨਾ ਦੇ ਭੀਸ਼ਮ ਪਿਤਾਮਾ ਸੰਤ ਸਿੰਘ ਸੇਖੋਂ ਨਾਲ ਦਵਿੰਦਰ ਦਮਨ - 1985 - ਸੰਗਰੂਰ

ਭ੍ਰਿਸ਼ਟ ਆਲਾ-ਦੁਆਲਾ

? : ਸੁਣਿਐਂ ਪਾਇਲਟ ਬਣਦੇ-ਬਣਦੇ ਰਹਿ ਗਏ ਸੀ ਤੁਸੀਂ। ਕੀ ਹੋਇਆ ਸੀ?

*ਦਮਨ :* ਇਉਂ ਕਹਿ ਲਓ, ਇਹ ਵੀ ਜਵਾਨੀ ਦਾ ਜੋਸ਼ ਹੀ ਸੀ। ਇਹ 62ਕੁ ਵੇਲਿਆਂ ਦੀ ਗੱਲ ਹੈ। ਉਦੋਂ ਚੀਨ ਨਾਲ ਟਕਰਾਅ ਚੱਲ ਰਿਹਾ ਸੀ..ਅਖ਼ਬਾਰਾਂ ਵਿਚ ਦੋਵੇਂ ਮੁਲਕਾਂ ਦੇ ਜਹਾਜ਼ਾਂ ਦੇ ਟਕਰਾਉਣ ਦੀਆਂ ਫ਼ੋਟੋਆਂ ਛਪਦੀਆਂ ਸਨ। ਮੇਰੇ ਖ਼ੂਨ ਨੇ ਵੀ ਉਬਾਲ ਖਾਧਾ। ਪਾਇਲਟ ਵਜੋਂ ਚੋਣ ਹੋ ਗਈ। ਏਅਰ ਫ਼ੋਰਸ ਤੋਂ ਟਰੇਨਿੰਗ ਲਈ ਸੱਤ ਕਾਲਾਂ ਆਈਆਂ। ਉਦੋਂ ਤਕ ਲੜਾਈ ਬੰਦ ਹੋ ਗਈ ਸੀ। ਜਦੋਂ ਮੈਂ ਟਰੇਨਿੰਗ ਦੇ ਸ਼ਡਿਊਲ 'ਤੇ ਨਜ਼ਰ ਮਾਰੀ ਤਾਂ ਪਤਾ ਲੱਗਾ ਕਿ ਅਪਣੇ ਸ਼ੌਕ ਲਈ ਕੋਈ ਵਕਤ ਨਹੀਂ। ਮੈਨੂੰ ਫ਼ਿਕਰ ਪੈ ਗਿਆ ਕਿ ਮੇਰੇ ਨਾਟਕਾਂ ਦਾ ਕੀ ਬਣੂੰ। ਬੱਸ ਉਥੇ ਹੀ, ਖ਼ੂਨ ਠੰਢਾ ਹੋ ਗਿਆ। ਸੋ, ਜੁਆਇਨ ਹੀ ਨਹੀਂ ਕੀਤਾ।

? : ਫੇਰ ਜਾ ਫਸੇ ਮਹਾਂਭ੍ਰਿਸ਼ਟ ਮਹਿਕਮੇ ਫੂਡ ਸਪਲਾਈ ਵਿਚ। ਅਪਣੇ ਨਾਟਕਾਂ ਰਾਹੀਂ ਲੁੱਟ-ਖਸੁੱਟ ਰਹਿਤ ਸਮਾਜ ਸਿਰਜਣ ਦਾ ਸੁਨੇਹਾ ਦੇਣ ਵਾਲੇ ਲੇਖਕ, ਨਿਰਦੇਸ਼ਕ ਅਤੇ ਅਦਾਕਾਰ ਦਵਿੰਦਰ ਦਮਨ ਦੀ ਰੂਹ ਨੇ ਕਿਵੇਂ ਬਰਦਾਸ਼ਤ ਕੀਤਾ ਅਪਣਾ ਭ੍ਰਿਸ਼ਟ ਆਲਾ-ਦੁਆਲਾ?

*ਦਮਨ :* ਕੀ ਕਰਦੇ..? ਹੋਰ ਕੋਈ ਚਾਰਾ ਹੀ ਨਹੀਂ ਸੀ। ਘਰਦਿਆਂ ਘਰੋਂ ਕੱਢ ਦਿੱਤਾ ਮਰਾਸੀ ਕਹਿ ਕੇ। ਸੱਤ ਸੌ ਰੁਪਏ ਬੇਸਿਕ ਤਨਖ਼ਾਹ ਛੱਡ ਕੇ 60 ਰੁਪਏ ਬੇਸਿਕ ਤਨਖ਼ਾਹ ਪ੍ਰਵਾਨ ਕਰ ਲਈ। ਠੀਕ ਹੈ, ਮਹਿਕਮਾ ਭ੍ਰਿਸ਼ਟ ਸੀ ਪਰ ਮੈਨੂੰ ਸਿਸਟਮ ਸਮਝ ਆ ਗਿਆ ਸੀ..ਪਰ ਅਪਣੇ-ਆਪ ਨੂੰ ਭ੍ਰਿਸ਼ਟ ਹੋਣ ਤੋਂ ਬਚਾਈ ਰੱਖਿਆ। ਇਥੋਂ ਤੀਕ ਕਿ ਜ਼ਿਲ੍ਹਿਆਂ ਵਿਚ ਆਡਿਟ ਕਰਨ ਲਈ ਦੌਰੇ ਸਮੇਂ ਅਪਣੀ ਸ਼ਰਾਬ ਵੀ ਚੰਡੀਗੜ੍ਹ ਤੋਂ ਆਪ ਹੀ ਲਿਜਾਂਦਾ ਰਿਹਾ। ਬਰਦਾਸ਼ਤ ਕਰਨਾ ਬਹੁਤ ਔਖਾ ਸੀ। ਜਦੋਂ ਹਰ ਸ਼ਾਮ ਘਰ ਮੁੜਦਾ ਸੀ ਤਾਂ ਲਗਦਾ ਸੀ, ਅੱਜ ਇਕ ਸੂਰਜ ਹੋਰ ਮਾਰ ਆਇਆ ਹਾਂ। ਇਕ ਦਿਨ ਤੁਰੇ ਆਉਂਦੇ ਨੇ ਹਿੰਦੀ ਵਿਚ ਕਵਿਤਾ ਹੀ ਲਿਖ ਮਾਰੀ।

*'ਬਹੁਤ ਛੋਟਾ ਸੋਚਾ ਥਾ ਮੈਨੇ ਰੋਟੀ ਕਾ ਅਕਾਰ,*
*ਇਸ ਮੇਂ ਤੋਂ ਮੇਰਾ ਪੂਰਾ ਬ੍ਰਹਿਮੰਡ ਸਮਾ ਗਿਆ ਹੈ।'*

? : ਆਮ ਧਾਰਨਾ ਹੈ ਕਿ ਭਾਰਤ ਵਿਚ ਹਰ ਬੰਦਾ ਹੀ ਅਚੇਤ-ਸੁਚੇਤ ਕਦੇ ਨਾ ਕਦੇ ਇਸ ਭ੍ਰਿਸ਼ਟ ਤੰਤਰ ਦਾ ਸ਼ਿਕਾਰ ਹੋ ਹੀ ਜਾਂਦਾ ਹੈ। ਫੂਡ ਸਪਲਾਈ ਮਹਿਕਮੇ ਵਿਚ ਕੰਮ ਕਰਦਿਆਂ ਕੋਈ ਹੋਈ ਵਾਪਰੀ?

*ਦਮਨ :* ਨਾ..ਨਾ..। ਇਸ ਬਾਰੇ ਮੈਂ ਪੂਰੀ ਤਰ੍ਹਾਂ ਸੁਚੇਤ ਸੀ। ਕਹਿ ਸਕਦੇ ਹੋ ਵਿਰਾਸਤ ਵਿਚ ਇਮਾਨਦਾਰੀ ਮਿਲੀ ਸੀ। ਇਹਦਾ ਹੀ ਸਬਰ ਬਹੁਤ ਸੀ। ਇਸੇ ਲਈ ਭ੍ਰਿਸ਼ਟਾਚਾਰ ਨੇੜੇ ਨਹੀਂ ਲੱਗਾ। ਬਹੁਤ ਵਾਰ ਅਫ਼ਸਰਾਂ ਨੇ ਦਫ਼ਤਰ ਅਜਿਹੀਆਂ ਸੀਟਾਂ ਦਾ ਕੰਮ ਮੈਨੂੰ ਇਸ ਵਾਸਤੇ ਸੌਂਪਿਆ ਕਿ ਆਪ ਵੀ ਕਮਾਏਗਾ ਤੇ ਸਾਨੂੰ ਵੀ ਕਮਾ ਕੇ ਦੇਵੇਗਾ ਪਰ ਜਦੋਂ ਆਸ ਪੂਰੀ ਨਾ ਹੋਈ ਤਾਂ ਉਨ੍ਹਾਂ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪਿਆ। ਤਰੱਕੀ ਵੀ ਇਸੇ ਕਰ ਕੇ ਨਹੀਂ ਹੋਈ। ਮੈਂ ਹਾਲਾਤ ਨਾਲ ਸਮਝੌਤਾ ਨਹੀਂ ਕੀਤਾ। ਜੇ ਮੈਂ ਚਾਹੁੰਦਾ ਤਾਂ ਅਫ਼ਸਰ ਬਣ ਕੇ ਰਿਟਾਇਰ ਹੁੰਦਾ। ਮੈਂ ਅਪਣੀ ਮਰਜ਼ੀ ਨਾਲ ਪ੍ਰੋਮੋਸ਼ਨ ਛੱਡੀ ਸੀ। ਬੱਸ, ਇਕੋ ਧੁੰਨ ਸੀ ਕਿ ਮੇਰੇ ਰੰਗਮੰਚ 'ਤੇ ਕੋਈ ਅਸਰ ਨਾ ਪਏ। ਇਹੋ ਕਾਰਨ ਹੈ ਕਿ ਰਿਟਾਇਰਮੈਂਟ ਸਮੇਂ ਮੰਤਰੀ ਨੇ ਵਿਦਿਆਇਗੀ ਸਮੇਂ ਆਉਣਾ ਚਾਹਿਆ ਪਰ ਇਕ ਵੀ ਅਫ਼ਸਰ ਮੇਰੀ ਵਿਦਾਇਗੀ ਸਮੇਂ ਹਾਜ਼ਰ ਨਹੀਂ ਸੀ। ਜਦੋਂ ਕਿ ਮਹਿਕਮੇ ਦੇ ਤੀਜੇ ਤੇ ਚੌਥੇ ਦਰਜੇ ਦੇ ਸਾਰੇ ਕਰਮਚਾਰੀ ਤੇ ਪੱਤਰਕਾਰ ਮੌਜੂਦ ਸਨ। ਮੇਰੇ ਲਈ ਇਹ ਤਸੱਲੀ ਵਾਲੀ ਗੱਲ ਸੀ ਕਿ ਅਸਲ ਲੋਕ ਮੇਰੇ ਨਾਲ ਖੜੇ ਸੀ। ਮੈਂ ਕੋਠੀਆਂ ਤਾਂ ਨਹੀਂ ਖੜੀਆਂ ਕਰ ਸਕਿਆ, ਪਰ ਅਪਣੇ-ਆਪ ਨੂੰ ਅਪਣੇ ਪੈਰਾਂ 'ਤੇ ਖੜਾ ਕਰੀ ਰੱਖਿਆ। ਸਕੂਨ ਵੀ ਮਿਲਦਾ ਹੈ ਕਿ ਲੋਕ ਮੈਨੂੰ ਮੇਰੇ ਕੰਮ ਕਰ ਕੇ ਜਾਣਦੇ ਹਨ।

## ਰੂਸੀ ਸਾਹਿਤ ਤੇ ਪੰਜਾਬੀ ਨਾਟਕ

? : ਪ੍ਰਗਤੀਸ਼ੀਲ ਅੰਦੋਲਨ ਦੀ ਚੜ੍ਹਤ ਦੌਰਾਨ ਰੂਸੀ ਸਾਹਿਤ ਦਾ ਜਿੰਨਾ ਅਸਰ ਪੰਜਾਬੀ ਨਾਵਲ, ਕਹਾਣੀ ਅਤੇ ਕਵਿਤਾ 'ਤੇ ਪਿਆ, ਓਨਾ ਨਾਟਕ 'ਤੇ ਕਿਉਂ ਨਹੀਂ ਪਿਆ?

*ਦਮਨ :* ਨਹੀਂ.. ..ਅਸਰ ਤਾਂ ਪਿਆ ਪਰ ਘੱਟ ਪਿਆ। ਕਿਉਂਕਿ ਨਾਟਕ ਕਿਸੇ ਵੀ ਦੇਸ਼ ਵਿਚ ਬਾਕੀ ਸਾਹਿਤਕ ਵਿਧਾਵਾਂ ਦੇ ਮੁਕਾਬਲੇ ਹਮੇਸ਼ਾ ਹੀ ਘੱਟ ਹੀ ਲਿਖਿਆ ਜਾਂਦਾ ਰਿਹਾ ਹੈ। ਇਸ ਲਈ ਅਸੀਂ ਵੀ ਨਾਟਕ ਘੱਟ ਲਿਖੇ ਅਤੇ ਪ੍ਰਭਾਵ ਘੱਟ ਨਜ਼ਰ ਆਇਆ। ਇਸ ਤੋਂ ਪਹਿਲਾਂ ਸਾਡਾ ਸਾਹਿਤ ਪੱਛਮੀ ਸਾਹਿਤ ਦੇ ਪ੍ਰਭਾਵ ਦੀ ਜਕੜ ਵਿਚ ਜਾ ਚੁੱਕਾ ਸੀ। ਪਰ ਫਿਰ ਵੀ ਗਾਰਗੀ ਦਾ ਨਾਟਕ 'ਕਣਕ ਦੀ ਬੱਲੀ', 'ਕੇਸਰੋ', ਡਾ. ਹਰਚਰਨ ਸਿੰਘ ਦਾ 'ਰੱਤਾ ਸਾਲੂ',, ਹਰਸਰਨ ਦਾ 'ਉਦਾਸ ਲੋਕ', 'ਮਾਮੂਲੀ ਲੋਕ' ਆਦਿ ਨਾਟਕ ਉਸ ਦੌਰ ਦੇ ਚੰਗੇ ਨਾਟਕ ਹੋ ਨਿਬੜੇ ਹਨ।

? : ਪੰਜਾਬੀ ਵਿਚ ਨਾਟਕ ਲੇਖਨ ਦੀ ਹਾਲਤ ਕਦੇ ਵੀ ਬਹੁਤੀ ਚੰਗੀ ਨਹੀਂ ਰਹੀ, ਤੁਹਾਡਾ ਕੀ ਕਹਿਣਾ ਹੈ?

*ਦਮਨ :* ਨਾਟਕ ਲੇਖਣੀ ਕਦੇ ਵੀ ਵਿਕਾਸ ਨਹੀਂ ਕਰ ਸਕਦੀ ਜਦੋਂ ਤੀਕ ਰੰਗਮੰਚ ਕਿਰਿਆਸ਼ੀਲ ਨਹੀਂ ਹੁੰਦਾ। ਰੰਗਮੰਚ ਦੀ ਕਿਰਿਆਸ਼ੀਲਤਾ ਹੀ ਹਮੇਸ਼ਾ ਨਾਟਕ ਲਿਖਣ ਨੂੰ ਉਤਸ਼ਾਹਤ ਕਰਦੀ ਹੈ। ਦੁਨੀਆ ਭਰ ਵਿਚ ਰੰਗਮੰਚ ਦੇ ਪਹਿਲੇ ਨਾਟਕ ਹਮੇਸ਼ਾ ਹੀ ਨੀਵੇਂ ਦਰਜੇ ਦੇ ਰਹੇ ਹਨ ਕਿਉਂਕਿ ਉਹ ਜ਼ਿਆਦਾਤਰ ਰੰਗਕਰਮੀਆਂ ਦੀਆਂ ਅਨ-ਘੜ ਰਚਨਾਵਾਂ ਸਨ, ਸਿਰਫ਼ ਰੰਗਕਰਮੀ ਦੀ ਸੰਤੁਸ਼ਟੀ ਲਈ। ਪਰ ਰੰਗਕਰਮੀਆਂ ਦੀਆਂ ਵੱਧ ਰਹੀਆਂ ਗਤੀਵਿਧੀਆਂ ਨੇ ਹਮੇਸ਼ਾ ਲੇਖਕਾਂ ਦਾ ਨਾਟਕ ਲਿਖਣ ਵੱਲ ਧਿਆਨ ਦੁਆਇਆ ਅਤੇ ਚੰਗੇ ਕਲਾਸਿਕ ਨਾਟਕਾਂ ਦੀ ਸਿਰਜਣਾ ਹੋਈ। ਸਾਡੇ ਨਾਟਕਕਾਰ ਦੋ ਤਰ੍ਹਾਂ ਨਾਲ ਨਾਟਕ ਲਿਖਣ ਵੱਲ ਪ੍ਰਭਾਵਤ ਹੋਏ। ਪਹਿਲੇ ਇਸ ਲਈ ਕਿ ਸਾਡੇ ਸਾਹਿਤ ਵਿਚ ਨਾਟਕਾਂ ਦੀ ਬਹੁਤ ਹੀ ਘਾਟ ਸੀ ਤੇ ਲੇਖਕ ਇਸ ਪਾਸੇ ਅਪਣੀ ਪਹਿਲ ਕਦਮੀਂ ਵਿਖਾਉਣਾ ਚਾਹੁੰਦੇ ਸਨ। ਅਜਿਹੇ ਨਾਟਕਾਂ ਉਪਰ ਹੀ 'ਪੜੰਦਰ' ਮਤਲਬ ਕਿ ਰੰਗਮੰਚ ਦੇ ਅਨੁਕੂਲ ਨਾ ਹੋਣ ਦਾ ਦੋਸ਼ ਲਗਿਆ। ਬਾਅਦ ਵਿਚ ਕੁਝ ਨਾਟਕਕਾਰਾਂ ਨੇ ਸ਼ਤਾਬਦੀਆਂ ਤੋਂ ਪ੍ਰਭਾਵਤ ਹੋ ਕੇ ਨਾਟਕ ਲਿਖੇ। ਮੁੱਢ ਵਿਚ ਭਾਵੇਂ ਕਮਿਊਨਿਸਟ ਨਾਟਕ ਟੋਲਿਆਂ ਦੇ ਰੰਗਕਰਮ, ਜੋ ਕਿ ਇਪਟਾ ਤੋਂ ਪ੍ਰਭਾਵਤ ਸੀ, ਨੇ ਵੀ ਬਹੁਤ ਸਾਰੇ ਕੱਚੇ ਪਿਲੇ ਨਾਟਕ, ਅਵਾਮ ਦੀਆਂ ਸਮੱਸਿਆਵਾਂ ਨੂੰ ਲਿਖਣ ਲਈ ਨਾਟਕਾਰਾਂ ਨੂੰ ਪ੍ਰੇਰਿਆ, ਜਿਨ੍ਹਾਂ ਵਿਚੋਂ ਤੇਰਾ ਸਿੰਘ ਚੰਨ, ਪ੍ਰੋ. ਨਿਰੰਜਣ ਸਿੰਘ, ਜੋਗਿੰਦਰ ਬਾਹਰਲਾ, ਨਰਿੰਦਰ ਦੁਸਾਂਝ ਨੇ ਨਾਮਣਾ ਖਟਿਆ ਤੇ 'ਲੱਕੜ ਦੀ ਲੱਤ', 'ਜ਼ੋਰੀ ਮੰਗੇ ਦਾਨ ਵੇ ਲਾਲੋ', 'ਡਾਲਰ ਦਾ ਵਣਜਾਰਾ' ਆਦਿ ਨਾਟਕ ਹੋਂਦ ਵਿਚ ਆਏ। ਨਾਟਕ ਲੇਖਣੀ ਨੂੰ ਉਤਸ਼ਾਹਤ ਕਰਨ ਵਿਚ ਭਾਸ਼ਾ ਵਿਭਾਗ ਦੇ ਸਾਲਾਨਾ ਨਾਟਕ ਮੁਕਾਬਲਿਆਂ ਦਾ ਵੀ ਬਹੁਤ ਵੱਡਾ ਰੋਲ ਰਿਹਾ ਹੈ। ਅਜੋਕੇ ਸਮੇਂ ਵਿਚ ਯੂਨੀਵਰਸਿਟੀਆਂ ਦੇ ਸਾਲਾਨਾ ਯੂਥ ਫ਼ੈਸਟੀਵਲਾਂ ਦੀ ਨਾਟਕ ਲਿਖਣ ਵਿਚ ਪ੍ਰੇਰਤ ਕਰਨ ਲਈ ਬਹੁਤ ਦੇਣ ਹੈ। ਸੱਚ ਗੱਲ ਤਾਂ ਇਹ ਹੈ ਕਿ ਪ੍ਰੋ. ਅਜਮੇਰ ਔਲਖ , ਡਾ. ਸਤੀਸ਼ ਵਰਮਾ, ਡਾ. ਆਤਮਜੀਤ, ਪਾਲੀ ਭੁਪਿੰਦਰ ਅਤੇ ਬਹੁਤ ਸਾਰੇ ਹੋਰ ਨਵੇਂ ਨਾਟਕਕਾਰ ਇਨ੍ਹਾਂ ਮੇਲਿਆਂ ਦੀ ਹੀ ਉਪਜ ਹਨ। ਮੁਕਦੀ ਗੱਲ ਰੰਗਮੰਚ ਦੀ ਬਹੁ-ਕਿਰਿਆਸ਼ੀਲਤਾ ਬਹੁ-ਨਾਟਕ ਲਿਖਣ ਨੂੰ ਪ੍ਰੇਰਤ ਕਰਦੀ ਹੈ ਅਤੇ ਇਸ ਦੀ ਪ੍ਰਤੀਕਿਰਿਆ ਰੰਗਮੰਚ ਨੂੰ ਸਾਹਿਤਕ ਅਮੀਰੀ ਬਖ਼ਸ਼ਦੀ ਹੈ।

## ਆਲੋਚਕ ਦੀ ਭੂਮਿਕਾ

? : ਕੀ ਤੁਸੀਂ ਪੰਜਾਬੀ ਨਾਟ-ਆਲੋਚਨਾ ਤੋਂ ਸੰਤੁਸ਼ਟ ਹੋ?

*ਦਮਨ :* ਮੈਂ ਆਲੋਚਨਾ ਘੱਟ ਹੀ ਪੜ੍ਹਦਾ ਹਾਂ। ਮੈਂ ਸਮਝਦਾ ਹਾਂ ਕਿ ਆਲੋਚਨਾ ਭਾਵੇਂ ਨਾਟ-ਸਾਹਿਤ ਦੀ ਹੋਵੇ, ਭਾਵੇਂ ਰੰਗਮੰਚ ਦੀ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਸਿਰਜਣਾ ਕਿਹੋ ਜਿਹੀ ਹੋ ਰਹੀ ਹੈ, ਜਿੰਨੀ ਕੁ ਹੋ ਰਹੀ ਹੈ, ਉਸ ਦਾ ਪੱਧਰ ਕਿੰਨਾ ਕੁ ਹੈ? ਕਿਸੇ ਵੀ ਆਲੋਚਨਾ ਦੇ ਪੱਧਰ ਨੂੰ ਰਚਨਾ ਦੀਆਂ ਉਪਰੋਕਤ ਗੱਲਾਂ ਦੇ ਆਧਾਰ 'ਤੇ ਹੀ ਮਾਪਿਆ ਜਾ ਸਕਦਾ ਹੈ।

? : ਤੇ ਅਪਣੀ ਆਲੋਚਨਾ ਤੋਂ?

*ਦਮਨ :* ਅਪਣੇ ਉਪਰ ਹੋਈ ਸਾਹਿਤਕ ਆਲੋਚਨਾ ਮੈਨੂੰ ਹਮੇਸ਼ਾ ਚੰਗੀ ਲਗਦੀ ਹੈ। ਮੈਂ ਹੋਰ ਚੰਗਾ ਤੇ ਸਪਸ਼ਟ ਹੋਣ ਲਈ ਉਤਸ਼ਾਹਤ ਹੁੰਦਾ ਹਾਂ। ਹੋਰ ਸਿੱਖਣ ਦਾ ਯਤਨ ਕਰਦਾ ਹਾਂ। ਕੇਵਲ ਆਲੋਚਨਾ ਖ਼ਾਤਰ ਕੀਤੀ ਗਈ ਆਲੋਚਨਾ ਦੀ ਮੈਂ ਪ੍ਰਵਾਹ ਨਹੀਂ ਕਰਦਾ। ਸ਼ਰਾਰਤੀ ਆਲੋਚਕ ਦੀ ਆਲੋਚਨਾ ਕੁਝ ਮਿੰਟ ਹੀ ਜੀਵੰਤ ਰਹਿੰਦੀ ਹੈ। ਮੈਂ ਹੱਸ ਛੱਡਦਾ ਹਾਂ। ਬੇਸਮਝ ਆਲੋਚਕਾਂ 'ਤੇ ਮੈਨੂੰ

ਤਰਸ ਆਉਂਦਾ ਹੈ।

*?* : ਕੀ ਤੁਹਾਡਾ ਅਪਨਾ ਵੀ ਕੋਈ ਆਲੋਚਕ ਹੈ?

*ਦਮਨ* : ਵਲੰਟੀਅਰਲੀ ਅਜੇ ਕੋਈ ਬਣਿਆ ਨਹੀਂ। ਹਾਇਰ ਕਰਨ ਲਈ ਨਾ ਤਾਂ ਮੇਰੇ ਕੋਲ ਸਮਾਂ ਹੈ ਤੇ ਨਾ ਹੀ ਪੈਸੇ।

*?* : ਕਿਸੇ ਲਿਖਤ ਜਾਂ ਲੇਖਕ ਨੂੰ ਸਥਾਪਤ ਕਰਨ ਵਿਚ ਆਲੋਚਕ ਦੀ ਕਿੰਨੀ ਕੁ ਭੂਮਿਕਾ ਹੁੰਦੀ ਹੈ?

*ਦਮਨ* : ਨਿਰਭਰ ਕਰਦਾ ਹੈ ਕਿ ਉਹ ਆਲੋਚਕ ਆਪ ਕਿੰਨਾ ਕੁ ਸਥਾਪਤ ਹੈ। ਕਈ ਲੇਖਕ ਅਪਣੇ ਯੁੱਗ ਤੋਂ ਬਾਅਦ ਦੇ ਆਲੋਚਕਾਂ ਰਾਹੀਂ ਸਥਾਪਤ ਹੋਏ ਹਨ। ਅਸਲ ਵਿਚ ਤਾਂ ਲੇਖਕ ਨੂੰ ਉਸ ਦਾ ਪਾਠਕ ਹੀ ਸਥਾਪਤ ਕਰਦਾ ਹੈ।

*?* : ਪੰਜਾਬ ਵਿਚ ਇਕ ਨਾਟਕ ਆਵਾਮ ਦਾ ਹੈ। ਭਾਅ ਜੀ ਗੁਰਸ਼ਰਨ ਸਿੰਘ ਅਤੇ ਅਜਮੇਰ ਔਲਖ ਵਾਲਾ ਨਾਟਕ। ਇਕ ਨੀਲਮ ਮਾਨ ਸਿੰਘ ਦਾ ਨਾਟਕ ਹੈ; ਜਿਹਨੂੰ ਅਲੀਟ ਦਾ ਨਾਟਕ ਕਿਹਾ ਜਾਂਦੈ। ਆਤਮਜੀਤ ਇਨ੍ਹਾਂ ਦੋਵਾਂ ਦੇ ਵਿਚਕਾਰ ਦਿਖਾਈ ਦੇ ਰਹੇ ਹਨ। ਤੁਸੀਂ ਅਪਣੇ ਆਪ ਨੂੰ ਕਿਥੇ ਕੁ ਦੇਖਦੇ-ਮਹਿਸੂਸਦੇ ਹੋ?

*ਦਮਨ* : ਬੜਾ ਦਿਲਚਸਪ ਸਵਾਲ ਹੈ ਜੋ ਤੁਹਾਨੂੰ ਸਵੈ-ਵਿਸ਼ਲੇਸ਼ਣ ਕਰਨ ਲਈ ਮਜਬੂਰ ਕਰ ਦਿੰਦਾ ਹੈ। ਜਦੋਂ ਗੁਰਸ਼ਰਨ ਸਿੰਘ ਅਤੇ ਹਰਪਾਲ ਟਿਵਾਣਾ ਦੇ ਰੰਗਮੰਚ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਸੀ; ਉਦੋਂ ਵੀ ਮੈਨੂੰ ਇਹ ਸਵਾਲ ਕੀਤਾ ਜਾਂਦਾ ਸੀ ਕਿ ਮੈਂ ਕਿਸ ਵਰਗਾ ਰੰਗਮੰਚ ਕਰਦਾ ਹਾਂ। ਉਦੋਂ ਹਾਲੇ ਅਜਮੇਰ ਔਲਖ ਅਤੇ ਆਤਮਜੀਤ ਦਾ ਮੰਚ ਗਿਣਤੀ ਵਿਚ ਨਹੀਂ ਸੀ। ਮੇਰਾ ਜਵਾਬ ਹੁੰਦਾ ਸੀ- 'ਸੋਚ ਪਖੋਂ ਮੈਂ ਗੁਰਸ਼ਰਨ ਸਿੰਘ ਵਰਗਾ ਹਾਂ, ਤਕਨੀਕ ਪੱਖੋਂ ਹਰਪਾਲ ਟਿਵਾਣਾ ਵਰਗਾ, ਸਿਆਣਿਆਂ ਸਿੱਟਾ ਕੱਢਿਆ ਸੀ ਕਿ ਮੈਂ ਗੁਰਸ਼ਰਨ ਅਤੇ ਹਰਪਾਲ ਦਾ ਸੁਮੇਲ ਹਾਂ। ਮੈਂ ਇਸ ਨਾਲ ਸਹਿਮਤ ਵੀ ਸਾਂ। ਅੱਜ ਵੀ ਮੈਂ ਕਹਿ ਸਕਦਾ ਹਾਂ ਕਿ ਜਦੋਂ ਮੈਂ ਬੰਬਈ ਪ੍ਰਿਥਵੀ ਥੀਏਟਰ ਵਿਚ ਦੋਸਤੋਵਸਕੀ ਦਾ 'ਵ੍ਹਾਈਟ ਨਾਈਟਸ', ਚੈਖਵ ਦਾ 'ਮਖੌਟਾ' ਜਾਂ ਭੀਸ਼ਮ ਸਾਹਨੀ ਦਾ 'ਹਨੂਸ਼' ਜਾਂ ਸੋਬੋਂ ਦਾ 'ਮੋਇਆ ਸਾਰ ਨਾ ਕਾਈ' ਖੇਡ ਰਿਹਾ ਹੁੰਦਾ ਹਾਂ ਤਾਂ ਅਲੀਟ ਵਰਗ ਦਾ ਪਰ ਵਿਸ਼ੇ ਦੀ ਜੜ ਆਵਾਮ ਦੀ ਹੁੰਦੀ ਹੈ। ਭਾਵੇਂ ਵੇਖ ਅਲੀਟ ਰਿਹਾ ਹੋਵੇ ਪਰ ਆਖ਼ਰੀ ਨਿਰਣਾ ਦਰਸ਼ਕਾਂ ਦਾ ਹੈ। ਮੈਂ ਹਮੇਸ਼ਾ ਸਪਸ਼ਟ ਰੂਪ ਵਿਚ ਅਪਣੇ ਦਰਸ਼ਕਾਂ ਨੂੰ ਵੇਖ ਕੇ ਨਾਟਕ ਦੀ ਚੋਣ ਕਰਦਾ ਹਾਂ। ਮੈਨੂੰ ਕਦੇ ਨਿਰਾਸ਼ ਨਹੀਂ ਹੋਣਾ ਪਿਆ। ਓਦਾਂ ਮੇਰੇ ਰੰਗਮੰਚ ਦੀ ਸਥਾਪਤੀ ਵਿਚ ਆਵਾਮ ਦਾ ਵੱਡਾ ਹਿੱਸਾ ਹੈ। 1973 ਵਿਚ ਬਠਿੰਡਾ ਦੀ ਕੁਲ ਹਿੰਦ ਕਿਸਾਨ ਕਾਨਫਰੰਸ ਸਮੇਂ 70,000 ਲੋਕਾਂ ਸਾਹਮਣੇ ਕੀਤੀ ਸਫ਼ਲ ਪੇਸ਼ਕਾਰੀ ਨੂੰ ਮੈਂ ਕਦੀ ਨਹੀਂ ਭੁਲਾ ਸਕਦਾ, ਜਿਸ ਨੇ ਮੈਨੂੰ ਇਕ ਨਾਟਕਕਾਰ ਤੇ ਰੰਗਕਰਮੀ ਵਜੋਂ ਮਾਨਤਾ ਦਿਵਾਈ ਅਤੇ ਭਵਿੱਖ ਲਈ ਉਤਸ਼ਾਹਤ ਕੀਤਾ ਤੇ ਪ੍ਰੇਰਨਾ ਦਾ ਅਮੁਕ ਸੋਮਾ ਬਖ਼ਸ਼ਿਆ। ਮੇਰੇ ਨਾਟਕ ਅਤੇ ਰੰਗਮੰਚ ਦੀਆਂ ਜੜ੍ਹਾਂ ਹਮੇਸ਼ਾ ਆਵਾਮ ਵਿਚ ਹਨ ਤੇ ਰਹਿਣਗੀਆਂ ਵੀ।

## ਨਾਟਕ ਤੇ ਰਾਜਸੀ ਪ੍ਰਤੀਬੱਧਤਾ

*?* : ਭਾਰਤ ਦੇ ਲੋਕ ਸਭਿਆਚਾਰ ਵਿਚ ਇਪਟਾ ਦੀ ਵੱਡੀ ਭੂਮਿਕਾ ਰਹੀ ਹੈ। ਤੁਸੀਂ ਇਪਟਾ ਨਾਲ ਹਾਲੇ ਵੀ ਜੁੜੇ ਹੋਏ ਹੋ। ਇਪਟਾ ਦੇ ਹੌਲੀ-ਹੌਲੀ ਗ਼ੈਰ-ਪ੍ਰਸੰਗਕ ਹੋਣ ਦੇ ਕੀ ਕਾਰਨ ਲੱਭਦੇ ਹੋ?

*ਦਮਨ* : ਹਾਂ, ਮੈਂ ਅਜੇ ਵੀ ਇਪਟਾ ਦੀ ਪੰਜਾਬ ਇਕਾਈ ਦਾ ਪ੍ਰਧਾਨ ਹਾਂ ਅਤੇ ਨੈਸ਼ਨਲ ਕੌਂਸਲ ਦਾ ਮੈਂਬਰ ਵੀ। ਅਸਲ ਵਿਚ ਇਪਟਾ ਭਾਰਤੀ ਕਮਿਊਨਿਸਟ ਪਾਰਟੀ ਦੀ ਉਪਜ ਹੈ। ਇਹ ਕਲਾਕਾਰਾਂ ਦੀ ਆਵਾਮੀ ਜਥੇਬੰਦੀ ਹੈ। ਕਮਿਊਨਿਸਟ ਲਹਿਰ ਦੀ ਚੜ੍ਹਤ ਸਮੇਂ ਵੀ ਚੜ੍ਹਦੀ ਕਲਾ



ਪੰਜਾਬੀ ਨਾਟਕ ਦੀਆਂ ਤਿੰਨ ਪੀੜ੍ਹੀਆਂ : ਡਾ. ਸਵਰਾਜ ਬੀਰ, ਦਵਿੰਦਰ ਦਮਨ, ਡਾ. ਹਰਚਰਨ ਸਿੰਘ, ਕੇਵਲ ਧਾਲੀਵਾਲ, ਡਾ. ਆਤਮਜੀਤ, ਸ. ਗੁਰਸ਼ਰਨ ਸਿੰਘ, ਪ੍ਰੋ .ਅਜਮੇਰ ਸਿੰਘ ਔਲਖ ਅਤੇ ਡਾ. ਸਾਹਿਬ ਸਿੰਘ - 2002 - ਅੰਮ੍ਰਿਤਸਰ

ਵਿਚ ਰਹੀ। ਭਾਰਤ ਦੇ ਚੋਟੀ ਦੇ ਸੰਗੀਤਕਾਰ, ਸਿਨੇਮਾ ਕਲਾਕਾਰ, ਗਾਇਕ ਨਾਟਕਕਾਰ ਇਸ ਦੀ ਉਪਜ ਦਾ ਸਿੱਟਾ ਬਣੇ। ਹੁਣ ਜਦੋਂ ਅੱਜ ਦੇ ਰਾਜਸੀ ਦ੍ਰਿਸ਼ ਵਿਚ ਜੋ ਕਮਿਊਨਿਸਟ ਲਹਿਰ ਦਾ ਰੋਲ ਨਜ਼ਰ ਆ ਰਿਹਾ ਹੈ, ਉਹੀ ਇਪਟਾ ਦਾ ਦ੍ਰਿਸ਼ ਹੈ। ਕਈ ਵੇਰਾਂ ਲੇਖਕਾਂ, ਕਲਾਕਾਰਾਂ ਦੀ ਰਾਜਸੀ ਪ੍ਰਤੀਬੱਧਤਾ ਲੇਖਕਾਂ ਤੇ ਕਲਾਕਾਰਾਂ ਲਈ ਬੋਝਲ ਵੀ ਹੋ ਜਾਂਦੀ ਹੈ ਜਦੋਂ ਕਾਫ਼ੀ ਸਮਾਂ ਲਗਾਮਾਂ ਲੀਡਰਾਂ ਦੇ ਹੱਥ ਵਿਚ ਰਹੀਆਂ ਹੋਣ। ਦੂਜੇ ਅੱਜ ਦੇ ਮੰਡੀਕਰਨ ਦੇ ਦੌਰ ਵਿਚ ਕਲਾਕਾਰਾਂ ਦੀ ਸੁਹਿਰਦਤਾ, ਪ੍ਰਤੀਬੱਧਤਾ ਵੀ ਪਹਿਲਾਂ ਵਾਲੀ ਨਹੀਂ ਰਹੀ। ਉਹ ਝੱਟ ਸਿਨੇਮੇ ਵੱਲ ਦੌੜਦੇ ਹਨ। ਹੁਣ ਪੰਜਾਬ ਵਿਚ ਮੁੱਢ ਤੋਂ ਜ਼ਿਲ੍ਹਾ ਪੱਧਰ 'ਤੇ ਇਕਾਈਆਂ ਨੂੰ ਕਿਰਿਆਸ਼ੀਲ ਕਰਨ ਦਾ ਯਤਨ ਹੋ ਰਿਹਾ ਹੈ। ਹੁਣ ਪ੍ਰਤੀਬੱਧਤਾ ਰਾਜਸੀ ਨਹੀਂ-ਮਨੁੱਖਵਾਦੀ, ਸਮਾਜੀ ਜਬਰ ਦੇ ਖ਼ਿਲਾਫ਼ ਲੜਾਈ ਦੀ ਪ੍ਰੇਰਨਾ ਵਾਲੀ ਹੋਵੇਗੀ। ਸਾਫ਼ ਸੁਥਰਾ ਸਭਿਆਚਾਰ ਉਸਾਰਨ ਦੇ ਇਛੁੱਕ ਕਲਾਕਾਰ ਜੁੜ ਬੈਠਣਗੇ, ਇਸ ਦੀ ਉਮੀਦ ਹੈ।

*?* : ਨਾਟਕ ਤੇ ਰਾਜਸੀ ਪ੍ਰਤੀਬੱਧਤਾ ਬਾਰੇ ਤੁਹਾਡੇ ਕੀ ਵਿਚਾਰ ਹਨ?

*ਦਮਨ* : ਨਾਟਕਕਾਰ ਦੀ ਰਾਜਸੀ ਪ੍ਰਤੀਬੱਧਤਾ ਹੁੰਦੀ ਹੈ। ਭਾਵੇਂ ਅਚੇਤ ਤੌਰ 'ਤੇ ਹੋਵੇ ਜਾਂ ਸੁਚੇਤ ਤੌਰ 'ਤੇ ਹੋਵੇ। ਵਿਚ-ਵਿਚਾਲੇ ਕੁਝ ਨਹੀਂ ਹੁੰਦਾ। ਮੇਰੇ ਖ਼ਿਆਲ ਵਿਚ ਇਹ ਜ਼ਰੂਰੀ ਹੈ। ਸਮਾਜ ਦਾ ਹਰ ਵਰਤਾਰਾ ਰਾਜਨੀਤੀ ਨੂੰ ਪ੍ਰਭਾਵਤ ਕਰਦਾ ਹੈ ਜਾਂ ਰਾਜਨੀਤੀ ਸਮਾਜ ਦੇ ਹਰ ਵਰਤਾਰੇ 'ਤੇ ਅਸਰ ਪਾਉਂਦੀ ਹੈ। ਲੇਖਕ ਨੂੰ ਇਕ ਪੱਖ ਤਾਂ ਲੈਣਾ ਹੀ ਪਵੇਗਾ। ਇਹ ਨਾਟਕਕਾਰ ਦੀ ਜਾਗਰੂਕਤਾ ਅਤੇ ਉਸ ਦੇ ਦ੍ਰਿਸ਼ਟੀਕੋਨ 'ਤੇ ਨਿਰਭਰ ਕਰਦਾ ਹੈ, ਉਸ ਨੇ ਕਿਹੜਾ ਪੱਖ ਲੈਣਾ ਹੈ।

*?* : ਨਾਟ ਸਿਰਜਣਾ ਵੇਲੇ ਰੰਗਮੰਚ ਦਾ ਧਿਆਨ ਧਰਦਿਆਂ ਕਿਹੜੀਆਂ-ਕਿਹੜੀਆਂ ਖ਼ਾਸ ਗੱਲਾਂ ਤੁਹਾਡੇ ਨਾਲ-ਨਾਲ ਚੱਲਦੀਆਂ ਹਨ?

*ਦਮਨ* : ਅੱਜ ਕੱਲ੍ਹ ਰੰਗਮੰਚ ਤਕਨੀਕ ਏਨੀ ਵਿਕਸਤ ਹੋ ਗਈ ਹੈ ਕਿ ਕਿਸੇ ਵੀ ਤਰ੍ਹਾਂ ਦਾ ਦ੍ਰਿਸ਼ ਮੰਚ 'ਤੇ ਸਿਰਜਿਆ ਜਾ ਸਕਦਾ ਹੈ। ਪਰ ਮੈਂ ਨਾਟਕ ਇਸ ਢੰਗ ਨਾਲ ਸਿਰਜਣ ਦਾ ਯਤਨ ਕਰਦਾ ਹਾਂ ਕਿ ਬਹੁਤਾ ਖਿਲਾਰਾ ਨਾ ਪਵੇ। ਕਿਸੇ ਵੀ ਤਰ੍ਹਾਂ ਦੇ ਮੰਚ ਉਪਰ ਨਾਟਕ ਸਰਲਤਾ ਨਾਲ ਖੇਡਿਆ ਜਾ ਸਕੇ। ਘੱਟ ਤੋਂ ਘੱਟ ਅਦਾਕਾਰਾਂ ਦੀ ਜ਼ਰੂਰਤ ਪਵੇ ਅਤੇ ਮੰਚ 'ਤੇ ਘੱਟ ਤੋਂ ਘੱਟ ਸਮੱਗਰੀ



ਨਿਰਦੇਸ਼ਕ ਦਮਨ-ਨਾਟ ਕਲਾਕਾਰਾਂ ਨੂੰ ਨੁਕਤੇ ਸਮਝਾ ਰਿਹਾ ਦਵਿੰਦਰ ਦਮਨ-1979 - ਚੰਡੀਗੜ੍ਹ

ਦੀ। ਅੱਗੇ ਨਿਰਦੇਸ਼ਕ ਦੀ ਪੇਸ਼ਕਾਰੀ ਦੀ ਤਕਨੀਕ 'ਤੇ ਨਿਰਭਰ ਕਰਦਾ ਹੈ।

## ਸੂਝ ਤੇ ਸੰਘਰਸ਼ ਦੀ ਸ਼ੈਲੀ

*?* : ਤੁਸੀਂ ਸੰਸਾਰ ਭਰ ਦੇ ਨਾਟਕ ਨੂੰ ਬੜਾ ਨੇੜਿਓਂ ਜਾਣਿਆ, ਦੇਖਿਆ ਹੈ, ਪੰਜਾਬੀ ਨਾਟਕ ਕਿਥੇ ਕੁ ਖਲੋਂਦਾ ਹੈ?

*ਦਮਨ* : ਵਿਸ਼ਵ ਦੇ ਜਿੰਨੇ ਕੁ ਨਾਟਕ ਮੈਂ ਪੜ੍ਹੇ ਤੇ ਰੰਗਮੰਚ 'ਤੇ ਵੇਖੇ ਹਨ, ਉਨ੍ਹਾਂ ਦੇ ਹਿਸਾਬ ਨਾਲ ਪੰਜਾਬੀ ਨਾਟਕ ਪਹਿਲਾਂ ਨਾਲੋਂ ਵਿਕਸਤ ਹੋਇਆ ਹੈ ਅਤੇ ਹੋਰ ਵਿਕਸਤ ਹੋ ਰਿਹਾ ਹੈ। ਸੰਸਾਰ ਭਰ ਵਿਚ ਅਮਰੀਕਾ, ਬਰਤਾਨੀਆ, ਸਪੇਨ, ਰੂਸ ਅਤੇ ਸਕੈਂਡੇਨੇਵੀਆ ਮੁਲਕਾਂ ਨੂੰ ਛੱਡ ਸਾਡਾ ਨਾਟਕ ਬਹੁਤ ਸਾਰੇ ਮੁਲਕਾਂ ਦੇ ਮੁਕਾਬਲੇ ਚੰਗਾ ਹੈ।

*?* : ਕਿਹੜੀ ਨਾਟ ਸ਼ੈਲੀ ਨੇ ਤੁਹਾਨੂੰ ਸਭ ਤੋਂ ਵੱਧ ਪ੍ਰਭਾਵਤ ਕੀਤਾ ਤੇ ਕਿਉਂ?

*ਦਮਨ* : ਸਾਰੀਆਂ ਨਾਟਕ ਸ਼ੈਲੀਆਂ ਬਹੁਤ ਚੰਗੀਆਂ ਹਨ, ਜੋ ਮਨੁੱਖ ਨੂੰ ਸੂਝ-ਬੂਝ ਦੇ ਸਕਣ, ਉਸ ਨੂੰ ਸੰਵੇਦਨਸ਼ੀਲ ਬਣਾਈ ਰੱਖਣ ਵਿਚ ਮਦਦ ਕਰਨ ਪਰ ਮੈਨੂੰ ਬਰਟੋਲਟ ਬ੍ਰੈਖ਼ਤ ਦੀ ਤਕਨੀਕ ਬਹੁਤ ਉਤਮ ਜਾਪਦੀ ਹੈ। ਖ਼ਾਸ ਕਰ ਕੇ ਸਾਡੇ ਵਰਗੇ ਦੇਸ਼ ਲਈ..ਕਿਉਂਕਿ ਇਸ ਨੂੰ ਸਾਧਾਰਨ ਤੋਂ ਸਾਧਾਰਨ ਮੰਚ 'ਤੇ ਗੱਲ ਕੀ ਹਰ ਤਰ੍ਹਾਂ ਦੇ ਮੰਚ 'ਤੇ ਖੇਡਿਆ ਜਾ ਸਕਦਾ ਹੈ। ਪ੍ਰੋਸੀਨੀਅਮ ਥੀਏਟਰ ਤੋਂ ਲੈ ਕੇ ਸਟਰੀਟ ਤਕ। ਦੂਜਾ ਬ੍ਰੈਖ਼ਤ ਕਲਾਕਾਰ ਦੇ ਕਾਰਜ 'ਤੇ ਬਹੁਤ ਜ਼ੋਰ ਦਿੰਦਾ ਹੈ-ਮੰਚ ਜੜ੍ਹਤ ਨੂੰ ਬਹੁਤੀ ਤਰਜੀਹ ਨਹੀਂ ਦਿੰਦਾ, ਜੋ ਬੇਲੋੜਾ ਹੀ ਪ੍ਰੋਡਕਸ਼ਨ ਦਾ ਖ਼ਰਚਾ ਵਧਾ ਦਿੰਦੀ ਹੈ। ਹੈਰਾਨੀ ਹੋਵੇਗੀ ਸੁਣ ਕੇ ਕਿ ਬ੍ਰੈਖ਼ਤ ਆਪ ਇਕ ਜਗ੍ਹਾ ਲਿਖਦਾ ਹੈ ਕਿ ਉਸ ਨੇ ਪੁਰਾਤਨ ਭਾਰਤੀ ਰੰਗਮੰਚ ਸ਼ੈਲੀ ਨੂੰ ਅਪਣਾਇਆ ਹੈ। ਉਸ ਨੇ ਰੰਗਮੰਚ ਦੀ ਇਸ ਸ਼ੈਲੀ ਨੂੰ ਐਪਿਕ ਥੀਏਟਰ ਦਾ ਨਾਂ ਦਿੱਤਾ ਹੈ। ਪਹਿਲੋਂ ਬ੍ਰੈਖ਼ਤ ਆਪ ਵੀ ਵੱਡੇ-ਵੱਡੇ ਸੈੱਟਾਂ ਦੀ ਵਰਤੋਂ ਕਰਿਆ ਕਰਦਾ ਸੀ। ਪ੍ਰੋਜੈਕਟਰ ਦੀ ਵਰਤੋਂ ਕਰ ਕੇ ਪਿਛੋਕੜ ਵਿਚ, ਸਮੁੰਦਰ ਵਿਚ ਚੱਲਦੇ ਜਹਾਜ਼ ਵੀ ਵਿਖਾਇਆ ਕਰਦਾ ਸੀ। ਪਰ ਜਲਦੀ ਹੀ ਉਸ ਨੇ ਮਹਿਸੂਸ ਕੀਤਾ ਕਿ ਸਿਨੇਮਾ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਰੰਗਮੰਚ ਦੀ ਵਿਧਾ ਹੀ ਵੱਖਰੀ ਹੈ। ਇਸ ਦੀ ਪੇਸ਼ਕਾਰੀ ਨਿਰੋਲ ਵੱਖਰੀ ਤਕਨੀਕ ਵਾਲੀ ਹੋਣੀ ਚਾਹੀਦੀ ਹੈ।

*?* : ਇਸ ਬ੍ਰੈਖ਼ਤੀਅਨ ਸ਼ੈਲੀ ਦਾ ਆਧਾਰ ਕੀ ਹੈ? ਤੇ ਤੁਹਾਡੀ ਅਪਣੀ ਨਾਟ ਸ਼ੈਲੀ?

*ਦਮਨ* : ਐਪਿਕ ਥੀਏਟਰ ਵਿਚ ਜੋ ਮਹੱਤਵਪੂਰਨ ਗੱਲ ਹੈ, ਉਹ ਹੈ ਕਲਾਕਾਰ ਦੀ ਅਦਾਕਾਰੀ। ਉਸ ਨੇ ਇਸ ਅਦਾਕਾਰੀ ਨੂੰ 'ਥਿਓਰੀ ਆਫ਼ ਐਲੀਨੇਸ਼ਨ' ਦਾ ਨਾਂ ਦਿੱਤਾ ਹੈ। ਅਸਲ ਸ਼ੈਲੀ ਇਹੋ ਹੈ ਜੋ ਬ੍ਰੈਖ਼ਤ ਨੂੰ ਸੰਸਾਰ ਦੀਆਂ ਬਾਕੀ ਸ਼ੈਲੀਆਂ ਨਾਲੋਂ ਵੱਖ ਕਰਦੀ ਹੈ। ਉਹ ਇਸ ਤਰ੍ਹਾਂ ਹੈ ਕਿ ਬ੍ਰੈਖ਼ਤ ਇਕ ਸਥਿਤੀ ਪੈਦਾ ਕਰ ਕੇ, ਦਰਸ਼ਕਾਂ ਨੂੰ ਭਾਵੁਕ ਤੌਰ 'ਤੇ ਏਨਾ ਉਭਾਰ ਲੈਂਦਾ ਹੈ ਕਿ ਰੋਣ ਕਿਨਾਰੇ ਹੋ ਜਾਂਦੇ ਹੋ। ਇਸ ਤੋਂ ਪਹਿਲਾਂ ਕਿ ਹੰਝੂ ਵਗਣ, ਭਾਵੁਕ ਕਰਨ ਵਾਲਾ ਪਾਤਰ ਝੱਟ ਕਲਾਕਾਰ ਵਿਚ ਤਬਦੀਲ ਹੋ ਜਾਂਦਾ ਹੈ। ਕੋਈ ਗੀਤ ਆਰੰਭ ਕਰ ਦਿੰਦਾ ਹੈ, ਜਿਸ ਨੂੰ ਸਾਰੇ ਕਲਾਕਾਰ ਕੋਰਸ ਰੂਪ ਵਿਚ ਗਾ ਕੇ ਸਥਿਤੀ ਦਾ ਵਿਸ਼ਲੇਸ਼ਣ ਕਰ ਦਿੰਦੇ ਹਨ। ਉਹ ਕਥਾਰਸਿਸ ਨਹੀਂ ਹੋਣ ਦਿੰਦਾ। ਦਰਸ਼ਕ ਰੋ ਕੇ ਹਲਕਾ ਹੋ ਕੇ, ਜਾਂ ਦੁੱਖ ਲੈ ਕੇ ਘਰ ਪਰਤਣ ਦੀ ਬਜਾਏ ਸੂਝ ਅਤੇ ਸੰਘਰਸ਼ ਦਾ ਸੁਨੇਹਾ ਲੈ ਕੇ ਪਰਤਦਾ ਹੈ..ਜਿਥੋਂ ਤੀਕ ਮੇਰੀ ਸ਼ੈਲੀ ਦਾ ਸਵਾਲ ਹੈ, ਮੇਰੀ ਕੋਈ ਖ਼ਾਸ ਸ਼ੈਲੀ ਨਹੀਂ। ਮੈਂ ਹਰ ਸ਼ੈਲੀ ਨੂੰ ਤਰਜੀਹ ਦਿੰਦਾ ਹਾਂ, ਜਿਸ ਵਿਚ ਮੈਨੂੰ ਅਪਣੀ ਗੱਲ ਕਹਿਣ ਵਿਚ ਸੌਖ ਹੋਵੇ ਜਾਂ ਦਰਸ਼ਕਾਂ ਤੀਕ ਸੁਖਾਲਿਆਂ ਪਹੁੰਚ ਸਕੇ। ਪਰ ਜੇ ਅਪਣੇ ਨਾਟਕਾਂ 'ਤੇ ਝਾਤ ਮਾਰਾਂ ਤਾਂ ਮੇਰੇ ਉਪਰ ਸ਼ੁਰੂ ਤੋਂ ਹੀ ਅਚੇਤ ਤੌਰ 'ਤੇ ਬ੍ਰੈਖ਼ਤੀਅਨ ਸ਼ੈਲੀ ਦਾ ਪ੍ਰਭਾਵ ਸੀ। ਨਾਟਕ 'ਸੂਰਜ ਦਾ ਕਤਲ' ਤਾਂ ਮੈਂ ਸੁਚੇਤ ਤੌਰ 'ਤੇ ਅਮਾਲ ਅਲਾਨਾ (ਸੰਸਾਰ ਪ੍ਰਸਿੱਧ ਰੰਗਮੰਚ ਨਿਰਦੇਸ਼ਕ ਅਬਰਾਹੀਮ ਅਲਕਾਜ਼ੀ ਦੀ ਧੀ) ਤੋਂ ਬ੍ਰੈਖ਼ਤ ਥੀਏਟਰ ਦੀ ਜਾਣਕਾਰੀ ਲੈ ਕੇ ਲਿਖਿਆ ਸੀ। ਅਮਾਲ ਉਦੋਂ ਜਰਮਨੀ ਵਿਚੋਂ ਬ੍ਰੈਖ਼ਤ ਉਪਰ ਤਿੰਨ ਸਾਲ, ਅਧਿਐਨ ਕਰ ਕੇ ਪਰਤੀ ਸੀ।

## ਬਗ਼ਾਵਤ ਦਾ ਅੰਸ਼

*?* : ਚਲੋ ਹੁਣ ਥੋੜਾ ਆਰ-ਪਰਿਵਾਰ ਬਾਰੇ ਵੀ ਜਾਣੀਏ। ਐਂ ਦੱਸੋ ਬਈ ਤੁਹਾਡਾ ਭੈਣ-ਭਰਾਵਾਂ ਨਾਲ ਕਿਵੇਂ ਦਾ ਮੇਲ-ਮਿਲਾਪ ਰਿਹਾ ਹੈ?

*ਦਮਨ* : ਚਾਰ ਭੈਣ-ਭਰਾ ਹਾਂ। ਵੱਡੀ ਭੈਣ ਗੁਰਦੇਵ 15-16 ਸਾਲ ਮੇਰੇ ਤੋਂ ਵੱਡੀ ਹੈ। ਜਲਦੀ ਹੀ ਵਿਆਹੀ ਗਈ ਸੀ। ਮੇਰੇ ਤੋਂ ਦੋ ਸਾਲ ਛੋਟਾ ਰਜਿੰਦਰ, ਉਸ ਤੋਂ ਦੋ ਸਾਲ ਛੋਟੀ ਭੈਣ ਸੁਰਿੰਦਰ। ਸਭ ਆਪੋ-ਅਪਣੇ ਪਰਿਵਾਰਾਂ ਵਿਚ ਖ਼ੁਸ਼ ਹਨ। ਮੇਲ-ਮਿਲਾਪ ਠੀਕ ਹੈ।

*?* : ਪੜ੍ਹਨ ਲਿਖਣ ਵਿਚ ਕਿਵੇਂ ਦੇ ਸੀ ਤੁਸੀਂ?

*ਦਮਨ* : ਮਹਾਂ ਨਾਲਾਇਕ..ਪੜ੍ਹਨਾ ਸੁਆਹ ਸੀ? ਕਦੇ ਕਿਸੇ ਰਿਸ਼ਤੇਦਾਰ ਕੋਲ, ਕਦੇ ਕਿਸੇ ਪਿਤਾ ਦੇ ਦੋਸਤ ਦੇ ਘਰ। ਵਾਰ-ਵਾਰ ਸਕੂਲ ਬਦਲੇ ਜਾਂਦੇ ਰਹੇ। ਜਦੋਂ ਕੁਝ ਵੱਡਾ ਹੋਇਆ, ਫਿਰ ਆਪ ਤੋਂ ਛੋਟਿਆਂ ਦੀ ਸਵੇਰੇ ਰੋਟੀ ਪਕਾ ਕੇ ਪਿੰਡ ਤੋਂ ਚਾਰ ਮੀਲ ਦੂਰ ਪੜ੍ਹਨ ਜਾਂਦਾ ਸੀ ਪੈਦਲ..ਸਾਈਕਲ ਤਾਂ ਉਦੋਂ ਅਮੀਰਾਂ ਦੀ ਸਵਾਰੀ ਹੁੰਦੀ ਸੀ। ਜੇ ਪਿੰਡ ਵਿਚ ਕੋਈ ਸਾਈਕਲ ਖ਼ਰੀਦ ਕੇ ਲਿਆਉਂਦਾ ਸੀ ਤਾਂ ਸਾਰਾ ਪਿੰਡ ਉਸ ਨੂੰ ਵੇਖਣ ਜਾਂਦਾ ਸੀ। ਪਹਿਲਾਂ ਚੌਥੀ ਵਿਚ ਫੇਲ੍ਹ ਹੋਇਆ, ਫਿਰ ਦਸਵੀਂ ਵਿਚ। ਅੱਠਵੀਂ ਵਿਚ ਤਾਂ ਪੜ੍ਹਾਈ ਛੱਡਣ ਦਾ ਇਰਾਦਾ ਕਰ ਲਿਆ ਸੀ ਪਰ ਪਿਤਾ ਦੀ ਪ੍ਰੇਰਨਾ ਸਦਕਾ ਮੁੜ ਸਕੂਲ ਦਾਖ਼ਲ ਹੋ ਗਿਆ। ਓਦਾਂ ਮੇਰਾ ਚਿੱਤ ਕਾਲਜ ਅਧਿਆਪਕ ਬਣਨ ਨੂੰ ਤਾਂਘਦਾ ਸੀ। ਬੜੀ ਦੇਰ ਪਿਛੋਂ ਆ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਗਿਆਨੀ ਕੀਤੀ। ਫਿਰ ਅਪਣੀ ਬੇਟੀ, ਜੋ ਕਿ ਬੀ.ਏ. ਵਿਚ ਪੜ੍ਹਦੀ ਸੀ, ਉਸ ਦੀਆਂ ਚੋਰੀ-ਚੋਰੀ ਕਿਤਾਬਾਂ ਪੜ੍ਹ ਕੇ ਗਰੈਜੂਏਸ਼ਨ ਕੀਤੀ। ਉਸ ਤੋਂ ਪਹਿਲਾਂ ਸੰਗੀਤ ਦਾ ਡਿਪਲੋਮਾ ਪ੍ਰਯਾਗ ਸੰਗੀਤ ਸੰਮਤਿ ਇਲਾਹਾਬਾਦ ਤੋਂ ਕੀਤਾ ਸੀ ਅਤੇ ਬੈਚੁਲਰ ਆਫ਼ ਮਿਊਜ਼ਕ ਦੀ ਡਿਗਰੀ ਪ੍ਰਾਚੀਨ ਕਲਾ ਕੇਂਦਰ (ਯੂਨੀਵਰਸਿਟੀ ਆਫ਼ ਮਿਊਜ਼ਕ ਐਂਡ ਡਾਂਸ), ਚੰਡੀਗੜ੍ਹ ਤੋਂ ਕਰ ਲਈ ਸੀ।

*?* : ਬਚਪਨ ਕਿਹੋ ਜਿਹਾ ਸੀ? ਸ਼ਰਾਰਤੀ, ਸਾਊ ਜਾਂ ਬਾਗ਼ੀ?

*ਦਮਨ* : ਜਿਹੋ ਜਿਹਾ ਬਚਪਨ ਦਰਸਾ ਚੁੱਕਾ ਹਾਂ, ਉਸ ਵਿਚ ਸ਼ਰਾਰਤੀ ਹੋਣ ਦੀ ਗੁੰਜਾਇਸ਼ ਤਾਂ ਬਚਦੀ ਹੀ ਨਹੀਂ। ਹਾਂ, ਸਾਊ ਸਾਂ ਤੇ ਬਾਗ਼ੀ ਵੀ। ਸਾਊ ਏਨਾ ਕਿ ਪਿੰਡ ਦੀਆਂ ਕੁੜੀਆਂ, ਬਹੂਆਂ ਨੇ ਮੇਰੀ ਅੱਲ 'ਬਾਬਾ' ਪਾਈ ਹੋਈ ਸੀ। ਨਾ ਹਾਣ ਦੀਆਂ ਕੁੜੀਆਂ ਨਾਲ ਹਾਸਾ, ਨਾ ਕਿਸੇ ਭਰਜਾਈ, ਚਾਚੀ ਜਾਂ ਤਾਈ ਨੂੰ ਮਖ਼ੌਲ। ਮਤਰੇਈ ਮਾਂ ਦੇ ਵਰਤਾਓ ਨੇ ਬਾਗ਼ੀ ਜ਼ਰੂਰ ਬਣਾ ਦਿੱਤਾ। ਬਗ਼ਾਵਤ ਦਾ ਅੰਸ਼ ਪਿਤਾ ਵਲੋਂ ਵੀ ਆਇਆ ਹੋਵੇਗਾ। ਇਕ ਦਿਨ ਅੱਠਵੀਂ ਕਲਾਸ ਦੇ ਅਧਿਆਪਕ ਦੇ ਹੱਥੋਂ ਡੰਡਾ ਖੋਹ ਲਿਆ ਸੀ। ਫਿਰ ਹਾਈ ਸਕੂਲ ਵਿਚ ਨਵੇਂ ਤੱਪੜ ਦੀ ਪ੍ਰਾਪਤੀ ਲਈ ਵਿਦਿਆਰਥੀਆਂ ਤੋਂ ਹੜਤਾਲ ਕਰਵਾ ਦਿੱਤੀ ਤੇ ਥਾਣੇ ਅੱਗੇ ਜਾ ਕੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਕਿਉਂਕਿ ਉਥੇ ਨਾਇਬ ਤਹਿਸੀਲਦਾਰ ਦਾ ਦਫ਼ਤਰ ਸੀ ਤੇ ਅਸੀਂ ਉਸ ਨੂੰ ਹੀ ਸਰਕਾਰ ਸਮਝਦੇ ਸਾਂ। ਇਸ ਲਈ ਕਿਸੇ ਸ਼ਰਾਰਤ 'ਤੇ ਮੁਸਕਰਾਹਟ ਕੀ ਆਉਣੀ ਸੀ, ਦੁਖਾਂਤਕ ਯਾਦਾਂ ਜ਼ਰੂਰ ਪ੍ਰੇਸ਼ਾਨ ਕਰਦੀਆਂ ਹਨ।

(ਬਾਕੀ ਅਗਲੇ ਅੰਕ 'ਚ)

6TH Anniversary Special

NIRVANA
ENTERTAINMENT INC.

NIRVANA

Lunch & Dinner Buffet
7 Days a Week
(Veg. & Non-Veg.)



NIRVANA

1009-5075 Falconridge Blvd. N.E.

www.nirvanacalgary.com/nirvanantertainmentic.com

403-590-9797

# ਅਮਰੀਕੀ ਸਾਮਰਾਜ ਦੇ ਘਿਨਾਉਣੇ ਚਿਹਰੇ ਦਾ ਪਰਦਾਫਾਸ਼ ਕਰਨ ਵਾਲਾ ਐਡਵਰਡ ਸਨੋਡੇਨ

ਰਵੀ ਕੰਵਰ
0181-2483033



ਜਨਤਕ ਹਿੱਤਾਂ ਦੇ ਇਕ ਹੋਰ ਪਹਿਰੇਦਾਰ, ਐਡਵਰਡ ਸਨੋਡੇਨ ਨੇ ਅਮਰੀਕੀ ਸਾਮਰਾਜ ਦੇ ਇਕ ਹੋਰ ਘਿਨਾਉਣੇ ਚਿਹਰੇ ਨੂੰ ਦੁਨੀਆਂ ਦੇ ਲੋਕਾਂ ਸਾਹਮਣੇ ਪੇਸ਼ ਕਰਨ ਦਾ ਦਲੇਰੀ ਭਰਿਆ ਕਾਰਜ ਕੀਤਾ ਹੈ। ਇਸ 29 ਸਾਲਾ ਅਮਰੀਕੀ ਨੌਜਵਾਨ ਨੇ ਜੂਨ ਦੇ ਪਹਿਲੇ ਹਫਤੇ ਤੋਂ ਸ਼ੁਰੂ ਕੀਤੇ ਇਕਸ਼ਾਫਾਂ ਰਾਹੀਂ ਦੁਨੀਆਂ ਭਰ ਵਿਚ ਮਨੁੱਖੀ ਅਧਿਕਾਰਾਂ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਖੌਤੀ ਅਲੰਬਰਦਾਰ ਅਮਰੀਕੀ ਸਾਮਰਾਜ ਵਲੋਂ ਸਮੁੱਚੀ ਦੁਨੀਆਂ ਦੇ ਲੋਕਾਂ ਦੀ ਪ੍ਰਗਟਾਵੇ ਦੀ ਆਜ਼ਾਦੀ ਅਤੇ ਨਿੱਜਤਾ ਨੂੰ ਤਾਰ ਤਾਰ ਕਰਦੇ ਕਾਰਨਾਮਿਆਂ ਦਾ ਪਰਦਾ ਚਾਕ ਕਰਕੇ ਰੱਖ ਦਿੱਤਾ ਹੈ।

ਬ੍ਰਿਟੇਨ ਦੇ ਅਖਬਾਰ 'ਦੀ ਗਾਰਡੀਅਨ' ਰਾਹੀਂ 5 ਜੂਨ ਨੂੰ ਕੀਤੇ ਇਕਸ਼ਾਫ ਵਿਚ ਉਸਨੇ ਅਮਰੀਕਾ ਦੇ ਵਿਦੇਸ਼ੀ ਸੂਹੀਆ ਨਿਗਰਾਨੀ ਕਾਨੂੰਨ ਅਧੀਨ ਕਾਇਮ ਅਦਾਲਤ 'ਫਾਰੇਨ ਇੰਟੈਲੀਜੈਂਸ ਸਰਵੀਲੈਂਸ ਕੋਰਟ' ਦੇ ਇਕ ਅਤਿ ਗੁਪਤ ਹੁਕਮ ਨੂੰ ਪੇਸ਼ ਕੀਤਾ ਹੈ। ਜਿਸ ਵਿਚ ਉਸਨੇ ਅਮਰੀਕਾ ਦੀ ਇਕ ਟੈਲੀਫੋਨ ਕੰਪਨੀ ਵੇਰੀਜ਼ੋਨ ਕਮਿਊਨੀਕੇਸ਼ਨ ਨੂੰ ਹੁਕਮ ਦਿੱਤਾ ਹੈ ਕਿ ਉਹ ਰੋਜ਼ਾਨਾ ਉਸ ਰਾਹੀਂ ਅਮਰੀਕਾ ਵਿਚ ਹੋਣ ਵਾਲੀਆਂ ਅਤੇ ਅਮਰੀਕਾ ਤੋਂ ਦੁਨੀਆਂ ਦੇ ਦੇਸ਼ਾਂ ਨੂੰ ਹੋਣ ਵਾਲੀਆਂ ਅਤੇ ਆਉਣ ਵਾਲੀਆਂ ਟੈਲੀਫੋਨ ਕਾਲਾਂ ਦੇ ਵੇਰਵੇ ਨੈਸ਼ਨਲ ਸਕਿਊਰਟੀ ਏਜੰਸੀ ਨੂੰ ਪ੍ਰਦਾਨ ਕਰੇ। ਇੱਥੇ ਇਹ ਨੋਟ ਕਰਨ ਯੋਗ ਹੈ ਕਿ ਸੀਨੇਟ ਇਨਟੈਲੀਜੈਂਸ ਕਮੇਟੀ ਦੇ ਮੈਂਬਰ ਡਿਆਨੇ ਫਿਸਟੀਨ ਅਨੁਸਾਰ ਅਜਿਹੇ ਆਰਡਰ ਅਮਰੀਕਾ ਦੀਆਂ ਲਗਭਗ ਸਾਰੀਆਂ ਹੀ ਪ੍ਰਮੁੱਖ ਟੈਲੀਫੋਨ ਕੰਪਨੀਆਂ ਨੂੰ ਜਾਰੀ ਕੀਤੇ ਜਾਂਦੇ ਹਨ ਅਤੇ ਇਹ ਆਪਣੇ ਆਪ ਸਵੈਚਾਲਤ ਰੂਪ ਵਿਚ ਨਵਿਆਏ ਜਾਂਦੇ ਰਹਿੰਦੇ ਹਨ।

6 ਜੂਨ ਨੂੰ 'ਦੀ ਗਾਰਡੀਅਨ' ਅਤੇ ਅਮਰੀਕੀ ਅਖਬਾਰ 'ਵਾਸ਼ਿੰਗਟਨ ਪੋਸਟ' ਰਾਹੀਂ ਸਨੋਡੇਨ ਨੇ ਅਮਰੀਕਾ ਦੀ ਨੈਸ਼ਨਲ ਸਕਿਊਰਟੀ ਏਜੰਸੀ ਵਲੋਂ 'ਪ੍ਰਿਜ਼ਮ' ਨਾਂਅ ਨਾਲ ਚਲਾਏ ਜਾ ਰਹੇ ਗੁਪਤ ਇਲੈਕਟ੍ਰਾਨਿਕ ਨਿਗਰਾਨੀ ਪ੍ਰੋਗਰਾਮ ਦਾ ਇਕਸ਼ਾਫ ਕੀਤਾ, ਜਿਸ ਰਾਹੀਂ ਅਮਰੀਕਾ ਗੂਗਲ, ਯਾਹੂ, ਫੇਸਬੁਕ, ਸਕਾਈਪੇ, ਟਵੀਟਰ ਆਦਿ ਸਮੇਤ 9 ਇੰਟਰਨੈਟ ਤੰਤਰਾਂ ਰਾਹੀਂ ਭੇਜੇ ਜਾਣ ਵਾਲੀਆਂ ਈ-ਮੇਲਾਂ, ਗੱਲਬਾਤ, ਇੰਟਰਨੈਟ ਬ੍ਰਾਊਜ਼ਰਾਂ ਦੇ ਵੇਰਵਿਆਂ ਅਤੇ ਇਸ ਰਾਹੀਂ ਆਦਾਨ ਪ੍ਰਦਾਨ ਹੋਣ ਵਾਲੀਆਂ ਫਾਈਲਾਂ ਤੇ ਦਸਤਾਵੇਜ਼ਾਂ ਤੱਕ ਪਹੁੰਚ ਬਣਾਉਂਦੇ ਹੋਏ ਰੋਜ ਕਰੋੜਾਂ ਅਜਿਹੇ ਸੁਨੇਹਿਆਂ ਤੇ ਦਸਤਾਵੇਜ਼ਾਂ ਨੂੰ ਗੁਪਤ ਰੂਪ ਵਿਚ ਰਿਕਾਰਡ ਕਰਦਾ ਹੈ।

9 ਜੂਨ ਨੂੰ 'ਦੀ ਗਾਰਡੀਅਨ' ਅਖਬਾਰ ਰਾਹੀਂ ਇਕਸ਼ਾਫ ਕਰਦੇ ਹੋਏ ਸਨੋਡੇਨ ਨੇ ਦੱਸਿਆ ਕਿ ਅਮਰੀਕਾ ਦੀ ਨੈਸ਼ਨਲ ਸਕਿਊਰਟੀ ਏਜੰਸੀ 'ਬਾਊਂਡਲੈਸ ਇਨਫੋਰਮੈਂਟ' ਨਾਂਅ ਦੀ ਇਕ ਪ੍ਰਨਾਲੀ ਰਾਹੀਂ ਕੰਪਿਊਟਰ ਤੇ ਟੈਲੀਫੋਨ ਨੈਟਵਰਕਾਂ ਰਾਹੀਂ ਇਕੱਠੀ ਕੀਤੀ ਗਈ ਮਣਾਂ ਮੂੰਹੀ ਸੂਚਨਾ ਦੀ ਦੇਸ਼ ਵਾਰ ਬੜੇ ਵਿਸਥਾਰ ਨਾਲ ਛਾਣਬੀਨ ਕਰਦੀ ਹੈ।

12 ਜੂਨ ਨੂੰ 'ਦੀ ਸਾਊਥ ਚਾਇਨਾ ਮਾਰਨਿੰਗ ਪੋਸਟ' ਅਖਬਾਰ ਵਿਚ ਛਪੇ ਇਕਸ਼ਾਫ ਵਿਚ ਦੱਸਿਆ ਗਿਆ ਹੈ ਕਿ ਨੈਸ਼ਨਲ ਸਕਿਊਰਟੀ ਅਜੰਸੀ 2009 ਤੋਂ ਹੀ ਚੀਨ ਅਤੇ ਹਾਂਗਕਾਂਗ ਦੇ ਕੰਪਿਊਟਰਾਂ ਨੂੰ ਹੈਕ ਕਰ ਰਹੀ ਹੈ।

17 ਜੂਨ ਨੂੰ 'ਦੀ ਗਾਰਡੀਅਨ' ਵਿਚ ਛਪੇ ਇਕ ਇਕਸ਼ਾਫ ਰਾਹੀਂ ਪਤਾ ਲੱਗਦਾ ਹੈ ਕਿ ਬ੍ਰਿਟੇਨ ਦੀ ਸੂਹੀਆ ਅਜੰਸੀ 'ਗਵਰਨਮੈਂਟ ਕਮਿਊਨਿਕੇਸ਼ਨ ਹੈਡਕੁਆਰਟਰ' ਨੇ 2009 ਵਿਚ ਜੀ-20 ਸਿਖਰ ਸੰਮੇਲਨ ਲਈ ਇਕੱਠੇ ਹੋਣ ਵਾਲੇ ਵਿਦੇਸ਼ੀ ਰਾਜਨੀਤੀਵਾਨਾਂ ਦੀਆਂ ਟੈਲੀਫੋਨ ਕਾਲਾਂ ਅਤੇ ਹੋਰ ਸੂਚਨਾਵਾਂ ਦੀ ਜਸੂਸੀ ਕੀਤੀ ਸੀ।

ਐਡਵਰਡ ਸਨੋਡੇਨ ਵਲੋਂ ਕੀਤੇ ਗਏ ਇਨ੍ਹਾਂ ਇਕਸ਼ਾਫਾਂ ਦੇ ਸਾਹਮਣੇ ਆਉਂਦਿਆਂ ਹੀ ਦੁਨੀਆਂ ਭਰ ਦੇ ਜਮਹੂਰੀਅਤ ਪਸੰਦ ਤੇ ਇਨਸਾਫ ਪਸੰਦ ਲੋਕਾਂ ਵਿਚ ਤਰਥੱਲੀ ਮੱਚ ਗਈ ਹੈ। ਅਮਰੀਕੀ ਸਾਮਰਾਜ ਦੀ ਇਸ ਕਰਤੂਤ ਨਾਲ ਮਨੁੱਖੀ ਅਧਿਕਾਰਾਂ, ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾਂ ਹੀ ਨਹੀਂ ਹੁੰਦੀ ਬਲਕਿ ਦੁਨੀਆਂ ਦੇ ਹਰ ਨਾਗਰਿਕ ਦੀ ਨਿੱਜਤਾ ਵੀ ਖਤਰੇ ਵਿਚ ਪੈ ਗਈ ਹੈ। ਸਨੋਡੇਨ ਵਲੋਂ 'ਦੀ ਗਾਰਡੀਅਨ' ਨੂੰ ਦਿੱਤੇ ਗਏ ਇੰਟਰਵਿਊ ਵਿਚ ਉਹ ਅਮਰੀਕਾ ਦੀ ਨਿਗਰਾਨੀ ਪ੍ਰਨਾਲੀ ਦੀ ਭਿਆਨਕਤਾ ਬਾਰੇ ਦੱਸਦਾ ਕਹਿੰਦਾ ਹੈ-"ਅਸੀਂ ਕੰਪਿਊਟਰਾਂ ਵਿਚ 'ਬੱਗ' ਪਲਾਂਟ ਕਰ ਸਕਦੇ ਹਾਂ, ਜਿਵੇਂ ਹੀ ਤੁਸੀਂ ਕੰਮ ਕਰਨ ਲੱਗੋਗੇ ਮੈਂ ਤੁਹਾਡੇ ਕੰਪਿਊਟਰ ਦਾ ਪਤਾ ਲਗਾ ਸਕਦਾ ਹਾਂ। ਤੁਸੀਂ ਜਿੰਨੀਆਂ ਮਰਜ਼ੀ ਵਧੀਆ ਸੁਰੱਖਿਆ ਪ੍ਰਨਾਲੀਆਂ ਲਗਾ ਲਓ, ਤੁਸੀਂ ਸੁਰੱਖਿਅਤ ਨਹੀਂ ਹੋ। ਨੈਸ਼ਨਲ ਸਕਿਊਰਟੀ ਅਜੰਸੀ ਨੇ ਅਜਿਹਾ ਬੁਨਿਆਦੀ ਢਾਂਚਾ ਉਸਾਰ ਲਿਆ ਹੈ ਕਿ ਉਹ ਲਗਭਗ ਹਰ ਚੀਜ਼ ਨੂੰ ਰਿਕਾਰਡ ਕਰ ਸਕਦੀ ਹੈ। ਉਸਦੀ ਸਮਰੱਥਾ, ਬਿਨਾ ਕਿਸੇ ਨੂੰ ਟਾਰਗੇਟ ਕੀਤਿਆਂ ਵੀ ਸਵੈਚਾਲਤ ਢੰਗ ਨਾਲ ਦੁਨੀਆਂ ਭਰ ਵਿਚ ਹੋਣ ਵਾਲੇ ਬਹੁਗਿਣਤੀ ਮਨੁੱਖੀ ਸੰਚਾਰਾਂ (ਟੈਲੀਫੋਨ ਕਾਲਾਂ, ਇੰਟਰਨੈਟ ਆਦਿ ਰਾਹੀਂ) ਨੂੰ, ਰਿਕਾਰਡ ਕਰਨ ਦੀ ਹੈ। ਜੇਕਰ ਮੈਂ ਚਾਹਵਾਂ ਕਿ ਮੈਂ ਤੁਹਾਡੀ ਈ-ਮੇਲ ਜਾਂ ਤੁਹਾਡੀ ਪਤਨੀ ਦੀ ਟੈਲੀਫੋਨ ਕਾਲ ਪਤਾ ਕਰਨੀ ਹੈ, ਮੈਨੂੰ ਸਿਰਫ ਉਸ ਪ੍ਰਨਾਲੀ ਦੀ ਵਰਤੋਂ ਹੀ ਕਰਨੀ ਹੋਵੇਗੀ, ਜਿਹੜੀ ਕਿ ਬੜੀ ਸੌਖੀ ਹੈ। ਮੈਂ ਤੁਹਾਡੀਆਂ ਈ-ਮੇਲਾਂ, ਪਾਸਵਰਡ, ਫੋਨ ਕਾਲਾਂ, ਕ੍ਰੈਡਿਟ ਕਾਰਡ ਤੱਕ ਪਹੁੰਚ ਬਣਾ ਸਕਦਾ ਹਾਂ।"

ਅਮਰੀਕਾ ਦੀ ਨੈਸ਼ਨਲ ਸਕਿਊਰਟੀ ਏਜੰਸੀ ਅਤਿ ਵਿਸ਼ਾਲ ਪੱਧਰ ਉਤੇ ਰੋਜ਼ਾਨਾ ਸੂਚਨਾਵਾਂ ਅਤੇ ਹੋਰ ਸੰਚਾਰਾਂ ਨੂੰ ਰਿਕਾਰਡ ਕਰਦੀ ਹੈ। ਸਨੋਡੇਨ ਅਨੁਸਾਰ ਲਗਭਗ 1 ਅਰਬ ਤੋਂ ਵੱਧ ਟੈਲੀਫੋਨ ਕਾਲਾਂ ਤੇ ਇੰਟਰਨੈੱਟ ਸੰਚਾਰ ਰੋਜ਼ਾਨਾ ਰਿਕਾਰਡ ਕੀਤੀਆਂ ਜਾਂਦੀਆਂ ਹਨ। ਇੰਟਰਨੈਟ ਰਾਹੀਂ ਹੋਣ ਵਾਲੇ ਸੰਚਾਰ ਨੂੰ ਰਿਕਾਰਡ ਕਰਨਾ ਤਾਂ ਅਮਰੀਕਾ ਲਈ ਹੋਰ ਵੀ ਅਸਾਨ ਹੈ। ਕਿਉਂਕਿ ਇੰਟਰਨੈਟ ਨੂੰ ਸੰਚਾਲਤ ਕਰਨ ਵਾਲੀਆਂ ਲਗਭਗ ਸਾਰੀਆਂ ਹੀ ਕੰਪਨੀਆਂ ਅਮਰੀਕਾ ਅਧਾਰਤ ਹਨ। ਇਸ ਤਰ੍ਹਾਂ ਸਭ ਤੋਂ ਵਧੇਰੇ ਤੇਜ਼ ਇੰਟਰਨੈਟ ਦੀ ਬੈਂਡਵਿਡਥ ਵੀ ਉਨ੍ਹਾਂ ਕੋਲ ਹੈ। ਇੰਟਰਨੈਟ ਰਾਹੀਂ ਹੋਣ ਵਾਲਾ ਸਮੁੱਚਾ ਸੰਚਾਰ ਈ-ਮੇਲਾਂ, ਚੈਟਿੰਗ ਅਤੇ ਹਰ ਤਰ੍ਹਾਂ ਦੀਆਂ ਫਾਈਲਾਂ ਦਾ ਆਦਾਨ-ਪ੍ਰਦਾਨ ਉਥੇ ਸਥਿਤ ਸਰਵਰਾਂ ਰਾਹੀਂ ਹੀ ਹੁੰਦਾ ਹੈ। ਇਨ੍ਹਾਂ ਸਰਵਰਾਂ ਰਾਹੀਂ ਹੋਣ ਵਾਲੇ ਹਰ ਤਰ੍ਹਾਂ ਦੇ ਸੰਚਾਰ ਨੂੰ ਪੁਲਾੜ ਵਿਚ ਅਮਰੀਕਾ ਦੇ ਘੁੰਮ ਰਹੇ ਸੂਚਨਾ ਉਪਗ੍ਰਹਿ ਫੜਦੇ ਹਨ ਅਤੇ 20 ਥਾਹੀਂ ਸਥਿਤ ਡਾਟਾਬੇਸਾਂ ਨੂੰ ਭੇਜਦੇ ਹਨ, ਜਿਥੇ ਇਹ ਸੂਚਨਾਵਾਂ ਅਤੇ ਸੰਚਾਰ ਸਟੋਰ ਹੁੰਦਾ ਹੈ। ਅੱਜ ਭਾਵ 2013 ਵਿਚ ਸਟੋਰ ਕੀਤੀਆਂ ਗਈਆਂ ਸੂਚਨਾਵਾਂ ਤੇ ਸੰਚਾਰਾਂ ਨੂੰ ਅੱਜ ਤੋਂ 10-20 ਸਾਲ ਬਾਅਦ ਵੀ ਦੇਖਿਆ ਜਾਂ ਸੁਣਿਆ ਜਾ ਸਕਦਾ ਹੈ। ਇਸ ਸੂਹੀਆ ਤੰਤਰ ਦੀ ਵਿਸ਼ਾਲਤਾ ਅਤੇ ਘਾਤਕਤਾ ਦਾ ਅੰਦਾਜ਼ਾ ਇਸ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਸਿਰਫ ਮਾਰਚ 2013 ਵਿਚ ਹੀ ਭਾਰਤ ਦੇ ਨੈਟਵਰਕ ਤੋਂ ਹੋਣ ਵਾਲੇ 6.3 ਅਰਬ ਸੰਚਾਰਾਂ ਨੂੰ ਇਸ ਨੈਟਵਰਕ ਨੇ ਰਿਕਾਰਡ ਕੀਤਾ ਹੈ। ਇੱਥੇ ਇਹ ਵੀ ਨੋਟ ਕਰਨ ਯੋਗ ਹੈ ਕਿ ਇਸ ਮਾਮਲੇ ਵਿਚ ਭਾਰਤ 5ਵੇਂ ਨੰਬਰ 'ਤੇ ਹੈ। ਉਸ ਤੋਂ ਪਹਿਲਾਂ ਜਿਹੜੇ ਦੇਸ਼ ਹਨ ਉਹ ਅਮਰੀਕਾ ਵਲੋਂ ਐਲਾਨੇ ਦੁਸ਼ਮਣ ਦੇਸ਼, ਈਰਾਨ, ਕੋਰੀਆ, ਕਿਊਬਾ ਆਦਿ ਹੀ ਹਨ। ਨੈਸ਼ਨਲ ਸਕਿਊਰਟੀ ਏਜੰਸੀ ਇਸ ਤਰ੍ਹਾਂ ਸੂਚਨਾਵਾਂ ਅਤੇ ਸੰਚਾਰਾਂ ਨੂੰ ਸਟੋਰ ਕਰਦੀ ਰਹਿੰਦੀ ਹੈ ਅਤੇ ਆਪਣੀ ਮਰਜ਼ੀ ਤੇ ਲੋੜ ਅਨੁਸਾਰ ਇਨ੍ਹਾਂ ਦੀ ਛਾਣਬੀਣ ਕਰਕੇ ਉਨ੍ਹਾਂ ਦੀ ਵਰਤੋਂ ਆਪਣੇ ਹਿੱਤਾਂ ਨੂੰ ਸਾਧਣ ਲਈ ਕਰਦੀ ਹੈ।

ਇਨ੍ਹਾਂ ਇਕਸ਼ਾਫਾਂ ਦੇ ਸਾਹਮਣੇ ਆਉਂਦਿਆਂ ਹੀ ਅਮਰੀਕਾ ਦੇ ਹਾਕਮਾਂ ਨੇ ਆਪਣੇ ਇਸ ਘਿਨਾਉਣੇ ਕਾਰਨਾਮੇ ਨੂੰ ਠੀਕ ਠਹਿਰਾਉਂਦੇ ਹੋਏ ਇਸਨੂੰ ਕੌਮੀ ਸੁਰੱਖਿਆ ਅਤੇ ਅੱਤਵਾਦ ਵਿਰੁੱਧ ਜੰਗ ਲਈ ਜ਼ਰੂਰੀ ਦੱਸਿਆ ਹੈ। ਉਨ੍ਹਾਂ ਦੁਨੀਆਂ ਭਰ ਵਿਚ ਇਸਦੀ ਮਦਦ ਨਾਲ 20 ਅੱਤਵਾਦੀ ਹਮਲੇ ਰੋਕਣ ਦਾ ਵੀ ਦਾਅਵਾ ਕੀਤਾ ਹੈ। ਅਮਰੀਕਾ ਦੀਆਂ ਦੋਵਾਂ ਹੀ ਪਾਰਟੀਆਂ ਰਿਪਬਲਿਕਨ ਤੇ ਡੈਮੋਕ੍ਰੇਟ ਦੇ ਆਗੂਆਂ ਨੇ ਸਨੋਡੇਨ ਨੂੰ ਦੇਸ਼ ਧਰੋਹੀ ਦੱਸਦੇ ਹੋਏ ਉਸਨੂੰ ਸਜ਼ਾ ਦੇਣ ਦੀ ਗੱਲ ਕੀਤੀ ਹੈ।

ਅਮਰੀਕਾ ਅਤੇ ਦੁਨੀਆਂ ਭਰ ਵਿਚੋਂ ਸਨੋਡੇਨ ਨੂੰ ਭਰਪੂਰ ਸਮਰਥਨ ਮਿਲ ਰਿਹਾ ਹੈ। ਉਸਨੂੰ ਹੀਰੋ ਦੱਸਦੇ ਹੋਏ, ਉਸ ਵਲੋਂ ਜਾਨ ਤਲੀ 'ਤੇ ਰੱਖਕੇ ਕੀਤੇ ਇਨ੍ਹਾਂ ਇਕਸ਼ਾਫਾਂ ਲਈ ਭਰਪੂਰ ਪ੍ਰਸ਼ੰਸ਼ਾ ਕੀਤੀ ਜਾ ਰਹੀ ਹੈ। ਅਮਰੀਕਾ ਵਿਚ ਉਸਦੇ ਹੱਕ ਵਿਚ ਬਣੇ ਵੈਬਸਾਇਟ ਉਤੇ 30,000 ਤੋਂ ਵੱਧ ਲੋਕਾਂ ਨੇ ਉਸਦਾ, ਉਸਦੇ ਇਸ ਕਾਰਜ ਲਈ ਧੰਨਵਾਦ ਕੀਤਾ ਹੈ। ਅਮਰੀਕਾ ਦੇ ਹਾਕਮਾਂ ਦੀਆਂ ਦਲੀਲਾਂ ਦਾ ਜੁਆਬ ਦਿੰਦੇ ਹੋਏ 'ਦੀ ਗਾਰਡੀਅਨ' ਦੀ ਇਕ ਰਿਪੋਰਟ ਕਹਿੰਦੀ ਹੈ, 2008 ਦੇ ਆਰਥਕ ਮੰਦਵਾੜੇ ਤੋਂ ਬਾਅਦ ਸਕਿਊਰਿਟੀ ਏਜੰਸੀਆਂ ਅੱਗੇ ਤੋਂ ਵਧੇਰੇ ਰਾਜਨੀਤਕ ਕਾਰਕੁੰਨਾਂ ਦੀ ਜਸੂਸੀ ਕਰ ਰਹੀਆਂ ਹਨ ਖਾਸ ਕਰਕੇ ਪਰਿਆਵਰਨ ਨਾਲ ਸਬੰਧਤ ਕਾਰਕੁੰਨਾਂ ਦੀ, ਇਹ ਉਹ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਨੂੰ ਸਾਹਮਣੇ ਰੱਖਕੇ ਕਰ ਰਹੀਆਂ ਹਨ। ਸੀਨੇਟ ਦੇ ਵੀ ਕੁੱਝ ਮੈਂਬਰਾਂ ਨੇ ਸਨੋਡੇਨ ਦਾ ਸਮਰਥਨ ਕੀਤਾ ਹੈ। ਸੀਨੇਟਰ ਟੇਡ ਕਰੂਜ਼ ਨੇ ਕਿਹਾ ਹੈ "ਜੇਕਰ ਮਾਮਲਾ ਇਹ ਹੈ ਕਿ ਸੰਘੀ ਸਰਕਾਰ ਕਰੋੜਾਂ ਲੋਕਾਂ, ਜਿਹੜੇ ਕਿ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕਾਂ ਦੇ ਵਿਅਕਤੀਗਤ ਰਿਕਾਰਡ ਹਾਸਲ ਕਰ ਰਹੀ ਹੈ ਅਤੇ ਉਨ੍ਹਾਂ ਤੱਕ ਪਹੁੰਚ ਬਣਾ ਰਹੀ ਹੈ, ਉਨ੍ਹਾਂ ਨੂੰ ਦੇਖ ਤੇ ਸੁਣ ਰਹੀ ਹੈ ਤਾਂ ਮੈਂ ਸੋਚਦਾ ਹਾਂ ਸਨੋਡੇਨ ਨੇ ਇਨ੍ਹਾਂ ਦਾ ਇਕਸ਼ਾਫ ਕਰਕੇ ਇਕ ਚੰਗਾ ਲੋਕ ਭਲਾਈ ਦਾ ਕੰਮ ਕੀਤਾ ਹੈ।" ਇਸੇ ਤਰ੍ਹਾਂ ਹੋਰ ਅਨੇਕਾਂ ਰਾਜਨੀਤਕ ਆਗੂਆਂ ਜਿਨ੍ਹਾਂ ਵਿਚ ਰਿਪਬਲਿਕ ਪਾਰਟੀ ਦੇ ਕਈ ਆਗੂ ਵੀ ਸ਼ਾਮਲ ਹਨ, ਨੇ ਸਨੋਡੇਨ ਦਾ ਸਮਰਥਨ ਕੀਤਾ ਹੈ। ਸੀ.ਆਈ.ਏ. ਦੇ ਸੇਵਾ ਮੁਕਤ ਵਿਸ਼ਲੇਸ਼ਕ ਰੇਅ ਮੈਕਗਵਰਨ ਨੇ ਸਨੋਡੇਨ ਨੂੰ ਬੇਮਿਸਾਲ ਹਿੰਮਤ ਵਾਲਾ ਅਮਰੀਕੀ ਸੰਵਿਧਾਨ ਦਾ ਨਵੇਕਲਾ ਰਾਖਾ ਗਰਦਾਨਿਆ ਹੈ। ਇਸ ਵਿਚ ਵੀ ਕੋਈ ਸ਼ੱਕ ਹੀ ਨਹੀਂ ਹੈ ਕਿ ਅਮਰੀਕੀ ਸਾਮਰਾਜ ਆਪਣੇ ਦੇਸ਼ ਵਿਚ ਹੀ ਨਹੀਂ ਬਲਕਿ ਸਮੁੱਚੀ ਦੁਨੀਆਂ ਵਿਚ ਆਪਣੇ ਰਾਜਨੀਤਕ, ਆਰਥਕ ਤੇ ਜੰਗੀ ਹਿੱਤਾਂ ਨੂੰ ਅੱਗੇ ਵਧਾਉਣ ਲਈ ਇਨ੍ਹਾਂ ਸੂਚਨਾਵਾਂ ਦੀ ਵਰਤੋਂ ਕਰਦਾ ਹੈ।

ਅਮਰੀਕਾ ਵਿਚ ਦਹਾਕਿਆਂ ਤੋਂ ਜਨਤਕ ਹਿੱਤਾਂ ਦੇ ਅਜਿਹੇ ਪਹਿਰੇਦਾਰ ਆਪਣੀਆਂ ਜਾਨਾਂ ਨੂੰ ਜੋਖ਼ਮ ਵਿਚ ਪਾ ਕੇ ਅਮਰੀਕੀ ਸਾਮਰਾਜ ਦਾ ਘਿਨਾਉਣਾ ਚਿਹਰਾ ਨੰਗਾ ਕਰਦੇ ਰਹੇ ਹਨ। ਡੇਨੀਅਲ ਈਲਸਬਰਗ ਉਨ੍ਹਾਂ ਵਿਚੋਂ ਇਕ ਹੈ, ਜਿਸਨੇ 1971 ਵਿਚ ਵਿਅਤਨਾਮ ਯੁੱਧ ਨਾਲ ਸਬੰਧਤ ਅਤਿ ਖੁਫੀਆ ਪੈਂਟਾਗਨ ਪੇਪਰ ਦੁਨੀਆਂ ਸਾਹਮਣੇ ਪੇਸ਼ ਕੀਤੇ ਸਨ। ਬ੍ਰੇਡਲੇ ਮੈਨਿੰਗ ਵੀ ਉਨ੍ਹਾਂ ਵਿਚੋਂ ਇਕ ਹੈ, ਜਿਸਨੇ 90,000 ਦੇ ਕਰੀਬ ਖੁਫੀਆ ਦਸਤਾਵੇਜ਼ ਵਿਕੀਲਿਕਸ ਦੇ ਸੰਸਥਾਪਕ ਜੂਲੀਅਨ ਅਸਾਂਜੇ ਨੂੰ ਪ੍ਰਦਾਨ ਕੀਤੇ ਸਨ। ਉਹ ਹੁਣ ਅਮਰੀਕਾ ਵਿਚ ਮੁਕੱਦਮੇ ਦਾ ਸਾਹਮਣਾ ਕਰ ਰਿਹਾ ਹੈ।

ਐਡਵਰਡ ਸਨੋਡੇਨ ਵੀ ਇਨ੍ਹਾਂ ਜਨਤਕ ਹਿੱਤਾਂ ਦੇ ਪਹਿਰੇਦਾਰਾਂ ਦੀ ਸ਼ਾਨਦਾਰ ਪਰੰਪਰਾ ਦਾ ਇਕ ਮਹੱਤਵਪੂਰਨ ਵਰਕਾ ਬਣ ਗਿਆ ਹੈ। ਆਪਣੇ ਇਸ ਬਹਾਦਰਾਨਾ ਤੇ ਸੀਸ ਤਲੀ 'ਤੇ ਧਰਕੇ ਕੀਤੇ ਕਾਰਜ ਪਿੱਛੇ ਪ੍ਰੇਰਨਾ ਬਾਰੇ ਗੱਲ ਕਰਦਿਆਂ ਉਹ ਕਹਿੰਦਾ ਹੈ "ਮੈਂ ਆਪਣਾ ਸਭ ਕੁੱਝ ਕੁਰਬਾਨ ਕਰਨ ਲਈ ਤਿਆਰ ਹਾਂ ਕਿਉਂਕਿ ਮੇਰੀ ਚੰਗੀ ਜਮੀਰ ਇਸ ਗੱਲ ਦੀ ਆਗਿਆ ਨਹੀਂ ਦਿੰਦੀ ਕਿ ਅਮਰੀਕੀ ਸਰਕਾਰ ਆਪਣੀ ਵਿਸ਼ਾਲ ਨਿਗਰਾਨੀ ਮਸ਼ੀਨ ਰਾਹੀਂ ਦੁਨੀਆਂ ਭਰ ਦੇ ਲੋਕਾਂ ਦੀ ਨਿੱਜਤਾ, ਇੰਟਰਨੈਟ ਆਜ਼ਾਦੀ ਤੇ ਬੁਨਿਆਦੀ ਆਜ਼ਾਦੀਆਂ ਨੂੰ ਨਸ਼ਟ ਕਰੇ।" ਸਨੋਡੇਨ ਨੇ ਇਹ ਫੈਸਲਾ ਅਚਨਚੇਤ ਨਹੀਂ ਕਰ ਲਿਆ ਸੀ ਬਲਕਿ ਉਸਨੇ ਅਮਰੀਕੀ ਸੂਹੀਆ ਤੰਤਰ ਦੀ ਭਿਆਨਕਤਾ ਅਤੇ ਘਿਨਾਉਣੇਪਣ ਨੂੰ ਉਸ ਅੰਦਰ ਕੰਮ ਕਰਦਿਆਂ ਅਮਲੀ ਰੂਪ ਵਿਚ ਦੇਖਿਆ ਸੀ ਅਤੇ ਇਸਦੇ ਸਿੱਟੇ ਵਜੋਂ ਉਸ ਵਿਰੁੱਧ ਨਫਰਤ ਪੈਦਾ ਹੋਈ ਸੀ। 2004 ਵਿਚ ਉਹ ਅਮਰੀਕੀ ਫੌਜ ਵਿਚ ਸ਼ਾਮਲ ਹੋਇਆ। ਉਸ ਵਿਚ ਜਜ਼ਬਾ ਸੀ ਕਿ ਉਹ ਇਕ ਇਨਸਾਨ ਵਜੋਂ ਲੋਕਾਂ ਨੂੰ ਦਮਨ ਉਤਪੀੜਨ ਤੋਂ ਮੁਕਤ ਕਰਨ ਲਈ ਈਰਾਕ ਜੰਗ ਵਿਚ ਸ਼ਾਮਲ ਹੋ ਕੇ ਆਪਣਾ ਫਰਜ਼ ਅਦਾ ਕਰੇ। ਪ੍ਰੰਤੂ ਉਸਨੇ ਦੇਖਿਆ ਕਿ ਉਸਦੇ ਸਾਰੇ ਟਰੇਨਰ ਅਰਬਾਂ ਵਿਰੁੱਧ ਨਫਰਤ ਹੀ ਭਰਦੇ ਹਨ। ਉਹ ਟਰੇਨਿੰਗ ਦੌਰਾਨ ਜ਼ਖਮੀ ਹੋਣ ਕਰਕੇ ਫੌਜ ਵਿਚ ਸ਼ਾਮਲ ਨਹੀਂ ਹੋ ਸਕਿਆ। ਉਸਦੀ ਸੋਚ ਵਿਚ ਮੋੜ 2007 ਵਿਚ ਆਇਆ ਜਦੋਂਕਿ ਉਹ ਸੀ.ਆਈ.ਏ. ਦੇ ਏਜੰਟ ਵਜੋਂ ਰਾਜਦੂਤ ਦੇ ਕਰਮਚਾਰੀ ਦੇ ਰੂਪ ਵਿਚ ਸਵਿਜ਼ਰਲੈਂਡ ਦੀ ਰਾਜਧਾਨੀ ਜਨੇਵਾ ਵਿਖੇ ਤੈਨਾਤ ਸੀ। ਉਥੇ ਇਕ ਸਵਿਸ ਬੈਂਕਰ ਤੋਂ ਗੁਪਤ ਸੂਚਨਾਂ ਹਾਸਲ ਕਰਨ ਦੇ ਮਕਸਦ ਨਾਲ ਉਸਨੂੰ ਜਾਣਬੁੱਝਕੇ ਵਧੇਰੇ ਸ਼ਰਾਬ ਪਿਆਈ ਗਈ ਅਤੇ ਫਿਰ ਉਸਨੂੰ ਆਪਣੇ ਘਰ ਕਾਰ ਚਲਾਕੇ ਜਾਣ ਲਈ ਉਕਸਾਇਆ ਗਿਆ। ਜਦੋਂ ਉਸਨੂੰ ਸ਼ਰਾਬੀ ਹਾਲਤ ਵਿਚ ਕਾਰ ਚਲਾਉਣ ਦੇ ਜੁਰਮ ਵਿਚ ਗ੍ਰਿਫਤਾਰ ਕਰ ਲਿਆ ਗਿਆ ਤਾਂ ਸੀ.ਆਈ.ਏ. ਦੇ ਏਜੰਟਾਂ ਨੇ ਉਸਦੀ ਮਦਦ ਕਰਨ ਦੇ ਨਾਂਅ ਹੇਠ ਉਸ ਨਾਲ ਦੋਸਤੀ ਗੰਢੀ ਅਤੇ ਉਸਨੂੰ ਸੀ.ਆਈ.ਏ. ਦਾ ਏਜੰਟ ਬਣਾ ਲਿਆ ਗਿਆ। ਸਨੋਡੇਨ ਦੇ ਸ਼ਬਦਾਂ ਵਿਚ "ਜੋ ਕੁੱਝ ਮੈਂ ਜਨੇਵਾ ਵਿਚ ਦੇਖਿਆ ਉਸਨੇ ਮੈਨੂੰ ਸੱਚੀਮੁੱਚੀ ਹੀ ਨਿਰਾਸ਼ ਕਰ ਦਿੱਤਾ ਕਿ ਮੇਰੀ ਸਰਕਾਰ ਕਿਸ ਤਰ੍ਹਾਂ ਕੰਮ ਕਰਦੀ ਹੈ ਅਤੇ ਸੰਸਾਰ ਉਤੇ ਇਸਦਾ ਕੀ ਅਸਰ ਪਵੇਗਾ? ਮੈਨੂੰ ਇਹ ਅਹਿਸਾਸ ਹੋ ਗਿਆ ਕਿ ਮੈਂ ਉਸ ਢਾਂਚੇ ਦਾ ਹਿੱਸਾ ਹਾਂ ਜਿਹੜਾ ਚੰਗੇ ਦੀ ਥਾਂ ਬਹੁਤਾ ਮਾੜਾ ਕਰ ਰਿਹਾ ਹੈ।" 2008 ਵਿਚ ਬਰਾਕ ਓਬਾਮਾ ਦੀ ਰਾਸ਼ਟਰਪਤੀ ਚੋਣ ਦੌਰਾਨ ਉਸ ਵਲੋਂ ਅਮਰੀਕੀ ਸੂਹੀਆ ਏਜੰਸੀਆਂ ਬਾਰੇ ਕਹੀਆਂ ਗੱਲਾਂ ਤੋਂ ਆਸ ਬੱਝੀ ਕਿ ਕੁੱਝ ਸੁਧਾਰ ਆਵੇਗਾ। ਪ੍ਰੰਤੂ 4 ਸਾਲ ਤੋਂ ਵੱਧ ਦੇ ਓਬਾਮਾ ਦੇ ਕਾਰਜਕਾਲ ਨੇ ਵੀ ਉਸਨੂੰ ਨਿਰਾਸ਼ ਹੀ ਕੀਤਾ। ਸਨੋਡੇਨ ਅਮਰੀਕੀ ਖੁਫੀਆ ਤੰਤਰ ਦੀ ਭਿਆਨਕਤਾ ਅਤੇ ਵਿਸ਼ਾਲ ਪਹੁੰਚ ਨੂੰ ਜਾਣਦਾ ਹੋਇਆ ਵੀ ਆਪਣੀ ਐਸ਼-ਆਰਾਮ ਭਰੀ ਜ਼ਿੰਦਗੀ ਨੂੰ ਠੋਕਰ ਮਾਰਦਾ ਹੋਇਆ ਆਪਣੀ ਜ਼ਮੀਰ ਦੀ ਅਵਾਜ਼ ਨੂੰ ਸਿਰੇ ਚਾੜ੍ਹਦਾ ਹੋਇਆ ਹਵਾਈ ਵਿਖੇ ਨੈਸ਼ਨਲ ਸਕਿਊਰਟੀ ਏਜੰਸੀ ਦੀ ਨੌਕਰੀ ਤੋਂ ਛੁੱਟੀ ਲੈ ਕੇ 20 ਮਈ ਨੂੰ ਹਾਂਗਕਾਂਗ ਦੇ ਇਕ ਹੋਟਲ ਵਿਖੇ ਬਹੁਤ ਹੀ ਗੁਪਤ ਢੰਗ ਨਾਲ ਪੁੱਜ ਗਿਆ। ਉਸਨੂੰ ਇਹ ਚੰਗੀ ਤਰ੍ਹਾਂ ਪਤਾ ਸੀ ਕਿ ਹੁਣ ਉਹ ਕਦੇ ਵੀ ਆਪਣੇ ਮਾਤਾ ਪਿਆ ਅਤੇ ਆਪਣੀ ਖੂਬਸੂਰਤ ਗਰਲਫਰੈਂਡ ਨੂੰ ਨਹੀਂ ਮਿਲ ਸਕੇਗਾ। ਉਸਨੂੰ ਇਸ ਗੱਲ ਦਾ ਵੀ ਚੰਗੀ ਤਰ੍ਹਾਂ ਪਤਾ ਹੈ ਕਿ ਅਮਰੀਕੀ ਖੁਫੀਆ ਏਜੰਸੀਆਂ ਉਸਨੂੰ ਕਿਸੇ ਵੇਲੇ ਵੀ ਉਧਾਲ ਸਕਦੀਆਂ ਹਨ। ਉਸ ਵਲੋਂ ਕੀਤੇ ਗਏ ਇਕਸ਼ਾਫਾਂ ਕਰਕੇ ਦੁਨੀਆਂ ਭਰ ਵਿਚ ਲੋਕਾਂ ਤੋਂ ਮਿਲੇ ਜਨਸਮਰਥਨ ਨੂੰ ਦੇਖਦਿਆਂ ਰੂਸ, ਆਇਸਲੈਂਡ, ਇਕਵਾਡੋਰ ਆਦਿ ਦੇਸ਼ਾਂ ਨੇ ਉਸਨੂੰ ਰਾਜਨੀਤਕ ਸ਼ਰਣ ਦੇਣ ਦੀ ਵੀ ਪੇਸ਼ਕਸ਼ ਕੀਤੀ ਹੈ। 23 ਜੂਨ ਦੀਆਂ ਅਖਬਾਰਾਂ ਅਨੁਸਾਰ ਅਮਰੀਕਾ ਦੇ ਨਿਆਂ ਵਿਭਾਗ ਨੇ ਸਨੋਡੇਨ ਵਿਰੁੱਧ ਜਸੂਸੀ, ਸਰਕਾਰੀ ਸੂਚਨਾਵਾਂ ਨੂੰ ਚੋਰੀ ਕਰਨ ਅਤੇ ਗੁਪਤ ਸਰਕਾਰੀ ਸੂਚਨਾਵਾਂ ਨੂੰ ਲੀਕ ਨਾਲ ਸਬੰਧਤ ਮਾਮਲਾ ਦਰਜ ਕਰ ਲਿਆ। 25 ਜੂਨ ਦੀਆਂ ਅਖਬਾਰਾਂ ਅਨੁਸਾਰ ਉਹ ਹਾਂਗਕਾਂਗ ਤੋਂ ਰੂਸ ਵਿਖੇ ਸੁਰੱਖਿਅਤ ਰੂਪ ਵਿਚ ਪਹੁੰਚ ਗਿਆ ਹੈ। ਜਿੱਥੋਂ ਉਸਦੇ ਆਇਸਲੈਂਡ ਜਾਂ ਇਕਵਾਡੋਰ ਵਿਖੇ ਜਾਣ ਦੀ ਯੋਜਨਾ ਹੈ। ਇਹ ਦੋਵੇਂ ਦੇਸ਼ ਉਸਨੂੰ ਰਾਜਨੀਤਕ ਸ਼ਰਣ ਦੇਣ ਲਈ ਤਿਆਰ ਹਨ। ਇਸ ਦੌਰਾਨ ਅਮਰੀਕਾ ਨੇ ਰੂਸ ਨੂੰ ਧਮਕੀ ਦਿੱਤੀ ਹੈ ਕਿ ਉਹ ਸਨੋਡੇਨ ਨੂੰ ਕਿਸੇ ਹੋਰ ਦੇਸ਼ ਭੇਜਣ ਦੀ ਥਾਂ ਉਸਨੂੰ ਸੌਂਪ ਦੇਵੇ। ਨਹੀਂ ਤਾਂ ਉਨ੍ਹਾਂ ਦੇ ਆਪਸੀ ਰਿਸ਼ਤੇ ਖਰਾਬ ਹੋ ਜਾਣਗੇ ਪ੍ਰੰਤੂ ਰੂਸ ਨੇ ਇਸ ਤੋਂ ਸਾਫ ਨਾਂਹ ਕਰ ਦਿੱਤੀ ਹੈ।

ਭਾਰਤੀ ਲੋਕਾਂ ਸਾਹਮਣੇ ਵੀ ਅਜਿਹੀ ਹੀ ਚੁਣੌਤੀ ਦਰਪੇਸ਼ ਹੈ। ਭਾਰਤ ਦੀ ਸਰਕਾਰ ਵੀ 'ਸੈਂਟਰਲ ਮੋਨੀਟਰਿੰਗ ਸਿਸਟਮ' ਦੇ ਨਾਂਅ ਹੇਠ ਅਜਿਹਾ ਹੀ ਤੰਤਰ ਖੜਾ ਕਰਨ ਜਾ ਰਹੀ ਹੈ। ਜਿਸ ਅਧੀਨ ਇਸੇ ਤਰਜ 'ਤੇ ਸਾਰੀਆਂ ਸੂਚਨਾਵਾਂ ਤੇ ਸੰਚਾਰ ਇਕੱਠੇ ਕੀਤੇ ਜਾਣਗੇ। ਪੂੰਜੀਵਾਦ ਅਧਾਰਤ ਨਵਉਦਾਰਵਾਦੀ ਨੀਤੀਆਂ ਵਿਰੁੱਧ ਅੱਜ ਜਦੋਂ ਦੁਨੀਆਂ ਭਰ ਦੇ ਮਿਹਨਤਕਸ਼ ਲੋਕ ਆਪਣੇ ਹੱਕਾਂ-ਹਿੱਤਾਂ ਦੀ ਰਾਖੀ ਲਈ ਸੰਘਰਸ਼ ਦੇ ਮੈਦਾਨ ਵਿਚ ਹਨ। ਉਸ ਵੇਲੇ ਸਨੋਡੇਨ ਵਲੋਂ ਕੀਤੇ ਗਏ ਇਕਸ਼ਾਫ ਇਸ ਸੰਘਰਸ਼ ਪ੍ਰਤੀ ਹੋਰ ਵਧੇਰੇ ਪ੍ਰਤੀਬੱਧਤਾ ਅਤੇ ਇਸ ਲਈ ਨਵੇਂ ਢੰਗ ਤਰੀਕੇ ਅਪਨਾਉਣ ਦੀ ਲੋੜ ਨੂੰ ਦਰਸਾਉਂਦੇ ਹਨ। ਇੱਥੇ ਇਹ ਵੀ ਨੋਟ ਕਰਨ ਯੋਗ ਹੈ ਕਿ ਅਮਰੀਕੀ ਸਾਮਰਾਜ ਅਤੇ ਉਸਦੇ ਹੱਥਠੋਕੇ ਆਪਣੇ ਬਹੁਤ ਹੀ ਵਧੀਆ ਖੁਫੀਆ ਤੰਤਰ ਤੋਂ ਬਾਵਜੂਦ ਲੋਕਾਂ ਵਿਚ ਪੈਦਾ ਹੋਈ ਬੇਚੈਨੀ ਦੇ ਸਿੱਟੇ ਵਜੋਂ ਉਠੀਆਂ ਲੋਕ ਬਗਾਵਤਾਂ ਨੂੰ ਨਹੀਂ ਰੋਕ ਸਕਦੇ। ਅਰਬ ਜਗਤ ਅਤੇ ਦੁਨੀਆਂ ਹੋਰ ਹਿੱਸਿਆਂ ਸਮੇਤ ਅਮਰੀਕਾ ਦਾ 'ਆਕੂਪਾਈ ਵਾਲ ਸਟਰੀਟ' ਵਿਸ਼ਾਲ ਜਨਅੰਦੋਲਨ ਇਸਦੀਆਂ ਜਿਉਂਦੀਆਂ ਜਾਗਦੀਆਂ ਉਦਾਹਰਨਾਂ ਹਨ। ਦੁਨੀਆਂ ਭਰ ਦੇ ਆਪਣੇ ਹੱਕਾਂ ਹਿੱਤਾਂ, ਲਈ ਲੜਨ ਵਾਲੇ ਜਮਹੂਰੀਅਤ ਪਸੰਦ ਤੇ ਇਨਸਾਫ ਪਸੰਦ ਲੋਕਾਂ ਲਈ ਐਡਵਰਡ ਸਨੋਡੇਨ ਇਕ ਹੀਰੋ ਹੈ, ਅਤੇ ਉਸ ਵਰਗੇ ਲੋਕਾਂ ਹਿੱਤਾਂ ਦੇ ਯੋਧੇ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨਾ ਹਰ ਇਕ ਮਿਹਨਤਕਸ਼ ਦਾ ਫਰਜ਼ ਬਣਦਾ ਹੈ।

*ਲੇਖਕ ਅਦਾਰਾ ਸੰਗਰਾਮੀ ਲਹਿਰ ਦੇ ਦਫ਼ਤਰ ਸਕੱਤਰ ਹਨ*

# ਕਮਲ ਦੇਵ ਪਾਲ ਦੀ 'ਦਿਨ ਪਰਤ ਆਉਣਗੇ' ਦਾ ਕਾਵਿ-ਪ੍ਰਵਚਨ

ਡਾ. ਕੁਲਵੀਰ
09871100116

ਕਵਿਤਾ ਦਲਿਤ ਨਹੀਂ ਹੁੰਦੀ। ਦਲਿਤ ਨੂੰ ਬੋਲ ਪ੍ਰਦਾਨ ਕਰਨ ਵਾਲੀ ਕਵਿਤਾ ਤਾਂ ਬਿਲਕੁਲ ਵੀ ਦਲਿਤ ਨਹੀਂ ਹੋ ਸਕਦੀ। ਜਦੋਂ ਕਿਹਾ ਜਾਂਦਾ ਹੈ ਕਿ ਇਹ 'ਦਲਿਤ ਕਵਿਤਾ' ਹੈ ਤਾਂ ਇਸ ਤਰ੍ਹਾਂ ਲਗਦਾ ਜਿਵੇਂ ਕੋਈ ਕਵਿਤਾ ਦੀ ਜ਼ਾਤ ਦੱਸ ਕੇ ਉਸ ਨੂੰ ਛੁਟਿਆ ਰਿਹਾ ਹੋਵੇ। ਦਲਿਤ ਕਵਿਤਾ ਹੋਣਾ ਜਿਵੇਂ ਕਵਿਤਾ ਹੋਣ ਤੋਂ ਕੁਛ ਊਣਾ ਜਾਂ ਦੂਜੈਲਾ ਹੋਵੇ। ਭਾਰਤੀ ਸਮਾਜ ਦਾ ਚਰਿੱਤਰ ਜਮਾਤੀ ਹੋਣ ਤੋਂ ਪਹਿਲਾਂ ਜਾਤੀ ਹੈ। ਜ਼ਾਤ ਦਾ ਆਧਾਰ ਆਰਥਕ ਨਹੀਂ, ਜਨਮ ਜ਼ਾਤ ਹੈ। ਆਰਥਕ ਸਥਿਤੀ ਬਦਲਣ ਨਾਲ ਬੰਦੇ ਦੀ ਜਮਾਤ ਤਾਂ ਬਦਲ ਸਕਦੀ ਹੈ, ਜ਼ਾਤ ਨਹੀਂ ਬਦਲਦੀ। ਬ੍ਰਾਹਮਣਵਾਦੀ ਵਰਣ ਵਿਵਸਥਾ ਵਾਲੇ ਸਮਾਜ ਵਿਚ ਜ਼ਾਤੀ ਹੀਣਤਾ ਦੇ ਅਹਿਸਾਸ ਨੂੰ ਭੋਗ ਰਿਹਾ ਬੰਦਾ, ਇਸ ਤੋਂ ਮੁਕਤ ਕਿਵੇਂ ਹੋਵੇ ? ਕਮਲ ਦੇਵ ਪਾਲ ਦੀ ਪਲੇਠੀ ਕਾਵਿ-ਪੁਸਤਕ 'ਦਿਨ ਪਰਤ ਆਉਣਗੇ' ਵਿਚਲੀਆਂ ਕਵਿਤਾਵਾਂ ਇਸ ਮਸਲੇ ਨਾਲ ਜੂਝਦੀਆਂ ਹਨ। ਉਸ ਦੀ ਕਵਿਤਾ ਸਦੀਆਂ ਤੋਂ ਸ਼ੋਸ਼ਣ ਦੇ ਸ਼ਿਕਾਰ ਦਲਿਤ ਬੰਦੇ ਦੇ ਅੰਦਰਲੇ ਰੋਹ ਨੂੰ ਵਿਸਫੋਟਕ ਰਾਜਨੀਤਿਕ ਸੰਘਰਸ਼ ਵਿਚ ਰੂਪਾਂਤਰਿਤ ਹੁੰਦੀ ਤਸੱਵਰ ਕਰਦੀ ਹੈ।

ਕਮਲ ਦੇਵ ਪਾਲ ਦੀਆਂ ਕਵਿਤਾਵਾਂ ਦਾ ਵੱਡਾ ਹਿੱਸਾ ਪੇਂਡੂ ਸਮਾਜ ਵਿਚ ਪਿਸ ਰਹੇ ਦਲਿਤ ਮਨੁੱਖ ਦੀ ਹੋਂਦ ਤੇ ਹੋਣੀ ਦੇ ਮਸਲਿਆਂ ਨੂੰ ਨਵੇਂ ਅੰਦਾਜ਼ ਵਿਚ ਪੇਸ਼ ਕਰਦਾ ਹੈ। ਪਾਲ ਲਈ ਪਿੰਡ ਕੋਈ ਆਦਰਸ਼ਕ ਜਾਂ ਸੁਪਨੀਲੀ ਥਾਂ ਨਹੀਂ, ਸਗੋਂ ਜ਼ਾਤੀ ਸੰਰਚਨਾ ਵਿਚ ਬੱਝੀ ਇਕ ਦਮਨਕਾਰੀ ਇਕਾਈ ਹੈ। । ਉਸ ਦੀ ਕਵਿਤਾ ਇਸ ਗੱਲ ਨੂੰ ਉਭਾਰਦੀ ਹੈ ਕਿ ਪੰਜਾਬੀ ਪੇਂਡੂ ਦਲਿਤ ਬੰਦਾ, ਹਿੰਦੂ ਬ੍ਰਾਹਮਣਵਾਦ ਦੀ ਬਜਾਏ ਜਗੀਰੂ ਜੱਟਵਾਦ ਹੱਥੋਂ ਸ਼ੋਸ਼ਣ ਦਾ ਸ਼ਿਕਾਰ ਹੈ। ਪਾਲ ਜਗੀਰੂ ਸ਼੍ਰੇਣੀ ਹੱਥੋਂ ਭੂਮੀਹੀਣ ਪੇਂਡੂ ਦਲਿਤ ਬੰਦੇ ਦੀ ਆਰਥਕ ਲੁੱਟ ਦੀ ਬਜਾਏ ਦੇਹ ਤੇ ਮਨ ਦੇ ਸ਼ੋਸ਼ਣ ਨੂੰ ਵੱਧ ਸਾਹਮਣੇ ਲਿਆਉਂਦਾ ਹੈ। ਚਰੀ ਤੇ ਗੰਨੇ ਦੇ ਖੇਤ, ਗੰਦਲਾਂ, ਸਰੋਂ ਦਾ ਸਾਗ, ਲੱਸੀ ਆਦਿ ਉਸ ਦੀਆਂ ਕਵਿਤਾਵਾਂ ਵਿਚ ਪਿੰਡ ਦੀ ਹਰਿਆਵਲ ਜਾਂ ਖੁਸ਼ਹਾਲੀ ਦਾ ਪ੍ਰਤੀਕ ਨਹੀਂ ਬਣਦੇ, ਸਗੋਂ ਪੇਂਡੂ ਦਲਿਤ ਬੰਦੇ ਦੇ ਸਵੈਮਾਣ ਤੇ ਸੱਭਿਆਚਾਰਕ ਗੌਰਵ ਨੂੰ ਨਪੀੜਨ ਦਾ ਸਾਧਨ ਬਣਦੇ ਹਨ। ਉਹ ਲਿਖਦਾ ਹੈ:

ਉਸਨੇ ਤੈਨੂੰ ਗੰਨਾ ਚੁਪਾ ਕੇ
ਤੇਰੇ ਦੰਦਾਂ ਦੀ ਤੁਲਨਾ
ਮੋਤੀਆਂ ਨਾਲ ਕਰਨੀ ਹੈ
ਸਰੋਂ ਦੇ ਸਾਗ ਦੀਆਂ
ਦੋ ਕੁ ਚੀਰਨੀਆਂ ਬਦਲੇ
ਤੈਨੂੰ ਸਾਬਤੀ ਨੂੰ
ਗੰਦਲ ਆਖ ਦੇਣਾ ਹੈ (ਪੰਨਾ. 17)

ਮਾਂ ਸ਼ਾਹਾਂ ਦਾ ਗੋਹਾ ਕੂੜਾ ਚੁੱਕਦੀ ਹੈ,
ਲੱਸੀ ਬਦਲੇ 'ਪਾਲ' ਦੀ ਗ਼ੈਰਤ ਰੋਜ਼ ਮਰੇ। (ਪੰਨਾ 59)

ਕਮਲ ਦੇਵ ਪਾਲ ਦੀ ਕਾਵਿ-ਭਾਸ਼ਾ ਸਵੀਕ੍ਰਿਤੀ ਜਾਂ ਅਧੀਨਗੀ ਵਾਲੀ ਨਹੀਂ ਹੈ। ਉਸ ਦੀ ਕਵਿਤਾ ਦਲਿਤ ਬੰਦੇ ਨੂੰ ਦਲਿਤ ਬਣਾਈ ਰੱਖਣ ਵਾਲੀਆਂ ਸਾਰੀਆਂ ਸੱਭਿਆਚਾਰਕ ਤੇ ਧਾਰਮਿਕ ਪਰੰਪਰਾਵਾਂ ਨੂੰ ਤਿੱਖੀ ਸੁਰ ਵਿਚ ਵੰਗਾਰਦੀ ਤੇ ਨਕਾਰਦੀ ਹੈ। ਉਸ ਦੀ ਕਵਿਤਾ ਵਿਚ ਇਕ ਰੋਹ ਭਰਿਆ ਕਟਾਖ਼ਸ਼ੀ ਸੰਵਾਦ ਹੈ, ਜਿਸ ਵਿਚ ਅਖੌਤੀ ਲੋਕਤੰਤਰ, ਬ੍ਰਾਹਮਣਵਾਦੀ ਫਲਸਫਾ, ਪੇਂਡੂ ਜਗੀਰੂ ਜਮਾਤ ਤੇ ਧਰਮ ਆਦਿ ਸਭ ਕਾਟੇ ਹੇਠ ਹਨ।




ਅਖੌਤੀ ਜਮਹੂਰੀਅਤ ਦਾ ਕਿੱਲ
ਤੁਹਾਡੇ ਸੀਨੇ 'ਚ ਨਹੀਂ
ਪਿੱਠ 'ਚ ਠੋਕਿਆ ਹੈ ਉਨ੍ਹਾਂ
ਤੁਸੀਂ ਆਪਣੀ
ਵੋਟ ਦੇ ਮਾਤਮ ਲਈ
ਉਨ੍ਹਾਂ 'ਚੋਂ ਕਿਸੇ ਇਕ ਦਾ
ਝੰਡਾ ਚੁੱਕੀ
ਸਪਾਟ ਦੌੜਦੇ ਹੋ
ਤੇਜ਼ ਹੋਰ ਤੇਜ਼
ਤੁਸੀਂ ਜੋ ਰੇਸ ਕੋਰਸ ਦੇ
ਘੋੜੇ ਬਣਾ ਦਿੱਤੇ ਗਏ ਹੋ ( ਪੰਨਾ 20)

ਪਾਲ ਦੀ ਕਵਿਤਾ ਇਕ ਪਾਸੇ ਵਰਣ ਵਿਵਸਥਾ ਨੂੰ ਜਾਇਜ਼ ਠਹਿਰਾਉਣ ਵਾਲੇ ਬ੍ਰਾਹਮਣੀ ਫਲਸਫੇ ਦੀ ਰਾਜਨੀਤੀ ਨੂੰ ਨੰਗਿਆ ਕਰਦੀ ਤੇ ਦੂਜੇ ਪਾਸੇ ਧਰਮਾਂ ਨੂੰ ਦਲਿਤ ਬੰਦੇ ਦੀ ਚੇਤਨਾ ਨੂੰ ਸੁੰਨ ਕਰਨ ਵਾਲੇ ਪ੍ਰਵਚਨਾਂ ਵਜੋਂ ਵੇਖਦੀ ਹੈ। ਇਸ ਲਈ ਉਸ ਦੀ ਕਵਿਤਾ ਵਿਚ ਧਰਮ, ਦਲਿਤ ਮੁਕਤੀ ਦੇ ਰਾਹ ਵਿਚਲੀ ਇਕ ਵੱਡੀ ਰੁਕਾਵਟ ਵਜੋਂ ਉੱਭਰਦਾ ਹੈ। ਧਰਮ ਬਦਲਣ ਨਾਲ ਦਲਿਤ ਬੰਦੇ ਦਾ ਸਿਰਫ ਧਰਮ ਹੀ ਬਦਲਦਾ, ਜ਼ਾਤ ਨਹੀਂ ਬਦਲਦੀ ਹੈ।

ਅੰਮ੍ਰਿਤ ਪੀ ਕੇ ਸੱਚੇ ਗੁਰੂਆਂ ਦੇ ਸਿੱਖ ਹਾਂ
ਪਹਿਨ ਕੇ ਕਕਾਰ ਪੰਜੇ ਸਾਰੇ ਇਕ ਮਿਕ ਹਾਂ
ਰਿਸ਼ਤਿਆਂ 'ਚ ਊਚ-ਨੀਚ, ਜਾਤ ਪਾਤ ਨਾਲ ਆ
ਇਹ ਵੀ ਕੋਈ ਹਾਲ ਆ ਬਈ ਇਹ ਵੀ ਕੋਈ ਹਾਲ ਆ। (ਪੰਨਾ 77)

ਪਾਲ ਦੀ ਕਵਿਤਾ ਜਿਸ ਹਾਸ਼ੀਆਗਤ ਸਮਾਜਕ ਸਮੂਹ ਦੀ ਗੱਲ ਕਰਦੀ ਹੈ, ਉਸ ਕੋਲ ਗੁਆਉਣ ਲਈ ਕੁਝ ਵੀ ਨਹੀਂ ਹੈ। ਦਮਨ ਸਹਿ ਸਹਿ ਕੇ ਉਸ ਦਾ ਨਿਰਬਲ ਆਪਾ ਹੁਣ ਤਕੜਾ ਹੋ ਗਿਆ ਹੈ। ਪਾਲ ਦੀ ਕਵਿਤਾ ਉਸ ਦੇ ਰੋਹ ਤੇ ਗੁੱਸੇ ਨੂੰ ਇਕ ਇਤਿਹਾਸਕ ਕ੍ਰਾਂਤੀਕਾਰੀ ਲੜਾਈ ਵਲ ਨੂੰ ਵਧਦੇ ਹੋਏ ਵੇਖਦੀ ਹੈ। ਇਸ ਗੱਲ ਦੇ ਸੰਕੇਤ ਉਸ ਦੀਆਂ ਕਵਿਤਾਵਾਂ ਦੇ ਅੰਦਰ-ਬਾਹਰ ਫੈਲੇ ਹੋਏ ਹਨ।

ਤੁਹਾਡੇ ਜ਼ੁਲਮ ਦਾ ਸਿਖਰ ਹੈ
ਸਾਡੇ ਹੰਝੂ ਮੁੱਕ ਚੁੱਕੇ ਹਨ
ਤੁਹਾਡੀ ਕੁੱਟ ਨਾਲ
ਸਾਡੇ ਅੰਦਰ ਦਾ ਨਿਰਬਲ
ਤਕੜਾ ਹੋ ਗਿਆ ਹੈ
ਤੇ ਹੁਣ ਅਸੀਂ/ ਲੜ ਸਕਦੇ ਹਾਂ (ਪੰਨਾ 34)

ਕਮਲ ਦੇਵ ਪਾਲ ਪਿਛਲੇ ਕਈ ਸਾਲਾਂ ਤੋਂ ਅਮਰੀਕਾ ਵਿਚ ਰਹਿ ਰਿਹਾ ਹੈ। ਉਸ ਨੇ ਜ਼ਿੰਦਗੀ ਦੇ ਮੁੱਢਲੇ 35-40 ਵਰ੍ਹੇ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬਿਤਾਏ। ਇਸ ਲਈ 'ਦਿਨ ਪਰਤ ਆਉਣਗੇ' ਕਾਵਿ-ਪੁਸਤਕ ਦੀਆਂ ਜ਼ਿਆਦਾਤਰ ਕਵਿਤਾਵਾਂ ਪੰਜਾਬ ਦੇ ਪੇਂਡੂ ਸਮਾਜ ਵਿਚਲੇ ਜ਼ਾਤੀ ਸੋਸ਼ਣ ਨੂੰ ਫੋਕਸ ਵਿਚ ਲਿਆਉਂਦੀਆਂ ਹਨ। ਕੁਝ ਇਕ ਕਵਿਤਾਵਾਂ ਪਰਵਾਸੀ ਜੀਵਨ ਨਾਲ ਸੰਬੰਧਤ ਹਨ ਜੋ ਪਰਵਾਸੀ ਪੰਜਾਬੀ ਲੋਕਾਂ ਦੇ ਜੀਵਨ ਦੇ ਅੰਦਰਲੇ ਸੱਚ ਤੋਂ ਪਰਦਾ ਚੁਕਦੀਆਂ ਹਨ। 'ਦਿਨ ਪਰਤ ਆਉਣਗੇ' ਵਿਚਲੀਆਂ ਕਵਿਤਾਵਾਂ ਮੁੱਖ ਤੌਰ 'ਤੇ ਸਾਧਨਹੀਣ, ਸੱਤਾਹੀਣ ਤੇ ਸੱਭਿਆਚਾਰਕ ਗੌਰਵ ਤੋਂ ਵੰਚਿਤ ਮਨੁੱਖ ਨੂੰ ਅਪਣੇ ਸਵੈਮਾਣ ਤੇ ਸੱਤਾ ਪ੍ਰਾਪਤੀ ਲਈ ਜਥੇਬੰਦਕ ਸੰਘਰਸ਼ ਦਾ ਸੁਨੇਹਾ ਦਿੰਦੀਆਂ ਹਨ। ਇਸ ਲਈ ਕਮਲ ਦੇਵ ਪਾਲ ਦੀ ਕਵਿਤਾ 'ਦਲਿਤ' ਨਹੀਂ, ਦਲਿਤ ਨੂੰ ਬੋਲ ਪ੍ਰਦਾਨ ਕਰਦੀ ਹੈ। ਦਲਿਤ ਮਨੁੱਖ ਦੀ ਹੋਂਦ ਭਾਰਤੀ ਮਨੁੱਖੀ ਸਮਾਜ ਦੇ ਅਣਮਨੁੱਖੀ ਹੋਣ ਦਾ ਜਿਉਂਦਾ ਜਾਗਦਾ ਗਵਾਹ ਹੈ। ਸੋ ਇਸ ਕਵਿਤਾ ਨੂੰ ਜ਼ਾਤੀ ਦਰਜਾਬੰਦੀ ਵਾਲੇ ਭਾਰਤੀ ਸਮਾਜ ਦੇ ਅਣਮਨੁੱਖੀ ਵਿਵਹਾਰ ਦੇ ਪ੍ਰਤੀਕਰਮ ਵਜੋਂ ਉਪਜੇ ਪ੍ਰਤੀਰੋਧੀ ਕਾਵਿ-ਪ੍ਰਵਚਨ ਵਜੋਂ ਪੜ੍ਹਿਆ ਤੇ ਵਿਚਾਰਿਆ ਜਾਣਾ ਬਣਦਾ ਹੈ।

Blend of flavours
Party Cakes – Cupcakes – Desserts
Gluten free menu
Thai & Asian cuisine
http://www.facebook.com/Blendofflavours
tania – 780-977-4589
(take away only)

Gurpreet Singh Sohal (B.E. Mech.)
Tel.: 780.935.2990
Driver Instructor
Professional Training
Class 4
Class 5 Basic
Class 5 Advance

Please Call
Lock Smith
If:
→ Your Car is Locked
→ Your Car Need Boost
Rental Car Available For Road Test (Dual Brake)

C.J. Auto
& Transmission Repair Ltd.
& Body Shop
Specialize in Propane Repair & Body Shop

Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

BELL STUCCO & RENOVATION
Residential
Commertial
ਰੇਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਈਡਿੰਗ ਸੌਫਟ, ਫੇਸ਼ਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266 Fax: 780 463 7363

# ਗ਼ੈਰ-ਲੋੜੀਂਦੇ ਟਾਨਿਕਾਂ ਦਾ ਵੱਡਾ ਬਾਜ਼ਾਰ

ਡਾ. ਏ.ਕੇ. ਅਰੁਣ

ਉਦਾਰੀਕਰਨ ਦੇ ਦੌਰ ਵਿਚ ਜਦੋਂ ਤੋਂ ਬਾਜ਼ਾਰ ਨੂੰ ਧੰਦੇ ਦੀ ਖੁੱਲ੍ਹੀ ਛੁੱਟੀ ਮਿਲੀ ਹੈ ਉਦੋਂ ਤੋਂ 'ਸਿਹਤ' ਦੇ ਨਾਮ 'ਤੇ 'ਤੰਦਰੁਸਤੀ' ਅਤੇ 'ਤਾਕਤ' ਦਾ ਬਾਜ਼ਾਰ ਨਵੀਆਂ ਉਚਾਈਆਂ ਛੂਹ ਰਿਹਾ ਹੈ। ਇਨ੍ਹਾਂ ਉਚਾਈਆਂ ਵਿਚ ਪ੍ਰੇਸ਼ਾਨ ਕਰਨ ਵਾਲੀ ਗੱਲ ਇਹ ਹੈ ਕਿ ਵਿਟਾਮਿਨ ਅਤੇ ਟਾਨਿਕ ਭਾਰਤ ਦੀਆਂ ਸਭ ਤੋਂ ਵੱਧ ਵਿਕਣ ਵਾਲੀਆਂ ਮਹਿੰਗੀਆਂ ਦਵਾਈਆਂ ਹਨ। ਕਈ ਕਥਿਤ ਵਿਟਾਮਿਨ ਅਤੇ ਟਾਨਿਕ ਤਾਂ ਅਲਕੋਹਲ ਅਤੇ ਚੀਨੀ ਦੀ ਚਾਸ਼ਨੀ ਵਿਚ ਕਿਸੇ ਪ੍ਰਕਾਰ ਦੀ ਸੁੰਗਧ ਦੀ ਤਰ੍ਹਾਂ ਹਨ। ਲੋ ਕਾਸਟ ਸਟੈਂਡਰਡ ਥੈਰਾਪਿਊਟਿਕਸ, ਬੜੌਦਾ ਦਾ ਅਧਿਐਨ ਦੱਸਦਾ ਹੈ ਕਿ ਬੀਕਾਸੂਲ, ਨਿਊਰੋਬਿਓਨ ਅਤੇ ਡੈਕਸੋਰੇਂਜ ਭਾਰਤ ਵਿਚ ਸਭ ਤੋਂ ਜ਼ਿਆਦਾ ਵਿਕਣ ਵਾਲੀਆਂ 25 ਦਵਾਈਆਂ ਹਨ। ਇਨ੍ਹਾਂ ਵਿਚੋਂ ਪਹਿਲੇ ਦੋ ਤਾਂ ਬੇਤੁਕੇ ਅਤੇ ਗ਼ੈਰ-ਲੋੜੀਂਦੇ ਮਲਟੀਵਿਟਾਮਿਨ ਨੁਸਖੇ ਹਨ, ਜਦਕਿ ਤੀਜ਼ਾ ਇਕ ਬੇਕਾਰ ਲੋਹ ਟਾਨਿਕ ਹੈ।

ਗੁਆਂਢੀ ਮੁਲਕ ਬੰਗਲਾਦੇਸ਼ ਵਿਚ ਟਾਨਿਕ, ਐਂਜਾਇਮ ਮਿਸ਼ਰਣਾਂ ਜਾਂ ਨੁਸਖ਼ਿਆਂ ਅਤੇ ਸਿਹਤ ਵਰਧਕ ਦਵਾਈਆਂ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਕਿਉਂਕਿ 'ਇਹ ਖਪਤਕਾਰਾਂ ਦੇ ਅਗਿਆਨ' 'ਤੇ ਫਲਦੇ-ਫੁਲਦੇ ਹਨ।' ਯੂਨਾਈਟਡ ਕਿੰਗਡਮ ਵਿਚ ਤਾਂ ਟਾਨਿਕ ਨੂੰ ਦਵਾ ਮੰਨਿਆ ਹੀ ਨਹੀਂ ਜਾਂਦਾ। ਵਿਸ਼ਵ ਸਿਹਤ ਸੰਗਠਨ ਦੇ ਮਾਹਰਾਂ ਦੀ ਕਮੇਟੀ ਅਨੁਸਾਰ ਮਿਸ਼ਰਤ ਦਵਾਈਆਂ ਨੂੰ ਬੇਤੁਕੀ ਅਤੇ ਸ਼ੱਕੀ ਦਵਾਈਆਂ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਸੰਗਠਨ ਕਹਿੰਦਾ ਹੈ ਕਿ ਲੋਹ ਜਾਂ ਵਿਟਾਮਿਨ ਦਾ ਦਰਦ ਨਿਵਾਰਕ ਨਾਲ ਮਿਸ਼ਰਣ ਬੇਤੁਕਾ ਹੈ। ਦਰਦ ਨਿਵਾਰਕਾਂ ਨਾਲ ਜੇਕਰ ਅਲਕੋਹਲ ਮਿਲਿਆ ਹੈ ਤਾਂ ਇਹ ਖ਼ਤਰਨਾਕ ਵੀ ਹੋ ਸਕਦਾ ਹੈ। ਜ਼ਿਆਦਾਤਰ ਟਾਨਿਕ ਇਸ਼ਤਿਹਾਰਾਂ ਰਾਹੀਂ ਵੇਚੇ ਜਾਂਦੇ ਹਨ। ਯਕੀਨੀ ਤੌਰ 'ਤੇ ਇਸ ਵਿਚ ਡਾਕਟਰਾਂ ਅਤੇ ਡਾਕਟਰੀ ਸੰਸਥਾਵਾਂ ਦੀ ਵੀ ਵਰਤੋਂ ਕੀਤੀ ਜਾਂਦੀ ਹੈ। ਅਸਲ ਵਿਚ ਵਿਟਾਮਿਨ 'ਬੇਕਾਰ' ਹੁੰਦੇ ਹਨ। ਉਦਾਹਰਣ ਲਈ ਬਹੁਚਰਿਤ ਅਤੇ ਤਥਾਕਥਿਤ ਵਿਟਾਮਿਨ ਹੈ, 'ਵਾਟਰ ਵਰੀਜ ਯੇਲੋ ਲੇਵਲ ਟਾਨਿਕ'। ਇਸ ਵਿਚ ਪ੍ਰਤੀ ਚਮਚ 3 ਮਿਲੀ ਗ੍ਰਾਮ ਲੋਹ ਹੁੰਦਾ ਹੈ। ਇਸ ਵਿਚੋਂ ਸਰੀਰ ਕੇਵਲ 10ਵੇਂ ਹਿੱਸੇ ਦਾ ਹੀ ਵਰਤੋਂ ਕਰਦਾ ਹੈ। ਭਾਰਤੀ ਚਿਕਸਤਾ ਖੋਜ ਪ੍ਰੀਸ਼ਦ (ਆਰ.ਸੀ.ਐਮ.ਆਰ.) ਅਨੁਸਾਰ ਲੋਹ ਦੀ ਘੱਟੋ ਘੱਟ ਰੋਜ਼ਾਨਾ ਮਾਤਰਾ ਪੁਰਸ਼ਾਂ ਲਈ 10 ਮਿਲੀਗ੍ਰਾਮ ਅਤੇ ਔਰਤਾਂ ਲਈ 20-30 ਮਿਲੀਗ੍ਰਾਮ ਹੈ।

ਮਲਟੀ ਵਿਟਾਮਿਨ ਦੀ ਉਚਿਤ ਸ਼ਕਤੀ ਯਾਨੀ 'ਫ਼ੋਰਟ' ਨੁਸਖੇ, ਪੈਸਾ ਬਰਬਾਦ ਕਰਨ ਦਾ ਚੰਗਾ ਤਰੀਕਾ ਹਨ। ਇਹ ਖਪਤਕਾਰਾਂ ਅਤੇ ਸਰਕਾਰੀ ਦਵਾ ਖਾਨਿਆਂ 'ਤੇ ਬੋਝ ਹੈ। 'ਫ਼ੋਰਟ' ਨੁਸਖੇ ਦੇਸ਼ ਦੀ ਵਿਦੇਸ਼ੀ ਮੁਦਰਾ 'ਤੇ ਵੀ ਬੋਝ ਹਨ ਕਿਉਂਕਿ ਜ਼ਿਆਦਾਤਰ ਕੱਚਾ ਮਾਲ ਤਾਂ ਵਿਦੇਸ਼ਾਂ ਤੋਂ ਹੀ ਦਰਾਮਦ ਕੀਤਾ ਜਾਂਦਾ ਹੈ। ਗੋਆ ਦੇ ਵਿਕਰਮ ਪਟੇਲ, ਆਰ. ਵੈਦ, ਡੀ. ਨਾਇਕ ਅਤੇ ਪੀ. ਬੋਰਕਰ ਦਾ ਅਧਿਐਨ 2005 ਵਿਚ ਪੋਸਟ ਗ੍ਰੇਜੂਏਟ ਮੈਡੀਸਨ ਜਨਰਲ ਵਿਚ ਛਪਿਆ ਸੀ। ਇਸ ਅਧਿਐਨ ਅਨੁਸਾਰ '80 ਫ਼ੀਸਦੀ ਪਰਚੇ ਗ਼ੈਰ-ਲੋੜੀਂਦੇ ਵਿਟਾਮਿਨ ਅਤੇ ਤਥਾਕਥਿਤ ਟਾਨਿਕ ਨਾਲ ਭਰੇ ਹੁੰਦੇ ਹਨ।'

ਟਾਨਿਕਾਂ ਅਤੇ ਸਿਹਤਵਰਧਕ ਔਸ਼ਧੀਆਂ ਦੇ ਵਿਸ਼ਾਲ ਬਾਜ਼ਾਰ ਨੇ ਹੁਣ ਆਪਣੇ ਲਈ ਨਵਾਂ ਨਾਮ ਵੀ ਚੁਣ ਲਿਆ ਹੈ। ਫ਼ਾਰਮਾਸਿਊਟੀਕਲ ਦੀ ਤਰਜ਼ 'ਤੇ ਇਨ੍ਹਾਂ ਨੂੰ 'ਟਿਊਟ੍ਰਾਸੂਟੀਕਲ' ਕਿਹਾ ਜਾਂਦਾ ਹੈ। ਇਹ ਅਜਿਹਾ ਵਿਸ਼ਾਲ ਬਾਜ਼ਾਰ ਹੈ ਜਿਥੇ ਖਪਤਕਾਰਾਂ ਨੂੰ ਜਾਦੂਈ ਇਲਾਜ ਜਾਂ ਸਿਹਤਵਰਧਕ ਲਾਭ ਦੇ ਵਾਫ਼ਿਦੇ ਦੱਸੇ ਜਾਂਦੇ ਹਨ ਜਦਕਿ ਇਨ੍ਹਾਂ ਵਾਅਦਿਆਂ ਦਾ ਕੋਈ ਠੋਸ ਆਧਾਰ ਨਹੀਂ ਹੁੰਦਾ। ਅੱਜ ਕਲ੍ਹ ਖ਼ਤਰਨਾਕ ਦਵਾਈ ਐਨਾਬੋਲਿਕ ਸਟੀਰਾਈਡਰਸ ਨੂੰ ਭਾਰਤ ਵਿਚ ਭੁੱਖ ਵਧਾਉਣ ਵਾਲੀ ਦਵਾਈ ਅਤੇ ਟਾਨਿਕ ਦੇ ਨਾਮ 'ਤੇ ਵੇਚਿਆ ਜਾ ਰਿਹਾ ਹੈ। ਵੱਡੇ-ਛੋਟੇ ਸ਼ਹਿਰਾਂ ਵਿਚ ਇਸ ਦੀ ਮੰਗ ਅਤੇ ਖਪਤ ਹੈ। ਇਹ ਓ.ਟੀ.ਸੀ. (ਓਵਰ ਦ ਕਾਊਂਟ ਡਰੱਗ) ਦੇ ਰੂਪ ਵਿਚ ਭਾਰਤ 'ਚ ਧੜੱਲੇ ਨਾਲ ਵਿਕ ਰਹੀ ਹੈ। ਹਕੀਕਤ ਇਹ ਹੈ ਕਿ ਇਹ ਦਵਾਈ ਹੱਡੀਆਂ ਦੇ ਵਾਧੇ ਵਾਲੇ ਸਿਰਿਆਂ ਨੂੰ ਸਥਾਈ ਤੌਰ 'ਤੇ ਬੰਦ ਕਰ ਕੇ ਬੱਚਿਆਂ ਦਾ ਵਿਕਾਸ ਰੋਕ ਸਕਦੀ ਹੈ। ਇਸ ਨਾਲ ਕਿਸ਼ੋਰ ਬੱਚਿਆਂ ਵਿਚ ਯੋਨ ਵਿਕਾਸ ਵੀ ਪ੍ਰਭਾਵਤ ਹੋ ਸਕਦਾ ਹੈ। ਇਸ ਦੇ ਅਸਰ ਨਾਲ ਲੜਕੀਆਂ ਵਿਚ ਭਾਰੀ ਆਵਾਜ਼, ਚਿਹਰੇ 'ਤੇ ਗ਼ੈਰ ਜ਼ਰੂਰੀ ਵਾਲ ਉਗਣੇ, ਜਿਵੇਂ ਪੁਰਸ਼ਾਂ ਵਾਲੇ ਲੱਛਣ ਉਭਰ ਸਕਦੇ ਹਨ ਅਤੇ ਲੜਕਿਆਂ ਵਿਚ ਲੜਕੀਆਂ ਦੀ ਤਰ੍ਹਾਂ ਛਾਤੀ ਦਾ



ਵਿਕਾਸ ਹੋ ਸਕਦਾ ਹੈ। ਇਸ ਦਵਾਈ ਦੀ ਖਿਡਾਰੀਆਂ ਵਲੋਂ ਵੀ ਦੁਰਵਰਤੋਂ ਕੀਤੀ ਜਾਂਦੀ ਹੈ।

ਗ਼ੈਰ-ਜ਼ਰੂਰੀ ਅਤੇ ਬੇਕਾਰ ਟਾਨਿਕਾਂ ਦਾ ਬਾਜ਼ਾਰ ਭਾਰਤ ਵਿਚ ਲਗਭਗ ਇਕ ਲੱਖ ਕਰੋੜ ਰੁਪਏ ਦਾ ਹੈ। ਟਾਨਿਕ ਦੇ ਨਾਮ 'ਤੇ ਬੇਤੁਕੇ ਅਤੇ ਪ੍ਰਭਾਵਹੀਣ ਦਵਾਈ ਮਿਸ਼ਰਣਾਂ ਨੂੰ ਵੇਚ ਕੇ ਇਹ ਕੰਪਨੀਆਂ ਆਪਣੀ ਕੁਲ ਸਾਲਾਨਾ ਆਮਦਨ ਵਿਚ 60 ਫ਼ੀਸਦੀ ਤੋਂ ਜ਼ਿਆਦਾ ਰਕਮ ਜੋੜਦੀਆਂ ਹਨ। ਜ਼ਾਹਰ ਹੈ ਕਿ 'ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ' ਦੀ ਤਰਜ਼ 'ਤੇ ਇਸ ਕਥਿਤ ਟਾਨਿਕ ਦੇ ਕਾਰੋਬਾਰ ਵਿਚ ਛੋਟੀਆਂ ਤੋਂ ਲੈ ਕੇ ਵੱਡੀਆਂ ਦਵਾਈ ਕੰਪਨੀਆਂ ਲੱਗੀਆਂ ਹੋਈਆਂ ਹਨ। ਗ਼ੈਰ-ਜ਼ਰੂਰੀ, ਬੇਤੁਕੀ ਅਤੇ ਪ੍ਰਭਾਵਹੀਣ ਦਵਾਈਆਂ ਵਿਚ ਇਕ ਮਸ਼ਹੂਰ ਨਾਮ ਹੈ, ਡੈਕਸੋਰੇਂਜ। ਇਸ ਨੂੰ ਅਨੀਮੀਆ ਜਾਂ ਖ਼ੂਨ ਦੀ ਕਮੀ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਇਹ ਭਾਰਤ ਵਿਚ ਸਭ ਤੋਂ ਜ਼ਿਆਦਾ ਵਿਕਣ ਵਾਲਾ ਬ੍ਰਾਂਡ ਹੈ, ਜਿਸ ਦੀ ਸਾਲਾਨਾ ਵਿਕਰੀ 77 ਕਰੋੜ ਰੁਪਏ ਹੈ। ਹੈਰਾਨ ਕਰਨ ਵਾਲੀ ਗੱਲ ਤਾਂ ਇਹ ਹੈ ਕਿ 2000 ਵਿਚ ਇਸ ਉਤਪਾਦ ਵਿਚ ਗੰਦੇ ਬੁਚੜਖਾਨੇ ਤੋਂ ਇਕੱਠੇ ਕੀਤੇ ਗਏ ਖ਼ੂਨ ਦੇ ਅੰਸ਼ ਪਾਏ ਗਏ। ਇਥੇ ਗ਼ੌਰ ਕਰਨ ਵਾਲੀ ਗੱਲ ਇਹ ਵੀ ਹੈ ਕਿ ਕੇਂਦਰ ਸਰਕਾਰ ਦੇ ਸਿਹਤ ਮੰਤਰਾਲੇ ਨੇ ਖ਼ੂਨ ਵਧਾਉਣ ਦੀਆਂ ਖ਼ੁਰਾਕਾਂ 'ਤੇ ਨਿਯਮ 21 ਤਹਿਤ ਪਾਬੰਦੀ ਲਾਈ ਹੋਈ ਹੈ। ਰੀਵਾਈਟਲ, ਏ-ਟੂ ਜ਼ੈਡ ਅਤੇ ਸੁਪ੍ਰਾਏਕਟਿਵ ਵਰਗੇ ਵਿਟਾਮਿਨਜ਼ ਵੀ ਬਾਜ਼ਾਰ ਵਿਚ ਖ਼ੂਬ ਵਿਕ ਰਹੇ ਹਨ, ਜਦਕਿ ਇਹ ਉਤਪਾਦ ਦਵਾ ਕਾਨੂੰਨ ਅਨੁਸਾਰ ਵਿਟਾਮਿਨ ਯੁਕਤ ਦਵਾਈਆਂ ਲਈ ਤੈਅ ਸੂਚੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੀ ਵੇਚੇ ਜਾਣੇ ਚਾਹੀਦੇ ਹਨ। ਭਾਰਤ ਵਿਚ ਵੇਚੇ ਜਾ ਰਹੇ ਟਾਨਿਕ ਅਤੇ ਸਿਹਤ ਦੀਆਂ ਦਵਾਈਆਂ ਜ਼ਿਆਦਾਤਰ 'ਗ਼ੈਰ ਕਨੂੰਨੀ ਦਵਾ' ਹਨ। ਦਵਾ ਅਤੇ ਸੁੰਦਰਤਾ ਵਸਤ ਕਾਨੂੰਨ ਵਿਚ 1982 ਵਿਚ ਹੋਈ ਸੋਧ ਵਿਚ ਪਾਬੰਦੀਸ਼ੁਦਾ ਦਵਾਈ ਦੀ ਪ੍ਰੀਭਾਸ਼ਾ ਜੋੜੀ ਗਈ ਹੈ। ਇਸ ਅਨੁਸਾਰ ਜ਼ਿਆਦਾਤਰ ਟਾਨਿਕ, ਸੁੰਦਰਤਾ ਉਤਪਾਦ, ਸਿਹਤ ਦੀ ਦਵਾਈ ਇਸ ਸ਼੍ਰੇਣੀ ਵਿਚ ਆਉਂਦੇ ਹਨ ਪਰ ਦਿਲਚਸਪ ਗੱਲ ਇਹ ਹੈ ਕਿ ਇਹ ਧੜੱਲੇ ਨਾਲ ਬਾਜ਼ਾਰ ਵਿਚ ਵਿਕ ਰਹੇ ਹਨ।

ਭਾਰਤ ਵਿਚ ਗ਼ੈਰ-ਜ਼ਰੂਰੀ ਦਵਾਈਆਂ ਵਿਰੁੱਧ ਮੁਹਿੰਮ ਚਲਾਉਣ ਵਾਲੀ ਸੰਸਥਾ ਲੋਕਾਸਟ ਸਟੈਂਡਰਡ ਥਰਾਪਿਊਟਿਕਸ, ਬੜੌਦਾ ਦੇ ਪ੍ਰਬੰਧਕ ਡਾ. ਐਸ. ਸ੍ਰੀਨਿਵਾਸਨ ਕਹਿੰਦੇ ਹਨ, "ਭਾਰਤ ਵਿਚ ਅਸੀਂ ਦਵਾਈਆਂ ਸਬੰਧੀ ਆਪਣੀਆਂ ਹੀ ਅੰਦਰੂਨੀ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਾਂ। ਜਿਵੇਂ, ਗ਼ਰੀਬਾਂ ਕੋਲ ਘੱਟ ਪਹੁੰਚ, ਉੱਚੀਆਂ ਕੀਮਤਾਂ, ਤਰਕਤਾ ਦੀ ਘਾਟ, ਅਵਿਗਿਆਨਕ ਦਵਾਈ ਪਰਚੀਆਂ, ਵੰਡ ਦੇ ਅਨੈਤਿਕ ਤਰੀਕੇ ਆਦਿ। ਸਵਾਲ ਇਹ ਹੈ ਕਿ ਕਿਸ ਤਰ੍ਹਾਂ ਭਾਰਤੀ ਦਵਾਈ ਉਦਯੋਗ ਨੂੰ ਆਮ ਲੋਕਾਂ ਦੀਆਂ ਜ਼ਰੂਰਤਾਂ ਪ੍ਰਤੀ ਸੰਵੇਦਨਸ਼ੀਲ ਬਣਾਇਆ ਜਾਵੇ।' ਭਾਰਤ ਦੀ 'ਜ਼ਰੂਰੀ ਦਵਾ ਸੂਚੀ' ਵਿਚ ਕੁਲ 354 ਦਵਾਈਆਂ ਹਨ। ਇਹ ਦਵਾਈਆਂ ਲਗਭਗ ਸਿਹਤ ਸਬੰਧੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਾਫ਼ੀ ਹਨ। ਜੇਕਰ ਅਸੀਂ ਸਿਖ਼ਰਲੀਆਂ 300 ਦਵਾਈਆਂ ਦੀ ਸੂਚੀ 'ਤੇ ਨਜ਼ਰ ਮਾਰੀਏ ਤਾਂ ਇਸ ਵਿਚ ਕੇਵਲ 115 ਬ੍ਰਾਂਡ ਭਾਵ 38 ਫ਼ੀਸਦੀ ਦਵਾਈਆਂ ਜ਼ਰੂਰੀ ਦਵਾਈਆਂ ਹਨ ਜਦਕਿ ਬਾਕੀ 62 ਫ਼ੀਸਦੀ ਦਵਾਈਆਂ ਗ਼ੈਰ-ਲੋੜੀਂਦੀਆਂ ਹਨ। ਭਾਰਤ ਵਿਚ ਦਵਾਈਆਂ ਦੇ 20 ਹਜ਼ਾਰ ਤੋਂ ਜ਼ਿਆਦਾ ਨੁਸਖੇ ਮੁਹੱਈਆ ਹਨ। ਇਨ੍ਹਾਂ ਵਿਚੋਂ 90 ਫ਼ੀਸਦੀ ਨੁਸਖੇ ਗ਼ੈਰ ਜ਼ਰੂਰੀ ਦਵਾਈਆਂ ਦੇ ਹਨ। ਦਵਾ ਕੰਪਨੀਆਂ ਡਾਕਟਰਾਂ ਨੂੰ ਪ੍ਰਭਾਵਤ ਕਰ ਕੇ ਆਪਣੇ ਦਵਾ ਨੁਸਖੇ ਵੇਚ ਕੇ ਸਾਲਾਨਾ ਹਜ਼ਾਰਾਂ ਕਰੋੜ ਰੁਪਏ ਕਮਾਉਂਦੀਆਂ ਹਨ। ਇਕ ਅਧਿਐਨ ਅਨੁਸਾਰ ਭਾਰਤ ਦੀਆਂ ਸਭ ਤੋਂ ਵੱਡੀਆਂ 50 ਦਵਾਈ ਕੰਪਨੀਆਂ ਹਰ ਸਾਲ 5,340 ਕਰੋੜ ਰੁਪਏ ਖ਼ਰਚ ਕਰ ਕੇ 28,769 ਕਰੋੜ ਰੁਪਏ ਦੀ ਵਿਕਰੀ ਕਰਦੀਆਂ ਹਨ।

ਇਕ ਰਿਪੋਰਟ ਅਨੁਸਾਰ ਵਿਟਾਮਿਨਾਂ ਦੀ ਜ਼ਿਆਦਾਤਰ ਮਾਤਰਾ ਦੇ ਸੇਵਨ ਨਾਲ ਕਈ ਸਾਈਡ ਇਫ਼ੈਕਟ ਹੁੰਦੇ ਹਨ। ਜਿਵੇਂ ਵਿਟਾਮਿਨ ਏ ਦੀ ਜ਼ਿਆਦਾ ਮਾਤਰਾ ਲੀਵਰ ਨੂੰ ਨੁਕਸਾਨ ਪਹੁੰਚਾ ਸਕਦੀ ਹੈ ਅਤੇ ਇਸ ਨਾਲ ਗਰਭ ਵਿਚ ਪਲ ਰਹੇ ਬੱਚੇ ਵਿਚ ਵਿਕ੍ਰਿਤੀ ਵੀ ਆ ਸਕਦੀ ਹੈ। ਇਸੇ ਤਰ੍ਹਾਂ ਵਿਟਾਮਿਨ ਬੀ 3 ਦੇ ਜ਼ਿਆਦਾ ਉਪਯੋਗ ਨਾਲ ਖ਼ੂਨ ਵਿਚ ਯੂਰਿਕ ਐਸਿਡ ਦੀ ਮਾਤਰਾ ਵੱਧ ਜਾਂਦੀ ਹੈ ਅਤੇ ਗਠੀਆ ਦੀ ਸ਼ਿਕਾਇਤ ਹੋ ਸਕਦੀ ਹੈ। ਵਿਟਾਮਿਨ ਈ ਦੀ ਗ਼ੈਰ-ਜ਼ਰੂਰੀ ਵਰਤੋਂ ਦਿਲ ਲਈ 20 ਫ਼ੀਸਦੀ ਤਕ ਖ਼ਤਰੇ ਨੂੰ ਵਧਾ ਸਕਦੀ ਹੈ। ਜਦਕਿ ਫ਼ੋਲਿਕ ਐਸਿਡ ਨਾਲ ਵੀ ਹਿਰਦੇ ਸਬੰਧੀ ਖ਼ਤਰਾ ਵੱਧ ਜਾਂਦਾ ਹੈ। ਜੇਕਰ ਕੋਈ ਵਿਅਕਤੀ ਮਲਟੀਵਿਟਾਮਿਨ ਜ਼ਿਆਦਾ ਲੈਂਦਾ ਹੈ ਤਾਂ ਪੁਰਸ਼ਾਂ ਵਿਚ ਪ੍ਰੋਸਟੇਟ ਕੈਂਸਰ ਦੀ ਸੰਭਾਵਨਾ ਵੱਧ ਜਾਂਦੀ ਹੈ।






## 80 ਫ਼ੀਸਦੀ ਡਾਕਟਰ ਲਿਖਦੇ ਹਨ ਬੇਕਾਰ ਦਵਾਈਆਂ : ਏਮਜ਼

ਭਾਰਤੀ ਆਯੁਰਵਿਗਿਆਨ ਸੰਸਥਾ ਦਿੱਲੀ ਵਲੋਂ ਕਰਵਾਏ ਗਏ ਇਕ ਸਰਵੇ ਵਿਚ ਖੁਲਾਸਾ ਹੋਇਆ ਹੈ ਕਿ ਦੇਸ਼ ਦੇ 80 ਫ਼ੀਸਦੀ ਡਾਕਟਰ ਮਰੀਜ਼ਾਂ ਨੂੰ ਬੇਕਾਰ ਦੀਆਂ ਦਵਾਈਆਂ ਲਿਖਦੇ ਹਨ। ਇਨ੍ਹਾਂ ਦਵਾਈਆਂ ਨਾਲ ਮਰੀਜ਼ਾਂ ਨੂੰ ਨਾ ਤਾਂ ਕੋਈ ਫ਼ਾਇਦਾ ਹੁੰਦਾ ਹੈ ਅਤੇ ਨਾ ਹੀ ਕੋਈ ਨੁਕਸਾਨ। ਕਈ ਮਾਮਲਿਆਂ ਵਿਚ ਤਾਂ ਇਹ ਦਵਾਈਆਂ ਉਸ ਮਰਜ਼ ਲਈ ਹੁੰਦੀਆਂ ਹੀ ਨਹੀਂ ਹਨ, ਜਿਸ ਲਈ ਉਹ ਲਿਖੀਆਂ ਗਈਆਂ ਹੁੰਦੀਆਂ ਹਨ। ਏਮਜ਼ ਦੇ ਡਾਕਟਰ ਕਾਮੇਸ਼ਵਰ ਪ੍ਰਸਾਦ ਅਨੁਸਾਰ ਮਰੀਜ਼ਾਂ ਨੂੰ ਬੇਕਾਰ ਦਵਾਈਆਂ ਤੋਂ ਬਚਾਉਣ ਅਤੇ ਵਧੀਆ ਇਲਾਜ ਲਈ ਇਕ ਟ੍ਰੀਟਮੈਂਟ ਗਾਈਡਲਾਈਨ ਤਿਆਰ ਕੀਤੀ ਜਾ ਰਹੀ ਹੈ। ਏਮਜ਼ ਦੀ ਇਸ ਗਾਈਡਲਾਈਨ ਵਿਚ ਹਰ ਮਰਜ਼ ਦਾ ਇਕ ਨਿਸਚਿਤ ਇਲਾਜ ਹੋਵੇਗਾ। ਏਮਜ਼ ਪ੍ਰਬੰਧਕ ਦਾ ਕਹਿਣਾ ਹੈ ਕਿ ਸਾਰੇ ਏਮਜ਼ ਵਿਚ ਇਸ ਗਾਈਡਲਾਈਨ ਦੇ ਲਾਗੂ ਹੋਣ ਤੋਂ ਬਾਅਦ ਉਹ ਇਸ ਨੂੰ ਸਰਕਾਰੀ ਹਸਪਤਾਲਾਂ ਵਿਚ ਵੀ ਲਾਗੂ ਕਰਵਾਉਣ ਦੀ ਕੋਸ਼ਿਸ਼ ਕਰਨਗੇ।

### ਕਿਉਂ ਹੁੰਦਾ ਹੈ ਅਜਿਹਾ?

ਡਾਕਟਰ ਆਮ ਬੁਖ਼ਾਰ ਵਿਚ ਵੀ ਦਰਦ ਨਿਵਾਰਕ ਦੇ ਨਾਲ ਦੋ ਤੋਂ ਤਿੰਨ ਤਰ੍ਹਾਂ ਦੀਆਂ ਐਂਟੀਬਾਇਓਟਿਕ ਲਿਖਦੇ ਹਨ। ਐਮ.ਸੀ.ਆਈ. ਦੀ ਗਾਈਡਲਾਈਨ ਅਨੁਸਾਰ, ਐਂਟੀਬਾਇਓਟਿਕ ਦਵਾਈਆਂ ਦੇਣ ਤੋਂ ਪਹਿਲਾਂ ਕਲਚਰ ਟੈਸਟ ਜ਼ਰੂਰੀ ਹੁੰਦਾ ਹੈ ਪਰ ਡਾਕਟਰ ਇਨ੍ਹਾਂ ਝੰਝਟਾਂ ਤੋਂ ਬਚਣ ਲਈ ਕਈ ਦਵਾਈਆਂ ਲਿਖ ਦਿੰਦੇ ਹਨ, ਜਿਸ ਨਾਲ ਕਿਸੇ ਨਾ ਕਿਸੇ ਦਵਾਈ ਨਾਲ ਮਰੀਜ਼ ਨੂੰ ਲਾਭ ਮਿਲ ਜਾਵੇ।

### ਇਸ ਤਰ੍ਹਾਂ ਹੋਇਆ ਸਰਵੇਖਣ

ਡਾ. ਪ੍ਰਸਾਦ ਮੁਤਾਬਕ, ਸੈਂਪਲ ਸਰਵੇਖਣ ਵਿਚ ਦਿੱਲੀ ਅਤੇ ਬਾਹਰ ਦੇ ਮਰੀਜ਼ਾਂ ਡਾਕਟਰਾਂ ਵਲੋਂ ਲਿਖੀਆਂ ਦਵਾਈਆਂ ਨੂੰ ਆਧਾਰ ਬਣਾਇਆ ਗਿਆ। ਇਸ ਵਿਚ ਦਿੱਲੀ ਦੇ ਨਾਲ ਮੱਧ ਪ੍ਰਦੇਸ਼, ਯੂ.ਪੀ. ਪੰਜਾਬ, ਸਮੇਤ ਹੋਰ ਸੂਬਿਆਂ ਦੇ ਮਰੀਜ਼ ਵੀ ਸ਼ਾਮਲ ਕੀਤੇ ਸਨ। ਉਨ੍ਹਾਂ ਨੂੰ ਲਿਖੀਆਂ ਗਈਆਂ ਦਵਾਈਆਂ ਤੋਂ ਪਤਾ ਲੱਗਾ ਕਿ 80 ਫ਼ੀਸਦੀ ਡਾਕਟਰਾਂ ਨੇ ਗ਼ੈਰ-ਜ਼ਰੂਰੀ ਦਵਾਈਆਂ ਲਿਖੀਆਂ ਸਨ।

### ਇਹ ਹੁੰਦਾ ਹੈ ਨੁਕਸਾਨ

ਡਾਕਟਰ ਪ੍ਰਸਾਦ ਅਨੁਸਾਰ, ਜ਼ਿਆਦਾ ਦਵਾਈਆਂ ਖਾਣ ਨਾਲ ਮਰੀਜ਼ਾਂ ਨੂੰ ਉਲਟਾ ਅਸਰ ਹੋ ਸਕਦਾ ਹੈ। ਇਸ ਨਾਲ ਨਾ ਕੇਵਲ ਕਿਡਨੀ 'ਤੇ ਪ੍ਰਭਾਵ ਪੈਂਦਾ ਹੈ, ਬਲਕਿ ਕਈ ਮਾਮਲਿਆਂ ਵਿਚ ਇਸ ਦਾ ਅਸਰ ਦਿਲ 'ਤੇ ਵੀ ਹੁੰਦਾ ਹੈ। ਮਰੀਜ਼ਾਂ ਨੂੰ ਜ਼ਿਆਦਾ ਦਵਾਈਆਂ ਖਾਣ ਤੋਂ ਬਚਣਾ ਚਾਹੀਦਾ ਹੈ।

# ਵੈਸਟ ਕੋਸਟ ਕਿੰਗਜ਼ ਕਲੱਬ ਸਰ੍ਹੀ ਨੇ ਜਿੱਤਿਆ ਹਾਕਸ ਗੋਲਡ ਕੱਪ

## ਕੈਲਗਰੀ ਯੂਨੀਅਰ ਨੂੰ ਦੂਜਾ ਅਤੇ ਕੈਲਗਰੀ ਸੀਨੀਅਰ ਨੂੰ ਤੀਜਾ ਸਥਾਨ

ਕੈਲਗਰੀ (ਸੁਖਵੀਰ ਗਰੇਵਾਲ) : ਹਾਕਸ ਫੀਲਡ ਹਾਕੀ ਅਕਾਦਮੀ ਕੈਲਗਰੀ ਵੱਲੋਂ ਜੈਨਸਿਸ ਸੈਂਟਰ ਵਿੱਚ ਕਰਵਾਏ ਗਏ 16ਵੇਂ ਹਾਕਸ ਗੋਲਡ ਕੱਪ ( ਜੂਨੀਅਰ ਅਤੇ ਸੀਨੀਅਰ) ਵਿੱਚ ਜੇਤੂ ਪਿਛਲੇ ਸਾਲ ਜੇਤੂ ਵੈਸਟ ਕੋਸਟ ਕਲੱਬ ਸਰੀ ਦੀ ਟੀਮ ਸੀਨੀਅਰ ਵਰਗ ਵਿੱਚੋਂ ਜੇਤੂ ਰਹੀ। ਜੂਨੀਅਰ ਵਰਗ ਜੇਤੂ ਖਿਤਾਬ ਕਨੇਡੀਅਨ ਫੀਲਡ ਹਾਕੀ ਅਤੇ ਕਲਚਰਲ ਕਲੱਬ ਟਰਾਂਟੋ ਦੇ ਹਿੱਸੇ ਆਇਆ॥ ਮੇਜ਼ਬਾਨ ਕੈਲਗਰੀ ਹਾਕਸ ਦੀ(ਰੈਡ) ਦੀ ਟੀਮ ਨੇ ਸੀਨੀਅਰ ਵਰਗ ਵਿੱਚੋਂ ਤੀਜਾ ਅਤੇ ਹਾਕਸ ਫੀਲਡ ਹਾਕੀ ਅਕਾਦਮੀ ਕੈਲਗਰੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਤਿੰਨ ਦਿਨ ਚੱਲੇ ਇਸ ਟੂਰਨਾਮੈਂਟ ਦੇ ਸੀਨੀਅਰ ਵਰਗ ਵਿੱਚ 8, ਜੂਨੀਅਰ ਵਰਗ ਵਿੱਚ 4 ਟੀਮਾਂ ਨੇ ਭਾਗ ਲਿਆ। ਪਹਿਲੇ ਸੈਮੀਫਾਈਨਲ ਮੈਚ ਸਰੀ ਦੇ ਕਲੱਬ ਨੇ ਵਿਨੀਪੈਗ ਨੂੰ ਅਤੇ ਦੂਜੇ ਸੈਮੀ ਫਾਈਨਲ ਮੈਚ ਵੀ ਟਰਾਟੋ ਦੇ ਕਲੱਬ ਨੇ ਕੈਲਗਰੀ(ਰੈਡ) ਨੂੰ ਹਰਾਕੇ ਫਾਈਨਲ ਵਿੱਚ ਦਾਖਲਾ ਪਾਇਆ। ਫਸਵੇਂ ਫਾਈਨਲ ਵਿੱਚ ਵੈਸਟ ਕੋਸਟ ਕਲੱਬ ਸਰੀ ਨੇ ਕਨੇਡੀਅਨ ਫੀਲਡ ਹਾਕੀ ਅਤੇ ਕਲਚਰਲ ਕਲੱਬ ਟਰਾਂਟੋ ਨੂੰ ਹਰਾਕੇ ਖਿਤਾਬੀ ਜਿੱਤ ਪ੍ਰਾਪਤ ਕੀਤੀ। ਕੈਲਗਰੀ (ਰੈਡ) ਅਤੇ ਵਿਨੀਪੈਗ ਵਿਚਕਾਰ ਤੀਜੇ ਸਥਾਨ ਲਈ ਹੋਇਆ ਮੈਚ ਸਭ ਤੋਂ ਰੋਮਾਂਚਕਾਰੀ ਸੀ,ਜਿਸ ਦਾ ਫੈਸਲਾ 'ਸਡਨ ਡੈਥ' ਰਾਹੀ ਰਾਹੀਂ ਹੋਇਆ॥ ਇਹ ਮੈਚ ਕੈਲਗਰੀ (ਰੈਡ) ਦੇ ਹੱਕ ਵਿੱਚ ਰਿਹਾ। ਯੂਨੀਅਰ ਵਰਗ ਵਿੱਚ ਚਾਰ ਟੀਮਾਂ ਨੇ ਭਾਗ ਲਿਆ,ਜਿਸ ਵਿੱਚ ਕਨੇਡੀਅਨ ਫੀਲਡ ਹਾਕੀ ਕਲੱਬ ਟਰਾਂਟੋ ਨੇ ਪਹਿਲਾ, ਹਾਕਸ ਫੀਲਡ ਹਾਕੀ ਅਕਾਦਮੀ ਨੇ ਦੂਜਾ, ਅਤੇ ਐਡਮਿੰਟਨ ਰਾਇਲਜ਼ ਨੇ ਤੀਜਾ ਸਥਾਨ ਪਰਾਪਤ ਕੀਤਾ। ਵੈਸਟ ਕੋਸਟ ਕਲੱਬ ਸਰੀ ਦੇ ਨਵਦੀਪ ਸਿੰਘ ਨੂੰ ਟੂਰਨਾਮੈਨਟ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ। ਇਨਾਮ ਵੰਡ ਸਮਾਰੋਹ ਮੌਕੇ ਕੈਲਗਰੀ ਦੀਆਂ ਭੰਗੜਾ ਟੀਮਾਂ ਨੇ ਪ੍ਰੋ: ਦਲਜਿੰਦਰ ਜੌਹਲ ਦੀ ਅਗਵਾਈ ਹੇਠ ਬਾ ਕਮਾਲ ਪੇਸ਼ਕਾਰੀ ਕੀਤੀ। ਇਨਾਮਾਂ ਦੀ ਵੰਡ ਅਲਬਰਟਾ ਦੇ ਸਰਵਿਸਜ਼ ਮੰਤਰੀ ਸ: ਮਨਮੀਤ ਭੁੱਲਰ ਨੇ ਕੀਤੀ। ਐਮ ਪੀ ਦਵਿੰਦਰ ਸੋਰੀ ਵਿਸੇਸ ਮਹਿਮਾਨ ਵੱਜੋਂ ਹਾਜਿਰ ਰਹੇ ਜਦੋਂ ਕਿ ਸਾਰੀਆਂ ਟੀਮਾਂ ਦੇ ਖਿਡਾਰੀਆਂ ਨੂੰ ਆਪਣੇ ਵੱਲੋਂ ਮਾਣ ਪੱਤਰ ਐਮ ਐਲ ਏ ਸ: ਦਰਸਨ ਸਿੰਘ ਕੰਗ ਨੇ ਦਿੱਤੇ।ਇਸ ਮੌਕੇ ਪਾਲੀ ਵਿਰਕ,ਰੇਸ਼ਮ ਸਿੱਧੂ ਚੂਹੜਚੱਕ,ਡੈਨ ਸਿੱਧੂ, ਰੋਮੀ ਸਿੱਧੂ,ਜੰਗ ਬਹਾਦਰ ਸਿੱਧੂ ਦਿਲਪਾਲ ਸਿੰਘ ਟੀਟਾ ,ਦਿਲਜੀਤ ਸਿੰਘ ਪੁਰਬਾ, ਮਨਵੀਰ ਗਿੱਲ, ਗੁਰਦੀਪ ਸਿੰਘ ਹੰਸ, ਬੀਜਾ ਰਾਮ, ਦਿਲਜੀਤ ਸਿੰਘ ਕਾਕਾ ਲੋਪੋਂ, ਕਰਮਜੀਤ ਢੁੱਡੀਕੇ, ਮਨਦੀਪ ਸਿੰਘ ਜੱਲੀ, ਗੁਰਮੋਹਨ ਸਿੰਘ ਵੜੈਚ, ਰਵਿੰਦਰ ਸਿੰਘ ਰਿੰਕੂ, ਕਮਲਦੀਪ ਢੁੱਡੀਕੇ ਮੋਹਰ ਸਿੰਘ ਗਿੱਲ, ਗੁਰਲਾਲ ਸਿੰਘ ਗਿੱਲ, ਸੁਖਦੀਪ ਸਿੰਘ ਗਿੱਲ ਅਤੇ ਮਨਮੋਹਨ ਸਿੰਘ ਗਿੱਲ, ਅਤੇ ਅਵਿਨਾਸ਼ ਖੰਗੂੜਾ ਵੀ ਹਾਜ਼ਰ ਸਨ। ਟੂਰਨਾਮੈਂਟ ਨੂੰ ਸਪਾਂਸਰ ਕਰਨ ਵਾਲੇ ਸਮੂਹ ਪੰਜਾਬੀ ਭਾਈਚਾਰੇ ਦਾ ਧੰਨਵਾਦ ਕੀਤਾ ਗਿਆ ਹੈ । ਟੂਰਨਾਮੈਂਟ ਨੂੰ ਸਪਾਂਸਰ ਕਰਨ ਵਾਲਿਆਂ ਵਿੱਚ ਮੇਜਰ ਸਿੰਘ ਬਰਾੜ, ਪਾਲੀ ਵਿਰਕ (ਕੁਆਲਟੀ ਟਰਾਂਸ਼ਮਿਸ਼ਨ) , ਕਰਮਪਾਲ ਸਿੱਧੂ (ਬੈਸਟ ਬਾਏ ਫਰਨੀਚਰ), ਹੈਰੀ ਮਾਂਗਟ (ਜੀ.ਆਰ.ਸੀ. ਟਰਾਂਸਪੋਰਟ) , ਮਾਨ ਬ੍ਰਦਰਜ਼ (ਮੀਕਾ ਟਰੱਕਿੰਗ) , ਰੇਸ਼ਮ ਸਿੰਘ ਸਿੱਧੂ (ਪਾਲ ਐਂਡ ਪਾਲ ਹਰਬਲ), ਬਰਜਿੰਦਰ ਰੰਧਾਵਾ (ਬਲਿਊ ਡਾਰਟ ਟਰਾਂਸਪੋਰਟ), ਕਰਮਜੀਤ ਸੰਧੂ, ਗੋਲਡੀ ਰੋਮਾਣਾ, ਰੀਲੋਕਸ ਟਰਾਂਸਪੋਰਟ, ਗੁਰਲਾਲ ਗਿੱਲ ਮਾਣੂੰਕੇ, ਸੋਲੋ ਲਿਕੁਅਰ, ਨਿਰਭੈ ਸਿੱਧੂ, ਰੇਸ਼ਮ ਸਿੱਧੂ (ਸਬਵੇਅ) , ਜੰਗ ਬਹਾਦਰ ਸਿੰਘ ਸਿੱਧੂ, ਰਾਣਾ ਸਿੱਧੂ ਏ.ਏ.ਏ. ਵਿੰਡੋ, ਸਰਬਦੀਪ (ਬੈਦਵਨ ਟਰੱਕਿੰਗ), ਜੈਰੀ ਸਿੱਧੂ (ਏ.ਏ.ਏ.ਪੁਆਇੰਟ ਡਰਾਇਵਿੰਗ ਸਕੂਲ), ਡੋਨ ਸਿੱਧੂ, ਅਵਿਨਾਸ਼ ਸਿੰਘ ਖੰਗੂੜਾ, ਗੁਰਮੋਹਨ ਸਿੰਘ ਵੜੈਚ, ਇਕਬਾਲ ਸਿੰਘ (ਬਲਿਊ ਕਰਸ਼ ਟਰੱਕਿੰਗ), ਰਾਜਵਿੰਦਰ ਹੁੰਦਲ, ਗੁਰਮੀਤ ਗਿੱਲ ਮੰਡ ਵਾਲਾ, ਡੋਨੀ ਮੋਦਗਿੱਲ (ਕੈਲਗਰੀ ਪ੍ਰੋਫੈਸ਼ਨਲ ਡਰਾਇਵਿੰਗ ਸਕੂਲ), ਸਿੰਡੀਕੇਟ ਟਰਾਂਸਪੋਰਟ, ਆਪਨਾ ਮੀਟ ਦੇਸੀ ਮੀਟ ਮਸਾਲਾ, ਕੀਪਸ਼ੇਪ ਹੋਮਜ਼, ਓ ਕੇ ਜਨਰਲ ਸਟੋਰ, ਆਪਣਾ ਪੰਜਾਬ ਫਰੂਟੀਕੇਨਾ, ਨਿਊ ਵੇਵ ਆਪਟੀਕਲਜ਼, ਜੇ ਐਂਡ ਸ਼ੋਕੀ ਟਰੱਕਿੰਗ, ਇਕਬਾਲ ਸਿੱਧੂ ਅਕਾਊਟਿੰਗ, ਵੈਨਿਟੀ ਹੋਮਜ਼, ਸੰਤ ਸਿੰਘ ਧਾਲੀਵਾਲ, ਰਣਬੀਰ ਸਿੰਘ ਪਰਮਾਰ, ਬੌਬ ਅਰਸ਼ੀ, ਗੁਰਦੇਵ ਸਿੰਘ ਲੋਪੋਂ, ਬਲਜਿੰਦਰ ਸਿੰਘ ਢੁੱਡੀਕੇ, ਕਲੇਰ ਕਸਟਮ ਹੋਮਜ਼, ਲਖਵੀਰ ਸਿੰਘ ਦਾਦਰਾ, ਜਸਪਾਲ ਭੰਡਾਲ ਸ਼ਾਮਲ ਹਨ।



ਵੈਸਟ ਕੋਸਟ ਕਿੰਗਜ਼ ਕਲੱਬ ਸਰ੍ਹੀ ਦੇ ਖਿਡਾਰੀ ਜੇਤੂ ਅੰਦਾਜ਼ ਵਿਚ।



# ਹਾਕੀ ਟੂਰਨਾਮੈਂਟ ਕਰਵਾਇਆ

ਵਿਨੀਪੈੱਗ (ਨਦਬ) ਮਈ ਦੇ ਦੂਸਰੇ ਹਫ਼ਤੇ ਫੀਲਡ ਹਾਕੀ ਮੈਨੀਟੋਬਾ ਵੱਲੋਂ 723 ਲੰਡਨ ਵਿਨੀਪੈੱਗ, ਐਮ ਬੀ ਦੇ ਈਸਟ ਸਾਈਡ ਈਗਲਸ ਫੁੱਟਬਾਲ ਕਲੱਬ ਦੇ ਮੈਦਾਨ ਵਿਚ ਹਾਕੀ ਟੂਰਨਾਮੈਂਟ ਕਰਵਾਇਆ ਗਿਆ। ਟੂਰਨਾਮੈਂਟ ਦੀ ਖੇਡ ਵਿਧੀ ਰਾਊਂਡ ਰੋਬਿਨ ਕਮ ਨੋਕ ਆਊਟ ਸੀ। ਇਸ ਟੂਰਨਾਮੈਂਟ ਵਿਚ ਵਿਨੀਪੈੱਗ ਦੇ ਸਕੂਲਾਂ ਦੀਆਂ 13 ਟੀਮਾਂ ਨੇ ਭਾਗ ਲਿਆ। ਇਨਾਂ ਟੀਮਾਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆਂ ਗਿਆ ਤੇ ਹਰੇਕ ਪੂਲ ਦੀ ਫਸਟ ਅਤੇ ਦੂਜੇ ਸਥਾਨ 'ਤੇ ਆਉਣ ਵਾਲੀ ਉਸ ਟੀਮ ਨੂੰ ਸੈਮੀਫਾਈਨਲ ਵਿਚ ਰੱਖਿਆ ਗਿਆ, ਜਿਸ ਨੇ ਸਭ ਤੋਂ ਚੰਗੀ ਖੇਡ ਦਾ ਮੁਜ਼ਾਹਰਾ ਕੀਤਾ। ਲਗਭਗ ਸਾਰੀਆਂ ਟੀਮਾਂ ਨੇ ਹੀ ਮੈਦਾਨ ਵਿਚ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ। ਪਹਿਲਾ ਸੈਮੀਫਾਈਨਲ ਮੈਚ ਮਾਈਲਜ਼ ਮੈਕ 2 ਨੇ ਮਾਈਲਜ਼ ਮੈਕ 3 ਨੂੰ ਤਿੰਨ ਗੋਲਾਂ ਨਾਲ ਹਰਾ ਕੇ ਜਿੱਤਿਆ। ਦੂਜਾ ਸੈਮੀਫਾਈਨਲ ਮੈਚ ਵਿਚ ਰੀਵਰ ਈਸਟ 2 ਨੇ ਗਾਰਡਨ ਸਿਟੀ 3 ਨੂੰ ਦੋ ਦੇ ਮੁਕਾਬਲੇ 6 ਗੋਲਾਂ ਨਾਲ ਹਰਾਇਆ। ਫਾਈਨਲ ਮੈਚ ਵਿਚ ਮਾਈਲਜ਼ ਮੈਕ 2 ਨੇ ਰੀਵਰ ਈਸਟ ਨੂੰ ਦੋ ਗੋਲਾਂ ਨਾਲ ਹਰਾ ਕੇ ਟਰਾਫ਼ੀ ਜਿੱਤੀ। ਮਾਈਲਜ਼ ਮੈਕ 2 ਦੇ ਖਿਡਾਰੀ ਕੈਸਿਡੀ ਨਿਕੋਲਸ ਨੇ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ ਤੇ ਵਿਰੋਧੀ ਟੀਮ ਖ਼ਿਲਾਫ਼ ਗੋਲ ਤੇ ਗੋਲ ਦਾਗ਼ਿਆ। ਦਰਸ਼ਕਾਂ ਵੱਲੋਂ ਰੀਵਰ ਈਸਟ ਦੇ ਖਿਡਾਰੀ ਸਿਡਨੀ ਵੈਲੀਕਵੈਟ ਦੀ ਖੇਡ ਨੂੰ ਚੰਗਾ ਸਰਾਹਿਆ ਗਿਆ।

# ਮੈਪਲ ਕਾਲਜ ਦੇ ਵਿਦਿਆਰਥੀਆਂ ਨੇ ਜਿੱਤਿਆ ਕ੍ਰਿਕਟ ਟੂਰਨਾਮੈਂਟ

ਵਿਨੀਪੈੱਗ- (ਨਦਬ) ਪਿਛਲੇ ਦਿਨੀਂ ਪੂਰਬੀ ਕਿਲਡੋਨਨ ਕਾਲਜੀਏਟ 845 ਕੌਨਕਾਰਡੀਆ ਐਵਿਨਿਊ ਵਿਨੀਪੈੱਗ, ਐਮ ਬੀ ਵਿਖੇ ਘਰੇਲੂ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਇਸ ਟੂਰਨਾਮੈਂਟ ਦਾ ਫਾਈਨਲ ਮੈਚ ਮੈਪਲ ਕਾਲਜ ਅਤੇ ਫੋਰਟ ਰਿਚਮੈਂਡ ਕਾਲਜ ਦੇ ਵਿਦਿਆਰਥੀਆਂ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ, ਜਿਸ ਵਿਚੋਂ ਮੈਪਲ ਕਾਲਜ ਦੇ ਵਿਦਿਆਰਥੀਆਂ ਨੇ ਬਾਜ਼ੀ ਮਾਰ ਲਈ। ਫਾਈਨਲ ਮੈਚ ਦੌਰਾਨ ਮੈਪਲ ਕਾਲਜ ਦੀ ਟੀਮ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਲਿਆ। ਟੀਮ ਨੇ 16 ਓਵਰਾਂ ਵਿਚ 100 ਰਨ ਬਣਾਏ, ਜਦੋਂਕਿ ਫੋਰਟ ਰਿਚਮੈਂਡ ਕਾਲਜ ਦੀ ਟੀਮ ਮਿੱਥੇ ਓਵਰਾਂ ਵਿਚ 80 ਰਨ ਹੀ ਬਣਾ ਪਾਈ। ਮੈਪਲ ਕਾਲਜ ਦੀ ਟੀਮ ਦੇ ਲਗਭਗ ਸਾਰੇ ਖਿਡਾਰੀਆਂ ਨੇ ਹੀ ਚੰਗੀ ਖੇਡ ਦਾ ਮੁਜ਼ਾਹਰਾ ਕੀਤਾ। ਜ਼ਿਕਰਯੋਗ ਹੈ ਕਿ ਛੇਤੀ ਹੀ ਇਸ ਟੀਮ ਦਾ ਆਊਟਡੋਰ ਸੈਸ਼ਨ ਸ਼ੁਰੂ ਹੋ ਜਾਵੇਗਾ। ਟੂਰਨਾਮੈਂਟ ਵੇਖਣ ਲਈ ਰਾਸ਼ਟਰੀ ਸੀਨੀਅਰ ਟੀਮ ਦੇ ਕੋਚ ਗਸ ਲੋਜੀ ਅਤੇ ਰਿਚਰਡ ਡੋਨ ਆਏ। ਉਹ ਦੋ ਦਿਨ ਟੂਰਨਾਮੈਂਟ ਵਿਚ ਹਾਜ਼ਰ ਰਹੇ। ਉਨਾਂ ਦਾ ਮਕਸਦ ਟੂਰਨਾਮੈਂਟ ਦੌਰਾਨ ਚੰਗੇ ਖਿਡਾਰੀਆਂ ਦੀ ਪਛਾਣ ਕਰਨਾ ਸੀ।



ਖ਼ਾਸ ਗੱਲ ਇਹ ਹੈ ਕਿ ਚਾਰ ਖਿਡਾਰੀ ਮੈਨੀਟੋਬਾ ਦੇ ਖੇਡੇ, ਜਿਨਾਂ ਦਾ ਪ੍ਰਦਰਸ਼ਨ ਕੌਮਾਂਤਰੀ ਪੱਧਰ ਦਾ ਰਿਹਾ। ਜ਼ਿਕਰਯੋਗ ਹੈ ਕਿ ਕਨੇਡਾ ਵਿਚ ਕ੍ਰਿਕਟ ਨੂੰ ਪ੍ਰਫੁੱਲਤ ਕਰਨ ਲਈ ਉਚੇਚੇ ਯਤਨ ਹੋ ਰਹੇ ਹਨ। ਕਨੇਡਾ ਦੇ ਕ੍ਰਿਕਟ ਹਾਈ ਪਰਫੌਰਮੈਂਸ ਮਨੇਜਰ ਡੈਵਿਡ ਪੀਟਰਸਨ ਨੇ ਪ੍ਰੈਸ ਕਾਨਫ਼ਰੰਸ ਦੌਰਾਨ ਦੱਸਿਆ ਕਿ ਇਸ ਖੇਡ ਮੇਲੇ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕਨੇਡਾ ਵਿਚ ਕ੍ਰਿਕਟ ਦੀ ਸਥਿਤੀ ਕੀ ਹੈ। ਉਨਾਂ ਕਿਹਾ ਕਿ ਔਰਤਾਂ ਦੀ ਰਾਸ਼ਟਰੀ ਟੀਮ ਵਿਚ ਦੋ ਖਿਡਾਰਨਾਂ ਵਿਨੀਪੈੱਗ ਤੇ ਦੋ ਮੈਨੀਟੋਬਾ ਤੋਂ ਹਨ। 19 ਸਾਲਾ ਮਰਦਾਂ ਦੀ ਟੀਮ ਵਿਚ ਦੋ ਖਿਡਾਰੀ ਟਰੀਵਰ ਮਾਨੂ ਸਿੰਘ ਤੇ ਵਾਸੂ ਸ਼ਾਹ ਵਿਨੀਪੈੱਗ ਵਿਚੋਂ ਹਨ।



ਵਾਈਸ ਪ੍ਰਿੰਸੀਪਲ ਸੰਨੀ ਧਾਲੀਵਾਲ ਦੀ ਮੁੰਡਿਆਂ ਅਤੇ ਕੁੜੀਆਂ ਦੀ ਟੀਮ ਸਿੰਗਲ ਬੈਡਮਿੰਟਨ ਸਿਟੀ ਚੈਂਪੀਅਨਸ਼ਿਪ ਵਿਚ ਇਸ ਸਾਲ ਵੀ ਜੇਤੂ ਰਹੀ। ਸੰਨੀ ਧਾਲੀਵਾਲ, ਵਿਸ਼ਵ ਪ੍ਰਸਿੱਧ ਮਨੋਵਿਗਿਆਨੀ ਡਾ. ਅਮਰ ਸਿੰਘ ਧਾਲੀਵਾਲ (ਸੇਵਾ ਮੁਕਤ ਡੀਨ) ਦੇ ਸਪੁੱਤਰ ਹਨ।

# 'ਛੋਟੀ ਮਾਂ ਦਾ ਵੱਡਾ ਹੌਸਲਾ'

ਮੰਗਤ ਰਾਮ ਪਾਸਲਾ
+91-98141-82998

"ਮੈਂ ਕਹਾਣੀ ਨੂੰ ਅੱਗੇ ਵਧਾਈ ਜਾ ਰਿਹਾ ਸਾਂ। ਜਦੋਂ ਮੈਂ ਪੜ੍ਹਦਿਆਂ ਹੋਇਆਂ ਪਿੰਡ ਦੀ ਨੌਜਵਾਨ ਸਭਾ ਵਿਚ ਥੋੜ੍ਹੀ ਜਿਹੀ ਸਰਗਰਮੀ ਸ਼ੁਰੂ ਕੀਤੀ ਤੇ ਲਾਲ ਝੰਡਾ ਫੜਕੇ ਕਮਿਊਨਿਸਟ ਵਿਚਾਰਧਾਰਾ ਨਾਲ ਨਾਤਾ ਜੋੜਨ ਦਾ ਮੁਢਲਾ ਯਤਨ ਕੀਤਾ ਤਾਂ ਮੇਰੀ ਮਾਂ ਨੂੰ ਥੋੜ੍ਹਾ ਜਿਹਾ ਡਰ ਵੀ ਲੱਗਾ ਤੇ ਗੁੱਸਾ ਵੀ ਆਇਆ। ਪਰ ਉਹ ਤਾਂ ਮੈਨੂੰ 'ਸਰਵਣ ਪੁੱਤ' ਸਮਝਦੀ ਸੀ ਤੇ ਮੇਰੇ ਕਹੇ ਹਰ ਬੋਲ ਨੂੰ ਇਲਾਹੀ ਬਾਣੀ ਸਮਝ ਕੇ ਸੱਚ ਮੰਨ ਲੈਂਦੀ ਸੀ। ਤਾਂ ਹੀ ਤਾਂ ਉਸਨੇ ਮੈਨੂੰ ਕਮਿਊਨਿਸਟ ਲਹਿਰ ਵਿਚ ਜਾਣ ਤੋਂ ਓਨਾ ਨਹੀਂ ਵਰਜਿਆ, ਜਿੰਨਾਂ ਉਹ ਵਰਜਣ ਦਾ ਹੱਕ ਰੱਖਦੀ ਸੀ। ਇਸ ਰਾਹੇ ਪੈਣੋਂ ਵਰਜਣਾ, ਸ਼ਾਇਦ, ਦੁਨਿਆਵੀ ਮਾਵਾਂ ਵਾਂਗ ਉਹਦੀ ਲੋੜ ਵੀ ਸੀ ਕਿਉਂਕਿ ਮੈਂ ਹੀ ਤਾਂ ਉਸਦਾ ਇਕੋ-ਇਕ ਸਹਾਰਾ ਸਾਂ ਪਰ ਕਮਿਊਨਿਸਟ ਲਹਿਰ ਵਿਚ ਸ਼ਾਮਲ ਹੋਣ ਤੋਂ ਬਾਅਦ ਦੇਸ਼ ਦੀਆਂ ਹੋਰਨਾਂ ਮਾਵਾਂ ਦੀ ਜ਼ਿੰਮੇਵਾਰੀ ਓਟ ਲੈਣ ਕਾਰਨ ਸ਼ਾਇਦ ਮੈਂ ਆਪਣੀ ਮਾਂ ਦਾ ਏਨਾ 'ਕਮਾਊ ਪੁੱਤ' ਵੀ ਨਹੀਂ ਸੀ ਰਹਿਣਾ। ਪਰ ਮੇਰੀ ਮਾਂ ਨੇ ਇਸ ਗੱਲ ਦੀ ਪ੍ਰਵਾਹ ਨਾ ਕੀਤੀ।"

ਇਕ ਦਿਨ ਮੈਂ ਤੇ ਮੇਰਾ ਇਕ ਪਰਮ ਮਿੱਤਰ ਤੇ ਹੋਰ ਦੋ ਕੁ ਦੋਸਤ, ਕਿਸੇ ਜਾਣਕਾਰ ਦੀ ਮਾਤਾ ਦੀ ਅੰਤਮ ਅਰਦਾਸ ਵਿਚ ਸ਼ਾਮਲ ਹੋਣ ਪਿੱਛੋਂ ਵਾਪਸ ਪਰਤ ਰਹੇ ਸਾਂ। ਮੇਰਾ ਜਾਣਕਾਰ ਸਮਾਜਕ ਮਾਪ-ਦੰਡਾਂ ਅਨੁਸਾਰ ਚੱਲਦਾ-ਪੁਰਜਾ ਆਦਮੀ ਸੀ। ਮਾਤਾ ਨੂੰ ਸ਼ਰਧਾਂਜਲੀ ਦਿੰਦਿਆਂ ਬੁਲਾਰੇ ਜਿਵੇਂ ਉਹਦੀ ਮਾਤਾ ਦੀ ਸਾਧਾਰਨ ਸ਼ਖ਼ਸੀਅਤ ਨੂੰ ਅਸਧਾਰਨ ਬਣਾ ਕੇ ਵੱਡੇ ਵੱਡੇ ਵਿਸ਼ੇਸ਼ਣ ਲਾ ਕੇ ਵਡਿਆ ਰਹੇ ਸਨ, ਇਹ ਸਭ ਕੁਝ ਮੈਨੂੰ ਬੜਾ ਓਪਰਾ ਤੇ ਮਸਨੂਈ ਲੱਗ ਰਿਹਾ ਸੀ। ਮੈਂ ਉਸ ਨੇਕ-ਦਿਲ ਸਾਧਾਰਨ ਔਰਤ ਨੂੰ ਚੰਗੀ ਤਰ੍ਹਾਂ ਜਾਣਦਾ ਸਾਂ ਪਰ ਬੁਲਾਰਿਆਂ ਵੱਲੋਂ ਉਸਦੀ ਕੀਤੀ ਬੇਬਹਾ ਉਪਮਾ ਨੇ ਮੇਰੇ ਚਿਹਰੇ 'ਤੇ ਵਿਅੰਗਮਈ ਮੁਸਕਰਾਹਟ ਲੈ ਆਂਦੀ।

ਅਸਲ ਵਿਚ ਜਦੋਂ ਕਦੀ ਵੀ ਮੈਂ ਕਿਸੇ ਮਿਰਤਕ ਔਰਤ ਦੀ ਅੰਤਮ ਅਰਦਾਸ 'ਤੇ ਜਾਂਦਾ ਹਾਂ ਤਾਂ ਆਮ ਤੌਰ 'ਤੇ ਸ਼ਰਧਾਂਜਲੀ ਸਮਾਗਮ ਦੇ ਹਰ ਵਕਤਾ ਵਲੋਂ ਔਰਤਾਂ ਦੇ ਵੱਖ ਵੱਖ ਰੂਪਾਂ ਦਾ ਜ਼ਿਕਰ ਕਰਕੇ ਵਿਛੜ ਚੁੱਕੀ ਆਤਮਾ ਦਾ ਗੁਣਗਾਨ ਕੀਤਾ ਜਾਂਦਾ ਹੈ। ਕਦੀ ਮਾਂ, ਕਦੀ ਭੈਣ, ਕਦੀ ਪਤਨੀ ਤੇ ਕਦੀ ਕੰਜਕ ਦੇ ਰੂਪ ਵਿਚ ਔਰਤ ਦੀ ਮਹਾਨਤਾ ਨੂੰ ਦਰਸਾਇਆ ਜਾਂਦਾ ਹੈ। ਸਵਰਗਵਾਸੀ ਔਰਤ ਦੀ ਉਪਮਾ ਉਸੇ ਰੂਪ ਨਾਲ ਜੋੜ ਕੇ ਕੀਤੀ ਜਾਂਦੀ ਹੈ ਜਿਸ ਰੂਪ ਨਾਲ ਉਸਦਾ ਬਾਕੀ ਪਰਿਵਾਰ ਦੂਰੋਂ ਨੇੜਿਓਂ ਬੱਝਾ ਹੁੰਦਾ ਹੈ। ਰਾਜਨੀਤੀ, ਧਰਮ, ਸਭਿਆਚਾਰ, ਖੇਡਾਂ, ਵਿਦਿਆ, ਸਿਹਤ, ਜਾਂ ਘਰੇਲੂ ਕਾਰੋਬਾਰ ਭਾਵ ਜਿਸ ਖੇਤਰ ਨਾਲ ਵੀ ਸੰਬੰਧਤ ਔਰਤ ਜਾਂ ਉਸਦੇ ਪਰਿਵਾਰ ਦੇ ਕਿਸੇ ਦੂਸਰੇ ਮੈਂਬਰ ਨੇ ਕੋਈ ਨਾਮਣਾ ਖੱਟਿਆ ਹੁੰਦਾ ਹੈ, ਉਸੇ ਸਬੰਧ ਵਿਚ ਸੰਬੰਧਤ ਬੀਬੀ ਵਲੋਂ ਨਿਭਾਈ ਗਈ ਭੂਮਿਕਾ ਨੂੰ ਤਰ੍ਹਾਂ ਤਰ੍ਹਾਂ ਦੇ ਵਿਸ਼ੇਸ਼ਣ ਲਾ ਕੇ ਪੇਸ਼ ਕੀਤਾ ਜਾਂਦਾ ਹੈ। ਕਈ ਵਾਰ ਤਾਂ ਇਹ ਸਭ ਹਕੀਕਤ ਦੇ ਨੇੜੇ ਤੇੜੇ ਹੁੰਦਾ ਹੈ ਪ੍ਰੰਤੂ ਕਦੀ ਕਦੀ (ਬਹੁਤੀ ਵਾਰ) ਅਤਕਥਨੀਆਂ ਦਾ ਸਹਾਰਾ ਵੀ ਲਿਆ ਜਾਂਦਾ ਹੈ।

ਮੇਰੇ ਦੋਸਤ ਨੇ ਮੇਰੀ ਵਿਅੰਗਮਈ ਮੁਸਕਰਾਹਟ ਦਾ ਕਾਰਨ ਜਾਨਣਾ ਚਾਹਿਆ। ਇਹਨਾਂ ਸਾਰੇ ਤਜਰਬਿਆਂ ਉਪਰ ਪਿਛਲ ਝਾਤ ਮਾਰਦਿਆਂ ਮੈਂ ਆਪਣੇ ਪਰਮ ਮਿੱਤਰ ਨੂੰ ਕਿਹਾ, "ਭਾਈ ਸਾਹਿਬ! ਸੋਚਦਾਂ ਕਿ ਮੈਂ ਆਪਣੀ ਮਾਤਾ ਦੀ ਅੰਤਮ ਅਰਦਾਸ ਸਮੇਂ ਕੋਈ ਲੰਬਾ ਚੌੜਾ ਸ਼ਰਧਾਂਜਲੀ ਸਮਾਗਮ ਨਹੀਂ ਕਰਨਾ। ਅਫ਼ਸੋਸ ਕਰਨ ਆਏ ਸਾਰੇ ਮਿੱਤਰਾਂ ਤੇ ਸਬੰਧੀਆਂ ਦਾ ਧੰਨਵਾਦ ਕਰਦਿਆਂ ਬਸ ਏਨਾ ਆਖ ਕੇ ਕਿ "ਬਾਕੀ ਦੁਨੀਆਂ ਦੀਆਂ ਮਾਵਾਂ ਵਾਂਗਰ ਮੇਰੀ ਮਾਂ ਵੀ ਮੈਨੂੰ ਬਹੁਤ ਪਿਆਰ ਕਰਦੀ ਸੀ ਤੇ ਉਸਨੇ ਮੇਰੇ ਲਈ ਸਾਰੀ ਜ਼ਿੰਦਗੀ ਬਹੁਤ ਜਫ਼ਰ ਜਾਲੇ" ਗੱਲ ਸਮਾਪਤ ਕਰ ਦੇਣੀ ਆਂ। ਮੇਰੇ ਮੂੰਹੋਂ ਮਾਂ ਵੱਲੋਂ ਮੇਰੇ ਲਈ 'ਜਫ਼ਰ ਜਾਲਣ' ਦਾ ਜ਼ਿਕਰ ਸੁਣ ਕੇ ਮੇਰੇ ਮਿੱਤਰ ਨੇ ਮੇਰੀ ਮਾਂ ਬਾਰੇ ਕੁਝ ਹੋਰ ਜਾਨਣਾ ਚਾਹਿਆ। ਬਸ ਫੇਰ ਕੀ ਸੀ, ਮੈਨੂੰ ਇੰਝ ਜਾਪਿਆ ਜਿਵੇਂ ਮੈਨੂੰ ਕੁੱਝ ਸਮਾਂ ਭਾਸ਼ਣ ਦੇਣ ਦਾ ਮੌਕਾ ਮਿਲ ਗਿਆ ਹੋਵੇ ਤੇ ਮੈਂ ਵੀ ਉਸਦਾ ਭਰਪੂਰ ਲਾਹਾ ਲਿਆ। ਮੈਂ ਚੌਹ ਕੁ ਵਰ੍ਹਿਆਂ ਦਾ ਸਾਂ ਜਦੋਂ ਮੇਰੇ ਪਿਤਾ ਜੀ ਚਲਾਣਾ ਕਰ ਗਏ। ਇਸ ਕਰਕੇ ਮੇਰੀ ਮਾਂ ਨੇ ਰੰਡੇਪੇ ਨਾਲ ਗਰੀਬੀ ਵੀ ਹੰਢਾਈ। ਕੋਈ ਜ਼ਮੀਨ ਦਾ ਟੁਕੜਾ ਜਾਂ ਹੋਰ ਕਮਾਈ ਦਾ ਸਾਧਨ ਨਹੀਂ ਸੀ ਪਰਿਵਾਰ ਕੋਲ। ਮੈਂ ਸਾਂ ਵੀ ਇਕੱਲਾ ਹੀ ਪੁੱਤਰ। ਸ਼ਾਇਦ ਇਸੇ ਕਰਕੇ ਮੇਰਾ ਨਾਂ ਰੱਬ ਤੋਂ ਮੰਗਿਆ (ਮੰਗਤ) ਰੱਖਿਆ ਗਿਆ। ਖੁਸ਼ੀ ਗਮੀ ਦੇ ਮੌਕਿਆਂ ਉਪਰ ਘਰ-ਘਰ ਦੀਆਂ ਰੋਟੀਆਂ ਬਣਾਈਆਂ, ਭਾਂਡੇ ਮਾਂਜੇ, ਲੋਕਾਂ ਦੀਆਂ ਡੋਲੀ ਚੜ੍ਹਦੀਆਂ ਧੀਆਂ ਦਾ ਸਾਥ ਦੇ ਕੇ ਮਾਂ ਵਰਗੀ ਸੁਰੱਖਿਆ ਪ੍ਰਦਾਨ ਕੀਤੀ। ਇਹ ਸਾਰਾ ਕੁੱਝ ਕਰਕੇ ਮੈਨੂੰ ਜੁਆਨ ਹੋਇਆ ਵੀ ਤੇ ਇਕ ਕਮਾਊ ਪੁੱਤ ਵੀ, ਦੇਖਣਾ ਚਾਹੁੰਦੀ ਸੀ ਮੇਰੀ ਮਾਂ।

ਮੈਂ ਕਹਾਣੀ ਨੂੰ ਅੱਗੇ ਵਧਾਈ ਜਾ ਰਿਹਾ ਸਾਂ। ਜਦੋਂ ਮੈਂ ਪੜ੍ਹਦਿਆਂ ਹੋਇਆਂ ਪਿੰਡ ਦੀ ਨੌਜਵਾਨ ਸਭਾ ਵਿਚ ਥੋੜ੍ਹੀ ਜਿਹੀ ਸਰਗਰਮੀ ਸ਼ੁਰੂ ਕੀਤੀ ਤੇ ਲਾਲ ਝੰਡਾ ਫੜਕੇ ਕਮਿਊਨਿਸਟ ਵਿਚਾਰਧਾਰਾ ਨਾਲ ਨਾਤਾ ਜੋੜਨ ਦਾ ਮੁਢਲਾ ਯਤਨ ਕੀਤਾ ਤਾਂ ਮੇਰੀ ਮਾਂ ਨੂੰ ਥੋੜ੍ਹਾ ਜਿਹਾ ਡਰ ਵੀ ਲੱਗਾ ਤੇ ਗੁੱਸਾ ਵੀ ਆਇਆ। ਪਰ ਉਹ ਤਾਂ ਮੈਨੂੰ 'ਸਰਵਣ ਪੁੱਤ' ਸਮਝਦੀ ਸੀ ਤੇ ਮੇਰੇ ਕਹੇ ਹਰ ਬੋਲ ਨੂੰ ਇਲਾਹੀ ਬਾਣੀ ਸਮਝ ਕੇ ਸੱਚ ਮੰਨ ਲੈਂਦੀ ਸੀ। ਤਾਂ ਹੀ ਤਾਂ ਉਸਨੇ ਮੈਨੂੰ ਕਮਿਊਨਿਸਟ ਲਹਿਰ ਵਿਚ ਜਾਣ ਤੋਂ ਓਨਾ ਨਹੀਂ ਵਰਜਿਆ, ਜਿੰਨਾਂ ਉਹ ਵਰਜਣ ਦਾ ਹੱਕ ਰੱਖਦੀ ਸੀ। ਇਸ ਰਾਹੇ ਪੈਣੋਂ ਵਰਜਣਾ, ਸ਼ਾਇਦ, ਦੁਨਿਆਵੀ ਮਾਵਾਂ ਵਾਂਗ ਉਹਦੀ ਲੋੜ ਵੀ ਸੀ ਕਿਉਂਕਿ ਮੈਂ ਹੀ ਤਾਂ ਉਸਦਾ ਇਕੋ-ਇਕ ਸਹਾਰਾ ਸਾਂ ਪਰ ਕਮਿਊਨਿਸਟ ਲਹਿਰ ਵਿਚ ਸ਼ਾਮਲ ਹੋਣ ਤੋਂ ਬਾਅਦ ਦੇਸ਼ ਦੀਆਂ ਹੋਰਨਾਂ ਮਾਵਾਂ ਦੀ ਜ਼ਿੰਮੇਵਾਰੀ ਓਟ ਲੈਣ ਕਾਰਨ ਸ਼ਾਇਦ ਮੈਂ ਆਪਣੀ ਮਾਂ ਦਾ ਏਨਾ 'ਕਮਾਊ ਪੁੱਤ' ਵੀ ਨਹੀਂ ਸੀ ਰਹਿਣਾ। ਪਰ ਮੇਰੀ ਮਾਂ ਨੇ ਇਸ ਗੱਲ ਦੀ ਪ੍ਰਵਾਹ ਨਾ ਕੀਤੀ।



ਗੱਲ ਅੱਗੇ ਤੋਰਦਿਆਂ ਮੈਂ ਆਪਣੇ ਦੋਸਤ ਨੂੰ ਦੱਸਿਆ ਕਿ 1973 ਵਿਚ ਜਦੋਂ ਪਾਰਟੀ ਵਲੋਂ ਮਹਿੰਗਾਈ ਵਿਰੁੱਧ ਮੋਰਚਾ ਲਾਇਆ ਗਿਆ ਤੇ ਜਥਿਆਂ ਦੇ ਰੂਪ ਵਿਚ ਪੰਜਾਬ ਸਰਕਾਰ ਵਿਰੁੱਧ ਗ੍ਰਿਫ਼ਤਾਰੀਆਂ ਦੇਣ ਦਾ ਪਲਾਨ ਬਣਿਆ ਤਾਂ ਮੇਰੀ ਮਾਂ ਨੇ ਕੱਚੇ ਘਰ ਦੇ ਛੋਟੇ ਜਿਹੇ ਵਿਹੜੇ ਵਿਚ ਲੱਕੜ ਦੀ ਪੌੜੀ ਕੋਲ ਖੜੀ ਹੋ ਕੇ ਮੇਰੇ ਗੁੱਟ ਉਪਰ ਲਾਲ ਰੰਗ ਦਾ ਗਾਨਾਂ ਬੰਨਕੇ ਜੇਲ੍ਹ ਜਾਣ ਵਾਲੇ ਜਥੇ ਵਿਚ ਮੈਨੂੰ ਭੇਜਿਆ ਸੀ। ਉਸ ਸਮੇਂ ਉਸਦੀਆਂ ਅੱਖਾਂ ਵਿਚ ਮੋਹ ਤੇ ਚਿੰਤਾ ਦੇ ਹੰਝੂ ਸਾਫ ਦਿਖਾਈ ਦੇ ਰਹੇ ਸਨ। ਮੇਰੇ ਪਿੰਡ ਤੋਂ ਅਸੀਂ ਤਿੰਨ ਜਣੇ ਜੇਲ੍ਹ ਗਏ ਸਾਂ ਉਸ ਮੋਰਚੇ ਵਿਚੋਂ। ਮੈਂ ਗੱਲ ਸੁਣਾਉਂਦਾ ਸੁਣਾਉਂਦਾ ਥੋੜ੍ਹਾ ਜਿਹਾ ਭਾਵੁਕ ਹੋ ਗਿਆ ਸਾਂ। ਫੇਰ ਮੇਰੀ ਕਹਾਣੀ ਦੀ ਲੜੀ ਛੋਹਣ ਤੇ ਪ੍ਰਤਾਪ ਮਿੱਲ ਦੀ ਹੜਤਾਲ ਨਾਲ ਜਾ ਜੁੜੀ ਜਦੋਂ ਸ਼ਾਇਦ 1978 ਵਿਚ ਪ੍ਰਤਾਪ ਮਿਲ ਦੇ ਹੜਤਾਲੀ ਮਜ਼ਦੂਰਾਂ ਉਪਰ ਮਿਲ ਮਾਲਕਾਂ ਦੇ ਗੁੰਡਿਆਂ ਅਤੇ ਪੁਲੀਸ ਨੇ ਸਾਂਝੇ ਤੌਰ 'ਤੇ ਅੰਧਾਧੁੰਦ ਗੋਲੀ ਚਲਾ ਦਿੱਤੀ ਸੀ। ਮਜ਼ਦੂਰ ਚਲਦੀ ਗੋਲੀ ਵਿਚ ਪੁਲੀਸ ਵੱਲ ਨੂੰ ਇੱਟਾਂ ਪੱਥਰ ਮਾਰਨ ਲੱਗ ਪਏ। ਬਸ ਫੇਰ ਕੀ ਸੀ? 2 ਘੰਟੇ ਦੀ ਗੋਲੀਬਾਰੀ ਨਾਲ ਟੀਅਰ ਗੈਸ ਦੇ ਗੋਲਿਆਂ ਦਾ ਮੀਂਹ ਵਰ੍ਹਾ ਦਿੱਤਾ ਗਿਆ। ਸਾਰੇ ਪਾਸੇ ਧੂੰਆਂ ਧੂੰਆਂ ਹੋ ਗਿਆ। ਲੋਕਾਂ ਨੂੰ ਕੁੱਝ ਨਹੀਂ ਸੀ ਦੀਂਹਦਾ। ਗੈਸ ਦੇ ਗੋਲਿਆਂ ਦੀ ਜ਼ਹਿਰ ਅੱਖਾਂ ਨੂੰ ਚੜ੍ਹ ਰਹੀ ਸੀ। ਮਜ਼ਦੂਰ ਤੇ ਨੇੜੇ ਤੇੜੇ ਦੇ ਇਲਾਕਿਆਂ ਦੇ ਇਕੱਠੇ ਹੋਏ ਲੋਕ ਘਬਰਾਹਟ ਵਿਚ ਬਚਾਅ ਲਈ ਏਧਰ ਓਧਰ ਨੂੰ ਭੱਜ ਰਹੇ ਸਨ। ਮੈਂ ਦੇਖਿਆ ਮੇਰੀ ਮਾਂ (ਮੈਂ ਉਸ ਨੂੰ ਬੀਬੀ ਆਖਦਾ ਸਾਂ) ਛੋਟੀ ਜਿਹੀ ਬਾਲਟੀ ਵਿਚਲੇ ਪਾਣੀ ਵਿਚੋਂ ਕੱਪੜੇ ਦਾ ਟੁਕੜਾ ਭਿਓਂ ਕੇ ਮਜ਼ਦੂਰਾਂ ਦੀਆਂ ਅੱਖਾਂ ਨੂੰ ਪਾਣੀ ਦੇ ਫੇਹੇ ਲਾ ਰਹੀ ਸੀ, ਅੱਥਰੂ ਗੈਸ ਦਾ ਅਸਰ ਘਟਾਉਣ ਲਈ। ਕਿੰਨੇ ਕੁ ਲੋਕਾਂ ਨੂੰ ਇਸਦਾ ਫਾਇਦਾ ਹੋਇਆ ਹੋਵੇਗਾ, ਮੈਨੂੰ ਨਹੀਂ ਪਤਾ ਪ੍ਰੰਤੂ ਮੇਰੀ ਮਾਂ ਨੇ ਇਹ ਕੰਮ ਦੋ-ਢਾਈ ਘੰਟੇ ਜਾਰੀ ਰੱਖਿਆ। ਮਜ਼ਦੂਰਾਂ ਦੀਆਂ ਅੱਖਾਂ ਵਿਚਲੀ ਜ਼ਹਿਰ ਧੋਣ ਦਾ। ਸਾਰੇ ਮਜ਼ਦੂਰ ਉਸ ਲਈ, ਉਸ ਵਕਤ, ਸ਼ਾਇਦ 'ਮੰਗਤ ਰਾਮ' ਹੀ ਸਨ। ਉਦੋਂ ਉਹ ਆਪਣੇ ਪੁੱਤਾਂ ਦੀਆਂ ਅੱਖਾਂ ਵਿਚਲੀ ਜ਼ਹਿਰ ਚੂਸ ਰਹੀ ਸੀ।

ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਮੇਰਾ ਮਿੱਤਰ ਤੇ ਦੋ ਕੁ ਹੋਰ ਨਾਲ ਬੈਠੇ ਸੱਜਣ ਮੇਰੀ ਗੱਲ ਤੋਂ ਉਕਤਾ ਤਾਂ ਨਹੀਂ ਗਏ ਮੈਂ ਕਥਾ ਦਾ ਅੰਤਲਾ ਭਾਗ ਵੀ ਬਿਆਨਣਾ ਚਾਹੁੰਦਾ ਸਾਂ। ਪਾਰਟੀ ਦੀ ਸੂਬਾ ਕਮੇਟੀ ਵਲੋਂ ਪੰਜਾਬ ਮਸਲੇ ਦੇ ਰਾਜਸੀ ਹੱਲ ਤੇ ਕੁਝ ਹੋਰ ਮੰਗਾਂ ਲਈ ਜੇਲ੍ਹ ਭਰੋ ਅੰਦੋਲਨ ਸ਼ੁਰੂ ਕੀਤਾ ਗਿਆ। ਅਤਿਵਾਦ ਦਾ ਕਾਲਾ ਦੌਰ ਜਾਰੀ ਸੀ ਪੰਜਾਬ ਅੰਦਰ। ਮੈਂ ਆਪਣੀ ਮਾਤਾ ਨੂੰ ਜਥੇ ਵਿਚ ਜੇਲ੍ਹ ਜਾਣ ਲਈ ਤਿਆਰ ਕਰ ਲਿਆ। ਇਕ ਝੋਲੇ ਵਿਚ ਦੋ ਕੁ ਪੁਰਾਣੇ ਸੂਟ, ਇਕ ਤੌਲੀਆ, ਕੰਘੀ, ਇਤਿਆਦ ਚੀਜ਼ਾਂ ਪਾ ਕੇ ਬੀਬੀ ਜੇਲ੍ਹ ਜਾਣ ਲਈ ਤਿਆਰ ਹੋ ਗਈ। ਉਹ ਏਦਾਂ ਖੁਸ਼ ਸੀ ਜਿਵੇਂ ਕਿਸੇ ਦੇ ਵਿਆਹ ਜਾ ਰਹੀ ਹੋਵੇ। ਆਮ ਲੋਕਾਂ ਲਈ ਘਰ ਤੇ ਜੇਲ੍ਹ ਵਿਚਲੇ ਜੀਵਨ ਦਾ ਖਾਣ ਪੀਣ ਦੇ ਨਜ਼ਰੀਏ ਤੋਂ ਕੋਈ ਬਹੁਤਾ ਅੰਤਰ ਨਹੀਂ ਹੁੰਦਾ। ਸਿਰਫ ਖੁੱਲ੍ਹਾ ਘੁੰਮਣ ਫਿਰਨ ਉਪਰ ਹੀ ਪਾਬੰਦੀ ਸਮਝੋ। ਚਾਰ ਕੁ ਸੌ ਲੋਕਾਂ ਦੇ ਜਥੇ ਵਿਚ ਮੇਰੀ ਮਾਂ ਵੀ ਸ਼ਾਮਲ ਹੋ ਗਈ ਤੇ ਚੰਡੀਗੜ੍ਹ ਵਿਚਲੀ ਪੰਜਾਬ ਅਸੰਬਲੀ ਵੱਲ ਨੂੰ ਚਾਲੇ ਪਾ ਦਿੱਤੇ। ਸਿਰਾਂ ਉਪਰ ਲਾਲ ਪੱਟੀਆਂ, ਹੱਥਾਂ ਵਿਚ ਝੋਲੇ ਤੇ ਜ਼ੁਬਾਨ ਉਪਰ ਨਾਅਰੇ। ਜਥਾ ਅੱਗੇ ਵੱਧ ਰਿਹਾ ਸੀ। ਗ੍ਰਿਫ਼ਤਾਰ ਕਰਨ ਦੀ ਥਾਂ ਚੰਡੀਗੜ੍ਹ ਪੁਲੀਸ ਨੇ ਲਾਠੀਆਂ ਤੇ ਅੱਥਰੂ ਗੈਸ ਦੀ ਝੜੀ ਲਾ ਦਿੱਤੀ। ਮੈਂ ਜਥੇ ਦੇ ਪਿੱਛੇ ਰਹਿ ਕੇ ਜਥਾ ਵਿਦਾ ਕਰਨ ਦਾ ਕੰਮ ਕਰ ਰਿਹਾ ਸਾਂ। ਚੰਡੀਗੜ੍ਹ ਦੀਆਂ ਓਪਰੀਆਂ ਸੜਕਾਂ, ਅੱਥਰੂ ਗੈਸ ਦਾ ਝਮੇਲਾ ਤੇ ਵਿਚਾਰੀ ਮਾਂ ਦੀ ਅਣਜਾਣਤਾ। ਜਥਾ ਖਿੰਡਰ ਪੁੰਡਰ ਗਿਆ। ਲੋਕੀਂ ਅੱਗੇ ਪਿੱਛੇ ਵੱਖ ਵੱਖ ਦਿਸ਼ਾਵਾਂ ਨੂੰ ਭੱਜ ਰਹੇ ਸਨ। ਮੈਂ ਵੀ ਇਸ ਰੌਲੇ ਵਿਚ ਗੁਆਚਾ ਹੋਇਆ ਸਾਂ ਆਪਣੇ ਕੁੱਝ ਸਾਥੀਆਂ ਨਾਲ। ਦੇਖਿਆ ਇਕ ਸੜਕ ਕੰਢੇ ਦਰੱਖਤਾਂ ਦੇ ਝੁੰਡ ਹੇਠਾਂ ਬੀਬੀ ਅੱਖਾਂ 'ਤੇ ਹੱਥ ਰੱਖੀ ਖੜੀ ਸੀ। ਮੈਂ ਭੱਜ ਕੇ ਨੇੜੇ ਗਿਆ। ਮੇਰੀ ਆਵਾਜ਼ ਪਛਾਣ ਕੇ ਆਖਣ ਲੱਗੀ, "ਮੰਗਿਆ, ਇਹ ਗ੍ਰਿਫਤਾਰ ਤਾਂ ਕਰਦੇ ਨਹੀਂ। ਆਹ ਔਂਤਰਾ ਗੈਸ ਜਿਹਾ ਛੱਡੀ ਜਾਂਦੇ ਆਂ।" ਮੇਰੇ ਕੋਲ ਨਾ ਪਾਣੀ ਸੀ ਤੇ ਨਾ ਕੋਈ ਗਿੱਲਾ ਕੱਪੜਾ। ਬਸ ਮਾਂ ਨੂੰ ਕਲਾਵੇ ਵਿਚ ਲੈ ਕੇ ਮੈਂ ਸੜਕ ਕੰਢੇ ਵਾਪਸ ਪਾਰਟੀ ਦਫਤਰ ਵੱਲ ਨੂੰ ਤੁਰਿਆ ਜਾ ਰਿਹਾ ਸਾਂ। ਛੋਟੇ ਜਿਹੇ ਦਾਇਰੇ ਵਿਚ ਜ਼ਿੰਦਗੀ ਹੰਢਾ ਰਹੀ ਮਾਂ ਨੇ ਹੁਕਮਰਾਨਾਂ ਵਿਰੁੱਧ ਬੋਲਣ ਦਾ ਕਿੱਡਾ ਵੱਡਾ ਹੌਸਲਾ ਕਰ ਲਿਆ। ਮੇਰੇ ਲਈ ਇਹ ਹੈਰਾਨੀ ਭਰੀ ਘਟਨਾ ਸੀ। ਲੋਕਾਂ ਦੇ ਹੰਝੂ ਪੂੰਝਦੀ ਪੂੰਝਦੀ ਮੇਰੀ ਮਾਂ ਆਪ ਅੰਨੀ ਹੋ ਗਈ ਜਾਪੀ ਮੈਨੂੰ"।

ਕਹਿੰਦੇ ਨੇ ਹਨੇਰੇ ਤੋਂ ਬਾਅਦ ਚਾਨਣ ਆਉਂਦਾ ਹੈ। ਸ਼ਾਇਦ ਇਸੇ ਆਸ ਨਾਲ ਉਹ ਜਫ਼ਰ ਜਾਲੀ ਜਾ ਰਹੀ ਸੀ। ਪਰ ਹੁਣ ਉਹਦਾ ਜਫ਼ਰ ਜਾਲਣ ਦਾ ਦਾਇਰਾ ਮੇਰੇ ਤੋਂ ਤੁਰ ਕੇ ਹੋਰ ਵੱਡਾ ਹੋ ਗਿਆ ਸੀ ਤੇ ਇਸ ਵਿਚ ਇਕ ਤੋਂ ਵੱਧ 'ਮੰਗਤ ਰਾਮ' ਸ਼ਾਮਲ ਹੋ ਗਏ ਸਨ। ਸਾਰੇ ਉਹਦੇ ਆਪਣੇ ਪੁੱਤਰ ਬਣ ਕੇ। ਪਤਾ ਨਹੀਂ ਮਾਂ ਦੀਆਂ ਅੱਖਾਂ ਸਾਹਮਣਿਓਂ ਤੇ ਉਹਦੇ ਵਡੇ ਦਾਇਰੇ ਵਾਲੇ ਪੁਤਾਂ ਦੀਆਂ ਅੱਖਾਂ ਸਾਹਮਣਿਓਂ ਹਨੇਰਾ ਕਦੋਂ ਹਟੇਗਾ? ਕੀ ਮੈਂ ਇਸ ਵਿਚ ਕੁੱਝ ਯੋਗਦਾਨ ਪਾ ਸਕਾਂਗਾ? ਇਹ ਸਾਰੀ ਕਹਾਣੀ ਮੈਂ ਕਿੰਨੀ ਦੇਰ ਵਿਚ ਕਿਵੇਂ ਸੁਣਾਈ, ਇਸ ਬਾਰੇ ਮੈਨੂੰ ਪੂਰਾ ਨਹੀਂ ਪਤਾ। ਮੈਨੂੰ ਜੇਲ੍ਹ ਭੇਜਣ ਸਮੇਂ ਲਾਲ ਗਾਨਾ ਬੰਨ੍ਹਣ ਵਾਲੀ ਮਾਂ ਲੋਕਾਂ ਦੇ ਅੱਥਰੂ ਪੂੰਝਦੀ ਹੋਈ ਆਪ ਅੱਥਰੂ ਗੈਸ ਦੀ ਮਾਰ ਕਿੰਝ ਝੱਲਦੀ ਹੋਵੇਗੀ, ਮੈਂ ਇਸ ਬਾਰੇ ਕੁੱਝ ਨਹੀਂ ਦੱਸ ਸਕਿਆ ਹੋਵਾਂਗਾ। ਨਾ ਹੀ ਬਿਆਨ ਕਰ ਸਕਿਆ ਹੋਵਾਂਗਾ ਮਾਂ ਦੇ ਮਨ ਵਿਚ ਉਥਲ-ਪੁਥਲ ਕਰਦੇ ਤੇ ਉਛਲਦੇ ਭਾਵਨਾਵਾਂ ਦੇ ਸਾਗਰੀ ਉਛਾਲ ਨੂੰ। "ਪ੍ਰੰਤੂ ਹੁਣ ਮੈਨੂੰ ਨਾ ਰੋਕੀਂ ਆਪਣੀ ਮਾਂ ਦੇ ਭੋਗ ਸਮੇਂ ਬੋਲਣ ਤੋਂ" ਆਪਣੇ ਯਾਰ ਦੀ ਇਸ ਮੰਗ ਨੂੰ ਕਿਵੇਂ ਪੂਰਾ ਕਰਾਂਗਾ ਜਾਂ ਕਿਤੇ ਮਾਂ ਨੂੰ ਤਾਂ ਨਹੀਂ ਇਕ ਹੋਰ ਜਫ਼ਰ ਜਾਲਣਾ ਪਵੇਗਾ, ਘਰ ਆਉਂਦਿਆਂ ਹੋਇਆਂ ਮੈਂ ਇਹੀ ਸੋਚਦਾ ਰਿਹਾ। ਇਸ ਸੋਚ ਕੇ ਮੇਰਾ ਮਨ ਮਾਣ ਨਾਲ ਭਰ ਗਿਆ ਕਿ ਮੇਰੀ ਮਾਂ ਭਾਵੇਂ ਕਿੰਨੀ 'ਛੋਟੀ' ਸੀ ਪਰ ਉਹਦਾ ਹੌਸਲਾ ਕਿੰਨਾਂ ਵੱਡਾ ਸੀ। ਧਰਤੀ ਜਿੱਡਾ ਤੇ ਧਰਤੀ ਦੇ ਪੁੱਤਾਂ-ਧੀਆਂ ਜਿੱਡਾ।

*(ਸੀਰਤ 'ਚੋਂ ਧੰਨਵਾਦ ਸਹਿਤ)*

DASHMESH TIRE & LUBE

All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
Enough Parking Space
ਲੱਗਹਾਲ, ਗਰੇਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Call: Manjit S.Khosa, Garry Dhaliwal
Ph: 780-298-1114, 780-993-4441
6609 34 St. Edmonton, Alberta.

WILDROSE MASONARY & STONE WORKS

Commertial & Residential
Ph: 780 340 1400
Off: 780 450 1413
Fax: 780 490 4888
Dave Johal
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ
Culture Stone Bricks
Blocks Glass Blocks
email:wildrosemasonary@live.ca ✦ 1404-69th St. SW Edmonton, AB T6L 1L4

STP ELECTRIC LTD.

stpelectric@hotmail.com
Offering Full Range of Electrical Services of
C. 780.984 2356
F. 780.463 6276
• Residential
• Commercial
• Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕ੍ਟ੍ਰੀਸ਼ਨ

HARRY`S EXCAVATING

PH: 780-918-2252
Specialist in :
Digging Basements & All Kind Of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।



ASSIST Community Services Centre

www.assistcsc.org
11016-51 Ave, Edmonton, AB T6H 0L4 Tel:780 429-3119 Fax:780 424-7837
9653-05A Ave, Edmonton, AB T5H 0M3 Tel: 780 429-3111 Fax:780 424-7837

NEW

## Summer Camp

*"Multiculturalism through the eyes of youth"*

ASSIST Community Services Centre is delighted to offer a youth summer camp on Multi- Media techniques to create a YouTube video on multiculturalism.

The Camp will offer:

- A platform for creativity
- An opportunity to learn digital video production techniques
- A place to make new friends and have fun☺

Priority will be given to permanent resident children aged (9-14) living in the South West of Edmonton.

| CAMP 1 | CAMP 2 |
|---|---|
| Date: July 8th to July 12th | Date: July 15th to July 19th |
| Time: 8:30 AM to 4:00 PM | Time: 8:30 AM to 4:00 PM |
| Location: 11016-51 Ave | Location: 11016-51 Ave |
| Language: English | Language: English |
| Max Seating: 18 | Max Seating: 18 |
| Fee: $25 | Fee: $25 |

Coordinator: AbhiramiPadmanabham
For more information, please contact: 780-429-3119 (Ext. 109) or
abhirami.padmanabham@assistcsc.org

Funded by: Citizenship and Immigration Canada
Financé par: Citoyenneté et Immigration Canada



Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ
ਜਾਇਦਾਦ ਖਰੀਦਣ ਜਾਂ
ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
50 SunnyVale Gate, Unit # 7,
Brampton, ON L6S 0C4

ਮੁਲਾਕਾਤ Productions
ਟੀ.ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com

NEW WAY Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph.: (780)-708-1436, Fax: (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ
ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070

# Ghadar Centennial Commemoration 2013

*A Tribute to Patriots and Heroes of the Ghadar Movement*

# PROGRESSIVE PEOPLES FOUNDATION OF EDMONTON

**Organizes**

**Programs to commemorate Ghadar Centenary**

**Public in general & socio-cultural organizations are cordially invited to participate in the following programs:**


Kartar Singh Sarabha


Lala Hardayal


Bibi Ghulab Kaur


Sohan Singh Bhakhna


Pandurang Khankhoje





Maulvi Barkat Ullah

Seminar
" Ghadar Movement:
A Glorious Legacy of Chivalry and Sacrifice"
Speaker: Eminent Scholar, Prof. Jagmohan Singh
*
1:30 PM, Sunday, 21st July, 2013
MillWoods Cultural Society of Retd. & Semi Retd.
1560 48 St NW, Edmonton, AB T6L 6H9

ਸੈਮੀਨਾਰ
ਗ਼ਦਰ ਲਹਿਰ : ਬਹਾਦਰੀ ਅਤੇ ਕੁਰਬਾਨੀਆਂ ਦੀ ਮਹਾਨ ਵਿਰਸਾਤ
ਮੁੱਖ ਬੁਲਾਰਾ ਪ੍ਰੋ. ਜਗਮੋਹਨ ਸਿੰਘ
ਸਮਾਂ 1:30 ਬਾਅਦ ਦੁਪਹਿਰ, ਐਤਵਾਰ 21 ਜੁਲਾਈ, 2013
ਮਿਲਵੁੱਡਜ਼ ਕਲਚਰਲ ਸੁਸਾਇਟੀ ਆਫ਼ ਰਿਟਾਇਰਡ ਐਂਡ ਸੈਮੀ ਰਿਟਾਇਰਡ (ਸੀਨੀਅਰ ਸੈਂਟਰ)
1560 48 ਸਟਰੀਟ ਐਡਮਿੰਟਨ

**FOR MORE INFORMATION CONTACT:**

## The Ghadar Centennial Commemoration Planning Team

Dalbir Sangione: 780 995 5475; Dr. P.R Kalia: 780 485 2989; Prof. Raj Pannu: 780 439 9220; Gurcharan Brar: 780 265 3752; Gurvarinder Gill: 780 497 8801; Gursewak Mann: 587 920 7710; Parminder Dhaliwal: 780 994 1886; Darshan Khaira: 780 450 3834 Navtej Bains: 780 200 2872; Joginder Randhawa: 780 914 6251; Bakhash Sangha: 780 660 7520; Kirtmeet Kohar: 780 200 5328; Rabinder Sra: 780 431 1692; Usha Bhachhu: 780 200 3078; Surinder Deol: 780 239 9038; Gurminder Moom: 780 450 2075; Gurtej Brar: 780 906 0371; Devinder Sunner: 780 952 7334; Parminder Sooch: 780 297 6105; Jasbir Sangha: 780 863 4055

## OTHER PROGRAMMES

**Stage Play:**
**Gatha - E - Ghadar**
( Play focusing on the life and times of the Ghadar Movement)

**2:00 PM, 31 August 2013,**
**at Festival Place**
**100 Festival Way, Sherwood Park, AB. T8A 5T2**

**Multilingual Poetic Symposium**
(Involving poets of international repute, the event has been dedicated to the memory of
Giyani Kesar Singh Novelist: An impassioned story-teller of the Ghadar movement)
2:00 PM, Saturday,
21st Sept. 2013
Sultan Banquet Hall 9241 34A Ave Edmonton

**Sikhar Sammelan**
(Finale)
Involving scholars to speak on the Legacy of the Ghadar movement
&
Releasing a book entitled
'Ghadar Movement and India's Anti-Imperialist Struggle'
9th Nov. 2013
6:00 PM, Saturday,
Sultan Banquet Hall
9241 34A Ave Edmonton

# ਕੀ ਇਹ ਦਾਸਤਾਂ ਜ਼ੁਲਮ ਦੀ ਸਿਖ਼ਰ ਨਹੀਂ?



ਡਾ: ਹਰਸ਼ਿੰਦਰ ਕੌਰ
+91-0175-2216783
drharshpatiala@yahoo.com

ਮੇਰੀ ਜਾਚੇ ਤਾਂ ਮੇਰਾ ਇਹ ਲੇਖ ਉਨ੍ਹਾਂ ਨੂੰ ਹੀ ਪੜ੍ਹਨਾ ਚਾਹੀਦਾ ਹੈ, ਜਿਨ੍ਹਾਂ ਵਿਚ ਸੱਚ ਜਰਨ ਦੀ ਹਿੰਮਤ ਹੋਵੇ ਤੇ ਦਿਲ ਮਾੜੇ ਤੋਂ ਮਾੜੇ ਹਾਲਾਤ ਨੂੰ ਸਹਿ ਸਕਣ ਦੇ ਕਾਬਲ ਹੋਵੇ। ਮੇਰੇ ਨਾਲ ਜਿਸ ਬੱਚਿਆਂ ਦੇ ਡਾਕਟਰ ਨੇ ਇਹ ਕਿੱਸਾ ਸਾਂਝਾ ਕੀਤਾ, ਉਹ ਤਾਂ ਤਸਵੀਰਾਂ ਤੇ ਪੂਰਾ ਕੇਸ ਮੈਨੂੰ ਈ-ਮੇਲ ਰਾਹੀਂ ਭੇਜ ਕੇ ਸੁਰਖ਼ਰੂ ਹੋ ਗਿਆ ਕਿ ਉਸ ਦੇ ਦਿਲ ਉੱਤੇ ਪਿਆ ਮਣਾਂ ਮੂੰਹੀ ਭਾਰ ਉੱਤਰ ਗਿਆ ਹੈ, ਪਰ ਪੜ੍ਹਨ ਬਾਅਦ ਮੇਰੇ ਮਨ ਉੱਤੇ ਉਹੀ ਭਾਰ ਪੈ ਗਿਆ ਹੈ। ਦਰਿੰਦਗੀ ਦੀ ਮੂੰਹ ਬੋਲਦੀ ਤਸਵੀਰ ਤੇ ਉਸ ਦੀ ਪੂਰੀ ਗਾਥਾ ਪੜ੍ਹ ਕੇ ਮੇਰਾ ਮਨ ਏਨਾ ਉਚਾਟ ਹੋਇਆ ਕਿ ਉਸ ਬਾਰੇ ਜ਼ਿਕਰ ਕਰਨ ਲਈ ਉਚੇਚੇ ਅੱਖਰ ਲੱਭਣ ਅਤੇ ਆਪਣਾ ਮਨ ਕਰੜਾ ਕਰਨ ਵਾਸਤੇ ਮੈਨੂੰ ਪੂਰਾ ਮਹੀਨਾ ਲੱਗ ਗਿਆ। ਇਹ ਅਫਗਾਨਿਸਤਾਨ ਵਿਚਲੇ ਨਿਮਰੂਜ਼ ਦੇ ਖਸ਼ਰੂਦ ਜ਼ਿਲ੍ਹੇ ਦੀ ਗੱਲ ਹੈ। ਉੱਥੇ 38 ਸਾਲਾ ਇਕ ਬੰਦੇ ਦੇ ਘਰ ਚਾਰ ਧੀਆਂ ਹੋਈਆਂ ਤੇ ਉਸ ਦੀ ਸਭ ਤੋਂ ਵੱਡੀ ਧੀ ਨੂੰ ਪੰਜ ਸਾਲਾਂ ਤੋਂ ਇਹ ਡਾਕਟਰ ਚੈੱਕ ਅੱਪ ਕਰਦਾ ਆ ਰਿਹਾ ਸੀ। ਅਤਿ ਦੀ ਸੋਹਣੀ ਬੱਚੀ ਸੀ ਉਹ। ਢਕੇ ਹੋਏ ਸਿਰ ਨਾਲ ਭੇਜੀ ਗਈ ਉਸ ਬੱਚੀ ਦੀ ਤਸਵੀਰ ਮਨ ਨੂੰ ਮੋਹ ਲੈਣ ਵਾਲੀ ਹੈ। ਉਸ ਬੱਚੀ ਦਾ ਪਿਓ ਕਾਫੀ ਕਰਜ਼ਦਾਰ ਹੋ ਗਿਆ ਤੇ ਉਸ ਨੂੰ ਸਿਰ ਚੜ੍ਹਿਆ ਕਰਜ਼ਾ ਲਾਹੁਣ ਲਈ ਉੱਥੋਂ ਦੀ ਰਵਾਇਤ ਅਨੁਸਾਰ ਆਪਣੀ ਸਭ ਤੋਂ ਵੱਡੀ ਇਸੇ ਕੁੜੀ ਨੂੰ ਉੱਥੋਂ ਦੇ ਮੁੱਲੇ ਹੱਥ ਵੇਚਣੀ ਪਈ। ਜ਼ਾਰਾਂਜ ਸ਼ਹਿਰ ਦੇ ਸਭ ਤੋਂ ਵੱਡੇ ਹਸਪਤਾਲ ਵਿਚ ਕੰਮ ਕਰ ਰਹੇ ਇਸ ਡਾਕਟਰ ਨੂੰ ਸਿਰਫ਼ ਏਨਾ ਹੀ ਸੁਨੇਹਾ ਗਿਆ ਕਿ ਉਸ 8 ਸਾਲਾਂ ਦੀ ਬੱਚੀ ਦਾ ਵਿਆਹ ਪਿੰਡ ਵਿਚਲੀ ਮਸੀਤ ਦੇ ਮੁੱਲੇ, ਜੋ 58 ਸਾਲਾਂ ਦਾ ਸੀ, ਨਾਲ ਹੋ ਰਿਹਾ ਹੈ ਤੇ ਉਸ ਨਾਲ ਉਨ੍ਹਾਂ ਦਾ ਲਗਭਗ ਅੱਧਾ ਕਰਜ਼ਾ ਉਤਰ ਜਾਏਗਾ। ਉਹ ਮੁੱਲਾ ਪਹਿਲਾਂ ਦੋ ਵਾਰ ਵਿਆਹਿਆ ਹੋਇਆ ਸੀ ਤੇ ਉਸ ਦੇ ਗਿਆਰਾਂ ਬੱਚੇ ਸਨ। ਬੱਸ ਚੁੱਪਚਾਪ ਨਿਕਾਹ ਹੋਇਆ ਤੇ ਪਲਾਂ ਵਿਚ ਉਹ ਬੱਚੀ ਬਿਨਾਂ ਕੁੱਝ ਵੀ ਜਾਣੇ ਸਮਝੇ ਇਸ ਮੁੱਲੇ ਨਾਲ ਨੜ ਦਿੱਤੀ ਗਈ ਤੇ ਆਪਣੇ ਤੋਂ ਵੱਡੀ ਉਮਰ ਦੇ ਬੱਚਿਆਂ ਦੀ ਮਾਂ ਵੀ ਬਣ ਗਈ। ਉਸ ਦੇਸ਼ ਵਿਚ ਬੱਚੀ ਨੂੰ ਕੁਝ ਵੀ ਵਿਆਹ ਬਾਰੇ ਸਮਝਣ ਦਾ ਹੱਕ ਨਹੀਂ ਹੈ ਤੇ ਨਾ ਹੀ ਆਪਣੇ ਸਰੀਰ ਬਾਰੇ ਜਾਣਨ ਦਾ। ਉੱਚੀ ਰੋਣ ਤੇ ਆਵਾਜ਼ ਕੱਢਣ ਦਾ ਵੀ ਹੱਕ ਨਹੀਂ ਤੇ ਨਾ ਹੀ ਪੜ੍ਹਾਈ ਕਰਨ ਦਾ ਹੱਕ। ਇੱਕਲੀ ਔਰਤ ਵਾਸਤੇ ਤਾਂ ਬਿਮਾਰੀ ਦੌਰਾਨ ਡਾਕਟਰ ਕੋਲ ਵੀ ਜਾਣ ਦਾ ਹੱਕ ਨਹੀਂ ਜਦ ਤਕ ਕਿ ਮਰਦ ਨਾਲ ਨਾ ਹੋਵੇ। ਉਹ ਡਾਕਟਰ ਬਹੁਤ ਤੜਫ਼ਿਆ ਜਦੋਂ ਉਸ ਨੂੰ ਇਸ ਫੁੱਲ ਵਰਗੀ ਬੱਚੀ ਦੇ ਨਿਕਾਹ ਬਾਰੇ ਪਤਾ ਲੱਗਿਆ ਪਰ ਕਾਨੂੰਨਨ ਉਹ ਉੱਕਾ ਹੀ ਦਖ਼ਲ ਅੰਦਾਜ਼ੀ ਨਹੀਂ ਸੀ ਕਰ ਸਕਦਾ।

ਉਸ ਡਾਕਟਰ ਨੇ ਬੜੇ ਭਾਰੇ ਮਨ ਨਾਲ ਮੈਨੂੰ ਈ-ਮੇਲ ਵਿਚ ਲਿਖਿਆ ਕਿ ਉਸ ਸਾਰੀ ਰਾਤ ਮੈਂ ਖ਼ੁਦਾ ਕੋਲੋਂ ਉਸ ਬੱਚੀ ਲਈ ਰਹਿਮ ਮੰਗਦਾ ਰਿਹਾ ਕਿਉਂਕਿ ਮੈਨੂੰ ਉੱਥੋਂ ਦੇ ਰਿਵਾਜ਼ ਦਾ ਪਤਾ ਸੀ, ਜਿਸ ਵਿਚ ਪਹਿਲੀ ਰਾਤ ਤੋਂ ਬਾਅਦ ਲਹੂ ਭਿੱਜਿਆ ਕਪੜਾ ਮਰਦ ਨੂੰ ਰਿਸ਼ਤੇਦਾਰੀ ਵਿਚ ਵਿਖਾਉਣਾ ਪੈਂਦਾ ਹੈ, ਇਸ ਸਬੂਤ ਵਜੋਂ ਕਿ ਉਸ ਦੀ ਪਤਨੀ ਵਿਆਹ ਵੇਲੇ ਵਾਕਈ ਕੁਆਰੀ ਸੀ। ਉਹ ਬੱਚੀ ਕਾਫੀ ਕਮਜ਼ੋਰ ਸੀ, ਸਿਰਫ ਚੌਦਾਂ ਕਿੱਲੋ ਦੀ! ਉਹ ਮੁੱਲਾ 88 ਕਿੱਲੋ ਦਾ ਸੀ। ਮੁੱਲਾ ਜਿਉਂ ਹੀ ਉੱਤੇ ਪਿਆ, ਉਸ ਬੱਚੀ ਦਾ ਸਾਹ ਇਕਦਮ ਘੁਟ ਗਿਆ ਤੇ ਉਹ ਨੀਲੀ ਪੈ ਗਈ। ਮੁੱਲੇ ਨੇ ਪੂਰੀ ਕੋਸ਼ਿਸ਼ ਕੀਤੀ ਪਰ ਬੱਚੀ ਦਾ ਪੂਰਾ ਸਰੀਰ ਨਾ ਬਣਿਆ ਹੋਣ ਕਾਰਨ ਉਹ ਉਸ ਦਾ ਕੁਆਰਪੁਣਾ ਭੰਗ ਨਾ ਕਰ ਸਕਿਆ। ਬਾਹਰ ਬੈਠੇ ਰਿਸ਼ਤੇਦਾਰਾਂ ਅੱਗੇ ਬੇਇਜ਼ਤੀ ਖੁਣੋਂ ਉਸ ਨੇ ਪਹਿਲਾਂ ਚੁੰਨੀ ਨਾਲ ਉਸ ਬੱਚੀ ਦਾ ਮੂੰਹ ਘੁੱਟ ਕੇ ਬੰਨ੍ਹਿਆ ਤੇ ਫੇਰ ਹੱਥ ਪੈਰ ਵੀ। ਫੇਰ ਚਾਕੂ ਨਾਲ ਉਸ ਦੀ ਬੱਚੇਦਾਨੀ ਦਾ ਮੂੰਹ ਅੱਗੋਂ ਢਿੱਡ ਤਕ ਤੇ ਪਿੱਛੋਂ ਪਿੱਠ ਤਕ ਚੀਰ ਛੱਡਿਆ। ਲਹੂ ਦੀਆਂ ਧਤੀਰੀਆਂ ਵਗ ਪਈਆਂ ਪਰ ਉਹ ਬੱਚੀ ਉੱਚੀ ਚੀਕਦੀ ਵੀ ਤਾਂ ਕਿਵੇਂ! ਉਸ ਮੁੱਲੇ ਨੇ ਆਪਣੇ ਅੰਦਰ ਲੱਗੀ ਅੱਗ ਸ਼ਾਂਤ ਕੀਤੀ, ਲਹੂ ਭਿੱਜੀ ਚਾਦਰ ਚੁੱਕੀ, ਕੁੜੀ ਦੇ ਹੱਥ ਪੈਰ ਖੋਲ੍ਹੇ ਤੇ ਬਾਹਰ ਦੋਸਤਾਂ ਨਾਲ ਆਪਣੀ ਜਿੱਤ ਦੀ ਖ਼ੁਸ਼ੀ ਮਨਾਉਣ ਤੁਰ ਪਿਆ। ਉਹ ਬੱਚੀ ਹੱਥ ਪੈਰ ਖੁੱਲ੍ਹ ਜਾਣ ਬਾਅਦ ਵੀ ਆਵਾਜ਼ ਕੱਢਣ ਜੋਗੀ ਰਹੀ ਹੀ ਨਹੀਂ ਸੀ। ਕੋਈ ਵੀ ਜਣਾ ਸਵੇਰ ਤਕ ਉਸ ਕਮਰੇ ਅੰਦਰ ਨਹੀਂ ਵੜਿਆ। ਸਵੇਰੇ ਜਦੋਂ ਮੁੱਲੇ ਨੇ ਦਰਵਾਜ਼ਾ ਖੋਲ੍ਹਿਆ ਤਾਂ ਪੂਰਾ ਫਰਸ਼ ਵੀ ਲਹੂ ਨਾਲ ਲਾਲ ਸੀ ਤੇ ਉਸ ਬੱਚੀ ਦਾ ਸਾਹ ਸੱਤ ਖ਼ਤਮ ਸੀ ਕਿਉਂਕਿ ਸਰੀਰ ਅੰਦਰ ਲਹੂ ਦੀ ਇਕ ਬੂੰਦ ਵੀ ਨਹੀਂ ਸੀ ਬਚੀ।

ਡਾਕਟਰ ਨੂੰ ਉਸ ਦੀ ਮੌਤ ਪੱਕੀ ਕਰਨ ਲਈ ਚੈੱਕਅਪ ਵਾਸਤੇ ਸੱਦਿਆ ਗਿਆ ਤਾਂ ਉਸ ਵੇਖਿਆ ਉਸ ਮਰੀ ਹੋਈ ਬੱਚੀ ਦੀਆਂ ਖੁੱਲ੍ਹੀਆਂ ਅੱਖਾਂ ਅਸਮਾਨ ਵਲ ਤਕ ਰਹੀਆਂ ਸਨ ਤੇ ਹੱਥ ਦੁਆ ਕਰਨ ਲਈ ਜੁੜੇ ਪਏ ਸਨ। ਡਾਕਟਰ ਨੂੰ ਕੁਸਕਣ ਦਾ ਹੁਕਮ ਨਹੀਂ ਸੀ ਕਿ ਏਨੇ ਭਿਆਨਕ ਤਰੀਕੇ ਕੀਤੇ ਕਤਲ ਦਾ ਕਿਸੇ ਹੋਰ ਨਾਲ ਜ਼ਿਕਰ ਕਰੇ। ਜਿਹੜੀਆਂ ਔਰਤਾਂ ਨੇ ਉਸ ਨੂੰ ਦਫਨਾਉਣ ਤੋਂ ਪਹਿਲਾਂ ਨਹਾਉਣ ਦੀ ਰਸਮ ਪੂਰੀ ਕੀਤੀ, ਉਹ ਵੀ ਉਨ੍ਹਾਂ ਜ਼ਖ਼ਮਾਂ ਨੂੰ ਵੇਖ ਕੇ ਦੜ ਵੱਟ ਕੇ ਰਹਿ ਗਈਆਂ ਕਿਉਂਕਿ ਉਨ੍ਹਾਂ ਨੂੰ ਕੋਈ ਕਾਨੂੰਨ ਆਵਾਜ਼ ਕੱਢਣ ਦੀ ਇਜਾਜ਼ਤ ਨਹੀਂ ਦਿੰਦਾ। ਸਵੇਰੇ 10 ਵਜੇ ਉਸ ਬੱਚੀ ਨੂੰ ਦਫਨਾ ਦਿੱਤਾ ਗਿਆ, ਇਹ ਪੁੱਛੇ ਬਗ਼ੈਰ ਕਿ ਮੌਤ ਦਾ ਕਾਰਨ ਕੀ ਸੀ? ਮੁੱਲੇ ਦੇ ਟੱਬਰ ਵਾਲਿਆਂ ਤੇ ਰਿਸ਼ਤੇਦਾਰਾਂ ਨੂੰ ਉੱਕਾ ਹੀ ਅਫ਼ਸੋਸ ਨਹੀਂ ਸੀ। ਉਨ੍ਹਾਂ ਲਈ ਇਹ ਕਿੱਸਾ ਜ਼ਿੰਦਗੀ ਦੀ ਕਿਤਾਬ ਦਾ ਇਕ ਪੰਨਾ ਪਰਤਣ ਵਾਲੀ ਗੱਲ ਸੀ। ਅੱਗੋਂ ਡਾਕਟਰ ਨੇ ਮੈਨੂੰ ਲਿਖ ਭੇਜਿਆ ਸੀ ਕਿ ਹੁਣ ਉਹ ਮੁੱਲਾ ਇਕ ਪੰਜ ਸਾਲਾਂ ਦੀ ਕੁੜੀ ਨਾਲ ਵਿਆਹ ਕਰਨ ਦਾ ਫੈਸਲਾ ਲੈ ਚੁੱਕਿਆ ਹੈ ਕਿਉਂਕਿ ਉਸ ਦਾ ਪਿਓ ਵੀ ਕਰਜ਼ੇ ਥੱਲੇ ਦੱਬਿਆ ਪਿਆ ਹੈ। ਏਨੀ ਕਹਾਣੀ ਦਸ ਕੇ ਉਸ ਡਾਕਟਰ ਨੇ ਮੈਨੂੰ ਲਿਖਿਆ ਕਿ ਏਨੀ ਕਰੂਰਤਾ ਉਹ ਸਹਿਣ ਨਹੀਂ ਕਰ ਸਕਦਾ। ਜਿਸ ਦਿਨ ਉਸ ਨੇ ਮੈਨੂੰ ਈ-ਮੇਲ ਭੇਜੀ, ਉਸੇ ਦਿਨ ਉਸ ਦਾ ਚੌਥਾ ਵਿਆਹ ਪੰਜ ਸਾਲ ਦੀ ਬੱਚੀ ਨਾਲ ਹੋ ਰਿਹਾ ਸੀ। ਡਾਕਟਰ ਨੇ ਕਿਹਾ ਕਿ ਉਸ ਦਾ ਸਿਰ ਫਟਣ ਦੇ ਨੇੜੇ ਪਹੁੰਚ ਚੁੱਕਿਆ ਹੈ ਤੇ ਉਹ ਇਕ ਹੋਰ ਬੱਚੀ ਦੀ ਏਨੀ ਬੇਦਰਦੀ ਨਾਲ ਕੀਤੀ ਜਾਣ ਵਾਲੀ ਹੱਤਿਆ ਬਾਰੇ ਸੋਚ ਕੇ ਕੰਬ ਰਿਹਾ ਹੈ ਤੇ ਆਪਣੇ ਆਪ ਨੂੰ ਏਨਾ ਲਾਚਾਰ ਮਹਿਸੂਸ ਕਰ ਰਿਹਾ ਹੈ ਕਿ ਉਸ ਨੂੰ ਸੌਣ ਲਈ ਨਸ਼ੇ ਦੀਆਂ ਗੋਲੀਆਂ ਦੀ ਜ਼ਰੂਰਤ ਮਹਿਸੂਸ ਹੋ ਰਹੀ ਹੈ। ਏਸੇ ਲਈ ਹੁਣ ਉਹ ਹੋਰ ਦੇਸ਼ਾਂ ਵਿਚਲੇ ਔਰਤ ਜ਼ਾਤ ਦੇ ਹੱਕ ਵਿਚ ਆਵਾਜ਼ ਚੁੱਕਣ ਵਾਲਿਆਂ ਦੀ ਮਦਦ ਮੰਗ ਰਿਹਾ ਹੈ। ਜਦੋਂ ਅਗਲੇ ਦਿਨ ਮੈਂ ਈ-ਮੇਲ ਪੜ੍ਹੀ, ਤਾਂ ਮੇਰਾ ਰੋਮ ਰੋਮ ਕੰਬ ਗਿਆ ਕਿਉਂਕਿ ਮੈਨੂੰ ਜਾਪਿਆ ਕਿ ਉਦੋਂ ਤਕ ਦੂਜੀ ਬੱਚੀ ਵੀ ਦਫਨਾਈ ਜਾ ਚੁੱਕੀ ਹੋਵੇਗੀ। ਇਹ ਸੋਚ ਸੋਚ ਕੇ ਮੇਰੀ ਵੀ ਦਿਮਾਗ਼ ਦੀ ਨਸ ਫਟਣ ਨੇੜੇ ਪਹੁੰਚ ਗਈ ਸੀ। ਸਮਝ ਹੀ ਨਾ ਆਵੇ ਕਿ ਇਸ ਜ਼ੁਲਮ ਨੂੰ ਕੀ ਨਾਂ ਦਿੱਤਾ ਜਾਏ? ਇਸ ਨੂੰ ਕਤਲ ਵੀ ਨਹੀਂ ਮੰਨਿਆ ਗਿਆ ਤੇ ਸਜ਼ਾ ਦਾ ਹਕਦਾਰ ਵੀ ਕੋਈ ਨਹੀਂ ਠਹਿਰਾਇਆ ਗਿਆ। ਇਹ ਅਜਿਹਾ ਕੇਸ ਸੀ ਜੋ ਸਾਹਮਣੇ ਆ ਗਿਆ, ਪਰ ਇਹੋ ਜਿਹੇ ਅਨੇਕ ਹੋਰ ਕੇਸ ਉਸ ਥਾਂ ਰੋਜ਼ ਹੋ ਰਹੇ ਹੋਣਗੇ ਤੇ ਨਿੱਕੀਆਂ ਗ਼ਰੀਬ ਬਾਲੜੀਆਂ ਆਵਾਜ਼ ਕੱਢੇ ਬਗ਼ੈਰ ਦਫ਼ਨ ਕੀਤੀਆਂ ਜਾ ਰਹੀਆਂ ਹੋਣਗੀਆਂ! ਅੱਜ ਮੇਰਾ ਦੁਖੀ ਮਨ ਇਹ ਕਹਿਣਾ ਚਾਹ ਰਿਹਾ ਹੈ ਕਿ ਇਸ ਜ਼ੁਲਮ ਲਈ ਆਵਾਜ਼ ਬੇਸ਼ਕ ਨਾ ਚੁੱਕਿਓ! ਗ਼ੌਰ ਸਿਰਫ਼ ਏਨਾ ਕਰਿਓ ਕਿ ਉਹ ਬੱਚੀ ਆਖ਼ਰੀ ਸਾਹ ਛੱਡਣ ਤੋਂ ਪਹਿਲਾਂ ਰੱਬ ਅੱਗੇ ਕੋਈ ਅਰਜ਼ੋਈ ਕਰ ਰਹੀ ਸੀ। ਉਸ ਦੁਆ ਨੂੰ ਕਬੂਲ ਹੋ ਜਾਣ ਵਾਸਤੇ ਅਰਦਾਸ ਕਰਨ ਦੀ ਲੋੜ ਹੈ। ਉਹ ਦੁਆ ਇਹੋ ਹੋ ਸਕਦੀ ਹੈ ਕਿ ਜਦ ਤਕ ਅਜਿਹੇ ਘਿਨਾਉਣੇ ਅਪਰਾਧ ਕਰਨ ਵਾਲੇ ਹੈਵਾਨ ਇਸ ਧਰਤੀ ਉੱਤੇ ਹਨ, ਉਦੋਂ ਤਕ ਇਸ ਧਰਤੀ ਉੱਤੇ ਹੋਰ ਔਰਤ ਜ਼ਾਤ ਜਨਮ ਨਾ ਹੀ ਲਵੇ ਤਾਂ ਚੰਗਾ ਹੈ।

*ਚੁਫ਼ੇਰੇ ਫਿਰਦੀਆਂ ਨੇ, ਦਾਜ ਦੀਆਂ ਸਤਾਈਆਂ,*
*ਇੱਜ਼ਤ ਗੁਆਈਆਂ, ਅਣਜੰਮੀਆਂ ਦਫਨਾਈਆਂ*
*ਭੁੱਖ ਨਾਲ ਲੂਸਦੀਆਂ, ਨਾ ਜੀਊਂਦੀਆਂ ਕਹਾਈਆਂ,*
*ਮਰ ਖਪ ਗਈਆਂ, ਕਿਸੇ ਗੋਦ ਨਾ ਖਿਡਾਈਆਂ।*

ਕੀ ਕਿਹਾ, ਇਨ੍ਹਾਂ ਦੀ ਹਾਲੇ ਵੀ ਲੋੜ ਹੈ? ਕਿਸੇ ਕਹਾਣੀ ਦਾ ਪਾਤਰ ਬਣਨ ਲਈ? ਕਿਸੇ ਕਵਿਤਾ ਦਾ ਸ਼ਿੰਗਾਰ ਕਰਨ ਲਈ? ਕਿਸੇ ਗੀਤ ਨੂੰ ਧੜਕਾਉਣ ਲਈ? ਕਿਸੇ ਜਿਸਮ ਨੂੰ ਫੜਕਾਉਣ ਲਈ? ਪ੍ਰੋਗਰਾਮਾਂ ਵਿਚ ਨਚਾਉਣ ਲਈ? ਪਿੰਜਰੇ ਵਿਚ ਬੰਦ ਕਰ ਕੇ ਫੜਫੜਾਉਣ ਲਈ? ਸੇਜ ਦੀ ਸੂਲੀ ਉੱਤੇ ਚੜ੍ਹਾਉਣ ਲਈ? ਦਾਜ ਲਈ ਭਬਕ ਭਬਕ ਬਾਲ ਜਾਣ ਲਈ? ਇਹ ਦਰਿੰਦਗੀ ਦਾ ਨਾਚ ਹੁਣ ਬੰਦ ਵੀ ਕਰੋ! ਕੀ ਹਾਲੇ ਜ਼ੁਲਮਾਂ ਦੀ ਸਿਖ਼ਰ ਤਕ ਨਹੀਂ ਪਹੁੰਚਿਆ ਜਾ ਸਕਿਆ? ਜ਼ੁਲਮ ਦੀਆਂ ਹੋਰ ਚੋਟੀਆਂ ਹਾਲੇ ਸਰ ਕਰਨੀਆਂ ਬਾਕੀ ਨੇ? ਜੇ ਹਨ, ਤਾਂ ਇਸ ਜ਼ੁਲਮ ਨੂੰ ਕੋਈ ਨਾਂ ਜ਼ਰੂਰ ਦੇ ਦਿਓ ਤਾਂ ਜੋ ਅਗਲੀ ਕਰੂਰਤਾ ਦੀ ਘੱਟੋ ਘੱਟ ਗਰੇਡਿੰਗ ਤਾਂ ਕਰ ਸਕੀਏ!

*ਡਾ. ਹਰਸ਼ਿੰਦਰ ਕੌਰ ਬੱਚਿਆਂ ਦੀ ਮਾਹਰ ਡਾਕਟਰ ਹਨ*
*(ਨਵਾਂ ਜ਼ਮਾਨਾ ਤੋਂ ਧੰਨਵਾਦ ਸਹਿਤ)*

ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ
ਵਲੋਂ ਕਨੇਡਾ ਦੇ ਜੰਮਪਲ ਬੱਚਿਆਂ ਲਈ
ਗਰਮੀਆਂ ਦੀਆਂ ਛੁਟੀਆਂ ਵਿਚ
ਪੰਜਾਬੀ (ਭਾਸ਼ਾ ਅਤੇ ਨਾਚ), ਅੰਗਰੇਜ਼ੀ ਅਤੇ ਹਿਸਾਬ
ਸਿਖਲਾਈ ਪ੍ਰੋਗਰਾਮ
ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 0 (KG) ਤੋਂ 7 ਗਰੇਡ ਤੱਕ ਦੇ ਬੱਚੇ ਜੇ ਪਰਸੀ ਪੇਜ (2707 Mill Woods Rd NW Edmonton) ਸਕੂਲ ਵਿਚ ਸਿੱਖਿਅਤ ਅਤੇ ਯੋਗ ਅਧਿਆਪਕਾਂ ਕੋਲੋਂ ਪੰਜਾਬੀ ਸਕੂਲ ਦਾ ਫਾਇਦਾ ਉਠਾ ਸਕਦੇ ਹਨ। ਇਹ ਸਕੂਲ ਚਾਰ ਹਫਤਿਆਂ ਲਈ ਸੋਮਵਾਰ ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ 12:30 ਤੋਂ 16:00 ਵਜੇ ਤਕ 2 ਜੁਲਾਈ ਤੋਂ 26 ਜੁਲਾਈ 2013 ਤੱਕ ਲਗਾਇਆ ਜਾਵੇਗਾ। 6 ਅਤੇ 7 ਗਰੇਡ ਦੇ ਬੱਚਿਆਂ ਨੂੰ ਪੰਜਾਬੀ ਨਾਟਕ ਵੀ ਸਿਖਾਇਆ ਜਾਏਗਾ ਅਤੇ ਇਹ ਨਾਟਕ ਐਸੋਸੀਏਸ਼ਨ ਦੇ ਸਾਲਾਨਾ ਪ੍ਰੋਗਰਾਮ 'ਤੇ ਵੀ ਪੇਸ਼ ਕੀਤਾ ਜਾਵੇਗਾ।
ਦਾਖਲੇ ਲਈ : 12, 19, 26 ਮਈ 2013
ਸਮਾਂ : 1:30 ਤੋਂ 2:30
ਸਥਾਨ : 101, 9158-23 ਅਵਿਨਿਊ
2 ਜੂਨ : ਮੇਲਾ ਮਾਵਾਂ ਧੀਆਂ
ਮਹਾਰਾਜਾ ਬੈਂਕੁਇਟ ਹਾਲ
2:00 ਤੋਂ 4:00
ਦਾਖਲਾ ਫੀਸ
2 ਜੂਨ ਤੋਂ ਪਹਿਲਾਂ $50
2 ਜੂਨ ਤੋਂ ਬਆਦ $70.
ਹੋਰ ਜਾਣਕਾਰੀ ਲਈ ਫ਼ੋਨ ਕਰੋ
ਵਰਿੰਦਰ ਭੁੱਲਰ 780-966-3121
ਦਲਬੀਰ ਸਾਂਗਿਆਣ 780-995-5475
ਅਰਵਿੰਦ ਸੇਖੋਂ 780-965-9508
Email : pcaalberta@hotmail.com
ਨੋਟ : - ਯੋਗ ਅਧਿਆਪਕਾਂ ਦੀ ਲੋੜ ਹੈ
ਨੋਟ : ਐਡਮਿੰਟਨ ਪਬਲਿਕ ਸਕੂਲ ਬੋਰਡ ਅਤੇ ਐਡਮਿੰਟਨ ਸ਼ਹਿਰ ਦੇ ਸਹਿਯੋਗ ਨਾਲ ਇਹ ਸਕੂਲ ਚਲਾਇਆ ਜਾ ਰਿਹਾ ਹੈ। ਥੋੜ੍ਹੀਆਂ ਹੀ ਸੀਟਾਂ ਉਪਲਬਧ ਹਨ। ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ 'ਤੇ ਦਾਖਲਾ ਦਿੱਤਾ ਜਾਵੇਗਾ।
In association with Edmonton Public School and City of Edmonton, Punjabi Cultural Association presents Punjabi Summer Camp, where children can learn Punjabi, English and Math. This camp will be held at J Percy Page School from 2 to 26 July 2013 between 12:30 and 16:00. Please do not contact J Percy Page School directly they will not be able to provide you any information.
For information please contact
Varinder Bhullar (780) 966-3121, Dalbir Sangione (780) 995-5475, or Arvind Sekhon (780)965-9508 Or pcaalberta@hotmail.com
Note: Need qualified teachers. Please send your resume to pcaalberta@hotailcom.

# ਲੋਕ ਗੀਤ ਸੰਜੋਈ ਬੈਠੀਆਂ ਮੋਗੇ ਦੀਆਂ ਦੋ ਸਖੀਆਂ



ਹਰਪ੍ਰੀਤ ਸਿੰਘ ਕਾਹਲੋਂ
+91-94641-41678
harpreetsingh.media@gmail.com

ਚੰਗਾ ਵਿਚਾਰ ਅਤੇ ਪਹਿਲ ਕਰਨਾ ਆਪਣੇ ਆਪ 'ਚ ਸੱਚੇ ਤੇ ਸੁੱਚੇ ਉੱਦਮ ਦੀ ਖਾਸ ਨਿਸ਼ਾਨੀ ਹੁੰਦੀ ਹੈ ਅਤੇ ਜਿਨ੍ਹਾਂ-ਜਿਨ੍ਹਾਂ ਇਸ ਨੁਕਤੇ ਨੂੰ ਪਛਾਣ ਲਿਆ ਸਮਝੋ, ਉਨ੍ਹਾਂ ਬਾਬਾ ਬੁੱਲ੍ਹੇ ਸ਼ਾਹ ਦੀ ਗੱਲ ਕਿ ਗੱਲ ਇਕ ਨੁਕਤੇ ਵਿਚ ਮੁੱਕਦੀ ਏ ਨੂੰ ਪਹਿਲਾਂ ਜਜ਼ਬ ਕੀਤਾ ਹੈ। ਅਜਿਹੀ ਪਹਿਲਕਦਮੀ ਕਰਨ ਵਾਲਿਆਂ ਨੇ ਮਨ 'ਚ ਹਮੇਸ਼ਾ ਕਾਫ਼ਲੇ ਦੇ ਰਵਾਂ ਰਵਾਂ ਰਹਿਣ ਦਾ ਸੁਫਨਾ ਸੰਜੋਇਆ ਹੁੰਦਾ ਹੈ। ਸੋ ਇਨ੍ਹਾਂ ਗੱਲਾਂ 'ਚ ਤੁਹਾਡੇ ਰੂ-ਬ-ਰੂ ਕਰ ਰਹੇ ਹਾਂ ਮੋਗੇ ਦੀਆਂ ਰਹਿਣ ਵਾਲੀਆਂ ਦੋ ਪੱਕੀਆਂ ਸਹੇਲੀਆਂ, ਜਿਨ੍ਹਾਂ ਨੇ ਪੰਜਾਬ ਦੇ ਲੋਕ ਗੀਤਾਂ ਨੂੰ ਜਿਉਂ ਦੇ ਤਿਉਂ ਰੂਪ 'ਚ ਸਹੇਜਕੇ ਰੱਖਣ ਲਈ ਪਹਿਲਕਦਮੀ ਕੀਤੀ। ਛੋਟੇ ਹੁੰਦੇ ਤੋਂ ਉਨ੍ਹਾਂ ਵਿਆਹ ਸ਼ਾਦੀਆਂ ਅਤੇ ਤਮਾਮ ਰਸਮਾਂ ਦੇ ਲੋਕ ਗੀਤ ਆਪਣੀ ਦਾਦੀ ਤੋਂ ਸੁਣਨੇ ਤਾਂ ਮਨ 'ਚ ਖ਼ਵਾਇਸ਼ ਉੱਠਣੀ ਕਿ ਇਨ੍ਹਾਂ ਨੂੰ ਵਿਰਾਸਤ ਦੇ ਰੂਪ 'ਚ ਸਿਰਫ਼ ਲਿਖਤੀ ਤੌਰ 'ਤੇ ਹੀ ਸਮੇਟਿਆ ਕਿਉਂ ਜਾਵੇ। ਕਿੰਨਾ ਚੰਗਾ ਹੋਵੇ ਜੇ ਮੌਖਿਕ ਰੂਪ ਵਿਚ ਵੀ ਇਹ ਗੀਤ ਲੋਕ ਜ਼ਬਾਨਾਂ 'ਚ ਆਪਣਾ ਸਫ਼ਰ ਬਰਕਰਾਰ ਰੱਖਣ...ਆਖ਼ਰ ਇਹੋ ਤਾਂ ਹੁੰਦੇ ਨੇ ਲੋਕ ਗੀਤ..! ਇਹ ਸਹੇਲੀਆਂ ਹਨ ਪੰਜਾਬੀ ਯੂਨੀਵਰਸਿਟੀ ਤੋਂ ਬੀ.ਏ. ਪੰਜਾਬੀ ਆਨਰਜ਼ ਕਰ ਚੁੱਕੀਆਂ ਮੋਗੇ ਜ਼ਿਲ੍ਹੇ ਦੀਆਂ ਰਹਿਣ ਵਾਲੀਆਂ ਵੀਰਪਾਲ ਕੌਰ ਅਤੇ ਪਵਨਦੀਪ ਕੌਰ। ਆਪਣੀ ਦਾਦੀ ਤੋਂ ਸਿੱਖੇ ਲੋਕ ਗੀਤਾਂ ਨੂੰ ਆਪਣੇ-ਆਪ 'ਚ ਗੁਣਗੁਣਾਉਣ ਤੋਂ ਸ਼ੁਰੂਆਤ ਕਦੋਂ ਯੂਨੀਵਰਸਿਟੀ 'ਚ ਲੋਕ ਗੀਤਾਂ ਦੇ ਮੁਕਾਬਲੇ 'ਚ ਇਨ੍ਹਾਂ ਨੂੰ ਸੋਨ ਤਮਗਾ ਜੇਤੂ ਬਣਾ ਗਿਆ ਅਤੇ ਕਦੋਂ ਇਨ੍ਹਾਂ ਨੂੰ ਇਹ ਮਹਿਸੂਸ ਹੋਇਆ ਕਿ ਪੰਜਾਬ ਦੇ ਲੋਕ ਗੀਤਾਂ ਵਰਗੀ ਸੂਖਮ ਵਿਰਾਸਤ ਨੂੰ ਬਚਾਉਣ ਲਈ ਪਹਿਰਾ ਦੇਣਾ ਪਵੇਗਾ ਇਹ ਸਾਰੀ ਯਾਤਰਾ ਆਪਣੇ ਆਪ 'ਚ ਦਿਲਚਸਪ ਹੈ। ਵੀਰਪਾਲ ਮੁਤਾਬਕ ਮਾਲਵੇ 'ਚ ਗਾਏ ਜਾਣ ਵਾਲੇ ਲੋਕ ਗੀਤ ਬਿਨਾਂ ਸਾਜਾਂ ਤੋਂ ਗਾਏ ਜਾਂਦੇ ਹਨ ਅਤੇ ਮਾਝੇ ਅਤੇ ਦੁਆਬੇ 'ਚ ਵਿਆਹ ਸ਼ਾਦੀਆਂ 'ਤੇ ਗਾਏ ਜਾਣ ਵਾਲੇ ਲੋਕ ਗੀਤਾਂ ਦਾ ਅੰਦਾਜ਼ ਵੱਖਰਾ ਹੈ ਅਤੇ ਇੱਥੇ ਸਾਜਾਂ ਸਮੇਤ ਗਾਏ ਜਾਂਦੇ ਹਨ। ਸੋ ਵੀਰਪਾਲ ਕੌਰ ਮੁਤਾਬਕ ਹੁਣ ਉਹ ਆਪਣੀ ਖੋਜ ਨੂੰ ਹੋਰ ਫੈਲਾਅ ਦੇਣਾ ਚਾਹੁੰਦੇ ਹਨ। ਫਿਲਹਾਲ ਉਨ੍ਹਾਂ



ਦਾ ਉਪਰਾਲਾ ਇਹੋ ਸੀ ਕਿ ਉਹ ਲੋਕ ਗੀਤਾਂ ਦੇ ਅਥਾਹ ਭੰਡਾਰ 'ਚੋਂ ਕੁਝ ਹਿੱਸੇ ਵਾਇਆ ਲਿਖਤੀ ਅਲਫਾਜ਼ਾਂ ਦੇ ਨਾਲ ਨਾਲ ਇਹਨੂੰ ਆਵਾਜ਼ ਦੇ ਰੂਪ 'ਚ ਵੀ ਸਾਂਝਾ ਕਰਨ। ਵੀਰਪਾਲ ਕੌਰ ਅਤੇ ਪਵਨਦੀਪ ਕੌਰ ਨੇ ਆਪਣੀ ਆਵਾਜ਼ 'ਚ ਲੋਕ ਗੀਤ ਗਾ ਕੇ ਕਿਤਾਬ ਨਾਲ ਆਪਣੀ ਸੀ.ਡੀ. ਨੱਥੀ ਕੀਤੀ ਹੈ ਅਤੇ ਸੁਣਨ ਵਾਲਿਆਂ ਨੂੰ ਬਿਹਤਰੀਨ ਸੌਗਾਤ ਦਿੱਤੀ ਹੈ। ਲੋਕ ਗੀਤਾਂ 'ਤੇ ਕੰਮ ਕਰਨ ਵਾਲੇ ਅਤੇ ਅਜਿਹੀਆਂ ਹੋਰ ਸੂਖਮ ਕਲਾਵਾਂ ਦੇ ਕੰਮ ਕਰਨ ਵਾਲੇ ਹਰ ਸ਼ਖਸ ਦੀ ਤਾਰੀਫ਼ ਕਰਨੀ ਬਣਦੀ ਹੈ ਪਰ ਵੀਰਪਾਲ ਕੌਰ ਅਤੇ ਪਵਨਦੀਪ ਦੀ ਤਾਰੀਫ਼ ਇਸ ਵੇਲੇ ਇਸ ਲਈ ਵੀ ਕਰਨੀ ਜ਼ਰੂਰੀ ਬਣਦੀ ਹੈ ਕਿਉਂ ਕਿ ਉਨ੍ਹਾਂ ਨੇ ਇਸ ਨੂੰ ਸਿਰਫ਼ ਦਸਤਾਵੇਜ਼ੀ ਸ਼ਕਲ ਦੇਣ ਤਕ ਸੀਮਤ ਨਹੀਂ ਰੱਖਿਆ। ਵੀਰਪਾਲ ਕੌਰ ਅਤੇ ਪਵਨਦੀਪ ਕੌਰ ਬਜ਼ੁਰਗਾਂ ਤੋਂ ਲੋਕ ਗੀਤ ਇਕੱਠਾ ਕਰਦੀਆਂ ਹਨ, ਇਨ੍ਹਾਂ ਨੂੰ ਲਿਖਦੀਆਂ ਹਨ ਅਤੇ ਪੁਰਾਣੀ ਹੇਕ 'ਚ ਹੂ-ਬ-ਹੂ ਅੰਦਾਜ਼ 'ਚ ਗਾਉਣਾ ਵੀ ਸਿੱਖਦੀਆਂ ਹਨ ਤਾਂ ਕਿ ਲੋਕ ਗੀਤ ਜਿਵੇਂ ਪਿੱਛੋਂ ਚੱਲੇ ਆ ਰਹੇ ਹਨ, ਉਸੇ ਰੂਪ 'ਚ ਉਨ੍ਹਾਂ ਦਾ ਤਸੱਵਰ ਬਰਕਰਾਰ ਰਹੇ। ਗੱਲ ਇੱਥੇ ਨਹੀਂ ਮੁੱਕਦੀ, ਇਸ ਤੋਂ ਬਾਅਦ ਉਹ ਏਹੋ ਲੋਕ ਗੀਤ ਹੋਰਾਂ ਵਿਦਿਆਰਥੀਆਂ ਨੂੰ ਵੀ ਉਸੇ ਰੂਪ 'ਚ ਸਿਖਾਉਂਦੇ ਹਨ। ਵੀਰਪਾਲ ਕੌਰ ਅਤੇ ਪਵਨਦੀਪ ਕੌਰ ਅੱਜ ਕੱਲ੍ਹ ਬਤੌਰ ਅਧਿਆਪਕ ਵਜੋਂ ਆਪਣੇ ਵਸੀਲੇ ਨਾਲ ਰੁੱਝੇ ਤਾਂ ਹੋਏ ਹਨ ਪਰ ਨਾਲੋ-ਨਾਲ ਉਹ ਇਸ ਵਿਰਾਸਤ ਨੂੰ ਅੱਗੇ ਤੋਰਨ ਲਈ ਵੀ ਕਾਰਜਸ਼ੀਲ ਹਨ।






# ਭਾਰਤੀ ਗਦਰ ਤੇ ਚੀਨੀ ਇਨਕਲਾਬ ਦੀ ਅਮਰੀਕਨ ਵੀਰਾਂਗਣਾਂ : ਐਗਨੀਜ ਸਮੈਡਲੀ



ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com


ਭਾਰਤ ਦੀ ਅਜ਼ਾਦੀ ਦੇ ਇਤਿਹਾਸ ਵਿੱਚ ਕੁਮਾਰੀ ਐਗਨੀਜ਼ ਸਮੈਡਲੀ ਦਾ ਨਾਂਅ ਉਨ੍ਹਾਂ ਗਿਣੇ ਚੁਣੇ ਇਨਕਲਾਬੀਆਂ ਵਿੱਚ ਆਉਂਦਾ ਹੈ; ਜਿਨ੍ਹਾਂ ਨੇ ਭਾਰਤ ਨੂੰ ਬਰਤਾਨੀਆ ਸਾਮਰਾਜ ਦੀਆਂ ਜ਼ੰਜੀਰਾਂ ਤੋਂ ਮੁਕਤੀ ਦਵਾਉਣ ਲਈ ਤਨ, ਮਨ ਤੇ ਧਨ ਨਾਲ ਸੇਵਾ ਕੀਤੀ। ਉਹ ਆਪਣੀ ਰਚਨਾ 'ਧਰਤੀ ਦੀ ਜਾਈ' ਵਿੱਚ ਭਾਰਤ ਸੰਬੰਧੀ ਪਿਆਰ ਤੇ ਸਨੇਹ ਨੂੰ ਬਿਆਨ ਕਰਦੀ ਹੈ।

ਅਮਰੀਕਾ ਦੀ ਧਰਤੀ 'ਤੇ ਜੰਮੀ ਜਾਈ ਅਮਰੀਕਨ ਨਸਲ ਦੀ ਗੋਰੀ ਕੁੜੀ ਕਿਵੇਂ ਭਾਰਤੀ ਗ਼ਦਰੀਆਂ ਦੇ ਸੰਪਰਕ ਵਿੱਚ ਆਈ ਤੇ ਕਿਵੇਂ ਕਠਿਨ ਤੋਂ ਕਠਿਨ ਸਥਿਤੀਆਂ ਵਿੱਚ ਭਾਰਤੀ ਕ੍ਰਾਂਤੀਕਾਰੀਆਂ ਦੀ ਮਦਦ ਕਰਦੀ ਰਹੀ; ਇਹ ਬਹੁਤ ਮਹੱਤਵਪੂਰਨ ਹੈ। ਸੁਤੰਤਰਤਾ ਸੰਗਰਾਮ ਵਿਚ ਜੁਟੇ ਦੇਸ਼ਭਗਤਾਂ ਤੋਂ ਲੈ ਕੇ ਮਹਾਤਮਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਵਰਗੀਆਂ ਸ਼ਖ਼ਸੀਅਤਾਂ ਨਾਲ ਇਹ ਸੰਪਰਕ ਕਰਦੀ ਰਹੀ। ਭਾਰਤ ਮਾਂ ਦੀ ਅਜ਼ਾਦੀ ਲਈ ਉਸ ਦੀ ਤੜਪ ਹੀ ਸੀ ਕਿ ਸਾਥੀ ਵੀ. ਆਈ. ਲੈਨਿਨ ਵਰਗੀਆਂ ਸੰਸਾਰ ਪ੍ਰਸਿੱਧ ਹਸਤੀਆਂ ਦੇ ਸੰਪਰਕ ਵਿੱਚ ਵੀ ਐਗਨੀਜ ਸਮੈਡਲੀ ਆਈ। ਉਸ ਦਾ ਸੰਘਰਸ਼ ਮਈ ਜੀਵਨ ਬਹੁਤ ਹੀ ਰੋਚਕ ਅਤੇ ਸੰਘਰਸ਼ ਭਰਿਆ ਹੈ। ਉਸ ਦੇ ਜੀਵਨ ਦਾ ਪਲ ਪਲ ਸੰਸਾਰ ਪੱਧਰ 'ਤੇ ਪਸਰੇ ਬਸਤੀਵਾਦ ਦੀਆਂ ਸਫ਼ਾਂ ਲਪੇਟਣ ਦੇ ਲੇਖੇ ਲੱਗ ਗਿਆ। ਇਹਨਾਂ ਕੌੜੇ ਮਿੱਠੇ ਤਜ਼ਰਬਿਆਂ ਵਿੱਚੋਂ ਹੀ ਭਾਰਤ ਦੇ ਉਨ੍ਹਾਂ ਚਲਾਕ ਲੀਡਰਾਂ ਦੀਆਂ ਚਲਾਕੀਆਂ ਦਾ ਵੀ ਪਤਾ ਲਗਦਾ ਹੈ ਜਿਨ੍ਹਾਂ ਨੇ ਇਸ ਮਹਾਨ ਵੀਰਾਂਗਣ ਨੂੰ ਪਰੇਸ਼ਾਨ ਕੀਤਾ। ਜਿਥੇ ਇਸ ਮਹਾਨ ਔਰਤ ਨੇ ਭਾਰਤ ਦੀ ਅਜ਼ਾਦੀ ਦੇ ਲਈ ਵੱਡੀਆਂ ਰਕਮਾਂ ਇਕੱਠੀਆਂ ਕਰਕੇ ਏਥੇ ਦੇ ਅਖੌਤੀ ਲੀਡਰਾਂ ਨੂੰ ਦਿੱਤੀਆਂ; ਉਥੇ ਇਹਨਾਂ ਲੀਡਰਾਂ ਦੀਆਂ ਚਲਾਕੀਆਂ ਦਾ ਭਾਂਡਾ ਵੀ ਭੰਨਿਆ।

ਜਦੋਂ ਅਮਰੀਕਾ ਬਰਤਾਨੀਆ ਦੀ ਇਕ ਧਿਰ ਬਣ ਕੇ ਜਰਮਨ ਦੇ ਖ਼ਿਲਾਫ਼ ਪਹਿਲੀ ਸੰਸਾਰ ਜੰਗ ਵਿੱਚ ਸ਼ਾਮਲ ਹੋ ਗਿਆ, ਉਸ ਵੇਲੇ ਜਿੱਥੇ ਗ਼ਦਰੀ ਦੇਸ਼ ਭਗਤਾਂ ਨੂੰ ਪਰੇਸ਼ਾਨ ਕਰਨ ਲਈ ਅਮਰੀਕਾ ਦੀ ਪੁਲੀਸ ਨੇ ਪੂਰੀ ਵਾਹ ਲਾ ਦਿੱਤੀ ਉਥੇ ਭਾਰਤੀ ਦੇਸ਼ ਭਗਤਾਂ ਦੀ ਮਦਦ ਕਰਨ ਵਾਲੇ ਅਮਰੀਕਨਾਂ ਨੂੰ ਵੀ ਜੇਲ੍ਹਾਂ ਵਿੱਚ ਸੁੱਟ ਦਿੱਤਾ। ਐਗਨੀਜ਼ ਸਮੈਡਲੀ ਨੂੰ ਵੀ ਅਮਰੀਕਾ ਵਿੱਚ ਭਾਰਤੀਆਂ ਦੀ ਮਦਦ ਕਰਨ ਬਦਲੇ ਜੇਲ੍ਹ ਦੇ ਅਣਮਨੁੱਖੀ ਵਿਹਾਰ ਨੂੰ ਬਰਦਾਸ਼ਤ ਕਰਨਾ ਪਿਆ।

ਭਾਵੇਂ ਐਗਨੀਜ਼ ਸਮੈਡਲੀ ਦੇ ਸੰਘਰਸ਼ ਮਈ ਜੀਵਨ ਦੀ ਉਮਰ ਗ਼ਦਰ ਪਾਰਟੀ ਜਿੰਨੀ ਹੀ ਪੁਰਾਣੀ ਸੀ ਪਰ ਜਦੋਂ ਭਾਰਤੀਆਂ ਨੂੰ ਸਾਨਫ੍ਰਾਂਸਿਸਕੋ ਕੇਸ ਵਿੱਚ ਘੜੀਸ ਕੇ ਬਰਤਾਨੀਆ ਦੇ ਇਸ਼ਾਰੇ 'ਤੇ ਜੇਲ੍ਹਾਂ ਵਿੱਚ ਸੁੱਟ ਦਿੱਤਾ ਗਿਆ; ਉਸ ਵਕਤ ਜੇ ਐਗਨੀਜ਼ ਸਮੈਡਲੀ ਨਾ ਹੁੰਦੀ ਤਾਂ ਇਹ ਯਕੀਨਨ ਹੀ ਸੀ ਕਿ ਬੇਗੁਨਾਹ ਦੇਸ਼ ਭਗਤਾਂ ਨੂੰ ਅਮਰੀਕਾ ਦੇ ਇਸ਼ਾਰੇ 'ਤੇ ਭਾਰਤ ਭੇਜਿਆ ਜਾਂਦਾ ਤੇ ਭਾਕਤ ਆਉਣ ਦਾ ਇਕੋ ਇਕ ਮਤਲਬ ਸੀ ਕਿ ਇਨ੍ਹਾਂ ਬੇਗੁਨਾਹ ਭਾਰਤੀਆਂ ਨੂੰ ਫਾਂਸੀ ਦੇ ਫੰਦਿਆਂ ਉੱਪਰ ਲਟਕਾਇਆ ਜਾਂਦਾ। ਉਸ ਸਮੇਂ ਅਮਰੀਕਾ ਦੀ ਧਰਤੀ 'ਤੇ ਭਾਰਤੀ ਦੇਸ਼ ਭਗਤਾਂ ਲਈ ਹਾਅ ਦਾ ਨਾਅਰਾ ਮਾਰਨ ਵਾਲੀ ਜੇ ਅਮਰੀਕਨ ਮੂਲ ਦੇ ਲੋਕਾਂ ਦੀ ਇਕ ਵੱਡੀ ਧਿਰ ਖੜੀ ਹੋ ਸਕੀ ਤਾਂ ਉਸ ਪਿੱਛੇ ਐਗਨੀਜ਼ ਸਮੈਡਲੀ ਹੀ ਸੀ; ਜਿਸ ਨੇ ਦਿਨ ਰਾਤ ਇਕ ਕਰਕੇ ਇਨ੍ਹਾਂ ਬੇਗੁਨਾਹ ਲੋਕਾਂ ਦੀ ਜਾਨ ਦੀ ਸਲਾਮਤੀ ਲਈ ਆਮ ਲੋਕਾਂ ਵਿਚੋਂ ਪੈਸਾ ਇਕੱਠਾ ਕਰਕੇ ਵਧੀਆ ਵਕੀਲ ਕੀਤਾ। ਉਹਨੇ ਅਮਰੀਕਾ ਦੀਆਂ ਗਲੀਆਂ ਵਿੱਚ ਇਕ ਅਜਿਹਾ ਲੋਕ ਉਭਾਰ ਵੀ ਪੈਦਾ ਕਰ ਦਿੱਤਾ ਜਿਹੜਾ ਇਨ੍ਹਾਂ ਬੇਗੁਨਾਹ ਭਾਰਤੀ ਦੇਸ਼ ਭਗਤਾਂ ਨੂੰ ਰਿਹਾਅ ਕਰਨ ਦੀ ਮੰਗ ਕਰਦਾ ਹੋਇਆ ਸਰਕਾਰ ਨੂੰ ਇਸ ਲਈ ਮਜਬੂਰ ਕਰ ਰਿਹਾ ਸੀ ਕਿ ਇਹ ਕ੍ਰਾਂਤੀਕਾਰੀ ਜਰਮਨੀ ਦੇ ਜਾਸੂਸ ਨਾ ਹੋ ਕੇ ਬਰਤਾਨੀਆ ਬਸਤੀਵਾਦ ਦੇ ਵਿਰੋਧੀ ਹਨ; ਇਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਭਾਰਤ ਡੀਪੋਰਟ ਨਾ ਕੀਤਾ ਜਾਵੇ। 'ਭਾਰਤੀ ਅਜ਼ਾਦੀ ਦੇ ਦੋਸਤਾਂ' ਦੀ ਸੰਸਥਾ ਦਾ ਆਪਣਾ ਇਕ ਸ਼ਾਨਾਮੱਤਾ ਇਤਿਹਾਸ ਹੈ ਤੇ ਇਹਦੀਆਂ ਮਹਾਨ ਪ੍ਰਾਪਤੀਆਂ ਹਨ। ਜਦ ਕਦੇ ਇਸ ਇਤਿਹਾਸ ਬਾਰੇ ਨਿੱਠ ਕੇ ਕੰਮ ਕੀਤਾ ਜਾਏਗਾ ਉਸ ਸਮੇਂ ਪਤਾ ਚੱਲੇਗਾ ਕਿ ਐਗਨੀਜ਼ ਸਮੈਡਲੀ ਦੀ ਕਿੰਨੀ ਮਹਾਨ ਕੁਰਬਾਨੀ ਹੈ। ਉਸ ਵਕਤ ਸਾਡਾ ਸਿਰ ਸ਼ਰਮ ਨਾਲ ਵੀ ਝੁਕ ਜਾਵੇਗਾ ਕਿ ਅਸੀਂ ਅਮਰੀਕੀ ਨਸਲ ਦੀ ਉਸ ਮਹਾਨ ਔਰਤ ਦੀ ਏਨੀ ਮਹਾਨ ਕੁਰਬਾਨੀ ਦੇ ਬਦਲੇ ਵਿੱਚ ਕੀ ਦਿੱਤਾ ਹੈ। ਅਸੀਂ ਅਜ਼ਾਦੀ ਦੇ 65 ਸਾਲਾਂ ਬਾਅਦ ਵੀ ਕਦੇ ਉਸ ਮਹਾਨ ਔਰਤ ਨੂੰ ਯਾਦ ਹੀ ਨਹੀਂ ਕੀਤਾ। ਜਿਸ ਮਹਾਨ ਔਰਤ ਨੇ ਅਮਰੀਕਾ



ਦੀ ਅਦਾਲਤ ਵਿੱਚ ਭਾਰਤ ਦੇ ਮਹਾਨ ਗ਼ਦਰੀਆਂ ਨੂੰ ਜਰਮਨੀ ਦੇ ਜਾਸੂਸ ਆਖਣ ਦੇ ਵਿਰੋਧ ਵਿੱਚ ਕਿਹਾ ਸੀ, "ਇਹ ਬੰਦੇ ਜਰਮਨ ਦੇ ਜਾਸੂਸ ਨਹੀਂ, ਜਿਵੇਂ ਬੈਂਜਾਮਿਨ ਫੈਂਕਲਿਨ ਫ੍ਰਾਂਸੀਸੀ ਜਾਸੂਸ ਨਹੀਂ ਸੀ।" ਇਸ ਦੇ ਉਲਟ ਉਸ ਨੇ ਤਫਤੀਸ਼ ਕਰਨ ਵਾਲੇ ਅਮਰੀਕੀ ਅਧਿਕਾਰੀਆਂ ਨੂੰ ਬਰਤਾਨਵੀ ਹਕੂਮਤ ਦੇ ਜਾਸੂਸ ਆਖ ਕੇ ਸ਼ਰਮਸਾਰ ਕੀਤਾ ਸੀ।

ਐਗਨੀਜ਼ ਸਮੈਡਲੀ ਨੇ ਆਪਣਾ ਜੀਵਨ ਇਕ ਪੱਤਰਕਾਰ ਵਜੋਂ ਆਰੰਭ ਕੀਤਾ। ਉਹ ਸਾਰੀ ਉਮਰ ਸੰਸਾਰ ਭਰ ਦੀਆਂ ਲੁੱਟੀਆਂ ਪੁੱਟੀਆਂ ਜਾਂਦੀਆਂ ਧਿਰਾਂ ਲਈ ਹੀ ਲਿਖਦੀ ਰਹੀ। ਦੁਨੀਆ ਦੇ ਕਿਸੇ ਵੀ ਹਿੱਸੇ ਉੱਪਰ ਜਦ ਅਣਮਨੁੱਖੀ ਘਟਨਾ ਵਾਪਰਦੀ ਤਾਂ ਉਸ ਦੀ ਕਲਮ ਕੁਰਲਾ ਉਠਦੀ। ਢੇਰਾਂ ਪੁਸਤਕਾਂ ਲਿਖਣ ਵਾਲੀ ਇਸ ਔਰਤ ਨੇ ਨਾ ਕੇਵਲ ਭਾਰਤ ਦੇ ਮਸਲਿਆਂ ਨੂੰ ਸਮਝਿਆ ਸਗੋਂ ਇਸ ਬਾਰੇ ਨਿੱਠ ਕੇ ਕਲਮ ਵੀ ਚਲਾਈ; ਭਾਵੇਂ ਲਾਲਾ ਲਾਜਪਤ ਰਾਏ ਵਰਗਿਆਂ ਨੇ ਉਸ ਦੀਆਂ ਲਿਖਤਾਂ ਛਾਪਣ ਤੋਂ ਇਨਕਾਰ ਕਰ ਦਿੱਤਾ। ਪਰ ਉਹ ਇਕ ਅਜਿਹੀ ਔਰਤ ਸੀ ਜਿਹੜੀ ਲਗਾਤਾਰ ਲਿਖਦੀ ਰਹੀ। ਬਹੁਤ ਬਾਅਦ ਵਿੱਚ ਉਸ ਦੀਆਂ ਲਿਖਤਾਂ ਨੂੰ ਭਾਈ ਸੰਤੋਖ ਸਿੰਘ ਕਿਰਤੀ ਦੁਆਰਾ ਸ਼ੁਰੂ ਕੀਤੇ ਪਰਚੇ ਕਿਰਤੀ ਵਿੱਚ ਪ੍ਰਕਾਸ਼ਤ ਕੀਤਾ ਗਿਆ। ਅਜ ਜੇ ਉਸ ਦੀਆਂ ਲਿਖਤਾਂ ਉੱਪਰ ਪੜਚੋਲਵੀਂ ਨਜ਼ਰ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ ਜਿਥੇ ਐਗਨੀਜ਼ ਸਮੈਡਲੀ ਨੇ ਭਾਰਤੀ ਕ੍ਰਾਂਤੀਕਾਰੀਆਂ ਨਾਲ ਮਿਲ ਕੇ ਭਾਰਤ ਦੀ ਅਜ਼ਾਦੀ ਲਈ ਕੰਮ ਕੀਤਾ ਉਥੇ ਭਾਰਤ ਦੀ ਅਜ਼ਾਦੀ ਦੇ ਇਤਿਹਾਸ ਨੂੰ ਸਾਂਭਣ ਲਈ ਵੀ ਕੰਮ ਕੀਤਾ। 'ਕਿਰਤੀ ਪਰਚੇ ਵਿੱਚ ਗ਼ਦਰ ਪਾਰਟੀ ਦੇ ਇਤਿਹਾਸ ਦਾ ਪਹਿਲਾ ਭਾਗ ਛਪਿਆ ਪਰ ਦੂਜਾ ਜਾਂ ਤੀਜਾ ਭਾਗ ਇਸ ਕਰਕੇ ਛਪ ਨਹੀਂ ਸਕਿਆ ਕਿ ਬਰਤਾਨਵੀ ਸਰਕਾਰ ਨੇ ਉਹ ਲਿਖਤ ਆਪਣੇ ਕਬਜ਼ੇ ਵਿੱਚ ਲੈ ਲਈ।

ਐਗਨੀਜ਼ ਸਮੈਡਲੀ ਦੇ ਜੀਵਨ ਸੰਘਰਸ਼ ਨੂੰ ਅੱਜ ਭਾਵੇਂ ਭਾਰਤ ਦੇ ਲੋਕ ਭੁਲ ਜਾਣ ਪਰ ਆਪਣੇ ਜੀਵਨ ਵਿੱਚ ਉਹ ਮਹਾਨ ਔਰਤ ਦੇਸ਼ਾਂ ਦੀਆਂ ਭੂਗੋਲਿਕ ਹੱਦਾਂ ਪਾਰ ਕਰਕੇ ਭਾਰਤ ਦੇ ਰਾਜਸੀ ਮਸਲਿਆਂ ਬਾਰੇ ਲਿਖਦੀ ਰਹੀ। ਉਸ ਬਾਰੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨੇ ਵੀ 'ਕਿਰਤੀ ਪਰਚੇ ਵਿੱਚ ਲੇਖ ਲਿਖੇ ਜਿਨ੍ਹਾਂ ਨੂੰ ਪੜ੍ਹ ਕੇ ਜਿੱਥੇ ਉਸ ਦੀ ਰਾਜਸੀ ਸਮਝ ਬਾਰੇ ਪਤਾ ਲੱਗਦਾ ਹੈ ਉਥੇ ਭਾਰਤ ਦੇ ਦੰਭੀ ਰਾਜਸੀ ਆਗੂਆਂ ਦੇ ਦੋਗਲੇ ਕਿਰਦਾਰ ਦਾ ਭਾਂਡਾ ਵੀ ਚੁਰਾਹੇ ਵਿੱਚ ਭੱਜਦਾ ਹੈ।



'ਕਿਰਤੀ ਅਖ਼ਬਾਰ ਨੇ ਐਗਨੀਜ਼ ਸਮੈਡਲੀ ਦੇ ਭਾਰਤ ਬਾਰੇ ਕੀਤੇ ਕੰਮ ਨੂੰ ਸਾਂਭਣ ਦੀ ਪੂਰੀ ਕੋਸ਼ਿਸ਼ ਕੀਤੀ ਸੀ। ਜਦੋਂ ਸ. ਭਗਤ ਸਿੰਘ ਅਤੇ ਸ. ਸੋਹਣ ਸਿੰਘ ਜੋਸ਼ ਕਿਰਤੀ ਲਈ ਕੰਮ ਕਰਦੇ ਸਨ; ਉਨ੍ਹਾਂ ਨੇ ਐਗਨੀਜ਼ ਸਮੈਡਲੀ ਦੀਆਂ ਲਿਖਤਾਂ 'ਤੇ ਅਧਾਰਤ ਪੁਸਤਕ 'ਹਿੰਦੋਸਤਾਨ ਤੇ ਅਸਲੀ ਸੰਸਾਰ ਜੰਗ' ਅਪ੍ਰੈਲ 1928 ਨੂੰ ਛਾਪੀ ਸੀ ਜਿਸ ਦੀ ਭੂਮਿਕਾ ਕਾਮਰੇਡ ਸੋਹਣ ਸਿੰਘ ਜੋਸ਼ ਨੇ ਲਿਖੀ ਸੀ। ਇਹ ਕਿਤਾਬ ਮੇਰਠ ਕਮਿਊਨਿਸਟ ਸਾਜ਼ਿਸ਼ ਕੇਸ ਦੇ ਸਿਲਸਿਲੇ ਵਿੱਚ ਗਵਾਹੀ ਦੇ ਤੌਰ 'ਤੇ ਪੇਸ਼ ਕੀਤੀ ਗਈ ਸੀ। ਮੁਕੱਦਮੇ ਵਿੱਚ ਇਸ ਪ੍ਰਮਾਣ-ਵਸਤੂ ਦਾ ਨੰਬਰ ਪੀ.1400 ਸੀ ਮੁਜ਼ੱਫਰ ਅਹਿਮਦ ਦੀ ਕਿਤਾਬ 'ਮੈਂ ਤੇ ਸੀ.ਪੀ. ਆਈ.' ਵੀ ਪੰਨਾ 60 ਉੱਪਰ ਐਗਨੀਜ਼ ਸਮੈਡਲੀ ਦੇ ਸੰਘਰਸ਼ ਮਈ ਜੀਵਨ ਦਾ ਜ਼ਿਕਰ ਕਰਦਾ ਹੈ। ਇਸੇ ਤਰ੍ਹਾਂ ਡਾ. ਜੀ. ਅਧਿਕਾਰੀ ਵੀ ਐਗਨੀਜ਼ ਸਮੈਡਲੀ ਦੇ ਯੋਗਦਾਨ ਦੀ ਚਰਚਾ ਕਰਦਾ ਹੈ।

1921 ਵਿੱਚ ਜਦੋਂ ਕਮਿਊਨਿਸਟ ਇੰਟਰਨੈਸ਼ਨਲ ਦੀ ਕਾਂਗਰਸ ਵਿੱਚ ਭਾਰਤ ਦੇ 14 ਡੈਲੀਗੇਟ ਸ਼ਾਮਲ ਹੋਏ; ਉਨ੍ਹਾਂ ਵਿੱਚ ਇਕ ਸਨ ਡਾ. ਭੂਪੇਂਦਰ ਨਾਥ ਦੱਤ। ਡਾ. ਭੁਪੇਂਦਰ ਨਾਥ ਦੱਤ ਦੇ ਅਨੁਸਾਰ ਡੈਲੀਗੇਸ਼ਨ ਦੀ ਸੰਚਾਲਕ ਸ਼ਕਤੀ ਅਮਰੀਕਨ ਮੂਲ ਦੀ ਐਗਨੀਜ਼ ਸਮੈਡਲੀ ਸੀ।

ਜਦੋਂ 1920 ਵਿੱਚ ਉਹ ਪੰਡਤ ਜਵਾਹਰ ਲਾਲ ਨਹਿਰੂ ਨੂੰ ਮਿਲੀ ਤਾਂ ਪੰਡਤ ਜੀ ਉਸ ਦੇ ਕੰਮ ਨੂੰ ਦੇਖ ਕੇ ਬਹੁਤ ਪ੍ਰਭਾਵਤ ਹੋਏ। ਉਦੋਂ ਹੀ ਪੰਡਤ ਜਵਾਹਰ ਲਾਲ ਨਹਿਰੂ ਨੇ ਐਗਨੀਜ਼ ਸਮੈਡਲੀ ਨੂੰ ਜਦ ਕਦੇ ਵੀ ਭਾਰਤ ਆਜ਼ਾਦ ਹੋਵੇ, ਭਾਰਤ ਆਉਣ ਦੀ ਦਾਅਵਤ ਦਿੱਤੀ ਸੀ। ਪਰ ਭਾਰਤੀ ਕ੍ਰਾਂਤੀਕਾਰੀਆਂ ਦੇ ਭੇਸ ਵਿੱਚ ਫਿਰਦੇ ਪਾਖੰਡੀਆਂ ਤੋਂ ਉਸ ਦਾ ਮਨ ਉਚਾਟ ਹੋ ਗਿਆ ਸੀ। ਆਪਣੇ ਜੀਵਨ ਦੇ ਅਖੀਰਲੇ ਦਿਨਾਂ ਵਿੱਚ ਉਸ ਨੇ ਚੀਨ ਦੇ ਇਨਕਲਾਬ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਜਦੋਂ ਭਾਰਤ ਆਜ਼ਾਦ ਹੋਇਆ ਉਸ ਵਕਤ ਉਹ ਚੀਨ ਵਿੱਚ ਸੀ ਅਤੇ ਚੀਨ ਬਾਰੇ ਲਿਖ ਪੜ੍ਹ ਰਹੀ ਸੀ। ਜਿਸ ਭਾਰਤ ਦੀ ਅਜ਼ਾਦੀ ਲਈ ਉਸ ਨੇ ਏਨੀਆਂ ਕੁਰਬਾਨੀਆਂ ਕੀਤੀਆਂ ਉਸ ਭਾਰਤ ਨੂੰ ਅਜ਼ਾਦ ਹੋਇਆ ਦੇਖਣ ਲਈ ਉਹ ਵਕਤ ਨਾ ਕੱਢ ਸਕੀ ਸਗੋਂ ਭਾਰਤ ਦੇ ਕੋਲ ਹੀ ਇਨਕਲਾਬ ਲਈ ਜੂਝ ਰਹੇ ਚੀਨ ਵਿੱਚ ਸੰਘਰਸ਼ ਕਰਦੇ ਲੋਕਾਂ ਲਈ ਰੁੱਝੀ ਰਹੀ।

**ਅਸੀਂ ਗ਼ਦਰ ਲਹਿਰ ਦੀ ਸਤਾਬਦੀ ਮਨਾ ਰਹੇ ਹਾਂ, ਇਸਨੂੰ ਧਿਆਨ 'ਚ ਰੱਖਦਿਆਂ ਗ਼ਦਰ ਲਹਿਰ ਦੇ ਮਹੱਤਵਪੂਰਨ ਤੱਥਾਂ ਅਤੇ ਇਸ ਲਹਿਰ ਦੇ ਮਹਾਨ ਨਾਇਕਾਂ ਬਾਰੇ 'ਨਵੀਂ ਦੁਨੀਆਂ' ਦੇ ਹਰ ਅੰਕ ਵਿੱਚ ਛਾਪਣ ਦੀ ਯੋਜਨਾ ਬਣਾਈ ਹੈ। ਇਸੇ ਲੜੀ ਤਹਿਤ ਅਸੀਂ ਡ਼ਾ ਤੇਜਿੰਦਰ ਵਿਰਲੀ ਦਾ ਇਹ ਵਿਸ਼ੇਸ਼ ਲੇਖ ਇੱਥੇ ਛਾਪ ਰਹੇ ਹਾਂ।**

ਅਮਰੀਕਾ ਵਿੱਚ ਜ਼ਲ੍ਹਿਆਂ ਵਾਲੇ ਬਾਗ਼ ਦੇ ਘੱਲੂਘਾਰੇ ਦਾ ਜਥੇਬੰਦਕ ਵਿਰੋਧ ਕੁਮਾਰੀ ਐਗਨੀਜ਼ ਸਮੈਡਲੀ ਨੇ ਆਰੰਭਿਆ ਸੀ।

'ਗ਼ਦਰ ਪਾਰਟੀ ਦਾ ਇਤਿਹਾਸ ਪੁਸਤਕ ਦੇ ਪੰਨਾ- 307 'ਤੇ ਸ.ਸੋਹਣ ਸਿੰਘ ਜੋਸ਼ ਨੇ ਲਿਖਿਆ ਹੈ- "ਉਸ ਨੇ ਬਹੁਤ ਸਾਰੀਆਂ ਅਮਰੀਕੀ ਮੁਟਿਆਰਾਂ ਇਕੱਠੀਆਂ ਕਰਕੇ ਤਖ਼ਤੀਆਂ ਉੱਪਰ ਇਸ ਘੱਲੂਘਾਰੇ ਦੇ ਵੇਰਵੇ ਉੱਕਰ ਕੇ ਇਸ ਦਾ ਵਿਰੋਧ ਕੀਤਾ ਸੀ। ਔਰਤਾਂ ਨੇ ਤਖ਼ਤੀਆਂ ਅੱਗੇ ਪਿੱਛੇ ਲਟਕਾ ਲਈਆਂ ਤੇ ਇਨ੍ਹਾਂ ਸਭਨਾਂ ਨੇ ਨਿਊਯਾਰਕ ਸ਼ਹਿਰ ਦੇ ਮੁੱਖ ਰਸਤੇ ਵਿੱਚ ਖੜ ਕੇ ਬਰਤਾਨਵੀ ਸਫਾਰਤਖਾਨੇ ਸਾਹਮਣੇ ਮੁਜ਼ਾਹਰਾ ਕੀਤਾ ਸੀ। ਇਹ ਸ਼ਹਿਰ ਦਾ ਸਭ ਤੋਂ ਭੀੜ ਵਾਲਾ ਇਲਾਕਾ ਸੀ। ਇਸ ਤਰ੍ਹਾਂ ਉਨ੍ਹਾਂ ਨੇ ਭਾਰਤ ਵਿੱਚ ਬਰਤਾਨਵੀਆਂ ਦੇ ਕੁਕਰਮਾਂ ਵੱਲ ਹਜ਼ਾਰਾਂ ਅਮਰੀਕਨ ਲੋਕਾਂ ਦਾ ਧਿਆਨ ਖਿੱਚਿਆ ਸੀ।...... ਉੱਥੇ ਦਰਸ਼ਕਾਂ ਦੀ ਬਹੁਤ ਵੱਡੀ ਭੀੜ ਜਮਾਂ ਹੋ ਗਈ ਸੀ। ਅੰਤ ਵਿੱਚ ਸਫ਼ਾਰਤਖ਼ਾਨੇ ਦੇ ਅਧਿਕਾਰੀਆਂ ਨੂੰ ਪੁਲਿਸ ਦੀ ਮਦਦ ਲੈਣੀ ਪਈ ਸੀ ਤੇ ਉਨ੍ਹਾਂ ਨੂੰ ਡੰਡੇ ਦੇ ਜ਼ੋਰ ਨਾਲ ਤਿੱਤਰ-ਬਿੱਤਰ ਕੀਤਾ ਗਿਆ ਸੀ।"

6 ਮਈ 1950 ਨੂੰ ਸੰਸਾਰ ਦੀ ਉਸ ਮਹਾਨ ਵੀਰਾਂਗਣ ਦਾ ਦਿਹਾਂਤ ਹੋ ਗਿਆ। ਉਸ ਦੀ ਅੰਤਿਮ ਇੱਛਾ ਸੀ ਕਿ ਉਸ ਦੀ ਰਾਖ ਸ਼ਹੀਦ ਹੋ ਚੁੱਕੇ ਚੀਨੀ ਇਨਕਲਾਬੀਆਂ ਦੀ ਰਾਖ ਦੇ ਕੋਲ ਰੱਖੀ ਜਾਵੇ; ਜਿਹੜੀ ਅੱਜ ਵੀ ਪੀਕਿੰਗ ਦੇ ਮਾਣਯੋਗ ਕਬਰਿਸਤਾਨ ਵਿੱਚ ਸੁਰੱਖਿਅਤ ਹੈ। ਉਸ ਦੇ ਸ਼ਿਲਾਲੇਖ ਉੱਪਰ ਉਕਰਿਆ ਹੋਇਆ ਹੈ, "ਚੀਨ ਦੀ ਦੋਸਤ ਐਗਨੀਜ਼ ਸਮੈਡਲੀ" ਆਓ 'ਭਾਰਤੀ ਅਜ਼ਾਦੀ ਦੇ ਦੋਸਤਾਂ' ਦੀ ਕਤਾਰ ਵਿੱਚ ਇਸ ਮਹਾਨ ਆਗੂ ਦੀਆਂ ਯਾਦਾਂ ਨੂੰ ਸਾਂਭ ਕੇ ਰੱਖੀਏ ਤਾਂ ਕਿ ਉਸ ਮਹਾਨ ਔਰਤ ਦੀ ਰੂਹ ਗ਼ਦਰੀ ਦੇਸ਼ ਭਗਤਾਂ ਦੇ ਵਾਰਸਾਂ ਨੂੰ ਭਾਰ ਮੁਕਤ ਕਰ ਦੇਵੇ।




ਸਫਾ 21 ਦੀ ਬਾਕੀ

# ਸਿਖਿਆ ਮੰਤਰੀ- ਸਿਖਿਆ ਵਿਭਾਗ ਅਤੇ ਪੁਸਤਕ ਘੁਟਾਲਾ

ਇਥੇ ਇਸ ਗੱਲ ਦਾ ਜ਼ਿਕਰ ਕਰਨਾ ਵੀ ਕੁਥਾ ਨਹੀਂ ਹੈ ਕਿ ਪਿਛਲੇ ਸਿਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਵੇਲੇ ਵੀ ਇੰਜ ਹੀ ਹੋਇਆ ਸੀ। ਸਿਖਿਆ ਮੰਤਰੀ ਸਾਹਿਬ ਨੇ ਪ੍ਰਾਇਮਰੀ ਸਕੂਲਾਂ ਵਿਚ ਆਈ ਵਰਦੀਆਂ ਦੀ ਗ੍ਰਾਂਟ ਨਿਯਮਾਂ ਅਨੁਸਾਰ ਪਸਵਕ ਕਮੇਟੀਆਂ ਰਾਹੀਂ ਖ਼ੁਦ ਵਰਦੀਆਂ ਖ਼ਰੀਦਣ ਦੇ ਨਿਯਮ ਨੂੰ ਛਿੱਕੇ ਟੰਗ ਕੇ ਸਾਰੇ ਜ਼ਿਲਾ ਸਿਖਿਆ ਅਧਿਕਾਰੀਆਂ ਨੂੰ 'ਜ਼ੁਬਾਨੀ' ਆਦੇਸ਼ ਦਿੱਤੇ ਕਿ ਵਰਦੀਆਂ ਖ਼ੁਦ ਖਰੀਦਣ ਦੀ ਥਾਂ ਜਲੰਧਰ ਦੀਆਂ ਦੋ ਫ਼ਰਮਾਂ ਨੂੰ ਸਕੂਲਾਂ ਤੋਂ ਚੈੱਕ ਕੱਟ ਕੇ ਸਿੱਧੇ ਭੇਜੇ ਜਾਣ। ਇਹ ਫ਼ਰਮਾਂ ਸਨ 'ਈਲਾਈਟ ਟਿਊਬ ਜਲੰਧਰ' ਅਤੇ 'ਕਰਨ ਇੰਟਰਪ੍ਰਾਈਜ਼ਜ਼ ਜਲੰਧਰ'। ਹੋਰ ਕਿਸੇ ਨੇ ਤਾਂ ਸ਼ਾਇਦ ਚੈੱਕ ਨਹੀਂ ਭੇਜੇ ਪਰ ਗੁਰਦਾਸਪੁਰ ਜ਼ਿਲਾ ਸਿਖਿਆ ਅਫ਼ਸਰ (ਐਲੀ.) ਮੈਡਮ ਸ਼ਿੰਦੋ ਸਾਹਨੀ ਨੇ ਇਹ ਹੁਕਮ ਅੱਗੋਂ ਆਪਣੇ ਪੱਤਰ ਨੰ. 1334-56/07-04-2011 ਰਾਹੀਂ ਜ਼ੁਬਾਨੀ ਹੁਕਮ ਦਾ ਹਵਾਲਾ ਦੇ ਕੇ ਸਾਰੇ ਬੀ.ਪੀ.ਈ.ਓਜ਼ ਰਾਹੀਂ ਸਕੂਲਾਂ ਵਿਚ ਭੇਜ ਕੇ ਸਾਰੀ ਰਕਮ ਇਕੱਤਰ ਕਰ ਲਈ ਤੇ ਫ਼ਰਮਾਂ ਰਾਹੀਂ ਵਰਦੀਆਂ ਨਿਗਲੀਆਂ ਗਈਆਂ। ਜੋ ਕੁ ਪੁੱਜੀਆਂ, ਕੱਪੜਾ ਪ੍ਰੋਲੇ ਬਣਾਉਣ ਦੇ ਵੀ ਯੋਗ ਨਹੀਂ ਸੀ। ਬਹੁਤ ਹੀ ਥੋੜਾ-ਥੋੜਾ ਭੇਜਿਆ। ਬੱਚਾ 11 ਸਾਲ ਦਾ, ਵਰਦੀ 3 ਸਾਲ ਦੇ ਬੱਚੇ ਵਾਲੀ। 4,89,57600 (ਤਕਰੀਬਨ 5 ਕਰੋੜ) 'ਅਧੋਂ ਅੱਧ ਸਵਾਹ' ਹੋ ਗਿਆ। ਜ਼ੁਬਾਨੀ ਹੁਕਮ ਕਰਨ ਵਾਲੀ 'ਵੱਡੀ ਸ਼ਕਤੀ' ਲਾਂਭੇ ਹੋ ਗਈ ਤੇ ਮੈਡਮ ਸ਼ਿੰਦੋ ਸਾਹਨੀ ਹੁਣ ਟਰਮੀਨੇਟ ਹੈ ਤੇ ਉਸ 'ਤੇ ਕੇਸ ਚੱਲਣ ਲੱਗਾ ਹੈ। ਇਹ ਵੀ ਸਿਰਫ਼ ਤੇ ਸਿਰਫ਼ ਤਾਂ ਸੰਭਵ ਹੋਇਆ ਕਿ ਜ਼ਿਲੇ ਗੁਰਦਾਰਪੁਰ ਦੀਆਂ ਲੜਾਕੂ ਤੇ ਸਿਖਿਆ ਦੇ ਪਰਉਪਕਾਰ ਪ੍ਰਤੀ ਸੁਚੇਤ ਅਧਿਆਪਕ ਜਥੇਬੰਦੀਆਂ ਗੌਰਮਿੰਟ ਟੀਚਰਜ਼ ਯੂਨੀਅਨ ਤੇ ਸਾਂਝੇ ਮੋਰਚੇ 'ਚ ਸ਼ਾਮਲ ਹੋਰ ਲੜਾਕੂ ਧਿਰਾਂ ਨੇ ਡੀ.ਈ.ਓ. ਤੇ ਮੰਤਰੀ ਦੇ ਲਗਾਤਾਰ ਪੁਤਲੇ ਸਾੜੇ। ਅਨੇਕਾਂ ਧਰਨੇ ਮੁਜ਼ਾਹਰੇ ਕਰ ਕੇ ਆਵਾਜ਼ ਮੀਡੀਆ ਰਾਹੀਂ ਉਪਰ ਤਕ ਪਹੁੰਚਾਈ। ਤਾਂ ਜਾ ਕੇ ਇਹ ਸਜ਼ਾ ਮਿਲੀ। ਅਜੇ ਉਸ ਸਮੇਂ ਦਾ ਫ਼ਰਨੀਚਰ ਤੇ ਸਾਇੰਸ ਫ਼ੰਡ ਦਾ ਹਿਸਾਬ ਕਰਨਾ ਬਾਕੀ ਹੈ। ਪਿਛਲੇ ਸਿਖਿਆ ਮੰਤਰੀ ਸਾਹਿਬ ਨੇ ਹੀ ਗੁਰਦਾਰਪੁਰ ਜ਼ਿਲੇ ਨਾਲ ਸਬੰਧਤ ਇਕ ਪ੍ਰਿੰਸੀਪਲ ਨੂੰ ਸਾਰੇ ਨਿਯਮ ਛਿੱਕੇ ਟੰਗ ਕੇ ਡੀ.ਪੀ.ਆਈ. (ਸਕੂਲ) ਪ੍ਰਸ਼ਾਸਨ ਲਾ ਦਿੱਤਾ ਤੇ ਉਸ ਨੇ ਕਰੋੜਾਂ ਰੁਪਏ ਦੇ ਘਪਲੇ ਕਰਨ ਵਾਲੇ ਕੁਝ ਗ਼ੈਰ ਅਧਿਆਪਕ ਕਰਮਚਾਰੀਆਂ ਨੂੰ ਇਹ ਹੁਕਮ ਕਰ ਕੇ ਬਹਾਲ ਕਰ ਦਿੱਤਾ ਕਿ ਉਨਾਂ ਵਲੋਂ ਕੀਤੇ ਭ੍ਰਿਸ਼ਟਾਚਾਰ ਦੀ ਰਕਮ ਵਿਆਜ਼ ਸਮੇਤ ਵਸੂਲ ਕਰ ਕੇ ਉਨਾਂ ਨੂੰ 'ਤੁਰੰਤ' ਬਹਾਲ ਕਰ ਦਿੱਤਾ ਜਾਵੇ। ਹੈ ਨਾ ਇਮਾਨਦਾਰੀ ਦਾ ਸ਼ਿਖ਼ਰ! ਇਸ ਅਧਿਕਾਰੀ ਵਿਰੁੱਧ ਕਈ ਕੇਸ ਵੀ ਚਲਦੇ ਸਨ ਤੇ ਕਈਆਂ ਵਿਚ ਤਾਜ਼ਾ-ਤਾਜ਼ਾ ਸਜ਼ਾ ਵੀ ਹੋਈ ਸੀ। ਫਿਰ ਵੀ ਉਸ ਨੂੰ ਐਨ ਮੌਕੇ 'ਤੇ ਸਟੇਟ ਐਵਾਰਡ ਦੇ ਕੇ ਨਿਵਾਜਿਆ ਗਿਆ, ਜੋ ਹੁਣ ਸਸਪੈਂਡ ਹੈ। ਹੋਰ ਵੀ ਕਈ ਕੁਝ ਉਨਾਂ ਕੀਤਾ ਪਰ ਮੰਤਰੀ ਜੀ ਬਰੀ ਦੇ ਬਰੀ ਹਨ ਤੇ 'ਵੱਡੀ ਸ਼ਕਤੀ' ਦੇ ਜ਼ੁਬਾਨੀ ਹੁਕਮ 'ਹੁਕਮ ਮੇਰੇ ਆਕਾ' ਕਹਿ ਕੇ ਮੰਨਣ ਵਾਲੇ ਕੀਤੇ ਦੀਆਂ ਸਜ਼ਾਵਾਂ ਭੁਗਤ ਰਹੇ ਹਨ।

ਸਵਾਲ ਤਾਂ ਕਈ ਹਨ ਪਰ ਸਵਾਲਾਂ ਦਾ ਸਵਾਲ ਇਹ ਹੈ ਕਿ 'ਜ਼ੁਬਾਨੀ ਹੁਕਮ' ਮੰਨ ਕੇ ਬੇਨਿਯਮੀਆਂ ਕਰਨ ਵਾਲੇ ਅਧਿਕਾਰੀਆਂ ਨੂੰ ਤਾਂ ਸਜ਼ਾਵਾਂ ਹੋਣੀਆਂ ਹੀ ਚਾਹੀਦੀਆਂ ਹਨ ਪਰ ਹੁਕਮ ਕਰਨ ਵਾਲੇ 'ਆਕਾ' ਕਿਉਂ ਬਚ ਜਾਣ? ਸਿਖਿਆ ਮੰਤਰੀ ਖ਼ੁਸ਼ਹਾਲ ਬਹਿਲ ਦੇ ਵੇਲੇ ਵੀ ਬੇਨਿਯਮੀਆਂ ਦੀ ਤੋਟ ਨਹੀਂ ਸੀ ਰਹੀ। ਪਰ ਹੁਣ ਤਾਂ ਸਿਖਿਆ ਵਿਭਾਗ ਵਿਚ ਸ਼ਾਇਦ ਹੀ ਕੋਈ ਅਧਿਕਾਰੀ ਹੋਵੇਗਾ ਜੋ ਨਿਯਮਾਂ ਦੀ ਪਾਲਣਾ ਕਰਨ ਦੀ ਜੁਅੱਰਤ ਕਰਦਿਆਂ 'ਵੱਡੀ ਸ਼ਕਤੀ' ਦਾ ਹੁਕਮ ਮੰਨਣ ਤੋਂ ਆਕੀ ਹੋਵੇ। ਜੇ ਡੀ.ਜੀ.ਐਸ.ਈ. ਕਾਹਨ ਸਿੰਘ ਪਨੂੰ ਨੇ ਬੜੀ ਹਿੰਮਤ ਤੇ ਦਲੇਰੀ ਨਾਲ ਸਿਖਿਆ ਵਿਭਾਗ ਨੂੰ ਬਚਾਉਣ ਲਈ ਦਿਆਨਤਦਾਰੀ ਨਾਲ ਨਿਯਮਾਂ ਨੂੰ ਲਾਗੂ ਕਰਨ ਦਾ ਸਾਹਸ ਭਰਪੂਰ ਪ੍ਰਗਟਾਵਾ ਕੀਤਾ ਹੈ ਤਾਂ ਕਿਧਰੇ ਪਿਛਲੇ ਸਿਖਿਆ ਮੰਤਰੀ ਵੇਲੇ ਕੰਮ ਕਰਦੇ ਡੀ.ਜੀ.ਐਸ.ਈ. ਕ੍ਰਿਸ਼ਨ ਕੁਮਾਰ ਵਾਲਾ ਹਾਲ ਨਾ ਹੋਵੇ। ਸੁਹਿਰਦ ਲੋਕਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਐਸੇ ਸੁਹਿਰਦ ਅਫ਼ਸਰਾਂ ਨੂੰ ਹੱਲਾਸ਼ੇਰੀ ਮਿਲਣੀ ਹੀ ਚਾਹੀਦੀ ਹੈ। ਵਰਨਾ ਇਥੇ 'ਵੱਡੇ ਆਕਾ' ਦੇ ਆਖੇ ਅੱਖਾਂ ਮੀਟ ਕੇ ਕੰਮ ਕਰਨ ਵਾਲੇ ਅਧਿਕਾਰੀਆਂ ਦੀ ਤਾਦਾਦ ਵਧਦੀ ਹੀ ਜਾਵੇਗੀ। 'ਵੱਡੇ ਆਕਾ' ਦੇ ਕਹੇ ਬੇਨਿਯਮੀਆਂ ਕਰਨ ਵਾਲੇ ਜੇ ਇਕ ਬੇਨਿਯਮੀ ਉਸ ਦੇ ਕਹੇ ਕਰਦੇ ਹਨ ਤਾਂ ਅਨੇਕਾਂ ਆਪਣੀ ਪੱਧਰ 'ਤੇ ਵੀ ਕਰ ਲੈਂਦੇ ਹਨ। ਸਿੱਟੇ ਵਜੋਂ ਵਿਆਪਕ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋ ਜਾਂਦਾ ਹੈ। ਇਵੇਂ ਹੀ ਹੋ ਰਿਹਾ ਹੈ, ਜਿਸ ਨੂੰ ਅੱਜ ਰੋਕਣ ਦੀ ਲੋੜ ਹੈ। ਇਸ ਲਈ ਸਭ ਤੋਂ ਜ਼ਰੂਰੀ ਹੈ ਮੌਜੂਦਾ ਸਿਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਤੋਂ ਹਰ ਹਾਲਤ ਅਸਤੀਫ਼ਾ ਲਿਆ ਜਾਵੇ। ਜੇ ਉਹ ਆਪ ਅਸਤੀਫ਼ਾ ਨਹੀਂ ਦਿੰਦੇ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚਾਹੀਦਾ ਹੈ ਕਿ ਉਨਾਂ ਨੂੰ ਬਿਨਾਂ ਦੇਰੀ ਮੰਤਰੀ ਪਦ ਤੋਂ ਲਾਂਭੇ ਕਰ ਦੇਣ ਅਤੇ ਸਰਵ ਸਿਖਿਆ ਅਭਿਆਨ ਵਲੋਂ ਆਈ. 9.28 ਕਰੋੜ ਦੀ ਗ੍ਰਾਂਟ ਸਮੇਤ ਸਾਰੀਆਂ ਗ੍ਰਾਂਟਾਂ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਈ ਜਾਵੇ। ਇਸ ਜਾਂਚ ਵਿਚ ਕਾਂਗਰਸ ਵੇਲੇ ਦੇ ਮੰਤਰੀਆਂ ਨੂੰ ਵੀ ਸ਼ਾਮਲ ਕਰ ਲੈਣਾ ਵਿਭਾਗ ਲਈ ਹੋਰ ਵੀ ਲਾਹੇਵੰਦ ਰਹੇਗਾ।

ਇਸ ਸਭ ਕੁਝ ਤੋਂ ਬਹੁਤ ਹੀ ਜ਼ਰੂਰੀ ਸਵਾਲ ਉਭਰਦੇ ਹਨ, ਜਿਨਾਂ ਦਾ ਜੁਆਬ ਪ੍ਰਾਪਤ ਕਰਨਾ ਚਾਹੀਦਾ ਹੈ।

1. 'ਫਰੈਂਡਜ਼ ਇੰਟਰਪ੍ਰਾਈਜ਼ਜ਼' ਨਾਂ ਦੀ ਸਰਦੂਲਗੜ (ਮਾਨਸਾ) ਵਿਖੇ ਸੀਮਿੰਟ ਦੀਆਂ ਪਾਈਪਾਂ ਬਣਾਉਣ ਵਾਲੀ ਕੰਪਨੀ ਰਾਤੋ-ਰਾਤ 'ਕਿਤਾਬਾਂ ਕਾਪੀਆਂ-ਸਟੇਸ਼ਨਰੀ' ਦੀ ਫ਼ਰਮ ਵਿਚ ਕਿਉਂ ਤੇ ਕਿਵੇਂ ਤਬਦੀਲ ਹੋ ਗਈ?
2. ਪੁਸਤਕਾਂ ਖਰੀਦਣ ਲਈ ਚਾਰੇ ਹੀ ਕਮੇਟੀ ਮੈਂਬਰ ਸਿਖਿਆ ਮੰਤਰੀ ਦੇ ਆਪਣੇ ਹੀ ਇਲਾਕੇ 'ਚੋਂ ਕਿਉਂ ਲਏ ਗਏ?
3. ਪੁਸਤਕਾਂ ਦੀ ਚੋਣ ਤਾਂ ਬਹੁਤ ਹੀ ਨਾਜ਼ੁਕ ਮਸਲਾ ਹੈ, ਫਿਰ ਹੋਰ ਵਿਸ਼ਾ ਮਾਹਰਾਂ, ਭਾਸ਼ਾ ਵਿਗਿਆਨੀਆਂ, ਲੇਖਕਾਂ ਤੇ ਹੋਰ ਬੁੱਧੀਜੀਵੀਆਂ ਵਿਚੋਂ ਕੁਝ ਇਕ ਨੂੰ ਪੁਸਤਕਾਂ ਦੀ ਪਛਾਣ ਲਈ ਕਿਉਂ ਨਾ ਚੁਣਿਆ ਗਿਆ?
4. ਸਾਇੰਸ ਕਿੱਟਾਂ ਦੇ 7.5 ਕਰੋੜ ਵੇਲੇ ਵੀ ਇਜ ਹੀ ਕਿਉਂ ਕੀਤਾ ਗਿਆ?
5. ਮੈਥ-ਸਾਇੰਸ ਪ੍ਰੈਕਟੀਕਲ ਕਾਪੀਆਂ ਦੀ ਖ਼ਰੀਦ ਲਈ ਵੀ ਇਸੇ ਤਰਾਂ ਦੇ ਹੀ ਹੁਕਮ ਕਿਉਂ ਹੋਏ?
6. ਸਿਖਿਆ ਮੰਤਰੀ ਦੀ ਨੂੰਹ ਮੈਡਮ ਪਰਮਪਾਲ ਕੌਰ ਨੂੰ ਪੰਚਾਇਤ ਵਿਭਾਗ ਤੋਂ ਡੈਪੂਟੇਸ਼ਨ 'ਤੇ ਸਿੱਧੇ ਡੀ.ਜੀ.ਐਸ.ਈ. ਦਫ਼ਤਰ ਵਿਖੇ ਐਡੀਸ਼ਨਲ ਸਟੇਟ ਪ੍ਰੋਜੈਕਟ ਡਾਇਰੈਕਟਰ ਦੇ ਵੱਡੇ ਅਹੁਦੇ 'ਤੇ ਕਿਉਂ ਨਿਯੁਕਤ ਕੀਤਾ ਗਿਆ?
7. ਮੈਡਮ ਪਰਮਪਾਲ ਕੌਰ ਨੂੰ ਸਰਵ ਸਿਖਿਆ ਅਭਿਆਨ ਦੀਆਂ ਸਾਰੀਆਂ ਵਿੱਤੀ ਸ਼ਕਤੀਆਂ ਕਿਉਂ ਸੌਂਪੀਆਂ ਗਈਆਂ ਅਤੇ ਐਸ.ਐਸ.ਏ., ਰਮਸਾਂ, ਪੰਜਾਬ ਸਿਖਿਆ ਵਿਕਾਸ ਬੋਰਡ, ਸਾਖਰ ਭਾਰਤ ਮਿਸ਼ਨ, ਮਿਡ-ਡੇ ਮੀਲ, ਆਈ.ਸੀ.ਟੀ., ਐਜੂਸੈਟ ਆਦਿ-ਆਦਿ ਦਾ ਇੰਚਾਰਜ ਇਕੱਲਿਆਂ ਨੂੰ ਹੀ ਕਿਉਂ ਬਣਾ ਦਿੱਤਾ ਗਿਆ?
8. ਕੀ ਕਿਸੇ ਮੰਤਰੀ ਨੂੰ ਆਪਣੇ ਵਿਭਾਗ ਵਿਚ ਆਪਣੇ ਪਰਿਵਾਰ ਦੇ ਜੀਆਂ ਨੂੰ ਜਾਂ ਹੋਰ ਕਿਸੇ ਨਜ਼ਦੀਕੀ ਨੂੰ ਉਚੇਚੇ ਨਿਯੁਕਤ ਕਰਨ ਦਾ ਸੰਵਿਧਾਨਕ ਅਧਿਕਾਰ ਹੈ?
9. ਸਾਇੰਸ/ਮੈਥ ਪ੍ਰੈਕਟੀਕਲ ਕਾਪੀਆਂ ਦੀ ਖ਼ਰੀਦ ਵੇਲੇ ਵੀ ਨੋਡਲ ਅਧਿਕਾਰੀ ਅਜੀਤਗੜ ਦੇ ਡੀ.ਈ.ਓ. (ਐਲੀ.) ਵਿਨੋਦ ਕੁਮਾਰ ਹੀ ਕਿਉਂ ਸਨ ਅਤੇ ਉਸ ਨੂੰ ਸਿਖਿਆ ਮੰਤਰੀ ਦੇ ਨੇੜੇ ਕਿਉਂ ਮਿਥਿਆ ਜਾਂਦਾ ਹੈ?
10. ਪੁਸਤਕਾਂ ਦੀ ਖ਼ਰੀਦ 'ਤੇ ਆਮ ਤੌਰ 'ਤੇ 50 ਫੀਸਦੀ ਤਕ ਦੀ ਛੋਟ ਦਿੱਤੀ ਜਾਂਦੀ ਹੈ। ਹੁਣ ਅਜਿਹਾ ਕਿਉਂ ਨਹੀਂ ਹੋਇਆ?
11. 27 ਮਈ ਦੀਆਂ ਅਖ਼ਬਾਰਾਂ ਮੁਤਾਬਕ 'ਫਰੈਂਡਜ਼ ਇੰਟਰਪ੍ਰਾਈਜ਼ਜ਼' ਕੰਪਨੀ ਦਾ ਮਾਲਕ ਨਵਜੋਤ ਸਿੰਘ 4-5 ਚਿੱਟ ਕਪੜੀਏ ਸਹਿਯੋਗੀਆਂ ਨੂੰ ਨਾਲ ਲੈ ਕੇ ਵੱਖ-ਵੱਖ ਪਬਲਿਸ਼ਰਾਂ ਕੋਲ ਗਿਆ ਸੀ ਤੇ 'ਸਰਕਾਰ' ਨਾਲ ਅਤਿਅੰਤ ਨੇੜਤਾ ਦਾ ਦਾਅਵਾ ਕਰਦਾ ਹੋਇਆ ਕਹਿੰਦਾ ਸੀ ਕਿ ਚੈੱਕ 'ਤੇ ਆਰਡਰ ਉਸ ਦੀ ਜੇਬ ਵਿਚ ਹਨ। ਉਹ ਪਬਲਿਸ਼ਰਾਂ ਨੂੰ ਪੁਸਤਕਾਂ ਦੇ ਰੇਟ ਤਿਗੁਣੇ-ਚੌਗੁਣੇ ਕਰਨ ਲਈ ਪ੍ਰੇਰਦਾ ਸੀ। ਇਸ ਪਿਛੇ ਸਚਾਈ ਕੀ ਹੈ?
12. ਪੁਸਤਕਾਂ ਖ਼ਰੀਦਣ ਲਈ ਟੈਂਡਰਾਂ ਲਈ ਅਖ਼ਬਾਰਾਂ ਵਿਚ ਇਸ਼ਤਿਹਾਰ ਕਿਉਂ ਨਹੀਂ ਦਿੱਤੇ ਗਏ? ਕਿਸ ਦੇ ਹੁਕਮ 'ਤੇ ਇੰਜ ਕੀਤਾ ਗਿਆ?
13. ਸਾਬਕਾ ਜੱਜ ਜਿੰਦਲ 'ਤੇ ਜੇ ਇਤਰਾਜ ਉਠੇ ਹਨ ਤਾਂ ਜਾਂਚ ਸੀ.ਬੀ.ਆਈ. ਨੂੰ ਕਿਉਂ ਨਹੀਂ ਦਿੱਤੀ ਜਾ ਰਹੀ?
14. ਕੀ ਸਰਵ ਸਿਖਿਆ ਅਭਿਆਨ ਦੇ ਫ਼ੰਡਾਂ ਵਿਚ ਲਗਾਤਾਰ ਹੋ ਰਹੇ ਘੁਟਾਲਿਆਂ ਨੂੰ 2ਜੀ ਸਪੈਕਟ੍ਰਮ, ਖੇਡ ਘੁਟਾਲੇ, ਕੋਇਲਾ ਘੁਟਾਲਾ, ਕ੍ਰਿਕਟ ਫ਼ਿਕਸਿੰਗ ਘੁਟਾਲੇ, ਚੌਟਾਲਾ ਦਾ ਈ.ਟੀ.ਟੀ. ਭਰਤੀ ਘੁਟਾਲਾ ਆਦਿ ਨਾਲ ਜੋੜ ਕੇ ਵੇਖਣਾ ਘੋਖਣਾ ਨਹੀਂ ਬਣਦਾ?
15. ਕੀ ਕੋਈ ਸੁਹਿਰਦ ਤੇ ਨਿਰਪੱਖ ਜਾਂਚ ਸਬੰਧਤ ਮੰਤਰੀ ਦੇ ਅਸਤੀਫ਼ੇ ਬਗ਼ੈਰ ਸੰਭਵ ਹੋ ਸਕਦੀ ਹੈ?

ਗ਼ਰੀਬਾਂ ਦੀ ਸਿਖਿਆ ਨੂੰ ਪਰਉਪਕਾਰੀ ਬਣਾਉਣ ਲਈ, ਵਿਭਾਗ ਨੂੰ ਬਚਾਉਣ ਲਈ ਇਨਾਂ ਸਵਾਲਾਂ ਦੇ ਉਤਰ ਜ਼ਰੂਰੀ ਹਨ।

ਸਫਾ 20 ਦੀ ਬਾਕੀ

# ਕਮਿਊਨਿਸਟ ਨੈਤਿਕਤਾ ਤੇ ਅਮਲਾਂ ਦਾ ਸੁਮੇਲ ਸਤਿਆਪਾਲ ਡਾਂਗ

ਕਮਿਊਨਿਸਟ ਦੇ ਸ੍ਰੇਸ਼ਠ ਗੁਣਾਂ ਵਿਚ ਕਹਿਣੀ ਤੇ ਕਰਨੀ ਦਾ ਸੁਮੇਲ ਹੋਣਾ ਸ਼ਾਮਲ ਹੈ ਅਤੇ ਸਾਥੀ ਡਾਂਗ ਦੇ ਲੰਬੇ ਰਾਜਨੀਤਕ ਜੀਵਨ ਵਿਚੋਂ ਇਸ ਦੇ ਪਾੜੇ ਦੀ ਇਕ ਵੀ ਮਿਸਾਲ ਨਹੀਂ ਮਿਲਦੀ। ਇਥੇ ਹੀ ਮੈਨੂੰ ਟਰੇਡ ਯੂਨੀਅਨ ਵਿਚ ਸਰਗਰਮੀ ਕਰਦਿਆਂ ਸਾਥੀ ਡਾਂਗ ਦੇ ਜੀਵਨ ਤੇ ਅਮਲਾਂ ਨੂੰ ਨੇੜਿਓਂ ਹੋ ਕੇ ਦੇਖਣ ਦਾ ਮੌਕਾ ਮਿਲਿਆ, ਜੋ ਸੱਚਮੁਚ ਹੀ ਕਮਿਊਨਿਸਟ ਮਿਸਾਲੀ ਜੀਵਨ ਸੀ। ਸਾਥੀ ਡਾਂਗ 1964 ਦੀ ਕਮਿਊਨਿਸਟ ਪਾਰਟੀ ਦੀ ਵੰਡ ਸਮੇਂ ਸੀ.ਪੀ.ਆਈ. ਨਾਲ ਰਹੇ ਤੇ ਪਾਰਟੀ ਦੀਆਂ ਉਚ ਕਮੇਟੀਆਂ ਵਿਚ ਚੁਣੇ ਗਏ। ਉਹ ਏਟਕ ਦੇ ਵੀ ਵੱਡੇ ਆਗੂ ਸਨ। ਮੈਂ ਸੀ.ਪੀ.ਆਈ.(ਐਮ) ਵਿਚ ਕੁਲ ਵਕਤੀ ਸਾਂ ਤੇ ਛੇਹਰਟੇ ਵਿਚ ਟਰੇਡ ਯੂਨੀਅਨ (ਸੀਟੂ) ਨੂੰ ਮਜ਼ਬੂਤ ਕਰਨ ਲਈ ਸਰਗਰਮ ਸਾਂ। ਸਾਡੇ ਸੀ.ਪੀ.ਆਈ. ਨਾਲ ਡੂੰਘੇ ਮਤਭੇਦ ਸਨ। ਪਰ ਜਿਸ ਤਰ੍ਹਾਂ ਟਰੇਡ ਯੂਨੀਅਨਾਂ ਅਤੇ ਦੋਨਾਂ ਪਾਰਟੀਆਂ ਦੇ ਸਾਂਝੇ ਘੋਲਾਂ ਦੌਰਾਨ ਸਾਥੀ ਡਾਂਗ ਨੇ ਸੁਹਿਰਦਤਾ, ਦਲੇਰੀ ਤੇ ਇਮਾਨਦਾਰੀ ਨਾਲ ਆਗੂ ਰੋਲ ਅਦਾ ਕੀਤਾ, ਉਹ ਬਹੁਤ ਹੀ ਨਿਵੇਕਲਾ ਤੇ ਪ੍ਰਭਾਵਤ ਕਰਨ ਵਾਲਾ ਸੀ। ਸਾਥੀ ਸਤਪਾਲ ਡਾਂਗ ਨੇ ਪੰਜਾਬ ਅੰਦਰ ਅੱਤਵਾਦ ਦੇ ਖ਼ਤਰੇ ਦਾ ਆਪ ਤੇ ਦੂਸਰੀਆਂ ਦੇਸ਼ ਭਗਤ ਸ਼ਕਤੀਆਂ ਨਾਲ ਮਿਲ ਕੇ ਸਿਧਾਂਤਕ ਤੇ ਅਮਲੀ ਰੂਪ ਵਿਚ ਮੁਕਾਬਲਾ ਹੀ ਨਹੀਂ ਕੀਤਾ ਸਗੋਂ ਜਨ ਸਮੂਹਾਂ ਨੂੰ ਇਸ ਖ਼ਤਰੇ ਵਿਰੁੱਧ ਖੜੇ ਹੋਣ ਲਈ ਪ੍ਰੇਰਨਾ ਸਰੋਤ ਦਾ ਕੰਮ ਵੀ ਕੀਤਾ। ਡਾਂਗ ਜਲ੍ਹਿਆਂ ਵਾਲੇ ਬਾਗ ਦੀ ਮਹਾਨ ਵਿਰਾਸਤ ਨੂੰ ਕਾਇਮ ਰੱਖਣਾ ਚਾਹੁੰਦੇ ਸਨ, ਜਿਥੇ ਅੰਗਰੇਜ਼ੀ ਸਾਮਰਾਜ ਵਿਰੁੱਧ ਆਜ਼ਾਦੀ ਦੀ ਲੜਾਈ ਲੜਦਿਆਂ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਸਾਂਝਾ ਖ਼ੂਨ ਡੋਲ੍ਹਿਆ ਸੀ ਤੇ ਦਹਿਸ਼ਤਗਰਦਾਂ ਦੇ ਰੂਪ ਵਿਚ ਦੇਸ਼ ਧਰੋਹੀ ਸ਼ਕਤੀਆਂ ਉਸ ਵਿਰਾਸਤ ਨੂੰ ਤਬਾਹ ਕਰਨ 'ਤੇ ਤੁਲੀਆਂ ਹੋਈਆਂ ਸਨ।

ਅੱਜ ਜਦੋਂ ਭਾਰਤੀ ਰਾਜਸੀ-ਆਰਥਕ ਪ੍ਰਬੰਧ ਨੇ ਨਵਉਦਾਰਵਾਦੀ ਨੀਤੀਆਂ ਅਪਣਾ ਕੇ ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੇ ਦੌਰ ਵਿਚ ਪ੍ਰਵੇਸ਼ ਕਰ ਲਿਆ ਹੈ, ਜਿਥੇ ਭ੍ਰਿਸ਼ਟਾਚਾਰ, ਪੂੰਜੀ ਇਕੱਤਰ ਕਰਨ ਦੀ ਹੋੜ ਤੇ ਹਰ ਬੇਅਸੂਲੇ ਢੰਗ ਨਾਲ ਸੱਤਾ ਉਪਰ ਕਬਜ਼ਾ ਕਰਨ ਦੀ ਦੌੜ ਲੱਗੀ ਹੋਈ ਹੈ, ਉਸ ਸਮੇਂ ਸਾਥੀ ਸਤਪਾਲ ਡਾਂਗ ਦੇ ਅਗਾਂਹਵਧੂ ਰਾਜਨੀਤੀ ਨੂੰ ਚਾਰ ਚੰਦ ਲਾਉਣ ਵਾਲੇ ਅਮਲਾਂ ਅਤੇ ਕਾਰਨਾਮਿਆਂ ਦੀਆਂ ਰਵਾਇਤਾਂ ਨੂੰ ਭਾਰੀ ਢਾਅ ਲੱਗੀ ਹੋਈ ਹੈ। ਲੁਟੇਰੇ ਰਾਜਨੀਤੀਵਾਨਾਂ ਨੇ ਰਾਜਨੀਤੀ ਸ਼ਬਦ ਨੂੰ ਹੀ "ਲੁੱਟ ਖਸੁੱਟ ਤੇ ਬੇਅਸੂਲੇਪਨ" ਵਿਚ ਤਬਦੀਲ ਕਰ ਦਿੱਤਾ ਹੈ ਜਦਕਿ ਸਾਥੀ ਡਾਂਗ ਦੇਸ਼ ਤੇ ਦੁਨੀਆ ਭਰ ਵਿਚ ਅੱਜ ਤਕ ਮਾਨਵਤਾ ਦੇ ਕਲਿਆਣ ਕਰਨ ਹਿੱਤ ਚੱਲੀਆਂ ਸਮੁੱਚੀਆਂ ਰਾਜਸੀ ਲਹਿਰਾਂ ਦੇ ਅੰਗ ਵਜੋਂ ਐਸੀ ਮਨੁੱਖੀ ਤਸਵੀਰ ਸੀ, ਜਿਸ ਨੇ ਆਪਣੀ ਜ਼ਿੰਦਗੀ ਵਿਚ ਰਾਜਨੀਤੀ ਨੂੰ ਸਹੀ ਅਰਥਾਂ ਵਿਚ ਸਮਾਜਕ ਤਬਦੀਲੀ ਦੇ ਸਾਧਨ ਵਜੋਂ ਅਪਣਾ ਕੇ ਵੱਖਰੀ ਮਿਸਾਲ ਪੇਸ਼ ਕੀਤੀ ਹੈ। ਜਦੋਂ ਕੋਈ ਸਵਾਲ ਕਰਦਾ ਹੈ ਕਿ ਦੇਸ਼ ਵਿਚ ਇਨਕਲਾਬੀ ਲਹਿਰ ਦਾ ਭਵਿੱਖ ਕਿਵੇਂ ਉਜਲ ਹੋਵੇ, ਜਿਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦੇ ਖ਼ਾਤਮੇ ਵਾਲਾ ਸਮਾਜ ਸਿਰਜਿਆ ਜਾ ਸਕੇ ਤਦ ਮੂੰਹੋਂ ਸਹਿਜੇ ਹੀ ਨਿਕਲ ਜਾਂਦਾ ਹੈ ਕਿ ਜੇਕਰ ਅਸੀਂ ਕਮਿਊਨਿਸਟ ਲਹਿਰ ਰਾਜਨੀਤਕ ਸੇਧਾਂ ਤੇ ਸਿਧਾਂਤਾਂ ਦੇ ਇਨਕਲਾਬੀ ਅਮਲਾਂ ਦਾ ਸੁਮੇਲ ਸਾਥੀ ਪੀ. ਸੁੰਦਰਈਆ ਅਤੇ ਸਾਥੀ ਸਤਪਾਲ ਡਾਂਗ ਦੀਆਂ ਅਮਲੀ ਜ਼ਿੰਦਗੀਆਂ ਦੇ ਰੂਪ ਵਿਚ ਉਭਾਰ ਸਕੀਏ ਤਦ ਸਹਿਜੇ ਹੀ ਮਜ਼ਬੂਤ ਇਨਕਲਾਬੀ ਧਾਰਾ ਸਿਰਜ ਕੇ ਸੰਪੂਰਨ ਸਮਾਜਕ ਤਬਦੀਲੀ ਦਾ ਟੀਚਾ ਬਿਨਾਂ ਸ਼ੱਕ ਹਾਸਲ ਕੀਤਾ ਜਾ ਸਕਦਾ ਹੈ। ਇਸ ਟੀਚੇ ਨੂੰ ਹਾਸਲ ਕਰਨ ਲਈ ਇਨਕਲਾਬੀ ਪਾਰਟੀ ਦੀ ਉਸਾਰੀ ਕਰ ਕੇ ਅਤੇ ਜਨਤਕ ਲੀਹਾਂ 'ਤੇ ਪ੍ਰਤੀਰੋਧ ਕਰਨਾ ਹੀ ਸਾਥੀ ਸਤਪਾਲ ਡਾਂਗ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

Harjeet Sandhu
"Serving all your Real Estate needs"
REALTOR

ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।

"CONVERTING YOUR DREAMS INTO REALITY"



(780) 233-3100
Friendly Service & Free Market Evaluation



To view Thousands of properties online visit:
www.harjeetsandhu.com

harjsandhu@gmail.com

Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris

Member - Edmonton Real Estate Board, Residential & Commercial Divsion

ਲੜੀਵਾਰ ਛਪਣ ਵਾਲੀ ਕਹਾਣੀ

# ਕੁੱਤੀ ਵਿਹੜਾ



ਮਨਿੰਦਰ ਸਿੰਘ ਕਾਂਗ

ਪੰਜਾਬੀ ਦੇ ਸਮਰੱਥ ਕਹਾਣੀਕਾਰ ਅਤੇ ਆਲੋਚਕ ਮਨਿੰਦਰ ਕਾਂਗ ਪਿਛਲੇ ਦਿਨੀਂ ਅਚਾਨਕ ਹੀ ਸਦਾ ਲਈ ਤੁਰ ਗਏ। ਮਨਿੰਦਰ ਕਾਂਗ ਨੇ ਪੰਜਾਬੀ ਦੀ ਲੰਮੀ ਕਹਾਣੀ ਵਿਚ ਬਿਲਕੁਲ ਨਵੇਂ ਤਜਰਬੇ ਕੀਤੇ। ਪਿਛਲੇ ਕੁਝ ਸਾਲਾਂ ਵਿਚ ਉਨ੍ਹਾਂ ਦੀਆਂ ਕਹਾਣੀਆਂ 'ਦੋ ਤਲਵਾਰਾਂ ਬੱਧੀਆਂ', 'ਭਾਰ' ਅਤੇ 'ਕੁੱਤੀ ਵਿਹੜਾ' ਪੰਜਾਬੀ ਸਾਹਿਤ ਵਿਚ ਸ਼ਾਹਕਾਰ ਰਚਨਾਵਾਂ ਵਜੋਂ ਦਰਜ ਹੋਈਆਂ। 'ਨਵੀਂ ਦੁਨੀਆ' ਵਿਚ ਉਨ੍ਹਾਂ ਦੀ ਬੇਹੱਦ ਚਰਚਿਤ ਕਹਾਣੀ 'ਕੁੱਤੀ ਵਿਹੜਾ' ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਲੜੀਵਾਰ ਛਾਪਣ ਦੀ ਖੁਸ਼ੀ ਲਈ ਜਾ ਰਹੀ ਹੈ। ਇਹ ਕਹਾਣੀ ਤਿੰਨ ਕਾਲ ਖੰਡਾਂ ਵਿਚ ਫੈਲੀ ਹੋਈ ਹੈ, ਵਰਤਮਾਨ ਤੋਂ ਪ੍ਰਾਰੰਭ ਹੋ ਕੇ ਗੁਰੂ ਰਾਮਦਾਸ ਜੀ ਦੇ ਕਾਲ ਤਕ ਅਤੇ ਇਨ੍ਹਾਂ ਦੋਹਾਂ ਦੇ ਵਿਚਕਾਰਲੇ (ਮੱਧਕਾਲ) ਨੂੰ ਆਪਣੇ ਕਲੇਵਰ ਵਿਚ ਲੈਂਦੀ ਹੈ।

-ਸੰਪਾਦਕ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਦਰਅਸਲ ਮੁਲਖੇ ਦੇ ਅੰਦਰਲਾ ਕਮੀਨਾਪਣ ਉਹਨੂੰ ਵਿਰਾਸਤ ਵਿਚ ਮਿਲਿਆ ਸੀ। ਮੁਲਖਾ ਏਸੇ ਵਿਹੜੇ ਦੇ ਪੁਰਾਣੇ ਲੁਟੇਰੇ 'ਛੋਟੇ ਤੁਤਰੀ' ਦੀ ਔਲਾਦ ਸੀ। 'ਛੋਟਾ ਤੁਤਰ', ਜਿਹੜਾ ਕਿ ਸੰਨ ਸੰਤਾਲੀ ਵੇਲੇ ਦਾ ਮੰਨਿਆ ਲੁਟੇਰਾ ਤੇ ਕਾਤਲ ਸੀ! ਉਹਦਾ ਵੱਡਾ ਭਰਾ, ਜੀਹਨੂੰ ਵੱਡਾ ਤੁਤਰੀ ਕਹਿੰਦੇ ਸਨ, ਉਸਤੋਂ ਵੀ ਵੱਡਾ ਬਦਮਾਸ਼ ਸੀ। ਅੰਬਰਸਰ ਸ਼ਹਿਰ ਵਿਚ ਖੱਤਰੀਆਂ-ਰਾਜਪੂਤਾਂ ਦੇ ਦੋ ਵੱਡੇ ਬਦਮਾਸ਼ ਹੋਏ ਸਨ, ਇਕ ਦਾ ਨਾਂ ਢੱਗਾ ਸੀ, ਜਿਹੜਾ ਕਿ ਲੂਣ ਮੰਡੀ ਦਾ ਤੇ ਲਛਮਣਸਰ ਦਾ ਇਲਾਕਾ ਮੱਲਕੇ ਰੱਖਦਾ ਸੀ। ਉਹ ਜਾਤ ਦਾ ਹਿੰਦੂ 'ਨੰਦਾ' ਸੀ। ਦੂਸਰੇ ਬਦਮਾਸ਼ ਇਧਰ ਬਾਬਾ ਸਾਹਿਬ ਚੌਂਕ, ਆਟਾ ਮੰਡੀ ਤੇ ਫਰੀਦ ਦੇ ਚੌਂਕ ਦੇ ਦੋ ਭਾਟੀਏ ਭਰਾ ਸਨ। ਦੋਵੇਂ ਸਿੱਖ ਸਨ, ਪਰ ਵੇਲੇ-ਕੁਵੇਲੇ ਮੂੰਹ-ਸਿਰ ਮੁੰਨਾ ਛੱਡਦੇ ਸਨ। ਦੋਹੇਂ ਜਗਤਾ-ਭਗਤਾ ਦੇ ਨਾਂ ਨਾਲ ''ਭਾਟੀਏ ਭਰਾ' ਮਸ਼ਹੂਰ ਸਨ। ਢੱਗੇ ਦੇ ਗਰੁੱਪ ਦੀ ਤੇ ਜਗਤੇ-ਭਗਤੇ ਦੇ ਗਰੁੱਪ ਦੀ ਆਪਸ ਵਿਚ ਬੜੀ ਖੜਕਦੀ ਸੀ। ਜਗਤਾ-ਭਗਤਾ ਦਾ ਅਸਲ ਕੰਮ ਪੂਰਬ ਦੀਆਂ ਜਨਾਨੀਆਂ ਸਸਤੀਆਂ ਲਿਆ ਕੇ ਏਧਰ ਪੰਜਾਬ ਵਿਚ ਵੇਚਣ ਦਾ ਧੰਦਾ ਸੀ। ਉਹਨਾਂ ਤੇ ਮਾਰ ਅੰਬਰਸਰ ਦੇ ਅੱਧਿਓਂ ਵਧ ਛੜੇ, ਪੂਰਬਣਾਂ ਵੇਚ-ਵੇਚ ਵੱਸਾ ਛੱਡੇ ਸਨ। ਢੱਗਾ ਪਰ ਧਰਮੀ ਬੰਦਾ ਸੀ। ਉਹ ਏਦਾਂ ਦੇ ਕੰਮਾਂ-ਕਾਰਾਂ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਦਾ ਸੀ। ਪਰ ਇਕ ਕੰਮ ਤੇ ਆਕੇ ਦੋਹੇਂ ਧੜੇ ਇਕੋ ਸੋਚ ਤੇ ਖੜੋ ਜਾਂਦੇ ਸਨ! ਜਦੋਂ ਅੰਬਰਸਰ ਦੇ ਮੁਸਲਮਾਨ ਤਾਜੀਏ ਕੱਢਦੇ ਤਾਂ ਢੱਗਾ ਡਾਂਗ ਲੈ ਕੇ ਖੜੋ ਜਾਂਦਾ, ਨਾਲ ਉਹਦੇ ਚਮਚੇ ਹੁੰਦੇ। ਡਰਦੇ ਮੁਸਲਮਾਨ ਲੂਣ-ਮੰਡੀ ਵਿਚੋਂ ਤਾਜੀਏ ਲੈ ਕੇ ਨਹੀਂ ਸਨ ਨਿਕਲਦੇ। ਉਧਰ ਭਾਟੀਏ ਭਰਾ ਬਾਬਾ ਸਾਹਿਬ ਚੌਂਕ ਤੇ ਬਾਬਾ ਅਟੱਲ ਗੁਰਦੁਆਰੇ ਤੋਂ ਲੈ ਕੇ ਮੰਗਲ ਪਕੌੜਿਆਂ ਵਾਲੇ ਤੇ ਪ੍ਰਾਗਦਾਸ ਚੌਂਕ ਤੱਕ ਆਪਣੇ ਬਦਮਾਸ਼ ਲੈ ਕੇ ਖੜੇ ਹੁੰਦੇ। ਡਰਦੇ ਮੁਸਲਮਾਨ ਫਰੀਦ ਦੇ ਚੌਂਕ ਤੇ ਚੌਂਕ ਚਬੂਤਰੇ ਤੇ ਪਾਸੀਆਂ ਬਜ਼ਾਰ ਜਾਂ ਢਾਬ ਖਟੀਕਾਂ ਤੱਕ ਦੇ ਗੇੜੇ ਦੇਂਦੇ ਸਨ। ਦੋ ਵਾਰ ਹਮਲੇ ਹੋਏ ਸਨ। ਇਕ ਵਾਰ ਖਟੀਕ ਇਕੱਠੇ ਹੋਕੇ ਭਾਟੀਏ ਭਰਾਵਾਂ ਨੂੰ ਪਏ ਸਨ ਤੇ ਦੋਵੇਂ ਧਿਰਾਂ ਦੇ ਸਿਰ ਪਾਟੇ ਸਨ। ਇਕ ਵਾਰ ਹੋਰ ਦੀ ਗੱਲ ਹੈ, ਸੁਲਤਾਨ ਵਿੰਡ ਗੇਟ ਦੇ ਬਾਹਰ ਰਹਿੰਦੇ ਚਮਰੰਗ ਇਕੱਠੇ ਹੋਕੇ 'ਅੱਲਾ ਹੂ ਅਕਬਰ' ਦੇ ਨਾਅਰੇ ਮਾਰਦੇ ਢੱਗੇ ਬਦਮਾਸ਼ ਨੂੰ ਪੈ ਗਏ ਸਨ। ਅਗੇ ਢੱਗੇ ਦੇ ਸਾਥੀ ਤੇ ਤਗੜੇ ਸਨ, ਪਰ ਢੱਗੇ ਨੇ ਇਕੱਲੇ ਨੇ ਉਹ ਡਾਂਗ ਵਾਹੀ ਕਿ ਸੈਂਕੜਿਆਂ ਦੀ ਗਿਣਤੀ ਵਿਚ ਆਏ ਚਮਰੰਗ ਕਈ ਬੰਦੇ ਮਰਵਾ ਕੇ ਭੱਜ ਗਏ ਸਨ। ਉਧਰ ਅੰਗਰੇਜ਼ ਹਾਕਮ ਤੇ ਚਾਹੁੰਦੇ ਇਹੀ ਸੀ! ਉਹਨਾਂ ਦੇ ਹੁਕਮ ਕਾਰਨ ਢੱਗੇ ਤੇ ਪੁਲੀਸ ਨੇ ਕੋਈ ਕੇਸ ਨਾ ਪਾਇਆ, ਅਜੇ ਕਿ ਅੰਬਰਸਰ ਦੀ ਨੱਬੇ ਪਰਸੈਂਟ ਪੁਲਸ ਮੁਸਲਮਾਨ ਸੀ। ਮੁਸਲਮਾਨ ਥਾਣੇਦਾਰ ਬੜਾ ਤੜਫੇ ਸਨ, ਪਰ ਗੋਰੇ ਹਾਕਮਾਂ ਅਗੇ ਪੇਸ਼ ਨਹੀਂ ਸੀ ਗਈ!

\- - - -

...ਇਹੀ ਵੱਡਾ ਤੁਤਰੀ ਤੇ ਛੋਟਾ ਤੁਤਰੀ, ਦੋਹੇਂ ਭਰਾ ਢੱਗੇ ਦੇ ਹਜ਼ੂਰੀਏ ਬਦਮਾਸ਼ ਸਨ। ਜਦੋਂ ਸੰਨ ਪੰਜਾਹ ਵਿਚ ਜਗਤੇ ਭਾਟੀਏ ਤੇ ਭਗਤੇ ਭਾਟੀਏ ਨੇ ਇਕੱਲੇ ਤੇ ਨਿਹੱਥੇ ਕੁਰਸੀ ਤੇ ਬੈਠੇ ਢੱਗੇ ਬਦਮਾਸ਼ ਨੂੰ ਪਿੱਛੋਂ ਦੀ ਟਕੂਏ ਮਾਰ ਕੇ ਕਤਲ ਕੀਤਾ ਸੀ, ਉਦੋਂ ਹੀ ਉਹਨਾਂ ਨੇ ਛੋਟੇ ਤੁਤਰੀ ਤੇ ਤਿੰਨ੍ਹ-ਚਾਰ ਹੋਰ ਵੀ ਜੀ-ਹਜ਼ੂਰੀਏ ਮਾਰ ਘੱਤੇ ਸਨ। ਢੱਗੇ ਤੇ ਉਹਦੇ ਬਦਮਾਸ਼ਾਂ ਨੂੰ ਰਤਾ ਵੀ ਭਿਣਕ ਨਹੀਂ ਸੀ ਪੈ ਸਕੀ ਕਿ ਜਗਤਾ ਤੇ ਭਗਤਾ ਏਨਾ ਵਸਾਹ ਕੇ ਮਾਰਨਗੇ! ਨਹੀਂ ਤੇ ਸਾਰੇ ਹੀ ਅੰਬਰਸਰੀਏ ਬਦਮਾਸ਼ ਸਿਰ ਤੇ ਲੋਹੇ ਦੀ ਬਾਟੀ ਰੱਖ ਕੇ ਲੜਨ ਵਾਲੇ ਸਨ, ਉਹ ਸਿਰ ਦੀ ਸੱਟ ਨਾਲ ਕਿਥੇ ਮਰਦੇ ਸਨ? ਹਰ ਬਦਮਾਸ਼ ਸਿਰ ਤੇ ਲੋਹੇ ਦੀ ਬਾਟੀ ਬੰਨ੍ਹ ਕੇ ਪੱਗ ਬੰਨ੍ਹਦਾ ਸੀ!

\- - - -

ਉਦੋਂ ਮੁਲਖਾ ਅਜੇ ਛੋਟਾ ਸੀ। ਮੁਲਖੇ ਦੀ ਮਾਂ ਫਿੰਨੋ ਨੂੰ ਵੱਡੇ ਤੁਤਰੀ ਨਾਲ ਬਿਠਾ ਦਿੱਤਾ ਗਿਆ, ਪਰ ਵੱਡਾ ਤੁਤਰੀ ਭਰਾ ਦਾ ਵਿਯੋਗ ਹੀ ਏਨਾ ਮੰਨ ਗਿਆ ਕਿ ਪੰਤ-ਸੱਤ ਸਾਲ ਉਸ ਮਸਾਂ ਕੱਢੇ। ਬਸ ਉਹ ਏਨਾ ਕੁ ਕਰ ਗਿਆ ਕਿ ਮੁਲਖੇ ਨੂੰ ਵੱਡਾ ਕਰ ਗਿਆ ਸੀ ਤੇ ਢੋਲੀ ਬਣਾ ਗਿਆ ਸੀ!

\- - - -

ਏਸ ਬੰਟੀ ਮਸੀਹ ਦਾ ਦਾਦਾ ਵੀ ਵੱਡੇ ਤੇ ਛੋਟੇ ਤੁਤਰੀ ਵਾਂਗ ਲੁਟੇਰਾ ਰਿਹਾ ਸੀ। ਸੰਤਾਲੀ ਦੇ ਹੱਲਿਆਂ ਵੇਲੇ ਉਹਨੇ ਲੁੱਟਮਾਰ ਤੇ ਕਤਲ ਬਥੇਰੇ ਕੀਤੇ, ਪਰ ਗੁਰੂ ਰਾਮਦਾਸ ਦੇ ਵਰੋਸਾਏ ਇਲਾਕਿਆਂ ਵਿਚ ਲੁਟੇਰੇ-ਕਾਤਲ ਕਿੰਨਾ ਕੁ ਕੱਟਦੇ? ਉਹ ਏਨਾ ਲਾਲਚੀ ਸੀ ਕਿ ਇਕ ਵਾਰ ਸੰਤਾਲੀ ਦੌਰਾਨ ਉਹਨੇ ਇਕ ਗਰੀਬ ਮੁਸਲਮਾਨ ਨੂੰ ਮਾਈ ਸੇਵਾਂ ਦੇ ਬਜ਼ਾਰ ਵਿਚ ਮਾਰਿਆ ਤੇ ਉਹਦੇ ਸਾਰੇ ਖੀਸੇ ਖਾਲੀ ਕਰ ਲਏ। ਫੇਰ ਉਹਨੇ ਉਹੀ ਖੰਜਰ ਝੂਠੇ ਬਜ਼ਾਰ ਦੇ ਬਾਹਰ ਬਣੇ ਸੰਗਤਾਂ ਦੇ ਹੱਥ-ਪੈਰ ਧੋਣ ਲਈ ਬਣੇ ਚੁਬਚੇ ਵਿਚੋਂ ਧੋ ਲਿਆ, ਜਿਹੜਾ ਕਦੀ ਉਹਦੇ ਪਿਉ ਨੂੰ ਅੰਗਰੇਜ਼ ਥਾਣੇਦਾਰ 'ਰਿਚਰਡ ਕਲੈਚੀ' ਨੇ ਦਿੱਤਾ ਸੀ।

ਬਸ...!

ਬੰਟੀ ਦਾ ਦਾਦਾ ਥੋੜ੍ਹੀ ਦੇਰ ਬਾਅਦ ਹੀ ਦਿਮਾਗ ਹਿੱਲਣ ਕਾਰਨ ਪਾਗਲ ਹੋ ਗਿਆ ਸੀ ਤੇ ਥੋੜੀ ਦੇਰ ਬਾਅਦ ਗਾਇਬ ਹੋ ਗਿਆ ਸੀ। ਬੰਟੀ ਦਾ ਪਿਉ ਵੀ ਉਦੋਂ ਮਸਾਂ ਤਿੰਨ੍ਹ-ਚਾਰ ਸਾਲ ਦਾ ਸੀ। ਬੰਟੀ ਦੇ ਦੋ ਵੱਡੇ ਤਾਏ ਵੀ ਸਨ। ਪਿਉ ਦਾ ਪਿੱਛਾ ਕਿਸੇ ਨਾ ਕੀਤਾ। ਕਈ ਗੱਲਾਂ ਉੱਡੀਆਂ। ਕੋਈ ਕਹੇ, ਕਸੂਰ ਨੂੰ ਜਾਣ ਵਾਲੀ ਨਹਿਰ ਵਿਚ ਡੁੱਬ ਕੇ ਮਰ ਗਿਐ। ਕੋਈ ਕਹੇ ਕਿ ਚਰਚ ਦੇ ਪਾਦਰੀਆਂ ਕੋਲੋਂ ਕਿਸੇ ਦਾ ਐਡਰੈਸ ਲੈ ਕੇ ਦੱਖਣ ਟੁਰ ਗਿਐ।

ਪਰ ਇਕ ਕੰਮ ਉਹ ਬਖ਼ੂਬੀ ਕਰਦਾ ਰਿਹਾ ਸੀ। ਗਾਇਬ ਹੋਣ ਤੋਂ ਪਹਿਲਾਂ ਪਾਗਲਪਨ ਦੀ ਹਾਲਤ ਵਿਚ ਵੀ ਉਹ ਉਸ ਖੰਜਰ ਨੂੰ ਬੈਠਾ ਕਈ-ਕਈ ਘੰਟੇ ਘੂਰਦਾ ਰਹਿੰਦਾ ਸੀ, ਤੇ ਮੂੰਹ ਵਿਚ ਕੋਈ ਗਾਹਲ-ਮੰਦਾ ਕੱਢਦਾ ਰਹਿੰਦਾ ਸੀ। ਫੇਰ ਉਹਨੇ ਉਹ ਖੰਜਰ ਆਪਣੇ ਇਕੋ ਕਮਰੇ ਵਾਲੇ ਘਰ ਦੇ ਅੰਦਰ ਹੀ ਬਣੇ ਸੁਫ਼ੇ (ਘੁਰਨੇ) ਵਿਚ ਸੁੱਟ ਦਿੱਤਾ ਸੀ, ਜਿਥੇ ਉਹਦੇ ਸਦੀਵੀਂ ਦੋ ਸਾਥੀ ਪਏ ਹੋਏ ਸਨ। ਇਕ ਸੀ ਮਲ ਮੂਤਰ ਢੋਣ ਵਾਲਾ ਲੋਹੇ ਦਾ ਪੁਰਾਣਾ ਬਾਲਟਾ, ਤੇ ਦੂਸਰਾ ਗੰਦ ਚੁੱਕਣ ਵਾਲਾ ਫਰਸਾ! ਉਥੇ ਹੀ ਕਿਤੇ ਉਹਨੇ ਉਹ ਖੰਜਰ ਸੁੱਟ ਦਿੱਤਾ। ਸੁਫ਼ੇ ਨੂੰ ਕੁੰਡਾ ਲਾਇਆ ਤੇ ਮੁੜ ਧਰਤੀ ਤੋਂ ਗਾਇਬ ਹੋ ਗਿਆ।

\- - - -

ਅਗੇ ਸੁਫੇ ਵਧੇਰੇ ਕਰਕੇ ਗਰਮੀਆਂ ਕੱਟਣ ਲਈ ਬਣਾਏ ਜਾਂਦੇ ਸਨ। ਬੰਟੀ ਦੀ ਮਾਂ, ਜਿਹੜੀ ਕਿ ਰਾਧਾ ਰੰਡੀ ਦੀ ਹੀ ਪੜ ਦੋਹਤੀਆਂ ਵਿਚੋਂ ਸੀ, ਕਤਲਾਂ ਤੋਂ ਡਰੀ ਹੋਈ ਨੇ ਕਦੀ ਸੁਫਾ ਖੋਹਲਿਆ ਹੀ ਨਹੀਂ ਸੀ। ਬੰਟੀ ਦਾ ਪਿਉ ਵੀ ਪ੍ਰਫ਼ੈਸ਼ਨਲ ਲੜਾਕਾ ਤੇ ਚਰਸੀ ਸੀ। ਉਹਨੇ ਵੀ ਸੁਫਾ ਘੱਟ-ਵੱਧ ਹੀ ਖੋਹਲਿਆ ਸੀ। ਉਂਝ ਉਹ ਕਦੀ-ਕਦੀ ਯਾਦ ਕਰਦਾ ਸੀ ਕਿ ਮੇਰੇ ਪਿਉ ਕੋਲ ਗੋਰਿਆਂ ਦੇ ਹੱਥ ਦਾ ਬਣਿਆ ਇਕ ਖੰਜਰ ਹੁੰਦਾ ਸੀ, ਪਰ ਨਾ ਉਸ ਕਦੀ ਤਰੱਦਦ ਕੀਤਾ ਤੇ ਨਾ ਹੀ ਡਰੀ ਹੋਈ ਬੰਟੀ ਦੀ ਮਾਂ ਨੇ ਕਦੀ ਪੁਰਾਣੀਆਂ ਵਸਤਾਂ ਦਾ ਪਿਟਾਰਾ ਖੋਹਲਿਆ। ਸੋ ਜਿਥੇ-ਕਿਤੇ ਉਹ ਗੰਦ ਚੁੱਕਣ ਵਾਲੇ ਸੰਦ ਪਏ ਸਨ, ਸਾਲਾਂ ਤੋਂ ਉਹ ਖੰਜਰ ਵੀ ਕਿਸੇ ਲੋੜਵੰਦ ਹੱਥ ਦੀ ਉਡੀਕ ਵਿਚ ਉਥੇ ਚੁੱਪਚਾਪ ਬੈਠਾ ਹੋਇਆ ਸੀ।

\- - - -

ਜਦੋਂ ਸਿੱਖ ਮਿਸਲਾਂ ਤਾਕਤਵਰ ਹੋ ਰਹੀਆਂ ਸਨ, ਉਦੋਂ ਦੇ ਦਿਨ ਵਿਹੜੇ ਵਾਲਿਆਂ ਲਈ ਰਤਾ ਕੁ ਸੁਖਾਂਵੇ ਸਨ। ਸ਼ਹਿਰ ਵਾਲੇ ਉਹਨਾਂ ਨੂੰ ਵਧੇਰੇ ਤਸੀਹੇ ਨਹੀਂ ਸਨ ਦੇ ਸਕਦੇ, ਨਾ ਹੀ ਕੁੱਟਮਾਰ ਕਰ ਸਕਦੇ ਸਨ। ਉਧਰ ਅੰਬਰਸਰ ਦੇ ਬਾਹਰਵਾਰ ਹੀ ਜੱਸਾ ਸਿੰਘ ਰਾਮਗੜੀਏ ਨੇ 'ਰਾਮਗੜ੍ਹ' ਨਾਂ ਦਾ ਕਿਲਾ ਬਣਵਾ ਲਿਆ ਸੀ। ਉਹਦੀ ਪੰਥ ਦੇ ਵੱਡੇ ਜਰਨੈਲ ਜੱਸਾ ਸਿੰਘ ਕਲਾਲ (ਆਹਲੂਵਾਲੀਆ) ਨਾਲ ਅਕਸਰ ਖੜਕਦੀ ਰਹਿੰਦੀ ਸੀ। ਪਰ ਇਕ ਸਮੇਂ ਬਾਦ ਉਹ ਇਕੱਠੇ ਹੋ ਗਏ ਸਨ। ਵਿਹੜੇ ਵਾਲਿਆਂ ਨੂੰ ਪਰ ਦੋਹੇਂ ਧਿਰਾਂ ਦਾ ਪੂਰਾ ਆਸਰਾ ਸੀ। ਕਿਸੇ ਵੀ ਮਾੜੀ ਧਿਰ ਨਾਲ ਨਜਾਇਜ ਹੋਵੇ, ਪੰਥ ਦੇ ਹਰ ਧੜੇ ਵਲੋਂ ਮਦਦ ਹੁੰਦੀ ਸੀ। ਭਾਵੇਂ ਪੰਥ ਦੇ ਚਲਦੇ ਵਹੀਰ ਵਿਚ ਅਨੇਕਾਂ ਲੁਟੇਰੇ, ਚੋਰ ਵੀ ਸ਼ਾਮਲ ਸਨ, ਪਰ ਦੋਵੇਂ ਜੱਸਿਆਂ ਦਾ ਹੁਕਮ ਸੀ ਕਿ ਲੁੱਟਮਾਰ ਕਰੋ, ਮੁਗਲਾਂ ਨਾਲ ਕਰੋ, ਪਠਾਣਾਂ ਦੀ ਕਰੋ, ਪਰ ਕਿਸੇ ਗਰੀਬ ਰਿਆਇਆ ਦੀ ਨਹੀਂ ਕਰਨੀ!

ਇਸੇ ਸਮੇਂ ਹੀ ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਤ ਸ਼ੁਰੂ ਹੋਈ। ਅਗੇ ਵਿਹੜੇ ਵਾਲੇ ਮੁਗਲਾਂ ਤੇ ਪਠਾਣਾਂ ਤੋਂ ਤੰਗ ਸਨ। ਪਠਾਣਾਂ ਨੇ ਕਈ ਵਾਰ ਵਿਹੜੇ ਦੇ ਬਾਰਾਂ-ਚੌਦਾਂ ਸਾਲਾਂ ਦੇ ਅਨੇਕਾਂ ਮੁੰਡੇ ਆਪਣੇ ਲੌਂਡੇ ਬਣਾਨ ਲਈ ਵਿਹੜੇ ਵਾਲਿਆਂ ਕੋਲੋਂ ਖੋਹੇ ਸਨ। ਅਨੇਕਾਂ ਜਨਾਨੀਆਂ ਵੀ ਉਹਨਾਂ ਵਿਹੜੇ ਦੇ ਬੰਦਿਆਂ ਕੋਲੋਂ ਖੋਹ ਕੇ ਅਗੇ ਗਜ਼ਨੀ ਤੱਕ ਜਾ ਕੇ ਵੇਚ ਦਿੱਤੀਆਂ ਸਨ। ਕਾਬਲ ਤੇ ਜਲਾਲਾਬਾਦ ਵਿਚ ਤਾਂ ਅਨੇਕਾਂ ਹੀ ਗਰੀਬੜੇ ਮੁੰਡੇ-ਕੁੜੀਆਂ ਤੇ ਔਰਤਾਂ ਪਠਾਣਾਂ ਦੇ ਲੌਂਡੇ-ਲੌਂਡੀਆਂ ਬਣ ਕੇ ਮੌਤ ਨੂੰ ਉਡੀਕ ਰਹੇ ਸਨ।

...ਇਹਨੂੰ ਆਕੇ ਪੰਥ ਦੇ ਡੁਰਲੀ ਜੱਥੇ ਨੇ ਰੋਕ ਲਾਈ ਸੀ। ਪੰਥ ਦੇ ਡੁਰਲੀ ਜੱਥੇ ਨੇ ਤਾਂ ਇਕਵਾਰ ਅਬਦਾਲੀ ਦੇ ਨਾਸੀਂ ਧੂੰਆ ਲਿਆ ਦਿੱਤਾ ਸੀ।

ਇਹਨਾਂ ਸਮਿਆਂ ਵਿਚ ਹੀ ਜਦੋਂ ਪੰਜਾਬ ਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੋਇਆ, ਉਹਨੇ ਅੰਬਰਸਰ ਦੀ ਤੇ ਹਰਮੰਦਰ ਸਾਹਿਬ ਦੀ ਕਾਇਆ-ਕਲਪ ਕਰਨ ਦੀ ਠਾਣ ਲਈ ਸੀ। ਪੁਜਾਰੀਆਂ ਡਰਦੇ ਮਾਰੇ ਕੁੰਜੀਆਂ ਮਹਾਰਾਜੇ ਦੇ ਦੀਵਾਨ ਨੂੰ ਸੌਂਪ ਦਿੱਤੀਆਂ ਸਨ। ਰਾਜਸਥਾਨ ਤੇ ਮੱਧ ਭਾਰਤ ਦੇ ਕਾਰੀਗਰ ਆਕੇ ਹਰਮੰਦਰ ਦੀਆਂ ਛੱਤਾਂ ਤੇ ਕੰਧਾਂ ਉਪਰ ਮੀਨਾਕਾਰੀ ਕਰ ਰਹੇ ਸਨ। ਕੁਛ ਸਿੱਖ ਨਕਾਸ਼ ਵੀ ਉਹਨਾਂ ਦਾ ਸਾਥ ਦੇ ਰਹੇ ਸਨ। ਪਰਕਰਮਾ ਚਿੱਟੇ ਪੱਥਰਾਂ ਨਾਲ ਪੱਕੀ ਹੋ ਰਹੀ ਸੀ। ਪਰਕਰਮਾ ਵਿਚ ਥਾਂ-ਥਾਂ ਤੇ ਹਿੰਦੂ ਮੰਦਰ ਤੇ ਨਿੱਕੀਆਂ-ਨਿੱਕੀਆਂ ਮੂਰਤੀਆਂ ਵੀ ਸਥਾਪਤ ਹੋ ਰਹੀਆਂ ਸਨ। ਛਾਬੜੀਆਂ ਵਾਲੇ ਤੇ ਹੋਰ ਫੜੀ-ਫੇਰੀਆਂ ਵਾਲੇ ਵੀ ਹੁਣ ਸਵੇਰ ਤੋਂ ਸ਼ਾਮ ਤੱਕ ਹਰਮੰਦਰ ਦੇ ਬਾਹਰ ਬੈਠ ਕੇ ਸੌਦੇ ਵੇਚਦੇ ਸਨ। ਹਰਮੰਦਰ ਦੇ ਆਲੇ ਦੁਆਲੇ ਸਿੱਖ ਸਰਦਾਰਾਂ ਨੇ ਬੁੰਗੇ ਬਣਾਨੇ ਸ਼ੁਰੂ ਕਰ ਦਿੱਤੇ ਸਨ। ਖਾਸਕਰ ਰਾਮਗੜ੍ਹੀਆਂ ਨੇ, ਜਿਹੜੇ ਜੱਸੇ ਦੇ ਵਾਰਸ ਸਨ, ਦੋ ਮੀਨਾਰਾਂ ਵੀ ਤਾਮੀਰ ਕਰ ਲਈਆਂ ਸਨ। ਹੁਣ ਤੇ ਹਰਮੰਦਰ ਦੇ ਆਲੇ-ਦੁਆਲੇ ਦੀ ਡਰਾਉਣੀ ਭਾਹ ਮਾਰਦੀ ਉਜਾੜ ਮੁੱਕ ਰਹੀ ਸੀ। ਹਰਮੰਦਰ ਦੇ ਆਲੇ-ਦੁਆਲੇ ਪਸਰਿਆ ਜੰਗਲ ਵੀ ਹੁਣ ਮੁੱਕ ਰਿਹਾ ਸੀ। ਲੋੜਵੰਦ ਜੰਗਲ ਕੱਟ ਰਹੇ ਸਨ ਤੇ ਥਾਵਾਂ ਮੱਲ ਰਹੇ ਸਨ।

...ਮਹਾਰਾਜੇ ਦਾ ਤੋਰਾ-ਫੇਰਾ ਅੰਬਰਸਰ ਕਾਫੀ ਵੱਧ ਗਿਆ ਸੀ। ਜਿਉਂ-ਜਿਉਂ ਮਹਾਰਾਜਾ ਵਡੇਰੀ ਉਮਰ ਦਾ ਹੋ ਰਿਹਾ ਸੀ, ਉਹ ਹਰਮੰਦਰ ਸਾਹਿਬ ਵੱਲ ਉਲਾਰ ਹੋ ਰਿਹਾ ਸੀ। ਉਂਜ ਮਹਾਰਾਜਾ ਅੰਦਰੋਂ ਦੇਵੀ-ਭਗਤ ਸੀ, ਪਰ ਸ੍ਰੀ ਹਰਮੰਦਰ ਵਲ ਵੀ ਉਸਦੀ ਆਰਜਾ ਕਾਇਮ ਸੀ।

ਇਹਨਾਂ ਹੀ ਸਮਿਆਂ ਵਿਚ ਜੱਲ੍ਹੇ ਪੰਡਤ, ਨੂੰ ਜਿਹੜਾ ਮਹਾਰਾਜੇ ਦਾ ਦਰਬਾਰੀ ਸੀ, ਮਹਾਰਾਜੇ ਨੇ ਸ੍ਰੀ ਹਰਮੰਦਰ ਦੇ ਕੋਲ ਖਾਲੀ ਪਈ ਥਾਂ ਬਾਗ ਲਾਉਣ ਲਈ ਦੇ ਦਿੱਤੀ ਸੀ। ਜੱਲ੍ਹਾ ਅੰਦਰੋ ਬੜਾ ਜਾਲਮ ਸੀ ਤੇ ਉਹਦੇ ਅੰਗ-ਸਾਕ ਉਹਤੋਂ ਵੱਧ ਸਨ। ਜੱਲ੍ਹੇ ਨੇ ਹੁਕਮ ਮਿਲਦਿਆਂ ਹੀ ਉਨੇ ਹਿੱਸੇ ਦਾ ਜੰਗਲ ਕੱਟ ਕੇ ਬਾਗ ਲਵਾਣਾ ਸ਼ੁਰੂ ਕਰ ਦਿੱਤਾ ਸੀ। ਲਾਲਚ ਉਹਦੇ ਅੰਗ-ਸਾਕਾਂ ਨੂੰ ਏਨਾ ਸੀ ਕਿ ਉਹਨਾਂ ਬਾਗ ਦੀ ਇਕ ਨੁੱਕਰ ਸ੍ਰੀ ਹਰਮੰਦਰ ਸਾਹਿਬ ਕੋਲੋਂ ਸ਼ੁਰੂ ਕਰਕੇ ਦੂਸਰੀ ਨੁੱਕਰ ਕੁਤੀ ਵਿਹੜੇ ਦੇ ਸਿਰੇ ਨੂੰ ਲਾ ਦਿੱਤੀ। ਉਥੇ ਹੀ ਕਿਤੇ ਤੋਚੀ ਤੇ ਛੱਲੋ ਦੀਆਂ ਝੁੱਗੀਆਂ ਸਨ। ਹੋਰ ਵੀ ਇਕ-ਦੋ ਗਰੀਬੜੇ ਕਸਾਈ ਉਥੇ ਹੀ ਰਹਿ ਰਹੇ ਸਨ। ਜੱਲ੍ਹੇ ਦਿਆਂ ਰਿਸ਼ਤੇਦਾਰਾਂ ਤੇ ਜੱਲ੍ਹੇ ਨੂੰ ਮਿਲੀ ਮਿਸਲ ਦਿਆਂ ਸਪਾਹੀਆਂ ਨੇ ਇਕ ਸ਼ਾਮ, ਹਨੇਰੇ ਪਏ ਤੇ ਤੋਚੀ ਤੇ ਛੱਲੋ ਦੀਆਂ ਲੱਤਾਂ ਤੋੜ ਛੱਡੀਆਂ ਤੇ ਕਸਾਈਆਂ ਨੂੰ ਦਾਬਾ ਮਾਰਕੇ ਭੱਜਾ ਦਿੱਤਾ। ਉਹ ਥਾਂ, ਜਿਹੜੀ ਸਦੀਆਂ ਤੋਂ ਕੁੱਤੀ ਵਿਹੜੇ ਕੋਲ ਸੀ, ਉਹ ਥਾਂ, ਜਿਹੜੀ ਗੁਰੂ ਰਾਮ ਦਾਸ ਵਲੋਂ ਬਖਸ਼ੀ ਸੀ, ਉਹ ਜੱਲ੍ਹਿਆਂ ਨੇ ਆਪਣੇ ਬਾਗ ਵਿਚ ਰਲਾਕੇ ਵਾੜ ਕਰ ਲਈ ਸੀ।

ਛੱਲੋ ਤੇ ਦੋ ਕੁ ਦਿਨਾਂ ਬਾਦ ਹੀ ਪੀੜ ਨਾਲ ਮਰ ਗਈ ਸੀ। ਤੋਚੀ ਪਰ ਬੱਚ ਗਿਆ ਸੀ, ਕਿਉਂਕਿ ਮੁਸਲਮਾਨ ਫੱਟ-ਬੰਨ੍ਹ ਬੜਾ ਨੇਕ ਸੀ। ਉਹਨੇ ਸਮੇਂ ਸਿਰ ਤੋਚੀ ਦੇ ਹੱਡ ਬੰਨ੍ਹ ਦਿੱਤੇ ਸਨ। 'ਜੱਲ੍ਹਿਆਂ ਬਾਹਮਣਾਂ' ਦੇ ਬਾਗ ਦਾ ਵਧਦਾ ਢਿੱਡ ਤੇ ਵਧਦਾ ਜੁਲਮ ਵੇਖ ਕੇ ਵਿਹੜਾ ਡਰ ਗਿਆ। ਧੀਰੇ ਨੇ ਸਲਾਹ ਦਿੱਤੀ ਪਈ ਐਤਕੀਂ ਜਦੋਂ ਮਹਾਰਾਜਾ ਹਰਮੰਦਰ ਸਾਹਿਬ ਤੋ ਬਾਹਰ, ਪਰਕਰਮਾ ਪਾਰ ਦਰਬਾਰ ਲਾਵੇ, ਉਦੋਂ ਉਸ ਕੋਲ ਫਰਿਆਦ ਕੀਤੀ ਜਾਵੇ।

ਸੁੱਖਾਂ ਸੁਖਦਿਆਂ ਉਹ ਦਿਨ ਵੀ ਆ ਗਏ ਸਨ। ਪਤਾ ਲਗਾ ਕਿ ਮਹਾਰਾਜਾ ਕਈ ਦਿਨ ਹਰਮੰਦਰ ਸਾਹਿਬ ਦੀ ਪਰਕਰਮਾ ਤੋਂ ਪਾਰ ਆਪਣਾ ਦਰਬਾਰ ਸਜਾਕੇ ਦੁਨੀਆਂਦਾਰੀ ਨੂੰ ਮਿਲੇਗਾ ਤੇ ਰਿਆਇਆ ਦੀਆਂ ਦੁੱਖ-ਤਕਲੀਫ਼ਾਂ ਸੁਣੇਗਾ।

...ਜਿੱਦਣ ਵਿਹੜੇ ਵਾਲੇ ਪੰਝੀ-ਤੀਹ ਜਣੇ ਨੰਗੇ ਪਿੰਡੇ, ਗਲ ਵਿਚ ਲੀਰਾਂ ਲਟਕਾ ਕੇ ਮਹਾਰਾਜੇ ਨੂੰ ਮਿਲਣ ਗਏ, ਉੱਦਣ ਦਰਬਾਰ ਪੂਰਾ ਭਰਿਆ ਹੋਇਆ ਸੀ। ਖਾਲਸਈ ਬਾਣੇ ਪਹਿਨੀ ਕਈ-ਕਈ ਪਹਿਰੇਦਾਰ ਪਹਿਰੇ ਤੇ ਖੜ੍ਹੇ ਸਨ। ਛਨੀ ਦੇ ਮੰਦਰ ਕੋਲੋਂ ਹੀ ਜਦੋਂ ਪਹਿਰੇਦਾਰਾਂ ਉਹਨਾਂ ਨੂੰ ਆਉਂਦੀਆਂ ਦੇਖਿਆ ਤਾਂ ਦੂਰੋਂ ਹੀ ਵੱਡੇ ਮਿਸਲਦਾਰ ਨੇ ਉਹਨਾਂ ਵਲ ਹੱਥ ਕਰਕੇ ਸਪਾਹੀਆਂ ਨੂੰ ਲਲਕਾਰਾ ਮਾਰਕੇ ਕਿਹਾ-

''ਉਏ! ਉਹ ਭੱਜਾਓ ਉਹਨਾਂ ਢੇਡਾਂ ਨੂੰ! ਇਹ ਚੂਹੜੇ-ਚਪਾੜੇ ਕਿਧਰ ਮੂੰਹ ਚੁੱਕੀ ਆਉਂਦੇ ਨੇ? ਜੇ ਕਿਤੇ ਮਹਾਰਾਜੇ ਨੇ ਵੇਖ ਲਿਆ ਤਾਂ ਔਖਾ ਹੋ ਜਾਣੈ ਸਾਰਿਆਂ ਨੂੰ।''

...ਹੁਕਮ ਮਿਲਦਿਆਂ ਹੀ ਖਾਲਸੇ ਸਪਾਹੀ ਦੌੜ ਪਏ ਤੇ ਤਿੰਨਾਂ-ਚੌਹਾਂ ਸਪਾਹੀਆਂ ਬਰਛਿਆਂ ਦੀਆਂ ਹੁੱਝਾਂ ਮਾਰ-ਮਾਰ ਕੇ ਚੂਹੜੇ ਭੱਜਾ ਛੱਡੇ। ਸੱਟਾਂ ਖਾ ਕੇ, ਡਿੱਗਦੇ-ਢਹਿੰਦੇ ਚੂਹੜਿਆਂ ਆਪਣੇ ਵਿਹੜੇ ਵਿਚ ਜਾ ਕੇ ਸਾਹ ਲਿਆ। ਉਥੇ ਵੀ ਡਰੇ ਹੋਏ ਉਹ ਕਿੰਨਾ ਚਿਰ ਆਪਣੀਆਂ ਛੰਨਾਂ ਵਿਚ ਨਾ ਵੜੇ, ਸਗੋਂ ਏਧਰ-ਉਧਰ ਲੁਕੇ ਰਹੇ, ਮਤਾਂ ਕਿਤੇ ਖਾਲਸੇ ਪਿੱਛਾ ਕਰਦੇ ਇਥੇ ਨਾ ਆ ਚੜ੍ਹਨ...!

ਅਗਲੇ ਦਿਨ ਵਿਹੜੇ ਵਾਲੇ ਮਿੱਥ ਕੇ ਸਵੇਰੇ ਹੀ ਬਾਬੇ ਅੱਟਲ ਦੇ ਗੁਰਦੁਆਰੇ ਵਲ ਨੂੰ ਆਉਂਦੇ ਰਾਹਾਂ ਵਿਚ ਖੜ੍ਹੋ ਗਏ। ਥੋੜ੍ਹੀ ਦੇਰ ਬਾਦ ਭਾਈ ਮਨਸਾ ਸਿੰਘ ਜੀ ਹਜ਼ੂਰੀ ਰਾਗੀ ਉਥੋਂ ਲੰਘੇ। ਮੁਸਲਮਾਨ ਰਾਗੀ, ਜੋ 'ਮਰਦਾਨੇ ਕੇ' ਕਹਾਂਦੇ ਸਨ, ਉਹਨਾਂ ਵਿਚ ਇਹ ਇਕੋ ਇਕ ਸਿੱਖ ਰਾਗੀ ਸਨ। ਆਸਾ ਦੀ ਵਾਰ ਦਾ ਗਾਇਨ ਤੇ ਸਮਾਪਤੀ ਦੇ ਸ਼ਬਦ ਉਹੀ ਪੜ੍ਹਦੇ ਸਨ। ਉਹ ਵੀ ਪਿਛੋਂ ਵਿਹੜੇ ਦੀ ਬਰਾਦਰੀ ਨਾਲ ਆਪਣੀ ਅੰਗਲੀ-ਸੰਗਲੀ ਜੋੜਦੇ ਸਨ। ਉਹਨਾਂ ਦੇ ਵੱਡ-ਵਡੇਰੇ ਕਰੀਬਨ ਡੇਢ ਕੁ ਸੌ ਸਾਲ ਪਹਿਲਾਂ ਬਾਬੇ ਅਘੜ ਸਿੰਘ, ਸਘੜ ਸਿੰਘ ਦੇ ਜੱਥੇ ਕੋਲੋ ਅੰਮ੍ਰਿਤ ਛੱਕ ਕੇ ਸਿੰਘ ਸੱਜੇ ਸਨ ਤੇ ਵਿਹੜੇ ਨੂੰ ਛੱਡ ਗਏ ਸਨ। ਮਿਸਲਾਂ ਦੀ ਚੜਾਈ ਵੇਲੇ ਉਹਨਾਂ ਦੇ ਪੁੱਤ-ਧੀਆਂ ਪਰਤ ਆਏ ਸਨ ਤੇ ਹਰਮੰਦਰ ਸਾਹਿਬ ਦੇ ਆਸੇ-ਪਾਸੇ ਵੱਸ ਗਏ ਸਨ। ਵਿਹੜੇ ਵਾਲਿਆਂ ਬਾਰੇ ਉਹ ਆਪਣੇ ਵੱਡ-ਵਡੇਰਿਆਂ ਕੋਲੋ ਸੁਣਦੇ ਰਹੇ ਸਨ, ਸੋ ਜਦੋਂ ਉਹ ਟੱਬਰ ਹਰਮੰਦਰ ਸਾਹਿਬ ਕੋਲ ਜਾਂ ਅੰਬਰਸਰ ਦੇ ਬਾਹਰਵਾਰ ਵੱਸੇ, ਉਹ ਵਿਹੜੇ ਵਾਲਿਆਂ ਨਾਲ ਸਾਂਝ ਰੱਖਦੇ ਤੇ ਅਕਸਰ ਖਬਰਸਾਰ ਲੈਂਦੇ ਸਨ।

\- - - -

ਅੱਜ ਵੀ ਜਦੋਂ ਵਿਹੜੇ ਦੇ ਦੁਖਿਆਰਿਆਂ ਆਪਣੇ ਭਾਈਬੰਦ ਭਾਈ ਮਨਸਾ ਸਿੰਘ ਹੁਰਾਂ ਨੂੰ ਸਾਰੀ ਕਥਾ ਸੁਣਾਈ ਕਿ ਕਿਵੇਂ ਮਹਾਰਾਜੇ ਦੇ ਸਪਾਹੀਆਂ ਸਾਨੂੰ ਉਹਨੂੰ ਮਿਲਣ ਤੱਕ ਨਹੀਂ ਦਿੱਤਾ! ਸਭ ਕੁਝ ਸੁਣਕੇ ਭਾਈ ਸਾਹਿਬ ਚੁੱਪ ਹੋ ਗਏ। ਲੰਮਾ ਸਮਾਂ ਖਾਮੋਸ਼ ਰਹਿਣ ਤੋਂ ਮਗਰੋਂ ਉਹਨਾਂ ਸਾਰੀ ਸੰਗਤ ਨੂੰ ਸਿਰ ਢੱਕ ਕੇ ਹਰਮੰਦਰ ਦੇ ਅੰਦਰ ਆਉਣ ਨੂੰ ਕਿਹਾ। ਸਵੇਰ ਤੋਂ ਦੁਪਹਿਰ ਹੋ ਗਈ। ਵਿਹੜੇ ਵਾਲੇ ਹੁਕਮ ਦੇ ਬੱਧੇ ਸਨ। ਭਾਈ ਮਨਸਾ ਸਿੰਘ ਜੀ ਅਡੋਲ, ਅੱਖਾਂ ਮੀਟ ਕੇ ਬੈਠੇ ਸਨ। ਦੁਪਹਿਰ ਤੋਂ ਸ਼ਾਮ ਹੋ ਗਈ। ਵਿਹੜੇ ਵਾਲੇ ਵੈਸੇ ਤਾਂ ਭੁੱਖਾਂ ਕੱਟਣ ਦੇ ਆਦੀ ਸਨ, ਪਰ ਭੁੱਖ ਸਭ ਨੂੰ ਲਗ ਗਈ ਸੀ। ਪਰ ਭਾਈ ਸਾਹਿਬ ਅਡੋਲ ਸਨ। ਉਹਨਾਂ ਨੂੰ ਤੇ ਉਂਜ ਹੀ ਸਵਾ ਪਹਿਰ ਇਕ ਜਾਂ ਦੋ ਪਰਸ਼ਾਦੇ ਨਾਲ ਸਰ ਜਾਂਦਾ ਸੀ। ਰਾਗ ਗਾਇਨ ਕਰਦਿਆਂ ਭੁੱਖ ਬਹੁਤੀ ਲਗਦੀ ਹੀ ਨਹੀਂ ਸੀ...!

ਉਸ ਸ਼ਾਮ ਕਹਿੰਦੇ ਨੇ, ਭਾਈ ਸਾਹਿਬ ਨੇ ਸ਼ਾਮ ਦੀ ਵਾਰੀ ਤੇ ਸਾਰੀ ਬਾਣੀ ਬੇਨਤੀ ਦੇ ਸੁਰਾਂ ਨੂੰ ਮੁੱਖ ਰੱਖ ਕੇ ਪੜ੍ਹੀ। ਉਸ ਸ਼ਾਮ ਅੰਬਰਸਰ ਦੇ ਪੱਕੇ ਨਿੱਤਨੇਮੀ ਹੈਰਾਨ ਸਨ ਕਿ ਭਾਈ ਮਨਸਾ ਸਿੰਘ ਗੁਰਬਾਣੀ ਗਾਇਨ ਕਰ ਰਹੇ ਹਨ ਜਾਂ ਰੁਦਨ ਕਰ ਰਹੇ ਹਨ! ਇਸਤੋਂ ਮਗਰੋਂ ਉਹਨਾਂ ਰਲ ਕੇ ਲੰਗਰ ਵਿਚੋਂ ਹੀ ਸਾਰੇ ਵਿਹੜੇ ਨਾਲ ਪਰਸ਼ਾਦਾ ਛੱਕਿਆ। ਆਮ ਤੌਰ 'ਤੇ ਭਾਈ ਸਾਹਿਬ ਲੰਗਰ ਵਿਚੋਂ ਪਰਸ਼ਾਦਾ ਨਹੀਂ ਛੱਕਦੇ ਸਨ, ਸਗੋਂ ਆਪਣੀ ਅੱਗ ਬਾਲ ਕੇ ਘੜੇ ਦੀ ਚਿੱਪਰ ਤੇ ਰੋਟੀ ਪਕਾ ਲੈਂਦੇ ਸਨ। ਅਕਾਲ ਤਖਤ ਦੇ ਪਿਛੇ ਬਣੇ ਗੁਰਦੁਆਰਾ ਥੜ੍ਹਾ ਸਾਹਿਬ ਦੇ ਨਾਲ ਬਣੀਆਂ ਹੋਈਆਂ ਕੋਠੜੀਆਂ ਵਿਚੋਂ ਇਕ ਭਾਈ ਸਾਹਿਬ ਕੋਲ ਸੀ।

\- - - -

ਕੁਝ ਮਹੀਨਿਆਂ ਮਗਰੋਂ ਹੀ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲਗ ਗਿਆ ਕਿ ਹਰਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਮਨਸਾ ਸਿੰਘ ਹੋਰੀ ਏਨੇ ਗਰੀਬ, ਪਰ ਸਬਰ ਵਾਲੇ ਹਨ ਕਿ ਉਹਨਾਂ ਕੋਲ ਰੋਟੀ ਪਕੌਣ ਜੋਗੇ ਨਾ ਭਾਂਡੇ, ਨਾ ਤਵਾ, ਨਾ ਬਹੁਤੀ ਰਸਦ ਹੀ ਹੈ।

ਇਸ ਗੱਲ ਦਾ ਪਤਾ ਲਗਦਿਆਂ ਹੀ ਅੰਬਰਸਰ ਆਇਆ ਮਹਾਰਾਜਾ ਰਸਦ ਤੇ ਭਾਂਡੇ ਲੈ ਕੇ ਭਾਈ ਮਨਸਾ ਸਿੰਘ ਦੀ ਕੋਠੜੀ ਵਲ ਟੁਰ ਪਿਆ। ਮਗਰ ਸਿੱਖ ਸਰਦਾਰ ਤੇ ਮਿਸਲਦਾਰ ਸਨ। ਦੂਰੋ ਜਦੋਂ ਭਾਈ ਸਾਹਿਬ ਨੇ ਮਹਾਰਾਜੇ ਨੂੰ ਆਉਂਦਿਆਂ ਦੇਖਿਆ, ਉਹਨਾਂ ਕੋਠੜੀ ਅੰਦਰੋਂ ਬੰਦ ਕਰ ਲਈ। ਮਹਾਰਾਜੇ ਨੇ ਤੇ ਸਾਥੀਆਂ ਨੇ ਲੱਖ ਕਿਵਾੜ ਖੜਕਾਏ, ਭਾਈ ਸਾਹਿਬ ਨੇ ਬੂਹਾ ਨਹੀਂ

ਖੋਹਲਿਆਂ। ਬਾਰ-ਬਾਰ ਸੇਵਾ ਪੁੱਛਣ ਤੇ ਅੰਦਰੋਂ ਇਹੀ ਅਵਾਜ਼ ਦਿੱਤੀ-

''ਬਸ ਜੀ, ਸੇਵਾ ਇਹੀ ਹੈ ਕਿ ਅਗੇ ਤੋਂ ਦਰਸ਼ਨ ਨਾ ਦਇਓ ਜੀ।''

ਹਜ਼ੂਰੀ ਰਾਗੀ ਦੇ ਸਰਾਪ ਤੋਂ ਡਰਦਿਆਂ ਨਾ ਮਹਾਰਾਜੇ ਦੀ ਕੁਝ ਹਿੰਮਤ ਹੋਈ ਤੇ ਨਾ ਹੀ ਨਾਲ ਆਏ ਸਰਦਾਰਾਂ ਕੁਝ ਕਿਹਾ। ਸਾਰੇ ਚੁੱਪਚਾਪ ਪਰਤ ਗਏ ਸਨ।

ਭਾਈ ਸਾਹਿਬ ਦੇ ਹਿਰਦੇ ਅੰਦਰ ਉਹਨਾਂ ਦੇ ਗੁਰੂ ਰਾਮਦਾਸ ਦੀ ਰਿਆਇਆ ਨਾਲ ਹੋਇਆ ਧੱਕਾ, ਡੂੰਘਾ ਸੱਲ ਬਣਕੇ ਲਹਿ ਗਿਆ ਸੀ।

ਉਹ ਕਿਵੇਂ ਭੁੱਲਦੇ...?

- - - -

ਅੰਗਰੇਜ਼ ਲਾਹੌਰ ਦੇ ਤਖ਼ਤ ਤੇ ਕਾਬਜ ਹੋ ਚੁੱਕੇ ਸਨ। ਮਹਾਰਾਜਾ ਰਣਜੀਤ ਸਿੰਘ ਦਾ ਕਾਲ ਮੁੱਕ ਚੁੱਕਾ ਸੀ। ਅੰਗਰੇਜੀ ਰਾਜ-ਕਾਜ ਦੌਰਾਨ ਅੰਬਰਸਰ ਦੀ ਕਾਇਆ ਕਲਪ ਸ਼ੁਰੂ ਹੋ ਗਈ ਸੀ। ਅੰਗਰੇਜ਼ ਰੈਜ਼ੀਡੈਂਟ ਸਰ ਹੈਨਰੀ ਲਾਰੰਸ ਨੇ ਈਸਟ ਇੰਡੀਆ ਕੰਪਨੀ ਕੋਲੋਂ ਮੰਗ ਕੇ ਅੰਬਰਸਰ ਸ਼ਹਿਰ ਲਿਆ ਸੀ।

ਸਰ ਹੈਨਰੀ ਲਾਰੰਸ, ਜਿਹੜਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਆਖਰੀ ਚਾਰ-ਪੰਜ ਸਾਲ ਆਉਂਦਾ ਜਾਂਦਾ ਰਿਹਾ ਸੀ, ਅਸਲ ਵਿਚ ਅੰਗਰੇਜ਼ਾਂ ਦਾ ਸੂਹੀਆ ਸੀ। ਫੇਰ ਪਤਾ ਨਹੀਂ ਕਿੱਦਾਂ, ਇਕ ਵਾਰ ਉਹਨੂੰ ਰਾਣੀ ਜਿੰਦਾ ਦੀ ਝਲਕ ਪੈ ਗਈ। ਉਹ ਅਨੁਰਾਗੀ ਬੰਦਾ ਸੀ। ਉਹ ਜਿੰਦਾ ਨਾਲ ਇਕਪਾਸੜ ਨਰਗਿਸੀ ਪਿਆਰ ਕਰਨ ਲਗ ਪਿਆ। ਅਖੀਰ ਵਿਚ ਤੇ ਉਹਦੀ ਇਕਪਾਸੜ ਮੁੱਹਬਤ ਤੇ ਪਾਗਲਪਨ ਏਨਾ ਵਧ ਗਿਆ, ਕਿ ਉਹ ਆਪਣੇ ਆਪ ਨੂੰ ਖਿਆਲਾਂ ਦੇ ਵਿਚ ਹੀ ਮਹਾਰਾਜਾ ਰਣਜੀਤ ਸਿੰਘ ਸਮਝਣ ਲਗ ਪਿਆ ਸੀ। ਮਹਾਰਾਜਾ ਰਣਜੀਤ ਸਿੰਘ ਵਾਂਗ ਹੀ ਉਹਨਾਂ ਕਈ ਲੌਂਡੀਆਂ ਵਰਤਣ ਲਈ ਤੇ ਇਕ-ਦੋ ਕਸ਼ਮੀਰੀ ਲੌਂਡੇ ਰੱਖ ਲਏ ਸਨ। ਫੇਰ ਕਿਤੇ ਮਹਾਰਾਜੇ ਨੂੰ ਉਹਦੇ ਪਾਗਲਪਨ ਦੀ ਸ਼ੱਕ ਪੈਣੀ ਸ਼ੁਰੂ ਹੋ ਗਈ। ਉਹਨੇ ਬਹਾਨੇ ਨਾਲ ਉਹਨੂੰ ਪਹਿਲਾਂ ਅੰਬਰਸਰ ਭੇਜ ਦਿੱਤਾ ਤੇ ਫੇਰ ਦੀਵਾਨ ਮੂਲ ਚੰਦ ਕੋਲੋਂ ਦਬਕਾ ਮਰਵਾ ਕੇ ਫਿਲੌਰ ਪਾਰ ਕਰਵਾ ਦਿੱਤਾ ਸੀ।

ਮਹਾਰਾਜੇ ਦੇ ਮਰਦਿਆਂ ਹੀ, ਜਦੋਂ ਸਿੱਖ ਰਾਜ ਖਿੰਡਰਿਆ, ਬੁੱਢਾ ਹੋ ਰਿਹਾ ਸਰ ਲਾਰੰਸ ਫੱਟ ਅੰਗਰੇਜ਼ੀ ਰਾਜ ਸਥਾਪਤ ਹੁੰਦਿਆ ਅੰਬਰਸਰ ਤੇ ਲਾਹੌਰ ਦਾ ਰੈਜ਼ੀਡੈਂਟ ਬਣਕੇ ਆ ਗਿਆ। ਉਸ ਸਮੇਂ ਤੱਕ ਜਿੰਦਾ ਦਾ ਭੂਤ ਉਸ ਅੰਦਰੋਂ ਨਿਕਲ ਚੁੱਕਾ ਸੀ ਤੇ ਅੰਬਰਸਰ, ਲਾਹੌਰ ਉਸਦੀ ਪਹਿਲੀ ਪਸੰਦ ਬਣ ਚੁੱਕਾ ਸੀ।

ਅੰਬਰਸਰ ਆਂਦਿਆਂ ਹੀ ਉਹਨੇ ਪਹਿਲੇ ਦਰਬਾਰ ਸਾਹਿਬ ਕੋਲ ਗਊਆਂ ਕੱਟਣ ਵਾਲੇ ਸਪੈਸ਼ਲ ਬੁੱਚੜਖਾਨੇ ਖੁਲ੍ਹਵਾਏ। ਫੇਰ ਅੰਬਰਸਰ ਦੇ ਬਾਹਰਵਾਰ ਮੁਸਲਮਾਨੀ ਇਲਾਕੇ 'ਰਾਏ ਤਖ਼ਤ' ਵਿਚ ਬੁੱਚੜਖਾਨੇ ਖੁਲ੍ਹਵਾਏ। ਉਹਦੇ ਆਏ ਦਾ ਇਕ ਫਾਇਦਾ ਕੁੱਤੀ ਵਿਹੜੇ ਵਾਲਿਆਂ ਨੂੰ ਇਹ ਹੋਇਆ ਕਿ ਜਿਹੜਾ ਇਲਾਕਾ ਜੰਗਲ-ਬੀਆਬਾਨ ਸੀ ਤੇ ਰਾਤ ਪਏ ਤੇ ਵਿਹੜਾ ਹਨੇਰੇ ਨਾਲ ਭਰ ਜਾਂਦਾ ਸੀ, ਉਸ ਵਿਹੜੇ ਦੇ ਨਾਲ-ਨਾਲ ਬਣੇ ਲਾਂਘੇ ਉਪਰ ਸਰ ਲਾਰੰਸ ਨੇ ਰਾਤ ਨੂੰ ਮਸ਼ਾਲਾਂ ਬਾਲਣ ਤੇ ਰੋਸ਼ਨੀ ਕਰਨ ਦਾ ਹੁਕਮ ਲਾ ਦਿੱਤਾ। ਮਸ਼ਾਲ ਬਾਲਣ ਦੀ ਨੌਕਰੀ ਤੇ ਖਰਚਾ ਵੀ ਅੰਗਰੇਜ਼ ਹਕੂਮਤ ਨੇ ਵਿਹੜੇ ਦੇ ਚੌਧਰੀ ਨੂੰ ਦੇਣਾ ਮੰਨ ਲਿਆ ਸੀ।

ਚੌਧਰੀ ਪੂਰਬਾ ਤੇ ਉਹਦੇ ਇਕ ਦੋ ਸਾਥੀ ਰੋਜ਼ ਰਾਤ ਨੂੰ ਤੇਲ ਲਿਬੜੀਆਂ ਮਸ਼ਾਲਾਂ ਬਾਲ ਕੇ ਲੱਕੜ ਦੇ ਖੰਭਿਆਂ ਤੇ ਟੰਗਦੇ ਤੇ ਕਿਲੋਮੀਟਰ ਲੰਮੇ ਰਾਹ ਤੇ ਰੌਸ਼ਨੀਆਂ ਕਰਦੇ। ਰਾਤ ਹਨੇਰੇ ਵਿਚ ਸਦੀਆਂ ਤੋਂ ਹਨੇਰਾ ਢੋਂਦਾਂ ਵਿਹੜਾ ਹੁਣ ਰਾਤ ਨੂੰ ਜਗਮਗ ਕਰਦਾ ਸੀ।

- - - -

ਇਸ ਦੌਰਾਨ ਕੂਕਿਆਂ (ਨਾਮਧਾਰੀਆਂ) ਨੇ ਬਾਬੇ ਰਾਮ ਸਿੰਘ ਦੀ ਪ੍ਰੇਰਨਾ ਨੂੰ ਮੁੱਖ ਰੱਖਕੇ ਆਪਣੀ ਲਹਿਰ ਪ੍ਰਚੰਡ ਕਰਨੀ ਸ਼ੁਰੂ ਕਰ ਦਿੱਤੀ। 1849-50 ਵਿਚ ਸਰ ਲਾਰੰਸ ਨੇ ਆਪਣੀ ਦੇ ਕਮਿਸ਼ਨਰ ਐਮ.ਸੀ. ਸਾਂਡਰਸ ਨੂੰ ਬੁੱਚੜਖਾਨੇ ਖੋਹਲਣ ਤੇ ਕਸਾਈਆਂ ਦੀ ਸਰਕਾਰੀ ਹਿਫ਼ਾਜ਼ਤ ਦਾ ਹੁਕਮ ਦੇ ਰੱਖਿਆ ਸੀ। ਸਾਂਡਰਸ ਨੇ ਡਿਊਟੀ ਬਖੂਬੀ ਵਜਾਈ ਸੀ। ਸਰ ਲਾਰੰਸ ਨੇ ਆਪਣੀ ਕੋਠੀ ਅੰਬਰਸਰ ਦੇ ਬਾਹਰਵਾਰ ਠੰਡੀ ਸੜਕ ਤੇ ਬਣਵਾਈ, ਜਿਹੜੀ ਮਹਾਰਾਜਾ ਰਣਜੀਤ ਸਿੰਘ ਦੇ ਗਰਮੀਆਂ ਦੇ ਮਹੱਲ 'ਰਾਮ ਬਾਗ' ਕੋਲ ਸੀ। ਇਹੀ ਮਗਰੋਂ ਲਾਰੰਸ ਬਾਗ ਤੇ ਲਾਰੰਸ ਰੋਡ ਬਣਿਆ ਸੀ। ਉਹਦੇ ਸੈਕਟਰੀ ਦੀ ਕੋਠੀ ਬਾਬੇ ਸ਼ਹੀਦਾਂ ਸਾਹਮਣੇ ਚਾਟੀਵਿੰਡ ਰੋਡ ਤੇ ਸੀ, ਜਿਹੜੀ ਸਕੱਤਰੀ ਦੇ ਬਾਗ ਨਾਲ ਮਸ਼ਹੂਰ ਹੋਈ।

1871 ਦੌਰਾਨ ਭਰੇ-ਪੀਤੇ ਨਾਮਧਾਰੀਆਂ ਨੇ ਗਊਆਂ ਮਾਰਨ ਵਾਲੇ ਤਿੰਨ ਕਸਾਈ:- ਪੀਰ, ਜਿਊਣਾ ਤੇ ਸ਼ਾਦੀ ਮਾਰ ਘੱਤੇ। ਚੌਥਾ ਕਸਾਈ 'ਅਸਾਮੀ' ਐਂਵੇ ਤੀਂਘੜ ਪਿਆ, ਸੋ ਤੁਰੇ ਜਾਂਦਿਆਂ ਕੂਕਿਆਂ ਨੇ ਉਹ ਵੀ ਗੱਡੀ ਚਾੜ੍ਹ ਦਿੱਤਾ। ਆਪ ਉਹ ਰੂਹਪੋਸ਼ ਹੋ ਗਏ।

ਇਧਰ ਵਿਹੜੇ ਵਾਲੇ ਡਰ ਗਏ ਸਨ ਕਿ ਕਿਧਰੇ ਕੂਕੇ ਉਹਨਾਂ ਨੂੰ ਆ ਕੇ ਪੈ ਨਾ ਜਾਣ! ਉਹ ਡਰੇ ਹੋਏ, ਪੂਰਬੇ ਦੀ ਅਗਵਾਈ ਵਿਚ ਸਰ ਲਾਰੰਸ ਕੋਲ ਪੇਸ਼ ਹੋ ਗਏ। ਸਰ ਲਾਰੰਸ ਬੁੱਢਾ ਹੋ ਗਿਆ ਸੀ, ਪਰ ਅੰਗਰੇਜ਼ੀ ਸਲਤਨਤ ਦਾ ਵਫ਼ਾਦਾਰ ਸੀ। ਜਦ ਉਹਨੂੰ ਪਤਾ ਲਗਾ ਕਿ ਉਹਨੂੰ ਕੁੱਤੀ ਵਿਹੜੇ ਦੇ ਚੂਹੜੇ ਮਿਲਣ ਆਏ ਹਨ ਤਾਂ ਉਹਨੇ ਇਕਦਮ ਆਪਣੇ ਨਿੱਜੀ ਸਹਾਇਕ ਤੇ ਦੁਭਾਸ਼ੀ ਚਤਰ ਸਿੰਘ ਨੂੰ ਸੱਦ ਲਿਆ। ਜੀ-ਹਜ਼ੂਰੀਏ ਚਤਰ ਸਿੰਘ ਨੇ ਜਦੋਂ 'ਚੂਹੜਿਆਂ ਦੀ ਕੌਮ' ਦੀ ਤਫਸੀਲ ਖੋਹਲ ਕੇ ਦੱਸੀ ਤਾਂ ਲਾਰੰਸ ਦਾ ਅੰਗਰੇਜ਼ ਦਿਮਾਗ ਫੱਟ ਡੂੰਘੀ ਸੋਚ ਵਿਚ ਲਹਿ ਗਿਆ। ਕੁਝ ਮਿੰਟਾਂ ਬਾਦ ਉਹਨੇ ਚਤਰ ਸਿੰਘ ਨੂੰ ਕਿਹਾ -

"ਓਹ! ਠਹਏ ਅਰਏ ਨਟੋਚਹਅਬਲਏਸ."

ਫੇਰ ਸੋਚ-ਸੋਚ ਕੇ ਉਹਨੇ ਆਪਣੇ ਸੈਕਟਰੀ ਨੂੰ ਕਿਹਾ, ਕਿ ਇਹਨਾਂ ਦੀ ਰਾਖੀ ਲਈ ਗਸ਼ਤ-ਪਾਰਟੀ ਲਈ ਜਾਏ। ਨਾਲ ਹੀ ਕਿਹਾ ਕਿ ਇਹਨਾਂ ਲਈ ਚਰਚ ਨੂੰ ਬੇਨਤੀ ਕਰੋ ਕਿ ਸਕੂਲ ਤੇ ਹਸਪਤਾਲ ਖੋਹਲੇ।

...ਕੁਝ ਦੇਰ ਬਾਦ ਆਪ ਹੀ ਆਪਣੇ ਹੁਕਮ ਨੂੰ ਕੱਟ ਕੇ ਸੈਕਟਰੀ ਨੂੰ ਕਿਹਾ ਕਿ ਜਾਕੇ ਲਾਟ ਪਾਦਰੀ ਫਾਦਰ ਜੇਮਜ਼ ਨੂੰ ਲੈ ਆਊ ਤੇ ਅਜੇ ਸਕੂਲ ਤੇ ਹਸਪਤਾਲ ਵਾਲਾ ਕੰਮ ਰਹਿਣ ਦਿਊ...!

ਲਾਟ ਪਾਦਰੀ 'ਫਾਦਰ ਜੇਮਜ਼' ਦੇ ਆਉਣ ਤੇ ਸਰ ਲਾਰੰਸ ਨੇ ਉਹਦਾ ਆਸ਼ੀਰਵਾਦ ਲਿਆ ਤੇ ਲੰਮੀ ਸਲਾਹ ਤੋਂ ਬਾਦ ਫਾਦਰ ਨੂੰ 'ਕੁੱਤੀ ਵਿਹੜੇ' ਵਿਚ ਆਪਣੇ ਦੁਭਾਸ਼ੀਏ ਨੂੰ ਨਾਲ ਭੇਜਣ ਤੇ ਕੁੱਤੀ ਵਿਹੜੇ ਦੇ ਚੂਹੜਿਆਂ ਨੂੰ 'ਪ੍ਰਭੂ ਦੇ ਪੁੱਤਰ ਯਸੂ' ਦੇ ਬਚਨ ਸੁਣਾਨ ਦੀ ਬੇਨਤੀ ਕੀਤੀ।

ਫਾਦਰ ਦੇ ਜਾਣ ਮਗਰੋਂ ਉਹਨੇ ਆਪਣੇ ਸੈਕਟਰੀ ਤੇ ਦੁਭਾਸ਼ੀਏ ਚਤਰ ਸਿੰਘ, ਦੋਹਾਂ ਨੂੰ ਭੇਦ ਭਰੇ ਢੰਗ ਨਾਲ ਕਿਹਾ-

''ਅਜੇ ਨਾ ਸਕੂਲ, ਨਾ ਹਸਪਤਾਲ ਦੀ ਲੋੜ ਹੈ। ਵੱਡੀ ਲੋੜ ਇਹਨਾਂ ਨੂੰ ਪ੍ਰਭੂ ਯਸੂ ਦੀਆਂ ਬਰਕਤਾਂ ਬਾਰੇ ਦੱਸਣ ਦੀ ਹੈ।''

ਫੇਰ ਬੜੇ ਭੇਤੀ ਢੰਗ ਨਾਲ ਚਤਰ ਸਿੰਘ ਵਲ ਵੇਖਿਆ, ਜਿਹੜਾ ਉਹਦਾ ਇਸ਼ਾਰਾ ਸਮਝ ਕੇ ਹੱਸ ਰਿਹਾ ਸੀ। ਉਹਨੂੰ ਅੱਖ ਮਾਰਕੇ ਕਹਿਣ ਲਗਾ-

"ਠਹਏ ਅਰਏ ੍ਰ ਅਚਟੁਅਲ ਟਰੁਮਪਚਅਰਦਸ."

ਜਵਾਬ ਵਿਚ ਚਤਰ ਸਿੰਘ ਹੱਸਿਆ।

ਇਹ ਉਹੀ ਚਤਰ ਸਿੰਘ ਸੀ, ਜਿਹੜਾ ਵਰ੍ਹਿਆਂ ਬਾਦ ਸਿੱਖੀ ਛੱਡ ਕੇ ਮਾਝੇ ਦਾ ਲਾਟ-ਪਾਦਰੀ ਬਣਿਆ!

- - - -

ਬੰਟੀ ਮਸੀਹ ਪਿਉ-ਵਾਹਣਾ ਬਾਲਕ ਸੀ। ਉਹਦਾ ਪਿਉ ਕਿਰਪਾਨਾਂ ਬਜ਼ਾਰ ਵਾਲੇ ਲੁਹਾਰਾਂ ਨਾਲ ਲੜਾਈ ਵਿਚ ਮਾਰਿਆ ਗਿਆ ਸੀ। ਲੁਹਾਰ ਬੇਅੰਤ ਤਗੜੇ ਸਨ ਤੇ ਬਹੁਗਿਣਤੀ ਵਿਚ ਸਨ! ਇਧਰ ਬੰਟੀ ਦਾ ਪਿਉ ਤੇ ਤਿੰਨ-ਚਾਰ ਹੋਰ ਚੂਹੜੇ ਸ਼ਰਾਬ ਪੀਕੇ ਰੋਜ਼ ਸ਼ਾਮ ਨੂੰ, ਦੁਪਹਿਰ ਨੂੰ ਤੇ ਗਈ ਰਾਤ ਤੱਕ ਚੀਕਾਂ ਤੇ ਬੜ੍ਹਕਾਂ ਮਾਰਦੇ ਸਨ। ਇਕ ਦਿਨ ਦੋਹਾਂ ਧਿਰਾਂ ਦੀ ਵਾਹਵਾ ਪੀਤੀ ਹੋਈ ਸੀ ਤੇ ਆਹਮੋ-ਸਾਹਮਣੇ ਹੋ ਪਈਆਂ। ਲੜਾਈ ਤੇ ਹੁੰਦੀ ਢਾਈ ਫੱਟ ਦੀ ਹੈ, ਜਿਹੜਾ ਪਹਿਲੇ ਲਾ ਗਿਆ! ਲੁਹਾਰਾਂ ਨੇ ਪਹਿਲ ਕਰ ਲਈ। ਬੰਟੀ ਦੇ ਪਿਉ ਤੇ ਉਹਦੇ ਸਾਥੀਆਂ ਦੇ ਛੁਰੀਆਂ ਕੱਢਣ ਤੋਂ ਪਹਿਲਾਂ ਹੀ ਲੁਹਾਰਾ ਨੇ ਟਕੂਏ ਤੇ ਨਲਕਿਆਂ ਦੀਆਂ ਹੱਥੀਆਂ ਮਾਰ-ਮਾਰ ਸਾਰੇ ਢੇਰ ਕਰ ਦਿੱਤੇ। ਬੰਟੀ ਦਾ ਪਿਉ ਤੇ ਉਥੇ ਨਾਲੀ ਕੋਲ ਡਿੱਗ ਕੇ ਹੀ ਮਰ ਗਿਆ। ਬਾਕੀ ਵੀ ਲਹੂ-ਲੁਹਾਣ ਹੋ ਕੇ ਡਿੱਗ ਪਏ। ਰੌਲਾ ਸੁਣਕੇ ਸਾਰੇ ਵਿਹੜੇ ਦੇ ਮਰਦ ਭੱਜ ਕੇ ਆਏ, ਪਰ ਲੁਹਾਰਾਂ ਅਗੇ ਕੋਈ ਪੇਸ਼ ਨਾ ਗਈ। ਲੁਹਾਰਾਂ ਨੇ ਬੀ. ਡਵੀਜਨ ਦੇ ਥਾਣੇਦਾਰ ਨੂੰ ਵੱਢੀ ਦਿੱਤੀ ਤੇ ਹਸਪਤਾਲ ਜਾ ਪਏ। ਆਪੇ ਫੱਟ ਲਾਕੇ ਬਰਾਬਰ ਦਾ ਪਰਚਾ ਕਟਵਾ ਲਿਆ। ਇਸ ਘਟਨਾ ਤੋਂ ਹਫਤੇ ਕੁ ਬਾਦ ਹੀ ਸਾਰੇ ਭਾਰਤ ਵਿਚ ਇੰਦਰਾ ਗਾਂਧੀ ਨੇ ਐਮਰਜੈਂਸੀ ਲਾ ਦਿੱਤੀ। ਸਾਰੀ ਪੁਲਸ ਦਾ ਧਿਆਨ ਮੀਸਾ ਅਧੀਨ ਬਾਕੀ ਲੋਕਾਂ ਨੂੰ ਫੜਨ ਵਲ ਹੋ ਗਿਆ ਤੇ ਇਹ ਕੇਸ ਘੱਟੇ-ਕੌਡੀਆਂ ਰੁਲ ਗਿਆ। ਬੰਟੀ ਦੀ ਮਾਂ ਨੇ ਬਾਦ ਵਿਚ ਮੁਆਵਜ਼ਾ ਲੈ ਕੇ ਲੁਹਾਰਾਂ ਨਾਲ ਰਾਜੀਨਾਵਾਂ ਕਰ ਲਿਆ।ਬੰਟੀ ਬਚਪਨ ਤੋਂ ਹੀ ਬੜੇ ਹੱਸਾਸ ਮਨ ਦਾ ਸੀ, ਪਰ ਉਹਨੂੰ ਮੌਲਣ ਲਈ ਧਰਤੀ ਨਾ ਮਿਲੀ। ਹੌਲੀ-ਹੌਲੀ ਉਹਦਾ ਬਚਪਨ ਖੁਰਦਾ ਗਿਆ ਤੇ ਅੰਤ ਇਕ ਖਿੰਗਰ-ਪੱਥਰ ਜਿਹਾ ਬੇਤਰਸ ਬੱਚਾ ਸਾਹਮਣੇ ਆ ਗਿਆ! ਫੇਰ ਵੀ ਜਦੋਂ ਕਦੀ ਬੰਟੀ ਇਕੱਲਾ ਬੈਠਾ ਹੁੰਦਾ, ਉਹ ਡੂੰਘੀਆਂ ਸੋਚਾਂ ਵਿਚ ਲਹਿ ਜਾਂਦਾ। ਉਹਦਾ ਪਿਉ ਉਹਨੂੰ ਸਵਾ ਸਾਲ ਦੇ ਨੂੰ ਛੱਡ ਕੇ ਮਰ ਗਿਆ ਸੀ। ਇਕ ਵੱਡੀ ਭੈਣ ਸੀ ਤੇ ਨਿੱਕਾ ਉਦੋਂ ਮਹੀਨੇ ਕੁ ਦਾ ਸੀ। ਮਾਂ ਨੇ ਕਿਤੇ ਹੋਰ ਮੁੜ ਚਾਦਰ ਨਾ ਪਾਈ। ਉਦੋਂ ਕੋਠੇ ਖਤਮ ਹੋ ਚੁੱਕੇ ਸਨ ਤੇ ਸਾਰੇ ਅੰਬਰਸਰ ਵਿਚ ਸੀਵਰੇਜ ਤੇ ਫਲੱਸ਼ ਲਗ ਗਏ ਸਨ। ਅੰਬਰਸਰ ਦੇ 'ਚਾਰ ਸੌ ਸਾਲਾ' ਦਿਵਸ ਤੇ ਸਰਕਾਰ ਦਾ ਇਹ ਤੋਹਫ਼ਾ ਸੀ, ਨਾਲ ਉਨ੍ਹਾਂ ਨੇ ਚੂਹੜਿਆਂ ਦੀ ਮੁਕਤੀ ਦਾ ਨਾਅਰਾ ਦੇ ਦਿੱਤਾ - ''ਸਿਰ ਤੇ ਟੋਕਰੀ ਨਹੀਂ...!''

ਇਸ ਨਾਅਰੇ ਨੇ ਹਜ਼ਾਰਾਂ ਚੂਹੜੇ ਭੁੱਖੇ ਮਰਨ ਲਾ ਦਿੱਤੇ ਸਨ, ਪਰ ਬੰਟੀ ਦੀ ਮਾਂ ਨੂੰ ਤਰਸ ਦੇ ਅਧਾਰ 'ਤੇ ਕੌਂਸਲਰ ਭਾਈਏ ਨੇ ਸਫਾਈ ਸੇਵਕਾ ਲਵਾ ਦਿੱਤਾ। ਉਹ ਹਰ ਮਹੀਨੇ ਬੱਝਵੀਂ ਤਨਖਾਹ ਲੈਂਦੀ ਤੇ ਦੋ ਟਾਇਮ ਆਪਣੇ ਇਲਾਕੇ ਵਿਚ ਸਫਾਈ ਕਰਦੀ। ਤਨਖਾਹ ਭਾਵੇਂ ਥੋੜ੍ਹੀ ਸੀ, ਪਰ ਉਹ ਸੰਜੂਤੀ ਹੋਣ ਕਰਕੇ ਘਰ ਵਾਹਵਾ ਤੋਰੀ ਜਾਂਦੀ ਸੀ। ਇਨ੍ਹਾਂ ਦਿਨਾਂ ਵਿਚ ਹੀ ਗੂੰਹ-ਮੂਤਰ ਚੁੱਕਣ ਦੇ ਕੰਮ ਤੋਂ ਵਿਰਲੀਆਂ ਹੋਈਆਂ ਵਿਹੜੇ ਦੀਆਂ ਜਨਾਨੀਆਂ ਕੰਮ-ਕਾਰ ਮੰਗਣ ਨਿਕਲੀਆਂ। ਉਨ੍ਹਾਂ ਨੂੰ ਭਿੱਟ ਮੰਨਦਾ ਕੋਈ ਘਰ ਕੰਮ ਨਾ ਦਏ! ਅਖੀਰ ਈਸਟ ਮੋਹਨ ਨਗਰ ਦੇ ਇਕ ਬੰਗਾਲੀ ਬੈਂਕ ਮੈਨੇਜਰ ਨੇ ਸੱਤਰਵਿਆਂ ਦੇ ਅਖੀਰ ਵਿਚ ਉਨ੍ਹਾਂ ਨੂੰ ਭਾਂਡੇ-ਸਫ਼ਾਈਆਂ ਦਾ ਕੰਮ ਦੇ ਕੇ ਅੰਬਰਸਰੀਆਂ ਦੀ ਇਹ ਝਿਜਕ ਵੀ ਤੋੜ ਦਿੱਤੀ। ਫੇਰ ਤਾਂ ਅਨੇਕਾਂ ਹੀ ਪਰਵੀਨ, ਡੇਜ਼ੀ ਤੇ ਰੂਪਾਂ ਤੇ ਫਰੀਡਾਂ, ਘਰਾਂ ਦੇ ਕੰਮ ਕਰਨ ਲਗੀਆਂ। ਬੰਟੀ ਜਦ ਆਪਣੇ ਵਿਹੜੇ ਦੀਆਂ ਜਨਾਨੀਆਂ ਨੂੰ ਕੰਮਾਂ-ਕਾਰਾਂ ਤੇ ਜਾਂਦੀਆਂ ਦੇਖਦਾ ਤਾਂ ਉਹਦੇ ਬਾਲਕ-ਮਨ ਵਿਚ ਕੁਛ-ਕੁਛ ਹੁੰਦਾ। ਬਹੁਤੇ ਬਾਲਮੀਕੀਏ ਜਾਂ ਤਾਂ ਚਰਸ ਪੀਂਦੇ, ਜਿਹੜੀ ਉਦੋਂ ਆਮ ਮਿਲ ਜਾਂਦੀ ਸੀ। ਜਾਂ ਫੇਰ ਅੰਨਗੜ੍ਹ ਜਾ ਕੇ ਘਰ ਦੀ ਕੱਢੀ ਸ਼ਰਾਬ ਲਿਆ ਕੇ ਪੀਵੀ ਜਾਂਦੇ। ਕੰਮਕਾਰ ਵੀ ਕਰਦੇ, ਪਰ ਕਮਾਈ ਘਰ ਘੱਟ ਹੀ ਪਹੁੰਚਦੀ। ਹੌਲੀ-ਹੌਲੀ ਬੰਟੀ ਵੱਡਾ ਹੁੰਦਾ ਗਿਆ ਤੇ ਉਹਨੂੰ ਇਹ ਵੀ ਪਤਾ ਲਗੱ ਗਿਆ ਕਿ ਐਥੇ ਤੋਂ ਵੱਧ ਉਹਦੀਆਂ ਮਾਵਾਂ-ਭੈਣਾਂ, ਦੇਹ-ਵਪਾਰ ਵਿਚੋਂ ਵੀ ਰੋਟੀ ਕੱਢ ਰਹੀਆਂ ਸਨ।ਬੰਟੀ ਜਦੋਂ ਅਕਸਰ ਆਪਣੇ ਸਾਥੀਆਂ ਨਾਲ ਪੀਰਾਂ ਦੇ ਡੇਰਿਆਂ ਤੇ ਜਾਂਦਾ, ਤਾਂ ਬੀੜੀ-ਸਿਗਰਟ ਹੀ ਪੀਂਦਾ। ਜਦੋਂ ਕਵਾਲ ਗੌਂਦੇ-

ਵੇ ਸੁੰਨੀਆਂ ਤੇਰੇ ਬਾਝ ਕਨਾਤਾਂ
ਵਿਹੜੇ ਆ ਵੜ ਮੇਰੇ
ਸਾਈਆਂ ਮੈਂ ਖੜ੍ਹੀ ਦਵਾਰੇ ਤੇਰੇ

ਤਾਂ ਜੀਅ ਕਰਦਾ ਕਿ ਉਹ ਕੱਵਾਲਾਂ ਨਾਲ ਹੀ ਰਲ ਜਾਏ ਤੇ ਡੇਰਿਆਂ ਤੇ ਗੌਂਦਾ ਫਿਰੇ! ਜਦੋਂ ਕਦੀ ਉਨ੍ਹਾਂ ਦਿਆਂ ਬਜ਼ਾਰਾਂ ਵਿਚੋਂ ਲੁਬਾਣਿਆਂ ਦਾ ਸੋਹਣ ਸਿੰਘ, ਆਪਣੇ ਭਲਵਾਨੀ ਸਰੀਰ ਨਾਲ ਰੇਹੜੀ ਧੱਕਦਾ ਹੋਕਾ ਦੇਂਦਾ-

ਸਾਵੀਂ ਬੂਰਾ
ਸਾਵੀਂ ਪਿਆਜ਼!
ਆਲੂ ਲੈ ਲੈ
ਪਿਆਜ਼ ਲੈ ਲੈ!

ਉਦੋਂ ਉਹਨੂੰ ਸੋਹਣ ਸਿੰਘ 'ਤੇ ਵੀ ਰਸ਼ਕ ਹੁੰਦਾ ਸੀ। ਸੋਹਣ ਸਿੰਘ ਸਵੇਰੇ-ਸ਼ਾਮ ਘਈਓ ਉਸਤਾਦ ਦੇ ਅਖਾੜੇ ਵਿਚ ਘੁਲਦਾ ਸੀ। ਬੰਟੀ ਹੁਰਾਂ ਕਈ ਵਾਰ ਸੋਹਣ ਸਿੰਘ ਨੂੰ ਘੁੱਲਦਾ ਤੱਕਿਆ ਸੀ। ਪਰ ਬੰਟੀ ਨੂੰ ਸੁੱਝਦਾ ਨਹੀਂ ਸੀ ਕਿ ਉਹਦੀ ਮੰਜ਼ਿਲ ਕਿਥੇ ਸੀ? ਮਾਂ ਨੌਕਰੀ ਕਰਦੀ ਤੇ ਘਰ ਦੀ ਰੋਟੀ ਟੁਰੀ ਜਾਂਦੀ। ਸਕੂਲ ਤਿੰਨ੍ਹਾਂ ਬੱਚਿਆਂ ਵਿਚੋਂ ਕੋਈ ਨਹੀਂ ਸੀ ਗਿਆ। ਬੰਟੀ ਜਵਾਨ ਹੋ ਰਿਹਾ ਸੀ, ਪਰ ਕੰਮ-ਕਾਰ ਕਿਥੇ ਸੀ? ਉਹ ਕਦੀ-ਕਦੀ ਸੱਤੇ ਤੇ ਪੈਟਰਿਕ ਮਸੀਹ ਨਾਲ ਲੰਮੇ ਬਾਂਸ ਫੜਕੇ ਵਡੇ ਨਗਰਾਂ ਦੇ ਸੀਵਰੇਜ ਖੋਹਲਣ ਲਈ ਜਾਂਦਾ, ਕਿਉਂਕਿ ਸੀਵਰੇਜ ਪ੍ਰਬੰਧ ਨਾਕਸ ਸੀ ਤੇ ਵੱਡੀਆਂ ਕੋਠੀਆਂ ਵਾਲੇ ਹਰ ਤਰ੍ਹਾਂ ਦਾ ਗੰਦਮੰਦ ਵੀ ਸੀਵਰੇਜਾਂ ਵਿਚ ਸੁੱਟਦੇ ਸਨ। ਸੀਵਰੇਜ ਅਕਸਰ ਬੰਦ ਰਹਿੰਦੇ...!

ਇਨ੍ਹਾਂ ਮੰਦੇ ਹਾਲਾਂ ਵਿਚ ਹੀ, ਜਦੋਂ ਹੋਰ ਪਤਾ ਨਹੀਂ ਕਿਸ-ਕਿਸ ਬੰਦ ਦਾ ਸਰਕਾਰ ਵੱਲੋਂ ਇੰਤਜ਼ਾਮ ਹੋ ਰਿਹਾ ਸੀ, ਪੰਜਾਬ ਵਿਚ ਸਥਾਪਤੀ ਦੀਆਂ ਏਜੰਸੀਆਂ ਨੇ ਨਸ਼ੇ ਦਾ ਚੌਥਾ ਦਰਿਆ ਵਹਾ ਦਿੱਤਾ ਸੀ। ਏਨੀ ਮਾਤਰਾ ਵਿਚ, ਤੇ ਏਨੀ ਸਸਤੀ ਤੇ ਸੌਖੀ ਪੱਧਰ ਤੇ ਨਸ਼ਾ ਮਿਲਣ ਲਗਾ ਕਿ ਬੰਟੀ ਵਰਗੇ ਭਟਕ ਰਹੇ ਅਨੇਕ ਸਿੰਘ, ਲਾਲ ਤੇ ਮਸੀਹ, ਨਸ਼ਿਆਂ ਦੇ ਦਰਿਆ ਵਿਚ ਹੜ੍ਹ ਗਏ। ਬੰਟੀ ਨੂੰ ਪਹਿਲੇ ਸ਼ਰਾਬ ਤੇ ਫੇਰ ਸਮੈਕ ਦੀ ਲੱਤ ਲਗ ਗਈ ਸੀ। ਉਹਦੇ ਸਾਥੀ ਵੀ ਬਚ ਨਾ ਸਕੇ। ਆਖਰ ਬਾਰ ਬਾਰ ਦੀ ਥਾਣਾ ਬੀ. ਡਵੀਜਨ ਦੀ ਕੁੱਟ ਤੋਂ ਤੰਗ ਆਇਆ ਬੰਟੀ ਸਮੈਕ ਪੀਣ ਦੇ ਨਾਲ-ਨਾਲ ਵੇਚਣ ਵੀ ਲਗ ਪਿਆ। ਥਾਣੇਦਾਰਾਂ ਉਹਨੂੰ ਕੁੱਟਣਾ ਛੱਡ ਦਿੱਤਾ ਤੇ ਉਹਨੂੰ ਬੰਦਾ ਮਾਲ ਦੇ ਦੇਂਦੇ ਤੇ ਕਮਿਸ਼ਨ ਲਈ ਜਾਂਦੇ ਸਨ। ਉਹ ਮਸ਼ਹੂਰ ਸਮੈਕ ਸਮਗਲਰ 'ਸੱਤੀ ਬਾਹਮਣ' ਲਈ ਕੰਮ ਕਰਨ ਲਗਾ, ਜੀਹਦਾ ਨਸ਼ਾ ਸਾਰੇ ਅੰਬਰਸਰ ਵਿਚ ਵਿਕਦਾ ਸੀ। ਸੱਤੀ ਦੇ ਪੇਚੇ ਅੰਮ੍ਰਿਤਸਰ ਦੇ ਐੱਸ.ਐੱਸ.ਪੀ ਨਹੀਂ, ਸਗੋਂ ਸਿੱਧੇ ਚੰਡੀਗੜ੍ਹ ਤੱਕ ਲਗਦੇ ਸਨ। ਉਹ ਵੇਲੇ ਦੇ ਕਾਤਲ, ਚੋਰ ਤੇ ਭਾੜੇ ਤੇ ਭੀੜ ਇਕੱਠੀ ਕਰਨ ਵਾਲੇ ਦੱਲੇ ਵੀ ਮੁਹੱਈਆ ਕਰਵਾਂਦਾ ਸੀ। ...ਬੰਟੀ ਹੁਣ ਉਸੇ ਦਾ ਫੀਲਾ ਸੀ।

- - - -

ਮਲਕਾ ਨੂੰ ਖੁਸ਼ ਕਰਨ ਲਈ ਈਸਟ ਇੰਡੀਆ ਕੰਪਨੀ ਕੋਈ ਮੌਕਾ ਨਹੀਂ ਸੀ ਜਾਣ ਦੇਂਦੀ। ਅੰਗਰੇਜ਼ੀ ਹਕੂਮਤ ਨੇ ਮਲਕਾ ਦੀ ਖੁਸ਼ੀ ਲਈ 1909 ਵਿਚ ਮਲਕਾ ਦੇ ਬੁੱਤ ਬਣਵਾ ਕੇ ਭਾਰਤ ਵਿਚ ਭੇਜੇ। ਕੁਛ ਤੇ ਸਾਊਥ ਦੇ ਕਲਾਕਾਰਾਂ ਆਪ ਬਣਾ ਦਿੱਤੇ, ਪਰ ਅੰਬਰਸਰ ਜਿਹੜਾ ਸੀ, ਉਹਨੂੰ ਦਰਬਾਰ ਸਾਹਿਬ ਤੋਂ ਪਰ੍ਹੇ ਕਰਕੇ, ਨੀਂਵੇ ਬਜ਼ਾਰ ਬਾਹਰ ਨਿਕਲ ਕੇ ਚੌਂਕ ਬਣਾ ਕੇ ਲਾਇਆ ਗਿਆ। ਉਹਦੀ ਸੇਧ ਸਿੱਧੀ ਜਾ ਕੇ ਜਲ੍ਹਿਆਂ ਦੇ ਬਾਗ ਦੇ ਗੇਟ ਦੇ ਉਲਟੇ ਪਾਸੇ ਦਿਖਦੀ ਸੀ। ਜਲ੍ਹਿਆਂ ਦੇ ਬਾਗ ਵਲ ਪਿੱਠ ਕਰੋ ਤੇ ਮਲਕਾ ਦਾ ਬੁੱਤ ਦਿਸਦਾ ਸੀ!

ਉਥੇ ਬੁੱਤ ਲਗਣ ਤੋਂ ਬਾਦ ਇਕ ਨਵੀਂ ਹੀ ਗੱਲ ਵਾਪਰੀ। ਅੰਬਰਸਰ ਸ਼ਹਿਰ ਭੰਗੜਾਂ ਤੇ ਅਫੀਮੀਆਂ ਨੂੰ, ਪਿੰਗਲਿਆਂ, ਮੰਗਤਿਆਂ, ਚਰਸੀਆਂ ਨੂੰ ਪੁਸ਼ਤ ਪਨਾਹੀ ਦੇਂਦਾ ਰਿਹਾ ਹੈ। ਲੰਗਰ ਵੱਖੋ-ਵੱਖ ਗੁਰਦੁਆਰਿਆਂ ਵਿਚੋਂ ਛੱਕਦੇ ਅਨੇਕਾਂ ਵਿਹਲੜ ਤੇ ਨਸ਼ਈ ਉਥੇ ਫਿਰਦੇ ਸਨ। ਪਿੰਡਾਂ ਦੇ ਮਾਈ-ਭਾਈ ਹਰ ਤਿੱਥ-ਤਿਉਹਾਰ ਤੇ ਮੱਸਿਆ-ਸੰਗਰਾਂਦ ਖੀਰ ਜਾਂ ਹੋਰ ਰਸਦ ਬਣਾ ਕੇ ਲਿਆਂਦੇ ਸਨ।

ਹੁਣ ਵਾਪਰਿਆ ਇਹ ਕਿ, ਕਾਫੀ ਸਾਰੇ ਨਸ਼ਈ ਤੇ ਵਿਹਲੜ, ਜਾਂ ਕਾਮ ਦੇ ਸਤਾਏ ਮੰਗਤੇ ਤੇ ਚਰਸੀ, ਰਾਤ ਦੇ ਆਖਰੀ ਪਹਿਰ, ਭਾਵ ਡੇਢ ਦੋ ਵਜੇ ਮਲਕਾਂ ਦੇ ਬੁੱਤ ਕੋਲ ਇਕੱਠੇ ਹੋ ਜਾਂਦੇ। ਵਾਰੀ-ਵਾਰੀ ਉਹ ਚਬੂਤਰੇ ਤੇ ਚੜ੍ਹਦੇ ਤੇ ਮਲਕਾ ਦੇ ਬੁੱਤ ਨਾਲ ਨੰਗੀਆਂ-ਜੱਫੀਆਂ ਪਾਉਂਦੇ। ਉਹਦੇ ਤਿੱਖੇ ਉਭਾਰਾਂ ਤੇ ਹੱਥ ਫੇਰਦੇ। ਠੰਡਾ ਸੰਗਮਰਮਰ ਉਹਨਾਂ ਨੂੰ ਸਕੂਨ ਦੇਂਦਾ ਤੇ ਉਹ ਕਾਮੁਕ ਹੋਕੇ ਹੱਥ-ਰੱਸੀ ਕਰਦੇ ਤੇ ਵਾਰੀ-ਵਾਰੀ ਮੌਜ ਲੁੱਟ ਕੇ ਰਾਹੇ ਪੈਂਦੇ। ਮਲਕਾ ਦਾ ਬੁੱਤ ਉਹਨਾਂ ਲਈ ਸਵਰਗ ਸੀ...!...ਅੰਗਰੇਜ਼ਾਂ ਨੂੰ ਕਦੀ ਪਤਾ ਨਹੀਂ ਲਗਾ ਕਿ ਦੂਰ ਭਾਰਤ ਦੇ ਇਕ ਨਿੱਕੇ ਜਿਹੇ ਸ਼ਹਿਰ ਵਿਚ, ਜੀਹਦਾ ਨਾਂ ਅੰਬਰਸਰ ਹੈ, ਉਥੇ ਉਹਨਾਂ ਦੀ ਮਲਕਾ ਦੇ ਬੁੱਤ ਨਾਲ ਰੋਜ਼ ਰਾਤ ਨੂੰ ਮੰਗਤੇ, ਨਸ਼ਈ ਤੇ ਵਿਹਲੜ ਮੌਜ ਲੁੱਟਦੇ ਹਨ...!ਹੈਰਾਨੀ ਵਾਲੀ ਗੱਲ ਇਹ ਸੀ ਕਿ ਵਿਹੜੇ ਦੇ ਵੀ ਕਿੰਨੇ ਵੀ ਮੁੱਛਫੁੱਟ ਮੁੰਡੇ ਜਾਂ ਬੁੱਢੇ ਕਈ ਵਾਰ ਰਾਤ ਨੂੰ ਏਸ ਖੇਡ ਵਿਚ ਸ਼ਾਮਲ ਹੁੰਦੇ ਸਨ। ਅਜੇ ਕਿ ਵਿਹੜੇ ਵਿਚ ਕਾਮ ਦੀ ਖੁਲ੍ਹ-ਖੇਡ ਤੋਂ ਕਿਤੇ ਵੀ ਮਨਾਹੀ ਨਹੀਂ ਸੀ, ਕਿਉਂਕਿ ਰਾਮਬਾਗ ਦੇ ਰੰਡੀਖਾਨੇ ਦੀਆਂ ਬਹੁਤੀਆਂ ਵੇਸ਼ਵਾਵਾਂ ਉਹਨਾਂ ਦੇ ਘਰਾਂ ਵਿਚੋਂ ਹੀ ਸਨ...!

---ਇਸ ਦੌਰਾਨ ਰਾਜ-ਭਾਗ ਬਦਲੇ। ਮਲਕਾਂ ਦੀ ਮੌਤ ਤੋਂ ਮਗਰੋਂ 1911 ਵਿਚ ਜਾਰਜ ਬਾਦਸ਼ਾਹ ਇੰਗਲੈਂਡ ਦੀ ਗੱਦੀ 'ਤੇ ਬੈਠਾ। ਉਹਦੇ ਰਾਜ ਵਿਚ ਭਾਰਤ ਦੀ ਲੁੱਟ ਤੇ ਭਾਰਤ ਨੂੰ ਥੱਲੇ ਲਾਕੇ ਗੁਲਾਮ ਰੱਖਣ ਦੀ ਕਿਰਿਆ ਹੋਰ ਤੇਜ਼ ਹੋਈ। 1919 ਵਿਚ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਹੋ ਗਿਆ। ਡਾਇਰ ਤੇ ਉਹਦੇ ਫੌਜੀਆਂ ਨੇ, ਜਿਨ੍ਹਾਂ ਵਿਚ ਵਧੇਰੇ ਗੋਰਖੇ ਤੇ ਛਾਬੀ ਸਨ, ਉਹਨਾਂ ਆਪਣੇ ਹੀ ਭਰਾਵਾਂ ਤੇ ਗੋਲੀਆਂ ਚਲਾਕੇ ਸੈਂਕੜੇ ਲੋਕ ਮਾਰ ਸੁੱਟੇ। ਡਾਇਰ ਖੁਸ਼ ਸੀ ਕਿ ਇਤਿਹਾਸ ਵਿਚ ਹੁਣ ਉਹ ਜਿਊਂਦਾ ਰਹੇਗਾ...!ਇਧਰ ਸਤਪਾਲ ਤੇ ਕਿਚਲੂ ਹੁਰਾਂ ਅੰਬਰਸਰ ਵਿਚ ਮੁਜ਼ਾਹਰੇ ਤੇਜ਼ ਕਰ ਦਿੱਤੇ। ਉਧਰ ਗਰਮ-ਖਿਆਲ ਨੌਜੁਆਨਾਂ ਆਪਣੇ ਢੰਗ ਨਾਲ ਰੋਸ ਪ੍ਰਗਟਾਵਾ ਸ਼ੁਰੂ ਕਰ ਦਿੱਤਾ...!ਡਾਇਰ ਦਾ ਸਖਤ ਹੁਕਮ ਸੀ ਕਿ ਜਲ੍ਹਿਆਂ ਵਾਲੇ ਬਾਗ ਦੇ ਹਮਲੇ ਮਗਰੋਂ ਪੰਜਾਬੀ ਨੌਜੁਆਨਾਂ ਨੂੰ ਭੜਕਣ ਨਹੀਂ ਦੇਣਾ। ਸਾਮ, ਦਾਮ, ਦੰਡ, ਭੇਦ ਦੇ ਹਰ ਢੰਗ ਨਾਲ ਇਹਨਾਂ ਨੂੰ ਸਿੰਝਣਾ ਹੈ। ਇਸ ਦੌਰਾਨ ਹਰਮੰਦਰ ਸਾਹਿਬ ਦੇ ਸਰਬਰਾਹ (ਹੈਡ) ਅਰੂੜ ਸਿੰਘ ਵਲੋਂ ਜਨਰਲ ਡਾਇਰ ਨੂੰ ਸਿਰੋਪਾ ਦਿੱਤਾ ਗਿਆ ਸੀ।

ਬਾਕੀ ਅਗਲੇ ਅੰਕ 'ਚ

ਮਲਕਾ ਨੂੰ ਖੁਸ਼ ਕਰਨ ਲਈ ਈਸਟ ਇੰਡੀਆ ਕੰਪਨੀ ਕੋਈ ਮੌਕਾ ਨਹੀਂ ਸੀ ਜਾਣ ਦੇਂਦੀ। ਅੰਗਰੇਜ਼ੀ ਹਕੂਮਤ ਨੇ ਮਲਕਾ ਦੀ ਖੁਸ਼ੀ ਲਈ 1909 ਵਿਚ ਮਲਕਾ ਦੇ ਬੁੱਤ ਬਣਵਾ ਕੇ ਭਾਰਤ ਵਿਚ ਭੇਜੇ। ਕੁਛ ਤੇ ਸਾਊਥ ਦੇ ਕਲਾਕਾਰਾਂ ਆਪ ਬਣਾ ਦਿੱਤੇ, ਪਰ ਅੰਬਰਸਰ ਜਿਹੜਾ ਸੀ, ਉਹਨੂੰ ਦਰਬਾਰ ਸਾਹਿਬ ਤੋਂ ਪਰ੍ਹੇ ਕਰਕੇ, ਨੀਂਵੇ ਬਜ਼ਾਰ ਬਾਹਰ ਨਿਕਲ ਕੇ ਚੌਂਕ ਬਣਾ ਕੇ ਲਾਇਆ ਗਿਆ। ਉਹਦੀ ਸੇਧ ਸਿੱਧੀ ਜਾ ਕੇ ਜਲ੍ਹਿਆਂ ਦੇ ਬਾਗ ਦੇ ਗੇਟ ਦੇ ਉਲਟੇ ਪਾਸੇ ਦਿਖਦੀ ਸੀ। ਜਲ੍ਹਿਆਂ ਦੇ ਬਾਗ ਵਲ ਪਿੱਠ ਕਰੋ ਤੇ ਮਲਕਾ ਦਾ ਬੁੱਤ ਦਿਸਦਾ ਸੀ!
ਉਥੇ ਬੁੱਤ ਲਗਣ ਤੋਂ ਬਾਦ ਇਕ ਨਵੀਂ ਹੀ ਗੱਲ ਵਾਪਰੀ। ਅੰਬਰਸਰ ਸ਼ਹਿਰ ਭੰਗੜਾਂ ਤੇ ਅਫੀਮੀਆਂ ਨੂੰ, ਪਿੰਗਲਿਆਂ, ਮੰਗਤਿਆਂ, ਚਰਸੀਆਂ ਨੂੰ ਪੁਸ਼ਤ ਪਨਾਹੀ ਦੇਂਦਾ ਰਿਹਾ ਹੈ। ਲੰਗਰ ਵੱਖੋ-ਵੱਖ ਗੁਰਦੁਆਰਿਆਂ ਵਿਚੋਂ ਛੱਕਦੇ ਅਨੇਕਾਂ ਵਿਹਲੜ ਤੇ ਨਸ਼ਈ ਉਥੇ ਫਿਰਦੇ ਸਨ। ਪਿੰਡਾਂ ਦੇ ਮਾਈ-ਭਾਈ ਹਰ ਤਿੱਥ-ਤਿਉਹਾਰ ਤੇ ਮੱਸਿਆ-ਸੰਗਰਾਂਦ ਖੀਰ ਜਾਂ ਹੋਰ ਰਸਦ ਬਣਾ ਕੇ ਲਿਆਂਦੇ ਸਨ।

## Matrimonial

### ਕੰਨਿਆ ਦੀ ਲੋੜ

ਇੰਗਲੈਂਡ ਦੀ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਇਨ ਮੈਨੇਜਮੈਂਟ, (ਐਮ.ਬੀ.ਏ.) ਅਤੇ ਐਮ.ਐਸ.ਸੀ. ਆਈ.ਟੀ. ਪਾਸ 30 ਸਾਲਾ 6'.2' ਜੱਟ ਸਿੱਖ ਭਾਰਤ ਰਹਿੰਦੇ ਲੜਕੇ ਲਈ ਕਨੇਡੀਅਨ/ ਅਮਰੀਕਨ ਲੜਕੀ ਦੀ ਜ਼ਰੂਰਤ ਹੈ। ਕੋਈ ਡਿਮਾਂਡ ਨਹੀਂ। ਬਾਇਓਡਾਟਾ jjssnice@yahoo.co.in 'ਤੇ ਭੇਜਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਨੇਡਾ ਰਹਿੰਦੇ ਭਰਾ ਨਾਲ 587-708-2627 ਜਾਂ 780-200-5328 'ਤੇ ਸੰਪਰਕ ਕੀਤਾ ਜਾ ਸਕਦਾ ਹੈ।

---

Smart match for MBBS Handsome single boy, 6-11-1988, 5'-10", father-mother Govt. employees, sister married. Contact: hotincoolsingh@yahoo.com, 94171-88904.

---

Suitable match for Handsome khatri boy, Assistant professor in maths. 6', 18-11-1982, 4:12 AM, Ludhiana, manglik, status family. Contact : 98785-31166. raman.mlp@gmail.com

### ਕੰਨਿਆ ਦੀ ਲੋੜ

ਕਨੇਡੀਅਨ ਯੂਨੀਵਰਸਿਟੀ ਤੋਂ ਐਮ.ਐਸ (ਇੰਜਨੀਅਰਿੰਗ) 29 ਸਾਲ 6'2" ਜੱਟ ਸਿੱਖ ਕਨੇਡੀਅਨ ਸਿਟੀਜ਼ਨ ਕਲੀਨ ਸੇਵਨ, ਪ੍ਰੋਫ਼ੈਸ਼ਨਲ ਇੰਜਨੀਅਰਿੰਗ ਕੰਪਨੀ ਵਿੱਚ ਨੌਕਰੀ ਕਰਦੇ ਲੜਕੇ ਲਈ ਕਨੇਡੀਅਨ ਸਿਟੀਜ਼ਨ ਜਾਂ ਪੱਕੇ ਤੌਰ 'ਤੇ ਰਹਿ ਰਹੀ ਲੜਕੀ ਦੀ ਜ਼ਰੂਰਤ ਹੈ, ਜਿਸਦਾ ਕੱਦ ਘੱਟੋ-ਘੱਟ 5'6" ਹੋਣਾ ਚਾਹੀਦਾ ਹੈ। ਲੜਕੀ ਦੀ ਕਨੇਡੀਅਨ ਵਿਦਿਅਕ ਯੋਗਤਾ, ਗੁਣਾਂ ਨੂੰ ਪਹਿਲ, ਕੋਈ ਮੰਗ ਨਹੀਂ। ਹੋਰ ਜਾਣਕਾਰੀ ਲਈ 780-298-8693 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਵਰ ਦੀ ਲੋੜ

Smart match for Beautiful girl of vaishno gursikh family, B.Sc Nurring,14 month experience of DMC Ludhiana, Parents Govt. Employees, DOB 22-06-1988. Contact: +91-84275-00644.

### ਕੰਨਿਆ ਦੀ ਲੋੜ

Professionally qualified match for Jatt Sikh Clean Shaven Canadian Citizen 29/6'2" M.S (Engineering) from Canadian University, professionally employed with an Engineering firm in Canada. Girl should be preferably 5'5" or above & presently residing in Canada/ US. Her personal values & qualification main consideration, Simple marriage, No demands. Email recent pictures & complete Bio-data at jagjitbk@gmail.com or phone 780 298 8693

### ਕੰਨਿਆ ਦੀ ਲੋੜ

ਕਨੇਡਾ ਵਾਸੀ ਜੱਟ ਸਿੱਖ ਉਮਰ 39 ਸਾਲ 5'5" ਨਸ਼ਿਆਂ ਤੋਂ ਰਹਿਤ ਕਲੀਨ ਸ਼ੇਵ, ਸੁਹਣੇ-ਸੁਨੱਖੇ ਲੜਕੇ ਲਈ ਲੜਕੀ ਦੀ ਜਰੂਰਤ ਹੈ।ਤਲਾਕਸ਼ੁਦਾ (ਬੱਚੇ ਤੋਂ ਬਗੈਰ) ਜਾਂ ਸਟੂਡੈਂਟ ਵੀਜੇ 'ਤੇ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ +1-250-552-0867

### ਕੰਨਿਆ ਦੀ ਲੋੜ

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

## Classified Plus

### ਡਰਾਈਵਰ ਦੀ ਲੋੜ

ਗਰੈਵਲ ਟਰੱਕ ਲਈ ਡਰਾਈਵਰ ਦੀ ਲੋੜ ਹੈ। ਘੱਟੋ ਘੱਟ ਤਿੰਨ ਸਾਲ ਕੰਮ ਕਰਨ ਦਾ ਤਜਰਬਾ ਹੋਵੇ। ਵਧੀਆ ਤਨਖ਼ਾਹ। ਸੰਪਰਕ 780-271-5061, Email : gak.nijjar@yahoo.ca

### ਨੈਨੀ ਦੀ ਲੋੜ

ਬਜੁਰਗਾਂ ਦੀ ਸਾਂਭ-ਸੰਭਾਲ ਲਈ ਪੰਜਾਬੀ ਬੋਲਣ ਵਾਲੀ ਨੈਨੀ ਦੀ ਜਰੂਰਤ ਹੈ। ਤਨਖ਼ਾਹ ਤਜ਼ਰਬੇ ਦੇ ਅਧਾਰ 'ਤੇ। ਵਧੇਰੇ ਜਾਣਕਾਰੀ ਲਈ ਫ਼ੋਨ ਕਰੋ: 780 863 0238 (ਮੋਬ.) ਜਾਂ 780-462-0238 (ਘਰ)

### City Estates



All Types of Property, Plots & Kothis available for Sale & Purchase in Chandigarh/Mohali/ Panchkula.

ਮੋਹਾਲੀ, ਚੰਡੀਗੜ੍ਹ, ਪੰਚਕੂਲਾ 'ਚ ਜਾਇਦਾਦ ਖਰੀਦਣ ਤੇ ਵੇਚਣ ਲਈ ਇਕ ਭਰੋਸੇਯੋਗ ਨਾਂ

ਸਿਟੀ ਐਸਟੇਟਸ

For More Info Contact: SCO 123, Phase 7, Mohali (Punjab)

011 91 98147 11263 or 011 91 98729 73304

### ਮੋਹਾਲੀ ਵਿੱਚ ਪ੍ਰਾਪਰਟੀ ਵਿਕਾਊ

ਇੰਡਸਟਰੀਅਲ ਏਰੀਆ ਫ਼ੇਸ 7 ਮੋਹਾਲੀ 'ਚ 2 ਕਨਾਲ ਅਤੇ 5 ਕਨਾਲ ਦੇ ਦੋ ਪਲਾਟ ਵਿਕਾਊ ਹਨ।

*6 ਲੇਨ ਏਅਰ ਪੋਰਟ ਰੋਡ ਦੇ ਉੱਤੇ *ਵਧੀਆ ਲੁਕੇਸ਼ਨ

ਸੰਪਰਕ: ਜਸਮੇਰ ਸਿੰਘ 780-504-7254

### Fort Road Drycleaners

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm

Call: Baljit Minhas

5521A- 137 Ave Edmonton, AB T5A 3L4

780-478-1811

### Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

PROFESSIONAL REALTY GROUP

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।



Cell: 780-909-5154



9222-51 Avenue, Edmonton, AB T6E 5L8

Phone: 780-439-9818, Fax: 780-439-1257

ਭਾਰਤੀ ਸਿਨੇਮਾ ਦੇ 100 ਸਾਲ 'ਤੇ ਵਿਸ਼ੇਸ਼

# ਵਪਾਰਕਤਾ ਅਤੇ ਰਚਨਾਤਮਕਤਾ ਦਾ ਦਵੰਦ

ਜਵਰੀਮੱਲ ਪਾਰਖ

ਭਾਰਤ ਵਿਚ ਸਿਨੇਮੇ ਦੀ ਸ਼ੁਰੂਆਤ 1896 ਵਿਚ ਹੋ ਗਈ ਸੀ, ਜਦੋਂ ਲਊਮੀਏ ਭਰਾਵਾਂ ਨੇ ਆਪਣੀ ਲਘੂ ਫ਼ਿਲਮ ਦਾ ਪ੍ਰਦਰਸ਼ਨ ਬੰਬਈ ਵਿਚ ਕੀਤਾ ਸੀ। ਇਸ ਤੋਂ ਪ੍ਰਭਾਵਤ ਹੋ ਕੇ ਕੁਝ ਭਾਰਤੀਆਂ ਨੇ ਵੀ ਇਸ ਦਿਸ਼ਾ ਵਿਚ ਕੰਮ ਕਰਨ ਦਾ ਫ਼ੈਸਲਾ ਲਿਆ। ਦਾਦਾ ਸਾਹਿਬ ਫ਼ਾਲਕੇ ਉਨ੍ਹਾਂ ਵਿਚੋਂ ਇਕ ਸਨ, ਜਿਨ੍ਹਾਂ ਨੇ ਇਕ ਵਿਦੇਸ਼ੀ ਫ਼ਿਲਮ 'ਦਾ ਲਾਈਫ਼ ਆਫ਼ ਕ੍ਰਾਈਸਟ' ਦੇਖ ਕੇ ਇਹ ਤਹਿ ਕੀਤਾ ਕਿ ਉਨ੍ਹਾਂ ਨੂੰ ਵੀ ਫ਼ਿਲਮ ਬਣਾਉਣੀ ਚਾਹੀਦੀ ਹੈ ਤੇ ਉਨ੍ਹਾਂ ਰਾਜਾ ਹਰੀਸ਼ ਚੰਦਰ ਦੇ ਜੀਵਨ ਨੂੰ ਪੇਸ਼ ਕਰਨ ਦਾ ਫ਼ੈਸਲਾ ਕੀਤਾ। ਫ਼ਿਲਮ ਬਣਾਉਣ ਲਈ ਜ਼ਰੂਰੀ ਸਾਧਨਾਂ ਲਈ ਉਹ ਖ਼ੁਦ ਲੰਡਨ ਗਏ ਸਨ ਅਤੇ ਫ਼ਿਲਮ ਬਣਾਉਣ ਦੀ ਸਿਖਲਾਈ ਵੀ ਪ੍ਰਾਪਤ ਕਰ ਕੇ ਆਏ। ਭਾਰਤ ਆ ਕੇ ਉਨ੍ਹਾਂ ਨੇ 'ਰਾਜਾ ਹਰੀਸ਼ ਚੰਦਰ' ਫ਼ਿਲਮ ਬਣਾਈ। ਦਾਦਾ ਸਾਹਿਬ ਫਾਲਕੇ ਨੇ ਅਗਲੇ ਪੰਦਰਾਂ ਸਾਲਾਂ ਵਿਚ 95 ਫ਼ੀਚਰ ਫ਼ਿਲਮਾਂ ਅਤੇ 26 ਲਘੂ ਫ਼ਿਲਮਾਂ ਬਣਾਈਆਂ ਪਰ ਉਨ੍ਹਾਂ ਵਲੋਂ ਬਣਾਈਆਂ ਸਾਰੀਆਂ ਫ਼ਿਲਮਾਂ ਪੌਰਾਣਿਕ ਕਥਾਵਾਂ 'ਤੇ ਅਧਾਰਤ ਸਨ। ਇਸ ਦੌਰ ਵਿਚ ਫ਼ਿਲਮਾਂ ਬਣਾਉਣ ਲਈ ਕੰਪਨੀਆਂ ਸਥਾਪਤ ਹੋਈਆਂ। ਖ਼ੁਦ ਦਾਦਾ ਸਾਹਿਬ ਫ਼ਾਲਕੇ ਨੇ ਹਿੰਦੁਸਤਾਨ ਫ਼ਿਲਮਜ਼ ਨਾਮ ਨਾਲ ਇਕ ਕੰਪਨੀ ਦੀ ਸਥਾਪਨਾ ਕੀਤੀ।

ਇਹ ਕੰਪਨੀਆਂ ਫ਼ਿਲਮਾਂ ਦਾ ਨਿਰਮਾਣ ਉਸੇ ਤਰ੍ਹਾਂ ਕਰਦੀਆਂ ਸਨ ਜਿਸ ਤਰ੍ਹਾਂ ਹੋਰ ਕੰਪਨੀਆਂ ਮਾਲ ਦਾ ਉਤਪਾਦਨ ਕਰਦੀਆਂ ਹਨ। ਅਦਾਕਾਰਾਂ ਤੋਂ ਲੈ ਕੇ ਤਕਨੀਸ਼ਨਾਂ ਤਕ ਨੂੰ ਨੌਕਰੀ 'ਤੇ ਰੱਖਿਆ ਜਾਂਦਾ ਸੀ। ਫ਼ਿਲਮਾਂ ਨੂੰ ਉਨ੍ਹਾਂ ਦੇ ਅਦਾਕਾਰਾਂ ਜਾਂ ਨਿਰਦੇਸ਼ਕਾਂ ਦੇ ਆਧਾਰ 'ਤੇ ਨਹੀਂ ਬਲਕਿ ਕੰਪਨੀ ਦੇ ਨਾਮ ਨਾਲ ਜ਼ਿਆਦਾ ਜਾਣਿਆ ਜਾਂਦਾ ਸੀ। ਪੌਰਾਣਿਕ ਅਤੇ ਚਮਤਕਾਰੀ ਕਹਾਣੀਆਂ ਚੁਣਨ ਦੀ ਇਕ ਵਜ੍ਹਾ ਇਹ ਵੀ ਸੀ ਕਿ ਭਾਰਤ ਵਰਗੇ ਦੇਸ਼ ਜਿਥੇ ਨਾਟਕ ਅਤੇ ਫ਼ਿਲਮਾਂ ਦੇਖਣਾ ਚੰਗਾ ਨਹੀਂ ਸਮਝਿਆ ਜਾਂਦਾ ਸੀ, ਉਥੇ ਪੌਰਾਣਿਕ ਫ਼ਿਲਮਾਂ ਰਾਹੀਂ ਦਰਸ਼ਕਾਂ ਨੂੰ ਸਿਨੇਮਾ ਘਰਾਂ ਤਕ ਆਸਾਨੀ ਨਾਲ ਖਿੱਚਿਆ ਜਾ ਸਕਦਾ ਸੀ। ਫੇਰ ਫ਼ਿਲਮਾਂ ਪ੍ਰਤੀ ਵਧਦੇ ਆਕਰਸ਼ਨ ਨੇ ਹੀ ਕੁਝ ਫ਼ਿਲਮਕਾਰਾਂ ਨੂੰ ਸਾਮਾਜਕ ਵਿਸ਼ਿਆਂ ਨੂੰ ਆਧਾਰ ਬਣਾ ਕੇ ਫ਼ਿਲਮਾਂ ਬਣਾਉਣ ਲਈ ਪ੍ਰੇਰਿਤ ਕੀਤਾ। ਇਨ੍ਹਾਂ ਵਿਚ ਬਾਬੂਰਾਵ ਪੇਂਟਰ ਦਾ ਨਾਮ ਖਾਸ ਤੌਰ 'ਤੇ ਜ਼ਿਕਰਯੋਗ ਹੈ, ਜਿਨ੍ਹਾਂ ਨੇ 1925 ਵਿਚ 'ਸਾਵਕਾਰੀ ਪਾਸ਼' ਨਾਮ ਦੀ ਫ਼ਿਲਮ ਬਣਾਈ ਜੋ ਕਿਸਾਨਾਂ ਦੀ ਕਰਜ਼ ਸਮੱਸਿਆ 'ਤੇ ਅਧਾਰਤ ਸੀ। ਫ਼ਿਲਮਾਂ ਦੇਖਣ ਪ੍ਰਤੀ ਵਧਦੀ ਰੁਚੀ ਕਾਰਨ ਹੀ ਬ੍ਰਿਟਿਸ਼ ਸਰਕਾਰ ਨੇ ਤਹਿ ਕੀਤਾ ਕਿ ਫ਼ਿਲਮਾਂ ਲਈ ਸੈਂਸਰ ਦੀ ਵਿਵਸਥਾ ਲਾਗੂ ਹੋਵੇ। 1918 ਵਿਚ ਫ਼ਿਲਮਾਂ ਦੇ ਪ੍ਰਦਰਸ਼ਨ ਸਬੰਧੀ ਕਾਨੂੰਨ ਪਾਸ ਕੀਤਾ ਗਿਆ ਜੋ 1920 ਵਿਚ ਲਾਗੂ ਹੋਇਆ। ਸ਼ਾਇਦ ਇਹੀ ਕਾਰਨ ਹੈ ਕਿ 1947 ਤੋਂ ਪਹਿਲਾਂ ਆਜ਼ਾਦੀ ਦੇ ਅੰਦੋਲਨ ਨੂੰ ਆਧਾਰ ਬਣਾ ਕੇ ਕੋਈ ਫ਼ਿਲਮ ਨਹੀਂ ਬਣ ਸਕੀ।

ਫਿਰ ਵੀ, ਦੋ ਦਹਾਕਿਆਂ ਵਿਚ ਹੀ ਕਈ ਅਜਿਹੇ ਫ਼ਿਲਮਕਾਰ ਸਾਹਮਣੇ ਆਉਣ ਲੱਗੇ ਜਿਨ੍ਹਾਂ ਲਈ ਫ਼ਿਲਮਾਂ ਮਹਿਜ਼ ਮਨੋਰੰਜਨ ਦਾ ਸਾਧਨ ਨਹੀਂ ਸਨ। ਇਹ ਫ਼ਿਲਮਕਾਰ ਮੁੱਖ ਤੌਰ 'ਤੇ ਤਿੰਨ ਫ਼ਿਲਮ ਕੰਪਨੀਆਂ ਨਾਲ ਜੁੜੇ ਸਨ। 1929 ਵਿਚ ਕੋਹਲਾਪੁਰ ਵਿਚ ਪ੍ਰਭਾਤ ਫ਼ਿਲਮ ਕੰਪਨੀ ਦੀ ਸਥਾਪਨਾ ਕੀਤੀ ਗਈ। ਇਸ ਦੀ ਸਥਾਪਨਾ ਕਰਨ ਵਾਲਿਆਂ ਵਿਚ ਵੀ. ਸ਼ਾਂਤਾਰਾਮ, ਵਿਸ਼ਣੂਪੰਤ ਦਾਮਲੇ, ਐਸ. ਫ਼ੱਤੇਲਾਲ, ਦੇਸ਼ਵਰਾਵ ਢੇਬਰ ਆਦਿ ਸ਼ਾਮਲ ਸਨ। ਵੀ. ਸ਼ਾਂਤਾਰਾਮ, ਦਾਮਲੇ ਅਤੇ ਫ਼ੱਤੇਲਾਲ ਨੇ ਮਰਾਠੀ ਅਤੇ ਹਿੰਦੀ ਵਿਚ ਸਮਾਜਕ ਦ੍ਰਿਸ਼ਟੀ ਰਾਹੀਂ ਉਦੇਸ਼ਪੂਰਨ ਕਈ ਫ਼ਿਲਮਾਂ ਬਣਾਈਆਂ ਸਨ। ਕਲਕੱਤਾ ਦੇ ਨਿਊ ਥੀਏਟਰਸ ਨੇ, ਜਿਸ ਦੀ ਸਥਾਪਨਾ 1930 ਵਿਚ ਬੀ.ਐਲ. ਸਰਕਾਰ ਨੇ ਕੀਤੀ ਸੀ, ਬੰਗਲਾ ਅਤੇ ਹਿੰਦੀ ਵਿਚ ਕਈ ਮਹੱਤਵਪੂਰਨ ਫ਼ਿਲਮਾਂ ਬਣਾਈਆਂ। ਨਿਊ ਥੀਏਟਰਸ ਨਾਲ ਨਿਤਿਨ ਬੋਸ, ਪੀ.ਸੀ. ਬਰੂਆ, ਅਮਰ ਮਲਿਕ, ਦੇਵਕੀ ਰਾਏ, ਰਿਸ਼ੀਕੇਸ਼ ਮੁਖਰਜੀ ਵਰਗੇ ਮਹਾਨ ਫ਼ਿਲਮਕਾਰ ਅਤੇ ਕਲਾਕਾਰ ਜੁੜੇ ਰਹੇ। ਹਿਮਾਂਸ਼ੂ ਰਾਏ ਵਲੋਂ ਸਥਾਪਤ ਬੰਬੇ ਟਾਕੀਜ਼ ਨੇ ਵੀ 1930 ਦੇ ਦਹਾਕੇ ਵਿਚ ਕਈ ਵੱਡੇ ਫ਼ਿਲਮਕਾਰ ਅਤੇ ਕਲਾਕਾਰ ਸਿਨੇਮਾ ਨੂੰ ਦਿੱਤੇ। ਇਸੇ ਦੌਰ ਵਿਚ ਹਿੰਦੀ ਸਿਨੇਮਾ ਨਾਲ ਹਿੰਦੀ ਅਤੇ ਉਰਦੂ ਦੇ ਕਈ ਮਹੱਤਵਪੂਰਨ ਲੇਖਕ ਵੀ ਜੁੜੇ ਅਤੇ ਉਨ੍ਹਾਂ ਫ਼ਿਲਮਾਂ ਲਈ ਕਹਾਣੀ, ਸੰਵਾਦ ਅਤੇ ਗੀਤ ਲਿਖੇ। 1936 ਵਿਚ ਪ੍ਰਗਤੀਸ਼ੀਲ ਲੇਖਕ ਸੰਘ ਦੀ ਸਥਾਪਨਾ ਤੋਂ ਬਾਅਦ ਸਭਿਆਚਾਰ ਦੇ ਖੇਤਰ ਵਿਚ ਜੋ ਅੰਦੋਲਨਕਾਰੀ ਸਥਿਤੀਆਂ ਪੈਦਾ ਹੋਈਆਂ, ਉਸ ਨੇ ਵੀ ਫ਼ਿਲਮਕਾਰਾਂ ਨੂੰ ਪ੍ਰਗਤੀਸ਼ੀਲ ਵਿਸ਼ਾ ਵਸਤੂ ਲੈ ਕੇ ਫ਼ਿਲਮਾਂ ਬਣਾਉਣ ਲਈ ਪ੍ਰੇਰਿਤ ਕੀਤਾ।

1930 ਦੇ ਦਹਾਕੇ ਤਕ ਆਉਂਦੇ-ਆਉਂਦੇ ਕੌਮੀ ਅੰਦੋਲਨ ਵਿਚ ਕਿਸਾਨ, ਮਜ਼ਦੂਰ, ਦਲਿਤ ਅਤੇ ਇਸਤਰੀਆਂ ਦੀ ਹਿੱਸੇਦਾਰੀ ਵੀ ਵਧ ਰਹੀ ਸੀ। ਇਹ ਅਹਿਸਾਸ ਵੀ ਵਧ ਰਿਹਾ ਸੀ ਕਿ ਸਿਰਫ਼ ਰਾਜਨੀਤਕ ਮੁਕਤੀ ਹੀ ਕਾਫ਼ੀ ਨਹੀਂ ਹੈ ਬਲਕਿ ਆਜ਼ਾਦ ਭਾਰਤ ਕਿਸ ਤਰ੍ਹਾਂ ਦਾ ਹੋਵੇਗਾ, ਇਹ ਵੀ ਘੱਟ ਮਹੱਤਵਪੂਰਨ ਨਹੀਂ ਹੈ। ਕਿਸਾਨਾਂ, ਮਜ਼ਦੂਰਾਂ, ਇਸਤਰੀਆਂ ਅਤੇ ਦਲਿਤਾਂ ਨੂੰ ਉਨ੍ਹਾਂ ਦੇ ਅਧਿਕਾਰ ਮਿਲਣਗੇ ਜਾਂ ਨਹੀਂ ? ਇਹ ਵੱਡਾ ਪ੍ਰਸ਼ਨ ਉਠਣ ਲੱਗਾ ਸੀ। ਫ਼ਿਲਮਕਾਰ ਭਾਵੇਂ ਰਾਜਨੀਤਕ ਫ਼ਿਲਮਾਂ ਨਾ ਬਣਾ ਰਹੇ ਹੋਣ ਪਰ ਸਮਾਜਕ ਪ੍ਰਸ਼ਨ ਉਹ ਫ਼ਿਲਮਾਂ ਰਾਹੀਂ ਉਠਾ ਸਕਦੇ ਹਨ ਅਤੇ ਇਸ ਨੂੰ ਅਸੀਂ ਉਸ ਦੌਰ ਦੀਆਂ ਫ਼ਿਲਮਾਂ ਵਿਚ ਦੇਖ ਸਕਦੇ ਹਾਂ। 1932 ਵਿਚ ਹੀ ਨਿਊ ਥੀਏਟਰਸ ਨੇ ਦੇਵਕੀ ਬੋਸ ਦੇ ਨਿਰਦੇਸ਼ਨ ਵਿਚ ਬੰਗਲਾ ਫ਼ਿਲਮ 'ਚੰਡੀਦਾਸ' ਬਣਾਈ ਸੀ, ਜਿਸ ਵਿਚ ਭਗਤੀ ਅੰਦੋਲਨ ਦੇ ਮਹਾਨ ਕਵੀ ਚੰਡੀਦਾਸ ਦੇ ਜੀਵਨ ਨੂੰ ਪੇਸ਼ ਕੀਤਾ ਗਿਆ ਸੀ। ਇਸ ਫ਼ਿਲਮ ਰਾਹੀਂ ਜ਼ਾਤ-ਪਾਤ ਦਾ ਸਵਾਲ ਉਠਾਇਆ ਗਿਆ ਸੀ। ਇਸ ਫ਼ਿਲਮ ਨੂੰ ਦੋ ਸਾਲ ਬਾਅਦ ਹੀ ਨਿਊ ਥੀਏਟਰਸ ਨੇ ਨਿਤਿਨ ਬੋਸ ਦੇ ਨਿਰਦੇਸ਼ਨ ਵਿਚ ਹਿੰਦੀ ਵਿਚ ਵੀ ਬਣਾਇਆ। ਦੇਵਕੀ ਬੋਸ ਨੇ ਅਗਲੇ ਸਾਲ ਹੀ ਬੰਗਲਾ ਅਤੇ ਹਿੰਦੀ ਵਿਚ ਮੀਰਾਬਾਈ ਦੇ ਜੀਵਨ 'ਤੇ ਫ਼ਿਲਮ ਬਣਾਈ। ਹਿੰਦੀ ਫ਼ਿਲਮ 'ਰਾਜਰਾਨੀ ਮੀਰਾ' ਵਿਚ ਕੇ.ਐਲ. ਸਹਿਗਲ ਅਤੇ ਦੁਰਗਾ ਖੋਟੇ ਨੇ ਕੰਮ ਕੀਤਾ। 1933 ਵਿਚ ਹੀ ਨਿਊ ਥੀਏਟਰਸ ਨੇ ਹਿੰਦੀ ਵਿਚ 'ਯਹੂਦੀ ਕੀ ਲੜਕੀ' ਫ਼ਿਲਮ ਬਣਾਈ, ਜਿਹੜੀ ਆਗਾ ਹਸ਼ਰ ਕਸ਼ਮੀਰੀ ਦੇ ਨਾਟਕ 'ਤੇ ਆਧਾਰਤ ਸੀ, ਜਿਸ ਵਿਚ ਫਿਰਕਾਪ੍ਰਸਤੀ ਦੇ ਸਵਾਲ ਨੂੰ ਉਠਾਇਆ ਗਿਆ ਸੀ। ਪ੍ਰਭਾਤ ਫ਼ਿਲਮਜ਼ ਦੇ ਬੈਨਰ ਹੇਠ 1934 ਵਿਚ ਵੀ. ਸ਼ਾਂਤਾਰਾਮ ਨੇ 'ਅੰਮ੍ਰਿਤਮੰਥਨ' ਫ਼ਿਲਮ ਬਣਾਈ ਜਿਸ ਵਿਚ ਧਰਮ ਦੇ ਨਾਮ 'ਤੇ ਦਿੱਤੀ ਜਾਣ ਵਾਲੀ ਪਸ਼ੂਆਂ ਦੀ ਬਲੀ ਦਾ ਵਿਰੋਧ ਕੀਤਾ ਗਿਆ ਸੀ। 1934 ਵਿਚ ਮੋਹਨ ਭਵਨਾਨੀ ਨੇ 'ਮਜ਼ਦੂਰ' ਫ਼ਿਲਮ ਬਣਾਈ, ਜਿਸ ਵਿਚ ਮਜ਼ਦੂਰਾਂ ਦੇ ਅਧਿਕਾਰਾਂ ਨੂੰ ਵਿਸ਼ਾ ਬਣਾਇਆ ਗਿਆ। ਇਸ ਫ਼ਿਲਮ ਦੀ ਕਹਾਣੀ ਪ੍ਰੇਮਚੰਦ ਦੀ ਸੀ।

ਹੁਣ ਪੂੰਜੀਪਤੀਆਂ ਅਤੇ ਵਪਾਰੀਆਂ ਦੇ ਲੋਭ-ਲਾਲਚ ਅਤੇ ਮਜ਼ਦੂਰਾਂ ਦੇ ਸ਼ੋਸ਼ਣ 'ਤੇ ਫ਼ਿਲਮਾਂ ਬਣਨ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਸੀ। ਦੇਵਕੀ ਬੋਸ ਦੀ ਫ਼ਿਲਮ 'ਇਨਕਲਾਬ' (1935) ਵਿਚ ਭੂਚਾਲ ਦਾ ਲਾਭ ਉਠਾਉਣ ਦੀ ਵਪਾਰੀਆਂ ਦੀ ਲਾਲਸਾ ਨੂੰ ਦਿਖਾਇਆ ਗਿਆ ਹੈ। ਬੰਬੇ ਟਾਕੀਜ਼ ਨੇ 1936 ਵਿਚ 'ਅਛੂਤ ਕੰਨਿਆ' ਫ਼ਿਲਮ ਰਾਹੀਂ ਇਕ ਬ੍ਰਾਹਮਣ ਲੜਕੇ ਅਤੇ ਇਕ ਦਲਿਤ ਲੜਕੀ ਦੀ ਪ੍ਰੇਮ ਕਹਾਣੀ ਦਿਖਾਈ। 1936 ਵਿਚ ਹੀ ਪ੍ਰਭਾਤ ਫ਼ਿਲਮ ਨੇ ਮਰਾਠੀ ਵਿਚ 'ਸੰਤ ਤੁਕਾਰਾਮ' ਫ਼ਿਲਮ ਬਣਾਈ, ਜਿਸ ਵਿਚ ਬ੍ਰਾਹਮਣਵਾਦੀ ਜਾਤੀ ਵਿਵਸਥਾ ਦੀ ਅਲੋਚਨਾ ਕੀਤੀ ਗਈ ਸੀ। ਇਨ੍ਹਾਂ ਉਦਾਹਰਣਾਂ ਤੋਂ ਸਾਫ਼ ਹੈ ਕਿ 1930 ਤੋਂ ਬਾਅਦ ਭਾਰਤੀ ਸਿਨੇਮੇ ਵਿਚ ਅਜਿਹੇ ਫ਼ਿਲਮਕਾਰ ਵੱਡੀ ਗਿਣਤੀ ਵਿਚ ਆਉਣ ਲੱਗੇ ਸਨ, ਜਿਨ੍ਹਾਂ ਲਈ ਫ਼ਿਲਮ ਨਿਰਮਾਣ ਉਚੇ ਸਮਾਜਕ ਮਕਸਦ ਤੋਂ ਪ੍ਰੇਰਿਤ ਸੀ। ਫ਼ਿਲਮ ਬਣਾਉਣ ਦਾ ਇਹ ਮਕਸਦ 1930 ਦੇ ਦਹਾਕੇ ਵਿਚ ਸਥਾਪਤ ਫ਼ਿਲਮ ਕੰਪਨੀਆਂ ਦੇ ਬਿਖਰਾਅ ਤੋਂ ਬਾਅਦ ਵੀ ਜਾਰੀ ਰਿਹਾ। ਨਿਊ ਥੀਏਟਰਸ, ਪ੍ਰਭਾਤ ਫ਼ਿਲਮਜ਼, ਬੰਬੇ ਟਾਕੀਜ਼ ਅਤੇ ਦੂਜੀਆਂ ਕਈ ਕੰਪਨੀਆਂ ਜਾਂ ਤਾਂ ਬੰਦ ਹੋ ਗਈਆਂ ਜਾਂ ਉਨ੍ਹਾਂ ਦੀ ਉਹ ਸਰਗਰਮੀ ਨਹੀਂ ਰਹੀ ਜੋ 1930-40 ਵਿਚ ਰਹੀ ਸੀ। ਫ਼ਿਲਮਕਾਰਾਂ ਨੇ ਖ਼ੁਦ ਆਪਣੀਆਂ ਛੋਟੀਆਂ-ਵੱਡੀਆਂ ਕੰਪਨੀਆਂ ਸਥਾਪਤ ਕਰ ਲਈਆਂ ਸਨ। ਫ਼ਿਲਮ ਉਦਯੋਗ ਦਾ ਹੁਣ ਕਾਫ਼ੀ ਵਿਸਥਾਰ ਹੋ ਗਿਆ ਸੀ ਅਤੇ ਇਹ ਕਰੋੜਾਂ ਦੇ ਵਪਾਰ ਵਿਚ ਬਦਲ ਗਿਆ ਸੀ। ਨਾਲ ਹੀ ਫ਼ਿਲਮ ਬਣਾਉਣਾ ਵੀ ਕਾਫ਼ੀ ਮਹਿੰਗਾ ਹੁੰਦਾ ਜਾ ਰਿਹਾ ਸੀ। ਦੂਜੇ ਵਿਸ਼ਵ ਯੁੱਧ ਕਾਰਨ ਫ਼ਿਲਮਾਂ ਲਈ ਜ਼ਰੂਰੀ ਕੱਚਾ ਮਾਲ ਵੀ ਆਸਾਨੀ ਨਾਲ ਨਹੀਂ ਮਿਲ ਰਿਹਾ ਸੀ। ਇਸ ਦੇ ਬਾਵਜੂਦ ਫ਼ਿਲਮਕਾਰ ਵਧੀਆ ਫ਼ਿਲਮਾਂ ਬਣਾ ਰਹੇ ਸਨ। 1940-50 ਦੇ ਦਹਾਕੇ ਵਿਚ ਕਈ ਮਹੱਤਵਪੂਰਨ ਫ਼ਿਲਮਕਾਰ ਹਿੰਦੀ ਸਿਨੇਮਾ ਦੇ ਖੇਤਰ ਵਿਚ ਸਰਗਰਮ ਹੋਏ ਜਿਨ੍ਹਾਂ ਵਿਚ ਬਿਮਲ ਰਾਏ, ਕੇਦਾਰ ਸ਼ਰਮਾ, ਮਹਿਬੂਬ ਖ਼ਾਨ, ਸੋਹਰਾਬ ਮੋਦੀ, ਖ਼ਵਾਜ਼ਾ ਅਹਿਮਦ ਅੱਬਾਸ, ਰਾਜ ਕਪੂਰ, ਚੇਤਨ ਆਨੰਦ, ਕਮਾਲ ਅਮਰੋਹੀ, ਗੁਰੂਦੱਤ, ਬੀ.ਆਰ. ਚੋਪੜਾ, ਯਸ਼ ਚੋਪੜਾ ਆਦਿ ਦਾ ਨਾਮ ਖਾਸ ਤੌਰ 'ਤੇ ਜ਼ਿਕਰਯੋਗ ਹੈ। ਇਨ੍ਹਾਂ ਸਾਰੇ ਫ਼ਿਲਮਕਾਰਾਂ ਨੇ ਜੋ ਵੀ ਫ਼ਿਲਮਾਂ ਉਸ ਦੌਰ ਵਿਚ ਬਣਾਈਆਂ ਉਨ੍ਹਾਂ ਦਾ ਕੋਈ ਨਾ ਕੋਈ ਸਮਾਜਕ ਮਕਸਦ ਸੀ। ਇਹ ਦੌਰ 1960 ਤਕ ਜਾਰੀ ਰਿਹਾ। ਇਨ੍ਹਾਂ ਫ਼ਿਲਮਾਂ ਵਿਚ ਮੱਧ ਵਰਗ ਦੇ ਜੀਵਨ ਵਿਚ ਆਉਣ ਵਾਲੇ ਬਦਲਾਅ ਅਤੇ ਸੰਘਰਸ਼ਾਂ ਨੂੰ ਹੀ ਨਹੀਂ ਬਲਕਿ ਸਮਾਜ ਦੇ ਹੇਠਲੇ ਵਰਗਾਂ ਦੇ ਜੀਵਨ ਨੂੰ ਵੀ ਚੰਗੀ ਤਰ੍ਹਾਂ ਪੇਸ਼ ਕੀਤਾ ਗਿਆ ਸੀ। ਇਹ ਹਿੰਦੀ ਸਿਨੇਮੇ ਦਾ ਸਭ ਤੋਂ ਵਧੀਆ ਰਚਨਾਤਮਕ ਯੁੱਗ ਸੀ। ਇਸ ਦੌਰ ਦੀਆਂ ਫ਼ਿਲਮਾਂ ਦੋ ਤਰ੍ਹਾਂ ਦੇ ਨਜ਼ਰੀਏ ਨੂੰ ਪੇਸ਼ ਕਰ ਰਹੀਆਂ ਸਨ। ਇਕ ਵਿਚ ਆਜ਼ਾਦੀ ਤੋਂ ਬਾਅਦ ਦਾ ਆਸ਼ਾਵਾਦ ਸੀ ਅਤੇ ਦੂਜੇ ਵਿਚ ਸਥਿਤੀਆਂ ਦੀ ਡਰ ਕਾਰਨ ਪੈਦਾ ਹੋਇਆ ਨਿਰਾਸ਼ ਜੀਵਨ ਸੀ। ਫਿਰ ਵੀ, ਇਕ ਤਰ੍ਹਾਂ ਦੀ ਹਲਕੀ ਆਸ਼ਾ ਦੀ ਕਿਰਨ ਬਾਕੀ ਸੀ, "ਵੋ ਸੁਬਹ ਕਭੀ ਤੋ ਆਏਗੀ"।

1940-60 ਦੇ ਵਿਚਕਾਰਲੇ ਦੌਰ ਵਿਚ ਫ਼ਿਲਮਾਂ ਉਨ੍ਹਾਂ ਦੇ ਨਿਰਦੇਸ਼ਕਾਂ ਵਜੋਂ ਪਹਿਚਾਣੀਆਂ ਜਾਂਦੀਆਂ ਸਨ। ਅਦਾਕਾਰਾਂ ਦਾ ਖ਼ਾਸ ਮਹੱਤਵ ਨਹੀਂ ਸੀ। ਹੌਲੀ-ਹੌਲੀ ਨਿਰਦੇਸ਼ਕ ਤੋਂ ਬਾਅਦ ਉਨ੍ਹਾਂ ਦੀ ਹਸਤੀ ਬਣੀ। ਇਸ ਦੌਰ ਦੇ ਅਦਾਕਾਰਾਂ ਨੇ ਪਾਰਸੀ ਥੀਏਟਰ ਦੇ ਦੌਰ ਦੀ ਗ਼ੈਰ ਯਥਾਰਥਕ ਤੇ ਉਚੀ ਸੁਰ ਦੀ ਅਦਾਕਾਰੀ ਤੋਂ ਨਾਤਾ ਤੋੜ ਕੇ ਯਥਾਰਥਵਾਦੀ ਅਦਾਕਾਰੀ ਕਲਾ ਨੂੰ ਅਪਣਾਇਆ। ਇਹ ਪਰੰਪਰਾ ਕੇ.ਐਲ.ਸਹਿਗਲ ਸ਼ੁਰੂ ਕਰ ਚੁੱਕੇ ਸਨ, ਪਰ ਦਿਲੀਪ ਕੁਮਾਰ ਨੇ ਇਸ ਨੂੰ ਸਿਖ਼ਰ 'ਤੇ ਪਹੁੰਚਾਇਆ। ਨਾਇਕਾਵਾਂ ਦੀ ਜਿਹੜੀ ਨਵੀਂ ਪੀੜ੍ਹੀ ਇਸ ਦੌਰ ਵਿਚ ਸਾਹਮਣੇ ਆਈ, ਉਨ੍ਹਾਂ ਵਿਚ ਨਰਗਿਸ, ਮੀਨਾ ਕੁਮਾਰੀ, ਮਧੂਬਾਲਾ, ਨੂਤਨ, ਵਹੀਦਾ ਰਹਿਮਾਨ ਆਦਿ ਪ੍ਰਮੁੱਖ ਸਨ। 1960 ਤੋਂ ਬਾਅਦ ਦੀਆਂ ਫ਼ਿਲਮਾਂ ਵਿਚ ਨਿਰਦੇਸ਼ਕ ਗੌਣ ਹੁੰਦਾ ਚਲਾ ਗਿਆ। ਫ਼ਿਲਮ ਵਿਚ ਸਮਾਜਕ ਉਦੇਸ਼ ਹਾਸ਼ੀਏ 'ਤੇ ਪਹੁੰਚਣ ਲੱਗਾ ਅਤੇ ਫਿਰ ਉਹ ਖ਼ਤਮ ਹੀ ਹੋ ਗਿਆ। ਉਸ ਦੀ ਥਾਂ ਪ੍ਰੇਮ ਤ੍ਰਿਕੋਣ ਵਾਲੀਆਂ ਕਹਾਣੀਆਂ ਨੇ ਲੈ ਲਈ, ਜਿਨ੍ਹਾਂ ਵਿਚ ਖ਼ਲਾਨਾਇਕ ਦੀ ਮੌਜੂਦਗੀ ਜ਼ਰੂਰੀ ਹੋ ਗਈ ਸੀ। ਜ਼ਿਆਦਾਤਰ ਫ਼ਿਲਮਾਂ ਨਾਇਕ ਕੇਂਦਰਤ ਬਣਨ ਲੱਗੀਆਂ ਅਤੇ ਉਨ੍ਹਾਂ ਨੂੰ ਜਿੰਨਾ ਗਲੈਮਰਾਈਜ਼ ਕੀਤਾ ਜਾ ਸਕਦਾ ਸੀ, ਕੀਤਾ ਜਾਣ ਲੱਗਾ। ਸ਼ਮੀ ਕਪੂਰ, ਜੈ ਮੁਖਰਜੀ, ਵਿਸ਼ਵਜੀਤ, ਧਰਮਿੰਦਰ, ਰਾਜੇਸ਼ ਖੰਨਾ, ਸ਼ਸ਼ੀ ਕਪੂਰ, ਜਤਿੰਦਰ ਇਸ ਦੌਰ ਦੇ ਨਾਇਕ ਸਨ। 1950-60 ਦੌਰਾਨ ਜੋ ਫ਼ਿਲਮਕਾਰ ਸਮਾਜਕ ਮਕਸਦ ਵਾਲੀਆਂ ਫ਼ਿਲਮਾਂ ਬਣਾ ਰਹੇ ਸਨ, ਉਨ੍ਹਾਂ ਵਿਚ ਕੁਝ (ਬਿਮਲ ਰਾਏ, ਗੁਰੂਦੱਤ ਅਤੇ ਮਹਿਬੂਬ) ਦਾ ਦੇਹਾਂਤ ਹੋ ਚੁੱਕਾ ਸੀ। ਕੁਝ ਹੌਲੀ-ਹੌਲੀ ਵਪਾਰੀਕਰਨ ਵੱਲ ਮੁੜਨ ਲੱਗੇ ਸਨ। ਕੁਝ ਨੇ ਫ਼ਿਲਮੀ ਦੁਨੀਆ ਤੋਂ ਕਿਨਾਰਾ ਕਰ ਲਿਆ ਸੀ। ਵਧਦੀ ਵਪਾਰਕਤਾ ਨੇ ਫ਼ਿਲਮਾਂ ਦੀਆਂ ਕੀਮਤਾਂ ਵਧਾ ਦਿੱਤੀਆਂ। ਅਦਾਕਾਰ ਮੂੰਹ ਮੰਗਿਆ ਪੈਸਾ ਮੰਗਣ ਲੱਗੇ। ਹੁਣ ਉਹ ਫ਼ਿਲਮਾਂ ਵਿਚ ਤਨਖ਼ਾਹ 'ਤੇ ਕੰਮ ਨਹੀਂ ਕਰਦੇ ਸਨ ਬਲਕਿ ਜ਼ਿਆਦਾਤਰ ਕਲਾਕਾਰ ਪੂਰੀ ਫ਼ਿਲਮ ਲਈ ਨਿਸਚਿਤ ਰਾਸ਼ੀ ਲੈਂਦੇ ਸਨ ਅਤੇ ਇਹ ਰਾਸ਼ੀ ਉਨ੍ਹਾਂ ਦੀ ਬਾਜ਼ਾਰ ਮੰਗ ਨਾਲ ਤਹਿ ਹੁੰਦੀ ਸੀ। ਵੈਸੇ ਤਾਂ ਸ਼ੁਰੂ ਤੋਂ ਹੀ ਫ਼ਿਲਮਾਂ 'ਤੇ ਡਿਸਟੀਬਿਊਟਰਾਂ ਦਾ ਦਬਾਅ ਰਹਿੰਦਾ ਸੀ ਪਰ ਇਸ ਦੌਰ ਵਿਚ ਉਹ ਫ਼ਿਲਮਕਾਰ ਨੂੰ ਕਾਫ਼ੀ ਹੱਦ ਤਕ 'ਡਿਕਟੇਟ' ਕਰਨ ਲੱਗੇ ਸਨ। ਉਨ੍ਹਾਂ ਦੀ ਇੱਛਾ ਨਾਲ ਫ਼ਿਲਮ ਵਿਚ ਗਾਣੇ, ਅਦਾਕਾਰਾਂ ਦੀ ਚੋਣ, ਡਾਂਸ ਅਤੇ ਫ਼ਾਈਟਿੰਗ ਦੇ ਦ੍ਰਿਸ਼ ਦਿਖਾਏ ਜਾਣ ਲੱਗੇ। ਇਹ ਹਿੰਦੀ ਸਿਨੇਮਾ ਦੇ ਪਤਨ ਦਾ ਦੌਰ ਸੀ।

ਇਸੇ ਦੌਰ ਵਿਚ ਪੁਣੇ ਵਿਚ ਪ੍ਰਭਾਤ ਸਟੂਡੀਓ ਦੇ ਵਿਹੜੇ ਵਿਚ ਭਾਰਤ ਸਰਕਾਰ ਨੇ ਫ਼ਿਲਮ ਅਤੇ ਟੈਲੀਵਿਜ਼ਨ ਸੰਸਥਾ ਦੀ ਸਥਾਪਨਾ ਕੀਤੀ। ਇਸ ਸੰਸਥਾ ਰਾਹੀਂ ਫ਼ਿਲਮ ਅਦਾਕਾਰ, ਨਿਰਦੇਸ਼ਕ, ਸਾਊਂਡ ਰਿਕਾਰਡਿੰਗ ਅਤੇ ਕਹਾਣੀ ਲੇਖਕਾਂ ਦੀ ਇਕ ਨਵੀਂ ਨੌਜਵਾਨ ਪੀੜ੍ਹੀ ਸਾਹਮਣੇ ਆਈ। ਇਸ ਸੰਸਥਾ ਰਾਹੀਂ ਇਹ ਵਿਸ਼ਵ ਦੇ ਉਸ ਵਧੀਆ ਸਿਨੇਮਾ ਤੋਂ ਜਾਣੂ ਹੋ ਚੱਕੇ ਸਨ ਜੋ ਫ਼ਰਾਂਸ, ਇਟਲੀ, ਜਰਮਨੀ, ਸੋਵੀਅਤ ਸੰਘ ਆਦਿ ਦੇਸ਼ਾਂ ਵਿਚ ਬਣ ਰਿਹਾ ਸੀ। ਉਹ ਭਾਰਤ ਦੀਆਂ ਬਾਕੀ ਵੱਖ-ਵੱਖ ਭਾਸ਼ਾਵਾਂ ਵਿਚ ਬਣਨ ਵਾਲੀਆਂ ਉਨ੍ਹਾਂ ਫ਼ਿਲਮਾਂ ਤੋਂ ਵੀ ਜਾਣੂ ਹੋ ਰਹੇ ਸਨ ਜਿਨ੍ਹਾਂ ਵੱਲ ਵਪਾਰਕ ਸਿਨੇਮਾ ਦੇ ਸ਼ੋਰ ਕਾਰਨ ਕਿਸੇ ਦਾ ਧਿਆਨ ਨਹੀਂ ਜਾ ਰਿਹਾ ਸੀ। ਬੰਗਲਾ ਵਿਚ ਸਤਿਆਜੀਤ ਰਾਏ, ਮ੍ਰਿਣਾਲ ਸੇਨ, ਮਲਿਆਲਮ ਵਿਚ ਜੀ. ਅਰਵਿੰਦਨ, ਅਡੂਰ ਗੋਪਾਲਕ੍ਰਿਸ਼ਨਨ, ਅਤੇ ਦੂਜੀਆਂ ਕਈ ਭਾਸ਼ਾਵਾਂ ਵਿਚ ਬਣਨ ਵਾਲੀਆਂ ਅਜਿਹੀਆਂ ਫ਼ਿਲਮਾਂ ਨੂੰ ਦੇਖ ਕੇ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਫ਼ਿਲਮ ਦੀ ਰਚਨਾਤਮਕਾ ਅਤੇ ਕਲਾਤਮਕਤਾ ਨੂੰ ਦੇਖਣਾ ਅਤੇ ਉਨ੍ਹਾਂ ਤੋਂ ਸਿਖਣਾ ਹੋਵੇ ਤਾਂ ਇਹ ਫ਼ਿਲਮਾਂ ਹਨ। ਇਨ੍ਹਾਂ ਵਿਚੋਂ ਕੁਝ ਫ਼ਿਲਮਕਾਰ ਪ੍ਰਯੋਗਸ਼ੀਲਤਾ 'ਤੇ ਜ਼ਿਆਦਾ ਜ਼ੋਰ ਦਿੰਦੇ ਨਜ਼ਰ ਆਉਂਦੇ ਸਨ, ਪਰ ਜ਼ਿਆਦਾਤਰ ਫ਼ਿਲਮਕਾਰ ਕਿਸੇ ਨਾ ਕਿਸੇ ਸਮਾਜਕ ਸਮੱਸਿਆ ਦੇ ਆਲੇ-ਦੁਆਲੇ ਆਪਣੀਆਂ ਫ਼ਿਲਮਾਂ ਬਣਾ ਰਹੇ ਸਨ। ਇਹ ਉਹ ਦੌਰ ਸੀ ਜਦੋਂ ਕਾਂਗਰਸ਼ ਸ਼ਾਸਨ ਪ੍ਰਤੀ ਜਨਤਾ ਵਿਚ ਮੋਹ ਭੰਗ ਵਧ ਰਿਹਾ ਸੀ। ਮਜ਼ਦੂਰਾਂ ਅਤੇ ਮੱਧ ਵਰਗੀ ਪੇਸ਼ੇ ਵਾਲੇ ਲੋਕਾਂ ਦੇ ਅੰਦੋਲਨ ਵੱਧ ਰਹੇ ਸਨ। ਮੱਧ ਵਰਗੀ ਕਿਸਾਨ ਪਾਰਟੀਆਂ ਅਤੇ ਖੱਬੀਆਂ ਪਾਰਟੀਆਂ ਆਪਣੇ ਆਪ ਨੂੰ ਕਾਂਗਰਸ ਦੇ ਬਦਲ ਵਜੋਂ ਪੇਸ਼ ਕਰ ਰਹੀਆਂ ਸਨ। ਨਕਲਸਵਾੜੀ ਅੰਦੋਲਨ ਦਾ ਪ੍ਰਭਾਵ ਫ਼ਿਲਮਕਾਰਾਂ 'ਤੇ ਦਿਖਣ ਲੱਗਾ ਸੀ। ਪੂਰੇ ਮਾਹੌਲ ਵਿਚ ਤਬਦੀਲੀ ਦੀਆਂ ਗੂੰਜਾਂ ਸੁਣਾਈਆਂ ਦੇ ਰਹੀਆਂ ਸਨ।

ਉਹ ਫ਼ਿਲਮਕਾਰ ਜੋ ਵਪਾਰਕ ਸਿਨੇਮਾ ਤੋਂ ਵਖਰੀ ਤਰ੍ਹਾਂ ਦਾ ਸਿਨੇਮਾ ਬਣਾਉਣਾ ਚਾਹੁੰਦੇ ਸਨ, ਉਨ੍ਹਾਂ ਨੇ ਆਪਣੀਆਂ ਫ਼ਿਲਮਾਂ ਨੂੰ ਉਸ ਤੋਂ ਵੱਖ ਰੱਖਣ ਦਾ ਸਪੱਸ਼ਟ ਯਤਨ ਕੀਤਾ ਅਤੇ ਦਰਸ਼ਕਾਂ ਨੂੰ ਵੀ ਇਸ ਗੱਲ ਦਾ ਅਹਿਸਾਸ ਹੋਇਆ ਕਿ ਇਹ ਉਹ ਫ਼ਿਲਮਾਂ ਨਹੀਂ ਹਨ ਜਿਨ੍ਹਾਂ ਨੂੰ ਉਹ ਹੁਣ ਤਕ ਦੇਖਦੇ ਰਹੇ ਹਨ। ਇਹ ਬਿਲਕੁਲ ਨਵੀਂ ਤਰ੍ਹਾਂ ਦੀਆਂ ਫ਼ਿਲਮਾਂ ਸਨ। ਪਹਿਲੀ ਵਾਰ ਹਿੰਦੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਫ਼ਿਲਮਾਂ ਸਪੱਸ਼ਟ ਸਿਆਸੀ ਸੰਦਰਭ ਅਤੇ ਸਮਾਜਕ ਬਦਲਾਅ ਦੇ ਮਕਸਦ ਨਾਲ ਬਣਾਈਆਂ ਜਾ ਰਹੀਆਂ ਸਨ। ਫ਼ਿਲਮਾਂ ਵਿਚ ਨਾਚ-ਗਾਣੇ ਅਤੇ ਹਾਸੇ ਦੇ ਗ਼ੈਰ-ਜ਼ਰੂਰੀ ਪ੍ਰਸੰਗ ਗ਼ਾਇਬ ਹੋ ਗਏ ਸਨ। ਫ਼ਿਲਮਾਂ ਵਿਚ ਰਚਨਾਤਮਕ ਪੱਧਰ 'ਤੇ ਕਈ ਤਰ੍ਹਾਂ ਦੇ ਪ੍ਰਯੋਗ ਹੋਏ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹ ਫਿਲਮਾਂ ਨੂੰ ਇਕ ਕਲਾ ਮਾਧਿਅਮ ਮੰਨਦੇ ਹੋਏ ਵੀ ਬਦਲਾਅ ਦੇ ਹਥਿਆਰ ਦੇ ਰੂਪ ਵਿਚ ਇਸ ਨੂੰ ਦੇਖ ਰਹੇ ਸਨ। ਮੁੱਖ ਧਾਰਾ ਦੇ ਸਿਨੇਮਾ ਤੋਂ ਵਖਰੀ ਇਹ ਇਕ ਨਵੀਂ ਧਾਰਾ ਸੀ ਅਤੇ ਇਸੇ ਕਾਰਨ ਇਸ ਨੂੰ ਨਿਊ ਵੇਵ ਸਿਨੇਮਾ ਜਾਂ ਸਮਾਨਾਂਤਰ ਸਿਨੇਮੇ ਦਾ ਨਾਮ ਦਿੱਤਾ ਗਿਆ। ਇਸ ਦੌਰ ਦੇ ਪ੍ਰਮੁੱਖ ਫ਼ਿਲਮਕਾਰਾਂ ਵਿਚ ਬਾਸੂ ਭੱਟਾਚਾਰੀਆ, ਸ਼ਿਆਮ ਬੇਨੇਗਲ, ਗੋਬਿੰਦ ਨਿਹਲਾਨੀ, ਬਾਸੂ ਚਟਰਜੀ, ਸਈਦ ਅਖ਼ਤਰ ਮਿਰਜ਼ਾ, ਗੌਤਮ ਘੋਸ਼, ਪ੍ਰਕਾਸ਼ ਝਾਅ, ਕੁੰਦਨ ਸ਼ਾਹ, ਮਣੀ ਕੌਲ, ਕੁਮਾਰ ਸ਼ਹਾਨੀ ਆਦਿ ਕਈ ਨਾਮ ਲਏ ਜਾ ਸਕਦੇ ਹਨ, ਜਿਨ੍ਹਾਂ ਨੇ ਹਿੰਦੀ ਸਿਨੇਮਾ ਨੂੰ ਨਵੀਂ ਤਰ੍ਹਾਂ ਦੀਆਂ ਫ਼ਿਲਮਾਂ ਬਿਲਕੁਲ ਨਵੀਂ ਸਿਨੇਮਾਈ ਭਾਸ਼ਾ ਵਿਚ ਦਿੱਤੀਆਂ।

ਵਪਾਰਕਤਾ ਅਤੇ ਰਚਨਾਤਮਕਤਾ ਦਾ ਦਵੰਦ ਅੱਜ ਵੀ ਕਾਇਮ ਹੈ। ਪਿਛਲੇ ਇਕ ਦਹਾਕੇ ਵਿਚ ਇਕ ਵਾਰ ਫਿਰ ਤੋਂ ਕਈ ਨਵੇਂ ਫ਼ਿਲਮਕਾਰ ਆਏ ਹਨ ਜੋ ਵਪਾਰਕ ਸਿਨੇਮੇ ਤੋਂ ਕੁਝ ਵੱਖ ਕਰਨਾ ਚਾਹੁੰਦੇ ਹਨ। ਵਿਸ਼ਾਲ ਭਾਰਦਵਾਜ, ਆਮਿਰ ਖ਼ਾਨ, ਆਸ਼ੂਤੋਸ਼ ਗੋਵਰੀਕਰ, ਰਾਕੇਸ਼ ਮਹਿਰਾ, ਅਨੁਰਾਗ ਕਸ਼ਯਪ, ਸੁਜਾਏ ਘੋਸ਼, ਦਿਵਾਕਰ ਬਨਰਜੀ, ਤਿੰਗਮਾਂਸ਼ੂ ਧੂਲੀਆ, ਰਾਜਕੁਮਾਰ ਗੁਪਤਾ, ਨੀਰਜ ਪਾਂਡੇ, ਨਿਸ਼ੀਕਾਂਤ ਕਾਮਤ, ਅਮੋਲ ਗੁਪਤੇ, ਰਾਹੁਲ ਢੋਲਕੀਆ, ਨੰਦਿਤਾ ਦਾਸ, ਸੂਜਿਤ ਸਰਕਾਰ ਆਦਿ ਕਈ ਨਾਮ ਪੇਸ਼ ਕੀਤੇ ਜਾ ਸਕਦੇ ਹਨ ਪਰ ਜ਼ਿਆਦਾ ਫ਼ਿਲਮਕਾਰ ਇਕ ਦੋ ਫ਼ਿਲਮਾਂ ਤੋਂ ਬਾਅਦ ਹੀ ਵਪਾਰਕਤਾ ਵੱਲ ਮੁੜਨ ਲੱਗੇ ਹਨ ਅਤੇ ਵਪਾਰਕਤਾ ਨਾਲ ਸਮਝੌਤਾ ਕਰਨ ਲੱਗੇ ਹਨ। ਇਸ ਦਾ ਮਤਲਬ ਇਹ ਨਹੀਂ ਕਿ ਸੰਦੇਸ਼ ਭਰਪੂਰ ਅਤੇ ਰਚਨਾਤਮਕ ਫ਼ਿਲਮਾਂ ਬਿਲਕੁਲ ਨਹੀਂ ਬਣ ਰਹੀਆਂ। ਪਿਛਲੇ ਕੁਝ ਸਾਲਾਂ ਵਿਚ ਬਣੀਆਂ ਕੁਝ ਫ਼ਿਲਮਾਂ ਦੀਆਂ ਉਦਾਹਰਣਾਂ ਤੋਂ ਹੀ ਇਸ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਵਿਸ਼ਾਲ ਭਾਰਦਵਾਜ ਦੀ 'ਬਲਿਊ ਅੰਬਰੇਲਾ' ਅਨਵਰ ਜਮਾਲ ਦੀ 'ਸਵਰਾਜ: ਏ ਲਿਟਲ ਰਿਪਬਲਿਕ', ਭਾਵਨਾ ਤਲਵਾਰ ਦੀ 'ਧਰਮ' ਓਨੀਰ ਦੀ 'ਆਈ ਐਮ', ਰਾਹੁਲ ਢੋਲਕਿਆ ਦੀ 'ਪਰਜਾਨੀਆ', ਨੰਦਿਤਾ ਦਾਸ ਦੀ 'ਫ਼ਿਰਾਕ', ਅਨੁਸ਼ਾ ਰਿਜਵੀ ਦੀ 'ਪੀਪਲੀ ਲਾਈਵ', ਬੇਦਬ੍ਰਤ ਪੈਨ ਦੀ 'ਚੱਟਗਾਂਵ' ਅਤੇ ਇਨ੍ਹਾਂ ਤੋਂ ਇਲਾਵਾ ਹੋਰ ਭਾਰਤੀ ਭਾਸ਼ਾਵਾਂ ਵਿਚ ਬਣੀਆਂ ਬਹੁਤ ਸਾਰੀਆਂ ਫ਼ਿਲਮਾਂ ਦੀ ਸੂਚੀ ਇਥੇ ਪੇਸ਼ ਕੀਤੀ ਜਾ ਸਕਦੀ ਹੈ ਜੋ ਘੱਟ ਬਜਟ ਦੀਆਂ ਸੰਦੇਸ਼ ਭਰਪੂਰ ਫ਼ਿਲਮਾਂ ਕਹੀਆਂ ਜਾ ਸਕਦੀਆਂ ਹਨ।

ਦਰਅਸਲ ਫ਼ਿਲਮ ਬਣਾਉਣਾ ਓਨਾ ਮੁਸ਼ਕਲ ਨਹੀਂ ਹੈ ਜਿੰਨਾ ਕਿ ਉਨ੍ਹਾਂ ਦਾ ਜਨਤਕ ਪ੍ਰਦਰਸ਼ਨ। ਹਾਲਾਂਕਿ ਇੰਟਰਨੈਟ, ਡੀ.ਵੀ.ਡੀ. ਆਦਿ ਨੇ ਫ਼ਿਲਮਾਂ ਦੀ ਉਪਲੱਬਧਤਾ ਨੂੰ ਹੁਣ ਪਹਿਲਾਂ ਦੀ ਤੁਲਨਾ ਵਿਚ ਆਸਾਨ ਬਣਾ ਦਿੱਤਾ ਹੈ। ਫਿਰ ਵੀ ਰਚਨਾਤਮਕ ਅਤੇ ਤਬਦੀਲਮੁਖੀ ਸਿਨੇਮਾ ਨੂੰ ਵਪਾਰਕ ਲੋਕ ਭਾਈਚਾਰੇ ਤਕ ਪਹੁੰਚਾਉਣ ਅਤੇ ਵਪਾਰਕਤਾ ਸਿਨੇਮਾ ਨਾਲ ਭ੍ਰਿਸ਼ਟ ਹੋਈਆਂ ਰੁਚੀਆਂ ਦੇ ਬਾਵਜੂਦ ਦਰਸ਼ਕਾਂ ਵਿਚ ਅਜਿਹੀਆਂ ਫ਼ਿਲਮਾਂ ਪ੍ਰਤੀ ਰੁਚੀ ਪੈਦਾ ਕਰਨਾ ਇਕ ਜ਼ਰੂਰੀ ਮਕਸਦ ਹੈ। ਸਿਨੇਮਾ ਦੇ ਸੌ ਸਾਲ ਦੇ ਸਫ਼ਰ ਤੋਂ ਬਾਅਦ ਵੀ ਇਹ ਚੁਣੌਤੀ ਅਜੇ ਵੀ ਬਣੀ ਹੋਈ ਹੈ।



ਰਾਜਾ ਹਰੀਸ਼ਚੰਦਰ ਫ਼ਿਲਮ ਦਾ ਇਕ ਦ੍ਰਿਸ਼।



# 'ਸਰਸਾ' ਤੋਂ 'ਸਿਕੰਦਰ' ਤੱਕ ਇਨਕਾਰ ਦੇ ਮਾਅਨੇ



ਦਲਜੀਤ ਅਮੀ

'ਸਰਸਾ' ਦਾ ਨਾਮ ਬਦਲ ਕੇ 'ਸਿਕੰਦਰ' ਰੱਖ ਦਿੱਤੇ ਜਾਣ ਨਾਲ ਫ਼ਿਲਮ ਨੂੰ ਕੀ ਫ਼ਰਕ ਪਿਆ ਹੈ? ਇਹ ਸੁਆਲ ਦਿਲਚਸਪੀ ਰੱਖਣ ਵਾਲੇ ਹਰ ਜਣੇ-ਜਣੀ ਨੂੰ ਪੁੱਛ ਲੈਣਾ ਚਾਹੀਦਾ ਹੈ। 'ਸਰਸਾ' ਦਾ ਜ਼ਿਕਰ ਸਿਰਫ਼ ਆਨੰਦਪੁਰ ਦੇ ਲਾਗਿਓਂ ਲੰਘਦੀ ਨਦੀ ਤੱਕ ਮਹਿਦੂਦ ਨਹੀਂ ਹੈ। ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਬਾਅਦ ਇਸ ਨਦੀ ਨੂੰ ਪਾਰ ਕਰਨ ਵੇਲੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਦੀ ਅਹਿਮ ਘਟਨਾ ਵਾਪਰੀ। ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਦਾ ਵਿਛੋੜਾ ਇਸ ਨਦੀ ਕਿਨਾਰੇ ਪਿਆ ਅਤੇ ਇਸੇ ਨਦੀ ਵਿੱਚ ਬਹੁਤ ਸਾਰੇ ਗ੍ਰੰਥ ਰੁੜ੍ਹ ਗਏ। ਗੁਰੂ ਗੋਬਿੰਦ ਸਿੰਘ ਦਾ ਅਗਲਾ ਜੀਵਨ ਇਸੇ ਨਦੀ ਨੂੰ ਪਾਰ ਕਰਕੇ ਚਮਕੌਰ ਦੀ ਗੜ੍ਹੀ ਰਾਹੀਂ ਮਾਛੀਵਾੜੇ ਤੋਂ ਹੁੰਦਾ ਹੋਇਆ ਖਿਦਰਾਣੇ ਦੀ ਢਾਬ ਤੱਕ ਪਹੁੰਚਦਾ ਹੈ। ਖਿਦਰਾਣੇ ਦੀ ਢਾਬ ਵਿੱਚ ਆਨੰਦਪੁਰ ਵਿੱਚ ਲਿਖਿਆ ਗਿਆ ਬੇਦਾਵਾ ਪਾੜ੍ਹਿਆ ਜਾਂਦਾ ਹੈ। ਇਸ ਤੋਂ ਅਗਲੇ ਸਫ਼ਰ ਵਿੱਚ ਮਾਧੋ ਦਾਸ ਵੈਰਾਗੀ ਤੋਂ ਬੰਦਾ ਬਹਾਦਰ ਹੋਣ ਦਾ ਇਤਿਹਾਸ ਦਰਜ ਹੈ। ਦੂਜੇ ਪਾਸਿਓਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਸ਼ਹੀਦੀ ਨਾਲ ਰੁਕਿਆ ਰਾਹ ਬੰਦਾ ਬਹਾਦਰ ਖੋਲ੍ਹ ਦਿੰਦਾ ਹੈ। ਇਸ ਤਰ੍ਹਾਂ ਸਰਸਾ ਇੱਕ ਨਦੀ ਤੋਂ ਸਿਦਕਦਿਲੀ, ਦਰਦਮੰਦੀ ਅਤੇ ਗਿਆਨ ਦੀ ਜਗਿਆਸਾ ਦਾ ਬਿੰਬ ਬਣ ਜਾਂਦੀ ਹੈ। ਸਿਕੰਦਰ ਯੂਨਾਨ ਤੋਂ ਸਾਰੀ ਦੁਨੀਆਂ ਨੂੰ ਜਿੱਤਣ ਤੁਰਦਾ ਹੈ। ਉਸ ਦਾ ਸਫ਼ਰ ਕਤਲਾਂ, ਬਲਾਤਕਾਰਾਂ, ਉਧਾਲਿਆਂ, ਲੁੱਟ, ਕਬਜ਼ੇ ਅਤੇ ਤਬਾਹੀ ਦੀ ਦਾਸਤਾਂ ਹੈ। ਉਸ ਦੀ ਜ਼ਿੰਦਗੀ ਵਿੱਚ ਹੱਕ, ਸੱਚ ਅਤੇ ਕਦਰਾਂ-ਕੀਮਤਾਂ ਦੀ ਕੋਈ ਥਾਂ ਨਹੀਂ। ਬੰਦੇ ਦੀ ਅਰਬਾਂ ਸਾਲਾਂ ਦੇ ਤਜਰਬੇ ਰਾਹੀਂ ਕੀਤੀ ਕਮਾਈ ਨੂੰ ਉਹ ਪੁੱਠਾ ਗੇੜਾ ਦਿੰਦਾ ਹੈ। ਉਹ ਬੰਦੇ ਨੂੰ ਮੁੜ ਕੇ ਪਸ਼ੂਬਲ ਨਾਲ ਰਾਜ ਕਰਨ ਦਾ ਮੰਤਰ ਪੜ੍ਹਾਉਂਦਾ ਹੈ। ਉਸ ਦੀ ਹੋਂਦ ਬੰਦਿਆਈ ਦੀ ਥਾਂ ਪਸ਼ੂ ਬਿਰਤੀ ਨਾਲ ਜੁੜੀ ਹੋਈ ਹੈ। ਸਿਕੰਦਰ ਇਸੇ ਰੁਝਾਨ ਦਾ ਬਿੰਬ ਬਣਦਾ ਹੈ। ਉਸ ਦੇ ਨਕਸ਼ੇ ਕਦਮਾਂ ਉੱਤੇ ਹੁਣ ਤੱਕ ਦੀਆਂ ਤਾਨਾਸ਼ਾਹੀਆਂ ਉਸਰਦੀਆਂ-ਢਹਿੰਦੀਆਂ ਰਹੀਆਂ ਹਨ। ਪੰਜਾਬ ਦੇ ਇਤਿਹਾਸ ਨਾਲ ਸਿਕੰਦਰ ਨਾਲ ਜੁੜੀਆਂ ਦੋ ਘਟਨਾਵਾਂ ਅਹਿਮ ਹਨ। ਪਹਿਲੀ ਉਸ ਦਾ ਬੰਦੀ ਪੋਰਸ ਨਾਲ ਸੰਵਾਦ ਹੈ। ਇਹ ਸੰਵਾਦ ਇਤਿਹਾਸ ਦੀਆਂ ਕਿਤਾਬਾਂ ਵਿੱਚ ਦਿਲਚਸਪ ਦਾ ਸਬੱਬ ਬਣਦਾ ਹੈ।

ਸਿਕੰਦਰ: ਬੋਲ ਤੇਰੇ ਨਾਲ ਕੀ ਸਲੂਕ ਕੀਤਾ ਜਾਏ?

ਪੋਰਸ: ਜੋ ਇੱਕ ਰਾਜੇ ਨੂੰ ਦੂਜੇ ਰਾਜੇ ਨਾਲ ਕਰਨਾ ਚਾਹੀਦਾ ਹੈ।

ਇਨ੍ਹਾਂ ਦੋ ਫਿਕਰਿਆਂ ਵਿੱਚ ਕਈ ਕੁੰਡੀਆਂ ਪਈਆਂ ਹਨ। ਪੋਰਸ ਦੀ ਬਹਾਦਰੀ ਅਤੇ ਸਿਕੰਦਰ ਦੀ ਦਿਆਨਤਦਾਰੀ ਦਾ ਵਿਆਖਿਆ ਬਹੁਤ ਹੋਈ ਹੈ। ਦੋਵਾਂ ਧਿਰਾਂ ਦੀ ਸਾਂਝ ਉਨ੍ਹਾਂ ਦਾ ਰਾਜੇ ਹੋਣਾ ਹੈ। ਸਿਕੰਦਰ ਪੂਰੀ ਦੁਨੀਆਂ ਦਾ ਪਟਾ ਆਪਣੇ ਨਾਮ ਲਿਖੇ ਹੋਣ ਦਾ ਦਾਅਵੇਦਾਰ ਹੈ। ਪੋਰਸ ਆਪਣੀ ਰਿਆਸਤ ਦਾ ਦਾਅਵੇਦਾਰ ਹੈ। ਜਦੋਂ ਇਤਿਹਾਸ ਤੇਰ-ਮੇਰ ਦੀ ਪਿਰਤ ਰਾਹੀਂ ਵੇਖਿਆ ਜਾਏਗਾ ਤਾਂ ਇਸ ਵਿੱਚੋਂ ਦਿਆਨਤਦਾਰੀ ਅਤੇ ਬਹਾਦਰੀ ਦਿਖੇਗੀ। ਇਹੋ ਇਤਿਹਾਸ ਮਨੁੱਖੀ ਪੈਂਤੜੇ ਤੋਂ ਵੇਖਿਆ ਜਾਏਗਾ ਤਾਂ ਪਤਾ ਲੱਗੇਗਾ ਕਿ ਇਹ ਦੋਵੇਂ 'ਅੰਨੀ ਰਈਅਤ' ਦੀ ਅਧੀਨਗੀ ਵਿੱਚੋਂ ਆਪਣੀ ਸਰਦਾਰੀ ਦਾ ਪੱਜ ਭਾਲਦੇ ਹਨ। ਉਸੇ ਵੇਲੇ ਪੰਜਾਬ ਵਿੱਚ ਸਿਕੰਦਰ ਦਾ ਇੱਕ ਫਕੀਰ ਨਾਲ ਟਾਕਰਾ ਹੁੰਦਾ ਹੈ। ਤੜਾਗੀ ਪਾਈ ਬੈਠਾ ਫਕੀਰ ਸਿਕੰਦਰ ਨੂੰ 'ਧੁੱਪ ਛੱਡ ਕੇ ਖੜੇ ਹੋਣ' ਦੀ ਤਾਕੀਦ ਕਰਦਾ ਹੈ। ਇਸੇ ਤਾਕੀਦ ਵਿੱਚ ਬੰਦੇ ਦੇ ਕੁਦਰਤ ਨਾਲ ਸਦੀਵੀ ਰਿਸ਼ਤੇ ਦੇ ਵਿਚਕਾਰ ਖੜਾ ਸਿਕੰਦਰ ਦਿਖਦਾ ਹੈ। ਇਹ ਤਾਕੀਦ ਸਿਕੰਦਰ ਦੀ ਹੜਿਆਈ ਤਾਕਤ ਨੂੰ ਲਲਕਾਰਦੀ ਹੋਈ ਪੰਜਾਬੀ ਬੰਦੇ ਨੂੰ ਨਾਬਰੀ ਦਾ ਪਾਠ ਦ੍ਰਿੜਾਉਂਦੀ ਹੈ। ਇਹੋ ਤਾਕੀਦ ਸਿਕੰਦਰ ਲਈ ਆਪਣੇ ਕੀਤੇ ਨਾਲ ਸੰਵਾਦ ਕਰਨ ਦਾ ਮੌਕਾ ਹੈ ਜਿਸ ਨੂੰ ਰੱਦ ਕਰਕੇ ਉਹ ਆਪਣੀ ਹਵਸ ਨਾਲ ਖੜਦਾ ਹੈ। ਇਸ ਤੋਂ ਬਾਅਦ ਸਿਕੰਦਰ ਬੰਦੇ ਅਤੇ ਕੁਦਰਤ ਵਿਚਕਾਰ ਖੜੀ ਹਵਸ ਦੇ ਨੁਮਾਇੰਦੇ ਵਜੋਂ ਉਘੜ ਆਉਂਦਾ ਹੈ। ਉਸ ਦੀਆਂ ਜਿੱਤਾਂ ਬੰਦਿਆਈ ਦੀਆਂ ਹਾਰਾਂ ਵਜੋਂ ਦਰਜ ਹੁੰਦੀਆਂ ਹਨ ਜੋ ਬੰਦੇ ਨੂੰ ਬਿਹਤਰ ਮਨੁੱਖ ਹੋਣ ਤੋਂ ਵਰਜਦੀਆਂ ਹਨ। ਇਸੇ ਸਿਕੰਦਰ ਨੂੰ 'ਲਾਗ ਨੂੰ ਸਭ ਕੁਝ ਮੰਨਣ ਵਾਲੇ ਲਾਗੀ' ਮਹਾਨ ਕਹਿੰਦੇ ਹਨ।

ਸਿਕੰਦਰ ਅਤੇ ਗੁਰੂ ਗੋਬਿੰਦ ਸਿੰਘ ਦੋਵੇਂ ਤਲਵਾਰ ਦੇ ਧਨੀ ਹਨ। ਸੁਆਲ ਪੁੱਛਿਆ ਜਾਣਾ ਬਣਦਾ ਹੈ ਕਿ ਕੀ ਇਸੇ ਕਾਰਨ ਦੋਵਾਂ ਨੂੰ ਇੱਕੋ-ਜਿਹਾ ਮੰਨ ਲਿਆ ਜਾਏ ਜਾਂ ਨਿਬੇੜਾ ਕਰਨ ਵਾਲਾ ਧੁਰਾ ਕੋਈ ਹੋਰ ਹੈ। ਗ਼ਾਲਬ ਮੇਲ ਦੀ ਤਲਵਾਰ ਅਤੇ ਨਿਮਾਣੇ ਮੇਲ ਦੀ ਤਲਵਾਰ ਵਿਚਲਾ ਫ਼ਰਕ ਨਿਬੇੜਾ ਕਰਦਾ ਹੈ। ਗੁਰੂ ਗੋਬਿੰਦ ਸਿੰਘ ਨਿਮਾਣਿਆਂ ਦਾ ਮਾਣ ਹੈ ਅਤੇ ਸਿਕੰਦਰ ਹਵਸ ਦਾ ਬਿੰਬ ਹੈ। ਇਨ੍ਹਾਂ ਵਿੱਚੋਂ ਗੁਰੂ ਗੋਬਿੰਦ ਸਿੰਘ ਨੂੰ ਜੁਝਾਰ ਅਤੇ ਸਿਕੰਦਰ ਨੂੰ ਜੰਗਬਾਜ਼ ਕਿਹਾ ਜਾਏਗਾ। ਜੰਗਬਾਜ਼ ਦਾ ਜੰਗੀ ਹੁਨਰ 'ਜੰਗਜੂ ਫ਼ਿਤਰਤ' ਨਹੀਂ ਸਗੋਂ ਜਬਰ ਦਾ ਲਿਖਾਇਕ ਹੁੰਦਾ ਹੈ। ਲਛਮਣ ਦਾਸ ਆਪਣੇ ਤੀਰ ਦਾ ਸ਼ਿਕਾਰ ਹਿਰਨੀ ਦੇ ਪੇਟ ਵਿੱਚੋਂ ਨਿਕਲੇ ਬੱਚਿਆਂ ਦੀ ਹੋਣੀ ਦੇਖ ਕੇ ਮਾਧੋ ਦਾਸ ਵੈਰਾਗੀ ਬਣ ਜਾਂਦਾ ਹੈ ਅਤੇ ਬਾਅਦ ਵਿੱਚ ਇਸੇ ਹੁਨਰ ਦੀ ਵਰਤੋਂ ਹੱਕ-ਸੱਚ ਲਈ ਕਰਦਾ ਹੈ ਤਾਂ ਬੰਦਾ ਬਹਾਦਰ ਵਜੋਂ ਸਾਡਾ ਨਾਇਕ ਬਣਦਾ ਹੈ। ਕਿਸੇ ਉਂਗਲੀਮਾਲ ਨੂੰ ਬੁੱਧ ਟਕਰਦਾ ਹੈ ਤਾਂ ਉਸ ਦੀ ਬੰਦਿਆਈ ਜਾਗਦੀ ਹੈ। ਅਹਿਮੀਅਤ ਕਿਸੇ ਮਾਧੋਦਾਸ ਜਾਂ ਉਂਗਲੀਮਾਲ ਨੂੰ ਆ ਪਏ ਸੁਆਲ ਦੀ ਹੈ। ਇਨ੍ਹਾਂ ਨੇ ਸੁਆਲ ਨੂੰ ਸੰਜੀਦਗੀ ਨਾਲ ਲੈ ਕੇ ਆਪਣੀਆਂ ਜ਼ਿੰਦਗੀਆਂ ਦੇ ਮੁਹਾਣ ਬਦਲ ਲਏ ਪਰ ਸਿਕੰਦਰ ਸੰਵਾਦ ਨੂੰ ਰੱਦ ਕਰ ਕੇ ਹਵਸ ਦੀ ਚੋਣ ਕਰਦਾ ਹੈ।

ਉਪਰੋਕਤ ਵਿਸਥਾਰ ਦਾ ਫ਼ਿਲਮ ਸਰਸਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਪਰ ਇਸ ਆਖ਼ਰੀ ਸੁਆਲ ਨਾਲ ਜ਼ਰੂਰ ਹੈ। ਮੌਜੂਦਾ ਦੌਰ ਵਿੱਚ ਨਸ਼ਿਆਂ ਅਤੇ ਹਥਿਆਰਾਂ ਦੀ ਮਾਰ ਹੇਠ ਆਈ ਹੋਈ ਨੌਜਵਾਨ ਪੀੜ੍ਹੀ ਸਿਆਸਤ ਦਾ ਖਾਜਾ ਬਣ ਰਹੀ ਹੈ। ਇਸ ਮਾਹੌਲ ਵਿੱਚੋਂ ਉਪਜਦੀ ਸੋਚ ਦਾ ਨੌਜਵਾਨ ਸ਼ਿਕਾਰ ਹੁੰਦੇ ਹਨ ਤੇ ਸ਼ਿਕਾਰੀ ਵੀ ਬਣਦੇ ਹਨ। ਸ਼ਿਕਾਰ ਤੋਂ ਸ਼ਿਕਾਰੀ ਹੋ ਜਾਣਾ ਵਕਤੀ ਜਿੱਤ ਦਾ ਅਹਿਸਾਸ ਦਿੰਦਾ ਹੈ ਪਰ ਬੰਦਿਆਈ ਨੂੰ ਲਗਾਤਾਰ ਖੋਰਾ ਲਗਾਉਂਦਾ ਹੈ। ਸ਼ਿਕਾਰ ਹੋ ਰਹੇ ਬੰਦੇ ਨੂੰ ਇਹ ਭੁਲੇਖਾ ਬਣਿਆ ਰਹਿੰਦਾ ਹੈ ਕਿ ਉਹ ਵੀ ਸ਼ਿਕਾਰੀ ਬਣ ਸਕਦਾ ਹੈ। ਬਹੁਤ ਵਾਰ ਇਸੇ ਨੂੰ ਤਰਜ਼ਿ-ਜ਼ਿੰਦਗੀ ਮੰਨ ਲਿਆ ਜਾਂਦਾ ਹੈ। 'ਸਰਸਾ' ਇਸ ਤਰਜ਼ਿ-ਜ਼ਿੰਦਗੀ ਉੱਤੇ ਸਵਾਲ ਕਰਦੀ ਹੈ। ਬੇਅੰਤ ਹਿੰਸਕ 'ਸਿਕੰਦਰ' ਨੂੰ ਇਨਕਾਰ ਕਰਦੀ ਹੈ। ਮੌਜੂਦਾ ਦੌਰ ਵਿੱਚ ਕੁੜੀ ਦਾ ਇਨਕਾਰ ਕਬੂਲ ਕਿਸ ਨੂੰ ਹੈ? ਪਹਿਲਾਂ ਜ਼ੋਰ ਤਾਂ ਇਹ ਲੱਗਦਾ ਹੈ ਕਿ ਇਨਕਾਰ ਵਕਤੀ ਹੋਵੇ। ਇਸ ਲਈ ਸਭ ਕੁਝ ਦਾਅ ਉੱਤੇ ਲਗਾਇਆ ਜਾ ਸਕਦਾ ਹੈ। ਕੁੜੀਆਂ ਉੱਤੇ ਹੁੰਦੇ ਤੇਜ਼ਾਬੀ ਹਮਲਿਆਂ ਦੇ ਆਰ-ਪਾਰ 'ਸਿਕੰਦਰ' ਅਤੇ ਬੇਅੰਤ ਨੂੰ ਰੱਖ ਕੇ ਵੇਖਿਆ ਜਾ ਸਕਦਾ ਹੈ। ਬੇਅੰਤ ਦਾ ਇਨਕਾਰ ਲਗਾਤਾਰ ਸੂਰਤ ਸੰਭਾਲਦਾ ਹੋਇਆ ਦ੍ਰਿੜਤਾ ਹਾਸਲ ਕਰਦਾ ਹੈ। ਉਹ ਸਿਕੰਦਰ ਨੂੰ 'ਪਿਆਰ ਦੀ ਫੋਕੀ ਰੱਟ' ਤੋਂ ਬਾਹਰ ਆਉਣ ਦੀ ਸਲਾਹ ਦਿੰਦੀ ਹੋਈ ਸਿਕੰਦਰਾਂ ਦੇ ਕਿਰਦਾਰ ਨੂੰ ਪਛਾਨਣ ਤੱਕ ਜਾਂਦੀ ਹੈ। ਇਸ ਇਨਕਾਰ ਵਿੱਚ 'ਸਿਕੰਦਰ' ਲਈ ਸੰਵਾਦ ਦੀ ਗੁੰਜ਼ਾਇਸ਼ ਹੈ। ਉਹ ਆਪਣੀ ਗੁੰਡਾ-ਗਰਦੀ ਦੀ ਸਲਤਨਤ ਦੇ ਪਸਾਰੇ ਨੂੰ ਪਹਿਲ ਕਰਾਰ ਦਿੰਦਾ ਹੈ ਅਤੇ ਇਸੇ ਪ੍ਰਾਪਤੀ ਨੂੰ ਬੇਅੰਤ ਉੱਤੇ ਕਬਜ਼ੇ ਦੀ ਯੋਗਤਾ ਮੰਨਦਾ ਹੈ।

ਦੂਜੇ ਪਾਸੇ ਬੇਅੰਤ ਸਾਡੇ ਦੌਰ ਦੀ ਸਭ ਤੋਂ ਕਰੂਰ ਹਿੰਸਾ ਦਾ ਸ਼ਿਕਾਰ ਹੁੰਦੀ ਹੈ। 'ਸ਼ਮੀਰ' ਪੰਜਾਬੀ ਲੋਕ ਧਾਰਾ ਦੀ ਪੜਚੋਲ ਕਰਦਾ ਹੋਇਆ ਸਾਬਤ ਕਰਦਾ ਹੈ ਕਿ ਮੌਜੂਦਾ ਦੌਰ ਦੀਆਂ ਮੁਸ਼ਕਲਾਂ ਨੂੰ ਸੁਲਝਾਉਣ ਲਈ ਇਤਿਹਾਸ ਦੀ ਨਵੇਂ ਸਿਰੇ ਤੋਂ ਪੜ੍ਹਾਈ ਕਰਨੀ ਪੈਣੀ ਹੈ। ਉਹ ਪੰਜਾਬੀ ਕਿੱਸਿਆਂ ਵਿੱਚੋਂ ਮੌਜੂਦਾ ਦੌਰ ਦੀਆਂ ਜ਼ਿੰਮੇਵਾਰੀਆਂ ਦੀ ਸ਼ਨਾਖ਼ਤ ਕਰਦਾ ਹੈ। ਇਸੇ ਸਮਝ ਦੀ ਦਵਾਈ ਨਾਲ ਨਿੱਜੀ ਸਦਮੇ ਵਿੱਚ ਬਾਹਰ ਆਈ ਬੇਅੰਤ ਹਮਦਰਦੀ ਦੇ ਦਾਅਵਿਆਂ ਉੱਤੇ ਸੁਆਲ ਕਰਦੀ ਹੈ। ਹਸਨ ਦੱਸਦਾ ਹੈ ਕਿ ਨਿੱਜੀ ਮੁਸ਼ਕਲਾਂ ਦੀਆਂ ਜੜ੍ਹਾਂ ਸਮਾਜ ਵਿੱਚ ਪਈਆਂ ਹੁੰਦੀਆਂ ਹਨ ਅਤੇ ਇਸ ਲਈ ਇਨ੍ਹਾਂ ਦਾ ਹੱਲ ਸਮਾਜਕ ਸਾਂਝ ਵਿੱਚੋਂ ਮਿਲ ਸਕਦਾ ਹੈ। ਇਨ੍ਹਾਂ ਤਿਆਰੀਆਂ ਵਿੱਚ ਰੁਝੀ ਬੇਅੰਤ ਨੂੰ ਕਿਸੇ ਸਿਕੰਦਰ ਦੀ ਕੀ ਲੋੜ ਹੈ? ਬੇਅੰਤ ਦੀਆਂ ਨਜ਼ਰਾਂ ਵਿੱਚ ਬੇਮਾਅਨਾ ਹੋਣਾ ਸਿਕੰਦਰ ਲਈ ਸੰਵਾਦ ਦਾ ਇੱਕ ਹੋਰ ਮੌਕਾ ਹੈ। ਇਸ ਮੌਕੇ ਤੋਂ ਪਾਸਾ ਵੱਟ ਕੇ ਉਹ ਹਿੰਸਾ ਦਾ ਰਾਹੀਂ ਬਣਿਆ ਰਹਿੰਦਾ ਹੈ। ਇਸੇ ਰਾਹ ਉੱਤੇ ਉਸ ਦਾ ਦੂਜਾ ਰੂਪ ਹਰਜੰਗ ਤੁਰਿਆ ਜਾ ਰਿਹਾ ਹੈ। ਇਹ ਦੋਵੇਂ ਸ਼ਿਕਾਰ ਹੋਣ ਤੋਂ ਬਚਦੇ ਹੋਏ ਸ਼ਿਕਾਰ ਕਰਨ ਦੀ ਤਾਕ ਵਿੱਚ 'ਰੰਗਲੀ ਦੁਨੀਆਂ' ਨੂੰ ਮਨੁੱਖੀ ਖ਼ੂਨ ਨਾਲ ਲੱਥ-ਪੱਥ ਕਰਦੇ ਹਨ। ਇਹ ਮਾਅਨੇ ਨਹੀਂ ਰੱਖਦਾ ਕਿ ਦੋਵੇਂ ਖ਼ੁਦਕੁਸ਼ੀ ਕਰ ਲੈਣ ਜਾਂ ਇੱਕ-ਦੂਜੇ ਨੂੰ ਕਤਲ ਕਰ ਦੇਣ। ਬੇਅੰਤ ਅਤੇ ਹਸਨ ਦਾ ਦੋਵਾਂ ਦੀ ਹੋਣੀ ਨੂੰ ਸੋਗਵਾਰ ਮੰਨਣਾ ਅਤੇ ਆਪਣੇ ਰਾਹ ਉੱਤੇ ਤੁਰਨਾ ਸੰਗਤ ਲਈ ਢੇਰ ਸਾਰੇ ਸੁਆਲ ਛੱਡ ਜਾਂਦਾ ਹੈ। ਇਨ੍ਹਾਂ ਸਵਾਲਾਂ ਵਿੱਚ ਬੇਅੰਤ ਦੇ ਇਨਕਾਰ ਦੀ ਅਹਿਮੀਅਤ ਕੇਂਦਰੀ ਨੁਕਤਾ ਬਣਦੀ ਹੈ।

ਜਦੋਂ ਇਹ ਫ਼ਿਲਮ 'ਸਰਸਾ' ਤੋਂ 'ਸਿਕੰਦਰ' ਬਣਦੀ ਹੈ ਤਾਂ ਇਸ ਵਿੱਚ ਕੇਂਦਰੀ ਨੁਕਤਾ 'ਸਿਕੰਦਰ' ਬਣਦਾ ਹੈ। ਉਸ ਦੀ ਗੁੰਡਾ-ਗਰਦੀ ਦਾ ਜਸ਼ਨ 'ਯਾਰਾਂ ਦਾ ਯਾਰ' ਗਾ ਕੇ ਮਨਾਇਆ ਜਾਂਦਾ ਹੈ। ਇਸ ਜਸ਼ਨ ਵਿੱਚ ਸੰਵਾਦ ਦੀ ਅਹਿਮੀਅਤ ਮਨਫ਼ੀ ਹੋ ਜਾਂਦੀ ਹੈ। ਇਹ ਜ਼ਸ਼ਨ ਉਸੇ ਰੁਝਾਨ ਦੀ ਪੁਸ਼ਟੀ ਕਰਦਾ ਹੈ ਜੋ ਮੌਜੂਦਾ ਦੌਰ ਦੇ ਪੰਜਾਬੀ ਨੌਜਵਾਨ ਨੂੰ ਜਿਉਣ-ਜੋਗਾ ਨਹੀਂ ਹੋਣ ਦਿੰਦਾ ਸਗੋਂ 'ਯਾਰੀ ਤੇ ਸਰਦਾਰੀ ਲਈ ਆਪਣੀ ਲੜਾਈ' ਦਾ ਖਾਜਾ ਬਣਾਉਂਦਾ ਹੈ। ਇਸ ਤਰ੍ਹਾਂ ਸਿਕੰਦਰ ਦੀ ਮੌਤ ਦਾ ਜਸ਼ਨ ਪੰਜਾਬੀ ਨੌਜਵਾਨ ਨੂੰ ਮਰਨ-ਜੋਗਾ ਰੱਖਣ ਦਾ ਸਬੱਬ ਬਣਦਾ ਹੈ। ਫ਼ਿਲਮ ਵਿੱਚ ਕੀਤੀਆਂ ਤਬਦੀਲੀਆਂ ਨੂੰ ਬੇਅੰਤ ਦੇ ਇਨਕਾਰ ਨਾਲ ਜੋੜ ਕੇ ਹੀ ਸਮਝਿਆ ਜਾ ਸਕਦਾ ਹੈ। ਜੋ ਇਨਕਾਰ ਸਿਕੰਦਰ ਲਈ ਬੇਮਾਅਨੀ ਸ਼ੈਅ ਹੈ ਉਹ ਫ਼ਿਲਮ ਵਿੱਚ ਤਬਦੀਲੀਆਂ ਕਰਨ ਵਾਲਿਆਂ ਲਈ ਵੀ ਬੇਮਾਅਨਾ ਹੈ। ਸਰਸਾ ਇਸ ਇਨਕਾਰ ਦੇ ਸਤਿਕਾਰ ਦੀ ਬਾਤ ਹੈ ਅਤੇ 'ਸਿਕੰਦਰ' ਇਸ ਇਨਕਾਰ ਦੀ ਬੇਕਦਰੀ ਦੀ ਕਸਬੀ ਘੁਣਤਰ ਹੈ। ਸਿਕੰਦਰ ਦੇ ਕਬਜ਼ੇ ਨਾਲ ਤੜਾਗੀ ਵਾਲੇ ਫਕੀਰ ਦੀ 'ਧੁੱਪ ਛੱਡ ਕੇ ਖਲੋਣ' ਦੀ ਤਾਕੀਦ ਬੇਮਾਅਨਾ ਨਹੀਂ ਹੋ ਜਾਂਦੀ। ਸੰਵਾਦ ਦਾ ਸੰਜੀਦਾ ਉਪਰਾਲਾ ਵਕਤੀ ਮਾਰ ਵਿੱਚ ਜ਼ਰੂਰ ਆਉਂਦਾ ਹੈ। ਆਖ਼ਰ ਦੁਨੀਆਂ ਕਾਨੂੰਨੀ ਪਟਿਆਂ ਨਾਲ ਹੀ ਨਹੀਂ ਸਗੋਂ ਸਮਾਜਕ ਕਰਾਰਾਂ ਨਾਲ ਜੁੜੀ ਹੋਈ ਹੈ।

*(ਲੇਖਕ ਨੇ 'ਸਰਸਾ' ਫ਼ਿਲਮ ਜਤਿੰਦਰ ਮੌਹਰ ਨਾਲ ਮਿਲ ਕੇ ਲਿਖੀ ਹੈ ਪਰ 'ਸਿਕੰਦਰ' ਨਾਲੋਂ ਆਪਣਾ ਨਾਤਾ ਤੋੜ ਲਿਆ ਹੈ।)*

(ਨਵਾਂ ਜ਼ਮਾਨਾ ਤੋਂ ਧੰਨਵਾਦ ਸਹਿਤ)




Royal
Royal
Executive Homes
Executive Homes
TOWN HOUSES IN WILDWOOD
HURRY ONLY 3 LEFT
Available from 1232 sq ft. to 1589 sq ft. with attached Single and Double Garage. Starting price: $ 309,900
PRICE REDUCED
Now only $289,900
Excellent Location
Close to all Amenities
Transit Access
Affordable Prices
Future Rec Center
Close to white Mud & Anthony Henday
5 Appliances & Fully Landscaped
10 Year Home Warranty
Granite Counter Top & Maple Kitchen
Whitemud
Anthony Henday
19th St.
Commercial Land
17th St.
34th Ave
FUTURE SHOPPING CENTER
23rd Ave
SHOW HOME OPEN
NOW
For Show Home Hours:
Contact 780-965-7390
Wild Wood
TOWN HOUSES
1820, 34th Ave
Edmonton.
780-965-7390
780-906-4497
royalexecutivehomes@hotmail.com
Jessy Parihar
Ranjit Deol
Call
Sales Contact :
Roohi@ 780-905-6970 OR
Kul Bhatia @ 780-266-5500

# SOHAIL QUADRI, MLA

## EDMONTON - MILL WOODS

**Sohail Quadri, MLA presented the Grant Cheques for**
**Community Initiative Program (CIP) and Community Facility Enhancement Program (CFEP)**









L-R (Top row) Asian Christian Cultural Association of Alberta (ACCA Centre), Progressive Peoples Foundation of Edmonton, Woodvale Community League, Problem Gambling Resources Network, Christian Immigrants Support Services and Mill Woods Seniors Activity Centre to assist them with their various projects.

Committees and Councils the MLA is a member of:

- Deputy Chair for Select Special Chief Electoral Officer Search Committee
- Standing Committee on Alberta's Economic Future
- Standing Committee on Legislative Offices
- Standing Committee on Public Accounts
- Private Members Business Committee
- Montana – Alberta Bilateral Advisory Council
- Results Based Budgeting – Economic Development Challenge Panel

Sohail Quadri, MLA
Edmonton – Mill Woods Constituency Office
# 101, 9807 - 34 Ave Edmonton, AB, T6E 5X9
Ph: 780-414-1000 edmonton.millwoods@assembly.ab.ca

BRIDGEPORT HOMES LTD.

BEST PRICES IN TOWN
WE ASSURE BEATING MARKET PRICE

Now New Homes in wildwood crs (South Edmonton)
loaded with Upgrades & Ready to Move

Spical Offer $350000.00 only

2 Car Detached Garage
Homes only in $350000.00



ਵਧੀਆ ਕੀਮਤਾਂ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ
780-935-7718 'ਤੇ ਗੱਲਬਾਤ ਕਰੋ

Fully Upgraded 2300 Sq. Ft. Homes to be Built with your own choice of Interior only in $470000 .00

3000 Sq. Ft. Homes loaded with Upgrades & ready to move in only $569999.00 for limited time

For more information Call: DOLLY CHAUHAN @ 780-935-7718